
ਭਾਗੂ
ਪਰਗਟ ਸਿੰਘ ਸਤੌਜ

# ਭਾਗੂ

(ਨਾਵਲ)

ਇਸੇ ਕਲਮ ਤੋਂ :

1. 'ਤੇਰਾ ਪਿੰਡ' ਕਾਵਿ-ਸੰਗ੍ਰਹਿ (2008)
2. ਤੀਵੀਆਂ ਨਾਵਲ ਜਨਵਰੀ 2012, ਮਾਰਚ 2012, ਫਰਵਰੀ 2013 ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਜੇਤੂ
3. ਗ਼ਲਤ-ਮਲਤ ਜ਼ਿੰਦਗੀ ਕਹਾਣੀ ਸੰਗ੍ਰਹਿ 2014

# ਭਾਗੂ

(ਨਾਵਲ)

**ਪਰਗਟ ਸਿੰਘ ਸਤੌਜ**

# ਸਮਰਪਿਤ

ਜਿਸ ਦੀਆਂ ਮਹਾਨ ਲਿਖਤਾਂ ਪੜ੍ਹ ਕੇ

ਮੈਂ ਸਾਹਿਤ ਦੀ ਪਗਡੰਡੀ 'ਤੇ ਤੁਰਨਾ ਸਿੱਖਿਆ

ਉਸ ਮਹਾਨ ਲੇਖਕ

ਜਸਵੰਤ ਸਿੰਘ ਕੰਵਲ

ਤ

# 1.

ਚਾਹੇ ਮੀਂਹ ਪੈ ਹਟਿਆ ਸੀ, ਫਿਰ ਵੀ ਗਰਮੀ ਨਾਲ ਬੁਰਾ ਹਾਲ ਸੀ। ਹਵਾ ਜਿਵੇਂ ਰੁੱਸ ਗਈ ਹੋਵੇ। ਦਰੱਖ਼ਤਾਂ ਦਾ ਪੱਤਾ ਤੱਕ ਨਹੀਂ ਸੀ ਹਿਲਦਾ। ਅੱਜ ਸਾਰਾ ਦਿਨ ਬਾਗਲਾਂ 'ਚ ਖੜ੍ਹੇ ਪਸ਼ੂ ਗਿੱਠ-ਗਿੱਠ ਦੀਆਂ ਜੀਭਾਂ ਕੱਢੀ ਹੌਂਕਦੇ ਰਹੇ ਸਨ। ਬੁੱਢੇ-ਠੇਰੇ, ਗਰਮੀ ਤੋਂ ਡਰਦੇ ਸੱਥ ਵਿਚਲੇ ਬੋਹੜ ਥੱਲੇ ਜਾ ਬੈਠੇ। ਕੁਝ ਤਾਸ਼ ਦੇ ਸ਼ੌਕੀਨ ਢਾਣੀਆਂ ਬਣਾ ਕੇ ਤਾਸ਼ ਕੁੱਟਣ ਲੱਗ ਪਏ ਤੇ ਕੁਝ ਰਾਤੀਂ ਮੱਛਰ ਦੇ ਸਤਾਏ ਉਨ੍ਹਾਂ ਤੋਂ ਪਾਸਾ ਵੱਟ ਕੇ, ਮੋਢੇ ਧਰੇ ਪਰਨਿਆਂ ਦੇ ਸਿਰਹਾਣੇ ਲਾ ਕੇ ਘੂਕ ਸੌਂ ਗਏ। ਮੱਝਾਂ ਨੂੰ ਸੰਨ੍ਹੀ ਕਰਕੇ ਭਗਵਾਨ ਵੀ ਇਸ ਸੱਥ ਵਿਚਲੀ ਢਾਣੀ ਵਿਚ ਜਾ ਸ਼ਾਮਿਲ ਹੋਇਆ ਸੀ। ਹੁਣ ਪੰਜ ਕੁ ਵਜੇ ਮੱਝਾਂ ਨੂੰ ਕੱਖ ਪਾਉਣ ਦੇ ਖ਼ਿਆਲ ਨਾਲ ਫਿਰ ਵਾਪਿਸ ਮੁੜ ਆਇਆ ਸੀ। ਆਉਂਦਿਆਂ ਹੀ ਉਸਨੇ ਮਸ਼ੀਨ ਅੱਗੋਂ ਮੱਕੀ ਦੇ ਕੁਤਰੇ ਦਾ ਟੋਕਰਾ ਭਰ ਲਿਆ। ਦੋਵੇਂ ਬਾਹਾਂ ਨਾਲ ਉਗਾਸ ਕੇ ਆਪਣੇ ਅੱਗੇ ਲੱਕ 'ਤੇ ਟਿਕਾ ਲਿਆ ਤੇ ਫਿਰ ਮੱਝਾਂ ਦੀ ਖੁਰਲੀ ਵਿਚ ਜਾ ਉਲੱਦਿਆ। ਦੋਵੇਂ ਮੱਝਾਂ ਇਕ ਦੂਜੀ ਤੋਂ ਕਾਹਲੀ ਕੱਚੀ ਮੱਕੀ ਨੂੰ ਬੂਥਾਂ ਮਾਰ-ਮਾਰ ਖਾਣ ਲੱਗ ਪਈਆਂ। ਭਗਵਾਨ ਨੇ ''ਐ ਮੇਰੇ ਸਾਲਿਆਂ ਦੀਆਂ'' ਆਖ ਕੇ ਦੋਵਾਂ ਦੀਆਂ ਬੂਥਾਂ 'ਤੇ ਇਕ-ਇਕ ਮੁੱਕੀ ਜੜ ਦਿੱਤੀ। ਮੱਝਾਂ ਨੇ ਹਰੇ ਤੋਂ ਬੂਥਾਂ ਹਟਾ ਲਈਆਂ, ਉਸਨੇ ਕਾਹਲੀ ਨਾਲ ਖੁਰਲੀ ਵਿਚਲੀ ਸੰਨ੍ਹੀ ਵਿਚ ਹੱਥ ਮਾਰ ਦਿੱਤਾ। ਮਾਂ ਤੋਂ ਅੱਖ ਬਚਾ ਕੇ ਬਰਾਂਡੇ ਵਿਚ ਖੜ੍ਹਾ ਅੱਧ ਪੁਰਾਣਾ ਸਾਈਕਲ ਚੁੱਕਿਆ, ਹੱਥ ਨਾਲ ਦੱਬ ਕੇ ਦੋਵੇਂ ਟਾਇਰਾਂ ਦੀ ਹਵਾ ਜਾਂਚੀ, ਫਿਰ ਅੱਡੀ ਮਾਰ ਕੇ ਬਾਰ ਅੱਗਿਉਂ ਚੀਮਿਆਂ ਨੂੰ ਜਾਂਦੀ ਸੜਕ ਪਾ ਲਿਆ।

ਗੁਰਦੁਆਰਾ ਲੰਘ ਕੇ ਟੋਭਾ ਆ ਗਿਆ। ਟੋਭੇ ਤੋਂ ਸਾਹਮਣੇ ਸਿਵਿਆਂ ਵਿਚਲਾ ਬਜ਼ੁਰਗਾਂ ਵਾਂਗ ਨਜ਼ਰ ਆਉਂਦਾ ਵੱਡਾ ਪਿੱਪਲ ਦਿਖਾਈ ਦੇਣ ਲੱਗ ਪਿਆ। ਪਿੱਪਲ ਤੋਂ ਕੁਝ ਹਟਵਾਂ ਇਕ ਪੁਰਾਣਾ ਜੰਡ ਸੀ। ਇਹ ਜੰਡ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਦਾ ਇਤਿਹਾਸ ਆਪਣੀਆਂ ਟਾਹਣੀਆਂ ਵਿਚ ਲਕੋਈ ਇਸੇ ਤਰ੍ਹਾਂ ਖੜ੍ਹਾ ਸੀ। ਕੋਈ ਗਿਣਤੀ ਨਹੀਂ, ਕਿੰਨੇ ਹੀ ਸੂਰਜ ਇਸਨੇ ਚੜ੍ਹਦੇ ਛਿਪਦੇ ਵੇਖੇ। ਕਿੰਨੇ ਹੀ ਮਚਦੇ ਸਿਵਿਆਂ ਦੀਆਂ ਲਾਟਾਂ ਅਸਮਾਨੀ ਚੜ੍ਹਦੀਆਂ ਵੇਖੀਆਂ ਤੇ ਹੋਰ ਪਤਾ ਨਹੀਂ ਕਿੰਨਿਆਂ ਕੁ ਦੇ ਸਿਵਿਆਂ ਦੀ ਅੱਗ ਸੇਕਣੀ ਅਜੇ ਬਾਕੀ ਸੀ। ਭਗਵਾਨ ਨੇ ਸਾਈਕਲ ਸੜਕ ਤੋਂ ਉਤਾਰ ਕੇ ਨਵੀਂ ਪਿੰਡੀ ਨੂੰ ਮੁੜਦੇ ਕੱਚੇ ਪਹੇ ਪਾ ਲਿਆ। ਸੜਕ ਤੋਂ ਪਹੇ 'ਤੇ ਉਤਰਦਿਆਂ ਹੀ ਸਾਹਮਣੇ ਨਵੀਂ ਪਿੰਡੀ ਦੇ ਘਰ ਨਜ਼ਰ ਆਉਂਦੇ ਹਨ। ਇਸ ਪਿੰਡੀ ਦੇ ਵਸਨੀਕ ਕੋਈ ਅਜਨਬੀ ਨਹੀਂ, ਸਗੋਂ ਸ਼ਾਂਤਪੁਰ 'ਚੋਂ ਆ ਕੇ ਇਥੇ ਵਸੇ ਸਨ ਕਿਉਂਕਿ ਪਿੰਡ ਦੇ ਦੱਖਣ ਵਿਚ ਵਗਦਾ ਚੋਆ ਬਰਸਾਤਾਂ ਦੇ ਮੌਸਮ ਵਿਚ ਕਈ ਵਾਰ ਉਛਲ ਕੇ ਪਿੰਡ ਵਿਚ ਆ ਵੜਦਾ ਸੀ। ਨੀਵੇਂ ਘਰਾਂ ਵਿਚੋਂ ਬਹੁਤੇ ਪਾਣੀ ਦੀ ਮਾਰ ਨਾ ਝਲਦੇ ਡਿੱਗ ਪੈਂਦੇ। ਕਈਆਂ ਨੇ ਪਾਣੀ ਦੀ ਕਰੋਪੀ ਤੋਂ ਡਰਦਿਆਂ ਪਿੰਡ ਦੇ ਚੜ੍ਹਦੇ ਪਾਸੇ ਉੱਚੀ ਜਗ੍ਹਾ 'ਤੇ ਘਰ ਆ ਪਾਏ। ਇਹ ਥਾਂ ਟਿੱਬੇ ਦੀ ਜ਼ਮੀਨ ਹੋਣ ਕਰਕੇ ਸਸਤੀ ਮਿਲ ਗਈ ਤੇ ਕੁਝ ਵਿਹਲੀ ਪਈ ਸ਼ਾਮਲਾਟ 'ਤੇ ਕਬਜ਼ਾ ਕਰਕੇ ਗੋਹੇ-ਪਾਥੀ ਨੂੰ ਥਾਂ ਕਰ ਲਿਆ। ਇਸ ਤਰ੍ਹਾਂ ਪਾਣੀ ਦੀ ਮਾਰ ਨੇ ਇਕ ਨਵਾਂ ਪਿੰਡ ਹੋਂਦ ਵਿਚ ਲੈ ਆਂਦਾ ਸੀ।

ਪਹੇ ਵਿਚ ਸਾਈਕਲ ਰੁਕਣ ਵਾਲਾ ਹੋ ਗਿਆ। ਭਗਵਾਨ ਕਾਠੀ ਤੋਂ ਡੰਡੇ 'ਤੇ ਖੜ੍ਹਾ ਹੁੰਦਿਆਂ ਰਿਕਸ਼ਾ ਚਲਾਉਣ ਵਾਂਗ ਝੂਲ-ਝੂਲ ਪੈਡਲ ਮਾਰਨ ਲੱਗ ਪਿਆ। ਉਸਦਾ ਚੜ੍ਹਿਆ ਸਾਹ ਫੁਕਾਰੇ ਵਾਂਗ ਵੱਜਣ ਲੱਗ ਪਿਆ। ਜਦ ਸਾਈਕਲ ਰੇਤਾ ਲੰਘ ਕੇ ਪੱਕੇ ਵਿਚ ਜਾ ਚੜ੍ਹਿਆ, ਉਹ ਪੁੱਠੀ ਹਥੇਲੀ ਨਾਲ ਪੁੜਪੁੜੀਆਂ ਤੋਂ ਮੁੜ੍ਹਕਾ ਪੂੰਝਦਾ ਕਾਠੀ ਉਪਰ ਬੈਠ ਗਿਆ। ਸਾਹਮਣੇ ਕਰਮੀ ਕਾ ਘਰ ਦਿਸਿਆ, ਕਿਸੇ ਪਿਆਰ ਭਰੇ ਡਰ ਨਾਲ ਉਸਦੇ ਦਿਲ ਦੀ ਧੜਕਣ ਤੇਜ ਹੋ ਗਈ, ''ਬੋਲ਼ੀ! ਮੈਨੂੰ ਵੇਖ ਕੇ ਐਡਾ ਮੂੰਹ ਸਜਾ ਲੂ! ਕਹੂ, ਐਨੇ ਦਿਨ ਨੀ ਆਇਆ ਓਏ!'' ਮੈਂ ਵੀ ਕਿੰਨੇ ਦਿਨਾਂ ਦਾ ਨੀ ਗਿਆ। ਮੈਂ ਕੀ ਬਹਾਨਾ

ਲਾਊਂ? ਚੱਲ ਕੋਈ ਨਾ ਕੋਈ ਬਹਾਨਾ ਤਾਂ ਲੱਭਣਾ ਈ ਪਊ।'' ਉਹ ਕਰਮੀ ਦੇ ਸੱਤ ਅਸਮਾਨੀ ਚੜ੍ਹੇ ਗੁੱਸੇ ਨੂੰ ਠੰਡਾ ਕਰਨ ਲਈ ਮਨ ਵਿਚ ਹੀ ਕਿਸੇ ਬਹਾਨੇ ਨੂੰ ਤਰਤੀਬ ਦਿੰਦਾ, ਬਾਹਰਲਾ ਬਾਰ ਲੰਘ ਕੇ ਅੰਦਰ ਆ ਗਿਆ।

ਸਾਹਮਣੇ ਓਟੇ ਕੋਲ ਬੈਠੀ ਕਰਮੀ ਭਾਂਡੇ ਮਾਂਜ ਰਹੀ ਸੀ। ਉਸਦੇ ਕੋਲ ਹੀ ਬੈਠੀ ਕੋਈ ਹੋਰ ਕੁੜੀ ਮਾਂਜੇ ਭਾਂਡਿਆਂ ਨੂੰ ਬੱਠਲ ਵਿਚ ਧੋ-ਧੋ ਟੋਕਰੇ ਵਿਚ ਰੱਖ ਰਹੀ ਸੀ। ਇਕ ਵਾਰ ਤਾਂ ਵੇਖ ਕੇ ਭਗਵਾਨ ਅੰਦਰੋਂ ਹਿੱਲ ਗਿਆ। ਉਸਨੇ ਹੋਸ਼ ਗੁੰਮ ਕਰਦੀ ਖ਼ੂਬਸੂਰਤੀ ਪਹਿਲੀ ਵਾਰ ਵੇਖੀ ਸੀ। ਜਿਵੇਂ ਉਸਦੀਆਂ ਅੱਖਾਂ ਨੂੰ ਯਕੀਨ ਨਾ ਆ ਰਿਹਾ ਹੋਵੇ, ''ਹੈਂ! ਐਨੀ ਸੋਹਣੀ ਕੁੜੀ...ਪਹਿਲਾਂ ਤਾਂ ਕਦੇ ਦੇਖੀ ਨੀ। ਕਿਸੇ ਰਿਸ਼ਤੇਦਾਰੀ 'ਚੋਂ ਨਾ ਹੋਵੇ...।'' ਉਹ ਇਸੇ ਉਲਝਣ ਵਿਚ ਅਨੁਮਾਨ ਜਿਹੇ ਲਗਾਉਂਦਾ ਕਰਮੀ ਕੋਲ ਜਾ ਖੜ੍ਹਿਆ।

''ਕਰਮੀ।'' ਭਗਵਾਨ ਨੇ ਬੁਲਾਇਆ।

ਕਰਮੀ ਨੇ ਆਪਣੇ ਗੋਰੇ ਮੱਥੇ ਉਪਰ ਪਤਲੀਆਂ ਤਿਉੜੀਆਂ ਪਾਉਂਦਿਆਂ ਆਪਣਾ ਹੇਠਲਾ ਬੁੱਲ੍ਹ ਥੋੜ੍ਹਾ ਅੱਗੇ ਨੂੰ ਕੱਢਿਆ ਤੇ ਦੂਜੇ ਪਾਸੇ ਮੂੰਹ ਘੁੰਮਾ ਲਿਆ ਪਰ ਉਸਦਾ ਅੰਦਰਲਾ ਮਨ ਭਗਵਾਨ ਨਾਲ ਗੱਲਾਂ ਕਰਨ ਲਈ ਪਲ-ਪਲ ਕਾਹਲਾ ਪੈ ਰਿਹਾ ਸੀ।

''ਕਰਮੀ ਪਹਿਲਾਂ ਮੇਰੀ ਗੱਲ ਤਾਂ ਸੁਣ ਲੈ, ਫੇਰ ਚਾਹੇ ਕੁਛ ਮਰਜ਼ੀ ਕਹਿ ਲੀਂ।'' ਕਹਿੰਦਿਆਂ ਭਗਵਾਨ ਉਸ ਅੱਗੇ ਮੀਂਹ 'ਚ ਭਿੱਜੀ ਗਾਂ ਵਾਂਗ 'ਕੱਠਾ ਜਿਹਾ ਹੋ ਕੇ ਖੜ੍ਹ ਗਿਆ।

''ਹਾਂ, ਦੱਸ ਫੇਰ!'' ਕਰਮੀ ਦੇ ਮੱਥੇ ਦੀਆਂ ਤਿਉੜੀਆਂ ਢਿੱਲੀਆਂ ਪੈ ਗਈਆਂ।

''ਮੈਨੂੰ ਸਾਡੇ ਘਰਦਿਆਂ ਨੇ ਭੂਆ ਕੋਲ ਭੇਜ ਤਾ ਤੀ ਜ਼ਮੀਨ ਵਹਾਉਣ।'' ਭਗਵਾਨ ਨੇ ਰਾਹ ਵਿਚ ਬਣਾਇਆ ਬਹਾਨਾ ਕਰਮੀ ਅੱਗੇ ਪਰੋਸ ਦਿੱਤਾ। ਕਰਮੀ ਨੇ ਇਸਨੂੰ ਸੱਚ ਮੰਨ ਕੇ ਸੁਲ੍ਹਾ ਕਰ ਲਈ।

''ਚੰਗਾ ਫੇਰ ਤੜਕੇ ਵੀ ਜ਼ਰੂਰ ਆਈਂ।'' ਉਸਨੇ ਚਿਹਰੇ ਦੇ ਹਾਵ-ਭਾਵ ਅਜੇ ਪੂਰੀ ਤਰ੍ਹਾਂ ਬਦਲੇ ਨਹੀਂ ਸਨ ਕਿਉਂਕਿ ਉਸਨੂੰ ਪਤਾ ਸੀ ਕਿ ਜੇਕਰ ਉਹ ਏਨਾ ਛੇਤੀ ਉਸਦੀ ਗੱਲ ਨਾਲ ਸਹਿਮਤ ਹੋ ਗਈ, ਫੇਰ ਉਸਨੇ ਅਗਲੇ ਦਿਨ ਵੀ ਇਸੇ ਤਰ੍ਹਾਂ ਕਰਨਾ ਹੈ।

''ਚੰਗਾ ਮੇਰੀ ਮਾਂ ਆਜੂੰਗਾ।'' ਭਗਵਾਨ ਨੇ ਦੋਵੇਂ ਹੱਥ ਕਰਮੀ ਅੱਗੇ ਜੋੜ ਦਿੱਤੇ।

ਕੋਲ ਬੈਠੀ ਕੁੜੀ ਨੇ ਭਗਵਾਨ ਤੇ ਕਰਮੀ ਦੀ ਨੋਕ-ਝੋਕ ਸੁਣ ਕੇ ਬੁੱਲ੍ਹਾਂ 'ਚ ਮਿੰਨ੍ਹਾ-ਮਿੰਨ੍ਹਾ ਮੁਸਕਰਾਉਂਦਿਆਂ ਨਖ਼ਰੇ ਜਿਹੇ ਨਾਲ ਭਗਵਾਨ ਵੱਲ ਤੱਕਿਆ। ਕੁੜੀ ਦੀ ਅਸਮਾਨੋਂ ਪਰਿੰਦੇ ਲਾਹੁੰਦੀ ਤੱਕਣੀ ਨੇ ਭਗਵਾਨ ਦੇ ਧੜਕਦੇ ਦਿਲ ਵਿਚ ਪਿਆਰ ਦਾ ਭਾਂਬੜ ਬਾਲ਼ ਦਿੱਤਾ। ਉਸਦੇ ਪੈਰ ਥਿੜਕ ਗਏ।

''ਨੀ ਕੋਈ ਕੰਮ ਧੰਦਾ ਵੀ ਕਰੋਂਗੀਆਂ ਜਾਂ ਐਮੇਂ ਬੈਠੀਆਂ ਜੱਕੜ ਮਾਰੀ ਜਾਓਂਗੀਆਂ।''

ਕਰਮੀ ਦੀ ਮਾਂ ਦੇ ਬੋਲ ਸੁਣ ਕੇ ਭਗਵਾਨ ਨੂੰ ਹੋਸ਼ ਜਿਹੀ ਆ ਗਈ। ਉਸਨੇ ਮੇਲੇ 'ਚ ਰੁਲ਼ੀ ਗਾਂ ਵਾਂਗ ਡੌਰ-ਭੌਰ ਹੋਏ ਖੜ੍ਹੇ ਨੇ ਆਲੇ-ਦੁਆਲੇ ਨਜ਼ਰ ਮਾਰੀ। ਕਰਮੀ ਦੀ ਮਾਂ ਬੱਠਲ ਬਾਰ ਦੇ ਕੌਲੇ ਕੋਲ ਰੱਖ ਕੇ, ਮੂੰਹ 'ਚ ਦਾਣੇ ਜਿਹੇ ਭੁੰਨਦੀ ਨਲਕੇ 'ਤੇ ਹੱਥ ਧੋਣ ਲੱਗ ਪਈ।

''ਬੇਬੇ ਮਸਾਂ ਤਾਂ ਆਪਣਾ ਭਾਗੂ ਆਇਐ, ਤੂੰ ਊਈਂ ਆ ਕੇ 'ਗਾਜਰਾਂ 'ਚ ਗਧਾ' ਲਿਆ ਛੱਡਿਆ।'' ਕਰਮੀ ਨੇ ਹੱਥ ਬੱਠਲ ਵਿਚ ਧੋ ਕੇ ਚੁੰਨੀ ਦੇ ਲੜ ਨਾਲ ਪੂੰਝ ਲਏ।

ਕਰਮੀ ਦੀ ਮਾਂ ਸੁਰਜੀਤ ਨੂੰ ਇਨ੍ਹਾਂ ਭੈਣ-ਭਰਾਵਾਂ ਦੇ ਗੂੜ੍ਹੇ ਪਿਆਰ ਦਾ ਪਤਾ ਸੀ। ਅੱਜ ਹੀ ਨਹੀਂ, ਜਦ ਵੀ ਭਾਗੂ ਆਉਂਦਾ, ਕਰਮੀ ਸਭ ਕੰਮ ਛੱਡ ਕੇ ਉਸਦੇ ਦੁਆਲੇ ਬੈਠ ਜਾਂਦੀ। ਫਿਰ ਪਤਾ ਨਹੀਂ ਕਿਹੜੀਆਂ ਕਥਾਵਾਂ ਛੇੜ ਬਹਿੰਦੇ, ਨਾ ਉਹ ਕਦੇ ਮੁਕਦੀਆਂ ਤੇ ਨਾ ਹੀ ਉਨ੍ਹਾਂ ਦਾ ਕੋਈ ਅੰਤ ਦਿਸਦਾ। ਗੱਲਾਂ ਕਰਦੇ-ਕਰਦੇ ਕਦੇ ਉਹ ਮੀਂਹ ਦੇ ਧੋਤੇ ਫੁੱਲ ਵਾਂਗ ਖਿੜ-ਖਿੜ

ਹੱਸਣ ਲਗਦੇ ਤੇ ਕਦੇ ਗੰਭੀਰ ਹੋ ਜਾਂਦੇ ਇਸ ਲਈ ਉਹ ਹੋਰ ਬਹਿਸ ਕਰਨ ਦੀ ਬਜਾਏ ਨਲਕੇ ਉਪਰ ਹੱਥ ਧੋ ਕੇ ਕਮਰੇ ਅੰਦਰ ਜਾ ਵੜੀ।

''ਬਹਿ ਜਾ ਭਾਗੂ ਕਿਉਂ ਭੱਜਣ ਆਲਿਆਂ ਮਾਂਗੂ ਖੜ੍ਹੈਂ।'' ਕਰਮੀ ਨੇ ਮੰਜੇ ਵੱਲ ਇਸ਼ਾਰਾ ਕੀਤਾ।

''ਚੌੜੀ ਹੋ ਕੇ ਸਾਨੂੰ ਤਾਂ ਰੋਜ਼ ਬੁਲਾ ਲੈਨੀ ਐਂ, ਜਿੱਦੇਂ ਵਿਆਹੀ ਗਈ, ਸਾਡੇ ਘਰੇ ਆਪ ਇਕ ਦਿਨ ਵੀ ਨੀ ਆ ਕੇ ਛਿੱਪਣਾ।'' ਭਗਵਾਨ ਮੰਜੇ 'ਤੇ ਬੈਠੀ ਕੁੜੀ ਦੇ ਬਰਾਬਰ ਬੈਠ ਗਿਆ।

''ਤੈਨੂੰ ਵੀ ਦੇਖ ਲਾਂਗੇ ਵੱਡੇ ਨਾਢੂ ਖਾਂ ਨੂੰ, ਜਦੋਂ ਆਗੀ ਨਾ ਕੋਈ ਤੇਰੇ ਝਬਰੀਟੀ ਜੀ, ਫੇਰ ਪੁੱਛੂੰ! ਉਹਦੇ ਬਿਨਾਂ ਖੰਘਣਾ ਵੀ ਨੀ। ਮਗਰ-ਮਗਰ ਪੂਛ ਮਾਰਦਾ ਫਿਰਿਆ ਕਰੇਂਗਾ।'' ਕਰਮੀ ਨੇ ਭਗਵਾਨ ਦੀ ਗੱਲ ਦਾ ਵਕੀਲਾਂ ਵਾਂਗ ਤੁਰੰਤ ਮੋੜ ਦੇ ਦਿੱਤਾ।

''ਮੈਂ ਤਾਂ ਮੂਹਰੇ ਲਾ ਕੇ ਰੱਖੂੰ ਮੂਹਰੇ....ਤੀਰ ਮਾਂਗੂ ਸਿੱਧੀ ਕਰਲੂੰ।'' ਭਗਵਾਨ ਨੇ ਮੰਜੇ 'ਤੇ ਬੈਠੇ ਨੇ ਹੀ ਹਿੱਕ ਉਭਾਰਦਿਆਂ ਉਂਗਲੀ ਹਵਾ ਵਿਚ ਤੀਰ ਵਾਂਗ ਸਿੱਧੀ ਕਰ ਲਈ। ਨਾਲ ਬੈਠੀ ਕੁੜੀ ਮੂੰਹ 'ਤੇ ਹੱਥ ਰੱਖ ਕੇ ਹੱਸ ਪਈ।

''ਚੱਲ ਆਉਣ ਦੇ ਵੇਲਾ ਵੇਖਲਾਂ ਗੇ ਤੈਨੂੰ ਵੀ।'' ਕਰਮੀ ਭਗਵਾਨ ਦੇ ਮੋਢੇ 'ਤੇ ਹੱਥ ਮਾਰਦੀ ਭਗਵਾਨ ਦੇ ਬਰਾਬਰ ਬੈਠ ਗਈ। ਤਿੰਨਾਂ ਦੇ ਭਾਰ ਨਾਲ ਮੰਜੇ ਦੀ ਘੁਣ ਖਾਧੀ ਬਾਹੀ 'ਚਰ....ਰ....ਰ' ਕਰਦੀ ਵਿਚਕਾਰੋਂ ਟੁੱਟ ਗਈ। ਕਰਮੀ ਤੇ ਉਸਦੀ ਸਹੇਲੀ ਵਿਚਕਾਰ ਬੈਠੇ ਭਗਵਾਨ ਉਪਰ ਜਾ ਡਿੱਗੀਆਂ। ਕੁੜੀ ਦੀ ਉਭਰੀ ਹਿੱਕ ਭਗਵਾਨ ਦੀ ਪੁੜ ਵਰਗੀ ਛਾਤੀ ਨੂੰ ਛੋਹ ਗਈ। ਇਹ ਛੋਹ ਦੋਵੇਂ ਜਵਾਨ ਸਰੀਰਾਂ ਵਿਚ ਕੰਬਣੀ ਛੇੜ ਗਈ। ਕੁੜੀ ਬਿਜਲੀ ਦੇ ਝਟਕੇ ਵਾਂਗ ਖੜ੍ਹੀ ਹੋ ਗਈ। ਅਨੰਦਿਤ ਸ਼ਰਮ ਨਾਲ ਉਸਦਾ ਚਿਹਰਾ ਸੂਹੇ ਫੁੱਲ ਵਾਂਗ ਲਾਲ ਹੋ ਗਿਆ।

''ਨੀ ਚਾੜ੍ਹਤਾ ਚੰਦ।'' ਬਾਹੀ ਟੁੱਟਣ ਦਾ ਖੜਾਕ ਸੁਣ ਕੇ ਸੁਰਜੀਤ ਕਮਰੇ ਵਿਚੋਂ ਗੋਲੀ ਵਾਂਗ ਬਾਹਰ ਆ ਗਈ। ਭਗਵਾਨ ਤੇ ਕੁੜੀ ਸੁਰਜੀਤ ਦੇ 'ਚੰਦ ਚਾੜ੍ਹਨ' ਵਾਲੀ ਗੱਲ ਉਤੇ ਇਕ ਦੂਜੇ ਵੱਲ ਵੇਖ ਕੇ ਗੁੱਝਾ ਮੁਸਕਰਾ ਪਏ।

''ਇਹਨੇ ਤੋੜਿਐ ਵਾਜੇ ਨੇ।'' ਕਰਮੀ ਨੇ ਸ਼ਰਾਰਤ ਨਾਲ ਭਗਵਾਨ ਵੱਲ ਹੱਥ ਕਰ ਦਿੱਤਾ।

''ਲੈ ਦੇਖ ਲੋ ਲੋਕੋ, ਊਈਂ ਭਲੇ ਬੰਦਿਆਂ 'ਤੇ ਐਡੇ-ਐਡੇ ਦੂਸ਼ਣ! ਅਸੀਂ ਤਾਂ ਰਾਮ ਨਾਲ ਬੈਠੇ ਤੀ ਤਾਈ, ਇਹੀ ਬਾਅਦ 'ਚ ਆ ਕੇ ਬੈਠੀ ਐ।'' ਫਿਰ ਭਗਵਾਨ ਨੇ ਨੀਵੀਂ ਸੁਰ 'ਚ ਬੋਲਦਿਆਂ ਕਰਮੀ ਵੱਲ ਘਸੁੰਨ ਵੱਟਿਆ, ''ਖੀਰ 'ਚ ਕੋਕੜੂ।''

''ਕਿਰਨਾ ਆ ਚੱਲੀਏ।'' ਬਾਹਰ ਸਾਈਕਲ ਲਈ ਖੜ੍ਹੇ ਚਾਲੀ ਕੁ ਸਾਲ ਦੇ ਆਦਮੀ ਨੇ ਕੁੜੀ ਨੂੰ ਅਵਾਜ਼ ਮਾਰੀ।

''ਚੰਗਾ ਕਰਮੀ।'' ਕਿਰਨਾ ਲਿਫ਼ਾਫ਼ਾ ਲੈ ਕੇ ਤੁਰ ਪਈ।

''ਨੀ ਬਹਿ ਜਾਂਦੀ ਹੋਰ, ਘਰੇਂ ਕੀ ਛੋਪ ਕੱਤਣੈ।'' ਕਰਮੀ ਉਸਨੂੰ ਅਜੇ ਜਾਣ ਨਹੀਂ ਦੇਣਾ ਚਾਹੁੰਦੀ ਸੀ ਪਰ ਅੱਗੋਂ ਕੁਝ ਬੋਲੇ ਬਿਨਾਂ ਹੀ ਕਿਰਨਾ ਉਸ ਆਦਮੀ ਨਾਲ ਬੈਠ ਕੇ ਚਲੀ ਗਈ।

''ਭਾਗੂ ਆ ਜਾ ਚੁੱਲ੍ਹੇ ਕੋਲੇ ਬੈਜਾ, ਮੈਂ ਰੋਟੀ ਲਾਹੁਣੀ ਐਂ, ਤੂੰ ਰੋਟੀ ਖਾਈਂ ਨਾਲੇ ਕੋਈ ਸੁਣਾਈਂ ਨਮੀਂ ਤਾਜੀ।'' ਕਰਮੀ ਭਗਵਾਨ ਦੀ ਬਾਂਹ ਫੜ ਕੇ ਮੱਲੋ-ਮੱਲੀ ਚੌਂਕੇ ਕੋਲ ਲੈ ਗਈ ਤੇ ਕੋਲ ਪਈ ਫੱਟੀ ਉਸਨੇ ਆਪਣੇ ਫੁੱਟ ਵਰਗੇ ਗੋਰੇ ਪੈਰ ਨਾਲ ਰਿਸਕਾ ਕੇ ਉਸ ਅੱਗੇ ਕਰ ਦਿੱਤੀ। ਭਗਵਾਨ ਫੱਟੀ ਉਪਰ ਬੈਠ ਗਿਆ। ਕਰਮੀ ਓਟੇ ਉਪਰ ਪਈ ਪਰਾਂਤ ਚੁੱਕ ਕੇ ਅੰਦਰ ਆਟਾ ਲੈਣ ਚਲੀ ਗਈ।

ਕਿਰਨਾ ਚਲੀ ਗਈ ਸੀ ਪਰ ਭਗਵਾਨ ਦੀਆਂ ਅੱਖਾਂ ਸਾਹਮਣੇ ਉਹ ਖ਼ੂਬਸੂਰਤ ਚਿਹਰਾ ਅਜੇ ਤੱਕ ਘੁੰਮ ਰਿਹਾ ਸੀ। 'ਕਿਰਨਾ!' ਇਹ ਸ਼ਬਦ ਉਸਦੇ ਬੁੱਲ੍ਹਾਂ ਵਿਚੋਂ ਆਪ ਮੁਹਾਰੇ ਨਿਕਲ ਗਿਆ ਤੇ ਉਸਨੇ ਕਿਸੇ ਸ਼ਰਮਾਕਲ ਕੁੜੀ ਵਾਂਗ ਮੁਸਕਰਾ ਕੇ ਨੀਵੀਂ ਪਾ ਲਈ। ਉਹ ਇਸ ਸੋਹਣੀ ਸੂਰਤ ਬਾਰੇ ਜਾਣਨ ਲਈ ਆਪਣੇ ਅੰਦਰ ਹੀ ਅੰਦਰ ਉਲਝੀ ਤਾਣੀ ਵਾਂਗ ਉਲਝਿਆ ਪਿਆ ਸੀ, ਜਿਸਦਾ ਉਸਨੂੰ ਅਜੇ ਤੱਕ ਕੋਈ ਸਿਰਾ ਨਹੀਂ ਲੱਭਿਆ ਸੀ।

''ਇਹ ਕੁੜੀ ਕੌਣ ਤੀ?'' ਉਸਨੇ ਕਰਮੀ ਨੂੰ ਆਟਾ ਲਈਂ ਆਉਂਦਿਆਂ ਵੇਖ ਕੇ ਕਿਹਾ।

''ਕੌਣ? ਇਹ ਕਿਰਨਾ।''

''ਹਾਂ।''

''ਇਹ ਤਾਂ ਭੰਗੂਆਂ ਦੀ ਕੁੜੀ ਐ, ਜਿਹੜਾ ਤੋਲਾਵਾਲ ਜਾਂਦਿਆਂ ਨੂੰ ਰਾਹ 'ਚ ਘਰ ਆਉਂਦੈ।'' ਉਹ ਆਟਾ ਗੁੰਨਣ ਲੱਗ ਪਈ।

''ਅੱਛਾ! ਅੱਛਾ!'' ਭਗਵਾਨ ਨੇ ਪੂਰੀ ਸਮਝ ਵਿਚ ਸਿਰ ਹਿਲਾਇਆ। ਉਸਨੇ ਇਸ ਕੁੜੀ ਦੇ ਹੁਸਨ ਦੇ ਚਰਚੇ ਪਿੰਡ ਦੇ ਹਰ ਗਲੀ ਮੋੜ 'ਤੇ ਸੁਣੇ ਸਨ ਪਰ ਉਸਨੇ ਅੱਜ ਇਸਨੂੰ ਵੇਖਿਆ ਪਹਿਲੀ ਵਾਰ ਸੀ। ਪਿੰਡ ਦਾ ਹਰ ਮੁੰਡਾ ਇਸ ਸੱਜਰੀ ਮਹਿਕ ਨੂੰ ਆਪਣੀ ਬਣਾਉਣ ਲਈ ਤਰਲੋ-ਮੱਛੀ ਸੀ। ਉਸਦਾ ਸੱਜਰੇ ਖਿੜੇ ਗੁਲਾਬ ਵਰਗਾ ਗੁਲਾਬੀ ਚਿਹਰਾ, ਹਰਨੀ ਵਰਗੀਆਂ ਜਗਦੀਆਂ ਅੱਖਾਂ, ਪਿੱਠ ਪਿੱਛੇ ਕਾਲੇ ਨਾਗ ਵਾਂਗ ਮੇਲ੍ਹਦੀ ਲੰਬੀ ਗੁੱਤ ਹਰ ਇਕ ਵੇਖਣ ਵਾਲੇ ਨੂੰ ਡੰਗ ਸੁੱਟਦੀ। ਉਸਦੇ ਸੂਹੇ ਬੁੱਲ੍ਹਾਂ 'ਚੋਂ ਹਰ ਜਵਾਨ ਦਿਲ ਪਿਆਰ ਦੇ ਬੋਲ ਸੁਣਨ ਲਈ ਉਤਾਵਲਾ ਸੀ। ਜਦ ਉਹ ਮੁਰਗ਼ਾਬੀ ਵਾਂਗ ਤਰਦੀ, ਮੁੰਡਿਆਂ ਦੀ ਢਾਣੀ ਕੋਲ ਦੀ ਲੰਘ ਜਾਂਦੀ ਤਾਂ ਹਰ ਕੋਈ ਦਿਲ 'ਤੇ ਹੱਥ ਰੱਖ ਕੇ ਠੰਡੇ ਸਾਹ ਭਰਦਾ।

''ਭਾਗੂ! ਓਏ ਭਾਗੂ!!'' ਕਰਮੀ ਨੇ ਪਹਿਲਾਂ ਹੌਲੀ ਤੇ ਫਿਰ ਉੱਚੀ ਦੇਣੇ ਕਿਹਾ, ''ਕਿਹੜੇ ਪਰੀਆਂ ਦੇ ਦੇਸ਼ 'ਚ ਗੁਆਚ ਗੇ।''

''ਹੈਂ! ਨਹੀਂ।'' ਭਗਵਾਨ ਇਸ ਤਰ੍ਹਾਂ ਤ੍ਰਬਕਿਆ, ਜਿਵੇਂ ਕਿਸੇ ਨੇ ਅੱਭੜਵਾਹੇ ਉਠਾ ਦਿੱਤਾ ਹੋਵੇ, ''ਇਹ ਪਹਿਲਾਂ ਤਾਂ ਕਦੇ ਦੇਖੀ ਨੀ, ਕਿੱਥੇ ਰਹਿੰਦੀ ਤੀ?''

''ਹਾਂ, ਆਪਣੀ ਭੂਆ ਕੋਲੇ ਰਹਿੰਦੀ ਤੀ, ਵੀਹ-ਪੱਚੀ ਕੁ ਦਿਨ ਹੋਏ ਨੇ ਆਈ ਨੂੰ।'' ਕਰਮੀ ਨੇ ਰੋਟੀ ਵੇਲ ਕੇ ਤਵੇ ਉਤੇ ਪਾ ਦਿੱਤੀ।

''ਇਹ ਇਹਦਾ ਕੀ ਲਗਦੈ ਜਿਹੜਾ ਇਹਨੂੰ ਲੈ ਕੇ ਗਿਐ।''

''ਤੂੰ ਨੀ ਜਾਣਦਾ ਇਹਨੂੰ?'' ਕਰਮੀ ਨੇ ਹੈਰਾਨੀ ਭਰੀਆਂ ਸੁਆਲੀਆਂ ਨਜ਼ਰਾਂ ਭਗਵਾਨ ਦੇ ਚਿਹਰੇ ਉਪਰ ਗੱਡ ਦਿੱਤੀਆਂ।

''ਜਾਣਦਾ ਤਾਂ ਹੈਗਾਂ ਪਰ ਐਂ ਨੀ ਪਤਾ ਵੀ ਇਹ ਇਹਦਾ ਕੀ ਲਗਦੈ।'' ਭਗਵਾਨ ਛਟੀ ਦੇ ਡੱਕੇ ਨਾਲ ਧਰਤੀ 'ਤੇ ਲਕੀਰਾਂ ਵਾਹੁਣ ਲੱਗ ਪਿਆ।

''ਇਹ ਇਹਦਾ ਬਾਪ ਐ ਵਾਜਿਆ। ਖ਼ਾਸ ਬੰਦਿਆਂ ਦਾ ਤਾਂ ਪਤਾ ਰੱਖਿਆ ਕਰ।'' ਕਰਮੀ ਦੀਆਂ ਖੋਜੀ ਅੱਖਾਂ ਭਗਵਾਨ ਦੇ ਦਿਲ ਵਿਚ ਕਿਰਨਾ ਪ੍ਰਤੀ ਪਲ਼ ਰਹੇ ਪਿਆਰ ਨੂੰ ਖੁਰਚ-ਖੁਰਚ ਕੇ ਵੇਖ ਰਹੀਆਂ ਸਨ।

''ਕਰਮੀ ਭੈਣੇ, ਇਕ ਗੱਲ ਕਹਾਂ, ਮੰਨੇਂਗੀ?'' ਕਹਿੰਦਿਆਂ ਭਗਵਾਨ ਨੇ ਨੀਵੀਂ ਪਾ ਲਈ। ਉਸਦਾ ਦਿਲ ਜ਼ੋਰ-ਜ਼ੋਰ ਦੀ ਧੜਕਿਆ।

''ਕਰਮੀ ਭੈਣ!'' ਕਰਮੀ ਨੇ ਭਗਵਾਨ ਦਾ ਮੂੰਹ ਚਿੜਾ ਦਿੱਤਾ, ''ਜ਼ਰੂਰ ਕੋਈ ਗੌਂ ਹੋਣੀ, ਜਿਹੜਾ ਕਰਮੀ ਭੈਣ-ਭੈਣ ਕਰੀ ਜਾਨੈਂ।'' ਚਾਹੇ ਕਰਮੀ ਨੂੰ ਪਤਾ ਸੀ ਕਿ ਉਹ ਕੀ ਕਹਿਣਾ ਚਾਹੁੰਦਾ ਹੈ ਪਰ ਉਹ ਉਸਦੇ ਮੂੰਹੋਂ ਸੁਣ ਕੇ ਸੁਆਦ ਲੈਣਾ ਚਾਹੁੰਦੀ ਸੀ।

''ਹਾਂ ਦੱਸ ਮੰਨੂੰਗੀ।'' ਕਰਮੀ ਰੋਟੀ ਲਾਹ ਕੇ ਵਿਹਲੀ ਹੋ ਗਈ।

''ਕਰਮੀ!'' ਉਸਨੇ ਖੰਘੂਰਾ ਮਾਰ ਕੇ ਆਪਣਾ ਗਲਾ ਤਰ ਕੀਤਾ ਤੇ ਫਿਰ ਧੜਕਦੇ ਦਿਲ ਨੂੰ ਘੁੱਟ ਕੇ ਕੁਝ ਹਿੰਮਤ ਕਰਕੇ ਬੋਲਿਆ, ''ਇਹ ਕ....ਕਿਰਨਾ....।'' ਭਗਵਾਨ ਦੇ ਅੱਧੇ ਸ਼ਬਦ ਮੂੰਹ ਵਿਚ ਹੀ ਦਬ ਕੇ ਰਹਿ ਗਏ। ਉਸਦਾ ਦਿਲ ਫਿਰ ਫੜੱਕ-ਫੜੱਕ ਵੱਜਣ ਲੱਗ ਪਿਆ।

''ਆਹੋ ਆਹੋ ਮੈਨੂੰ ਪਤੈ, ਮੈਂ ਵੀ ਸੋਚਿਆ ਬਈ ਅੱਜ ਮੇਰੇ ਨਾਲ ਏਨਾ ਮਿੱਠਾ ਪਿਆਰਾ ਕਿਉਂ ਹੋਈ ਜਾਂਦੈ। ਮੈਨੂੰ ਸਭ ਪਤਾ ਲੱਗ ਗਿਆ ਸੋਡੀ ਚੋਰੀ ਦਾ। ਉਹ ਵੀ ਕਿਮੇਂ ਤੇਰੇ ਕਣੀ ਅੱਖਾਂ ਟੱਡ-ਟੱਡ ਝਾਕਦੀ ਤੀ।''

''ਹੀਂ....ਹੀਂ....।'' ਭਗਵਾਨ ਨੇ ਹਸਦਿਆਂ ਨੀਵੀਂ ਪਾ ਲਈ।

''ਚੰਗਾ ਐਂ ਕਰ ਵਾਜਿਆ, ਆਪਣੀ ਬੂਥੜੀ ਚੰਗੀ ਤਰ੍ਹਾਂ ਧੋ ਕੇ ਆਜੀਂ, ਮੈਂ ਉਹਨੂੰ ਬੁਲਾ ਲਊਂ।'' ਕਰਮੀ ਉਸਨੂੰ ਛੇੜ ਕੇ ਭੱਜਣ ਲਈ ਤਿਆਰ ਹੋ ਗਈ।

ਭਗਵਾਨ ਨੇ ਛੜੱਪਾ ਮਾਰ ਕੇ ਕਰਮੀ ਦੀ ਗੁੱਤ ਜਾ ਫੜੀ, ''ਹੁਣ ਬੋਲ, ਕੀ ਬੋਲਦੀ ਤੀ।''

''ਆ....ਈ....ਈ....ਬੇਬੇ....ਏ।'' ਕਰਮੀ ਨੇ ਲੰਬੀ ਹੇਕ ਵਿਚ ਚੀਕ ਮਾਰ ਦਿੱਤੀ।

''ਨੀ ਕੀ ਹੋ ਗਿਆ ਥੋਨੂੰ, ਕਿਉਂ ਝਾਟਮ-ਝੀਟੇ ਹੋਏ ਓਂ।'' ਸੁਰਜੀਤ ਅੰਦਰੋਂ ਬਾਹਰ ਆ ਗਈ।

''ਬੇਬੇ ਆਹ ਭਾਗੂ ਜਾ ਨੀ ਹਟਦਾ।'' ਕਰਮੀ ਨੇ ਨਕਲੀ ਗੁੱਸਾ ਦਿਖਾਇਆ।

''ਮੈਥੋਂ ਨੀ ਥੋਡੇ ਨਾਲ ਨਿਪਟਿਆ ਜਾਂਦਾ। ਥੋਡਾ ਤਾਂ ਰੋਜ਼ ਦਾ ਈ ਇਹੀ ਕੰਮ ਐ।'' ਕਹਿੰਦੀ ਹੋਈ ਉਹ ਫੇਰ ਅੰਦਰ ਜਾ ਕੇ ਤਾਣੇ ਵਿਚ ਬੈਠ ਗਈ।

''ਛੱਡ ਮੇਰੀ ਗੁੱਤ।'' ਕਰਮੀ ਨੇ ਭਗਵਾਨ ਦੇ ਡੌਲੇ ਵਿਚ ਪੋਲੀ ਜਿਹੀ ਮੁੱਕੀ ਧਰ ਦਿੱਤੀ।

''ਪਹਿਲਾਂ ਮੇਰਾ ਕੰਮ।''

''ਜਾਹ ਵਾਜਿਆ ਕਰਦੂੰ।''

''ਚੰਗਾ ਲੈ ਚੱਕ, ਤੂੰ ਕੀ ਯਾਦ ਰੱਖੇਂਗੀ।'' ਭਗਵਾਨ ਨੇ ਕਰਮੀ ਦੀ ਗੁੱਤ ਛੱਡ ਦਿੱਤੀ, ''ਚੰਗਾ ਕਰਮੀ ਮੈਂ ਜਾਨਾਂ।'' ਭਗਵਾਨ ਨੇ ਸਮੇਂ ਦਾ ਖ਼ਿਆਲ ਕਰਦਿਆਂ ਕਰਮੀ ਤੋਂ ਇਜਾਜ਼ਤ ਮੰਗੀ।

''ਭਾਗੂ ਬੱਸ ਅੱਧਾ ਘੰਟਾ ਹੋਰ ਬਹਿ ਜਾ।''

''ਨਾ ਭਾਈ, ਜਾ ਕੇ ਮੈਸ੍ਹਾਂ ਦਾ ਵੀ ਕੋਈ ਹੀਲਾ ਕਰਨੈ। ਅਜੇ ਧਾਰਾਂ ਕੱਢਣੀਆਂ ਹੋਣਗੀਆਂ।'' ਭਗਵਾਨ ਨੇ ਆਪਣਾ ਕਾਲੇ ਰੰਗ ਦਾ ਅੱਧ ਪੁਰਾਣਾ ਸਾਈਕਲ ਚੁੱਕ ਲਿਆ।

''ਚੰਗਾ ਫੇਰ ਕੱਲ੍ਹ ਨੂੰ ਜ਼ਰੂਰ ਆਈਂ।'' ਕਰਮੀ ਨੇ 'ਜਾਂਦੇ ਚੋਰ ਦੀ ਪੱਗ ਹੀ ਸਹੀ' ਵਾਲਾ ਦਾਓ ਵਰਤਿਆ।

''ਚੰਗਾ ਮੇਰੀ ਮਾਂ।'' ਭਗਵਾਨ ਮੁਸਕਰਾਉਂਦਾ ਸਾਈਕਲ ਦੀ ਕਾਠੀ ਉਪਰ ਬੈਠ ਗਿਆ।

''ਓ ਭਾਗੂ ਨਾਲੇ ਵੋਟਾਂ....।'' ਕਰਮੀ ਨੇ ਇਸ਼ਾਰੇ ਨਾਲ ਉਂਗਲੀ ਹਵਾ ਵਿਚ ਹਿਲਾ ਦਿੱਤੀ ਤੇ ਅਗਲੀ ਗੱਲ ਅੱਗੋਂ ਸਮਝ ਗਿਆ ਜਾਣ ਕੇ ਵਿਚਾਲੇ ਛੱਡ ਦਿੱਤੀ।

ਭਗਵਾਨ ਨੇ ਅੱਗੋਂ ਸਹਿਮਤੀ ਵਿਚ ਹੱਥ ਖੜ੍ਹਾ ਕਰ ਦਿੱਤਾ। ਉਹ ਕਿਸੇ ਨਵੀਂ ਖੁਸ਼ੀ ਵਿਚ ਗੜੂੰਦ ਅਸਮਾਨ ਵਿਚ ਤਾਰੀਆਂ ਲਾ ਰਿਹਾ ਸੀ। ਉਸਦੇ ਬੁੱਲ੍ਹਾਂ ਉਤੇ ਆਈ ਮਣਾਂ-ਮੂੰਹੀਂ ਮੁਸਕਾਨ ਕਿਸੇ ਬੇਅੰਤ ਖੁਸ਼ੀ ਦਾ ਇਜ਼ਹਾਰ ਕਰ ਰਹੀ। ਗਰਮੀਆਂ ਦਾ ਖੁਸ਼ਕ ਵਾਤਾਵਰਣ ਖੁਸ਼ੀ ਵਿਚ ਹਸਦਾ ਜਾਪਦਾ ਸੀ। ਪਹੇ ਵਿਚ ਵਿਛੇ ਕੱਕੇ ਰੇਤੇ ਨੇ ਉਸਨੂੰ ਮੁੜ੍ਹਕੋ-ਮੁੜ੍ਹਕੀ ਕਰ ਦਿੱਤਾ ਪਰ ਉਸਦਾ ਖੁਸ਼ੀ ਭਰਿਆ ਮਨ ਹੁਣ ਇਸਦੀ ਪ੍ਰਵਾਹ ਕਦੋਂ ਕਰਦਾ ਸੀ, ਉਹ ਤਾਂ ਕਿਸੇ ਅਦਭੁਤ ਲੋਰ ਵਿਚ ਸਾਈਕਲ ਨੂੰ ਸਰਪਟ ਦੌੜਾਈ ਜਾ ਰਿਹਾ ਸੀ। ਸ਼ਾਮ ਦੇ ਘੁਸ-ਮੁਸੇ ਵਿਚ ਭਗਵਾਨ ਦੇ ਪੈਡਲਾਂ 'ਤੇ ਪੈਰ ਮਸ਼ੀਨ ਵਾਂਗ ਚੱਲ ਰਹੇ ਸਨ।

## 2.

ਚੰਗਾ ਮੀਂਹ ਪੈਣ ਕਰਕੇ ਝੋਨੇ ਦੀ ਲਵਾਈ ਨੇ ਜੋਰ ਫੜ ਲਿਆ ਸੀ। ਵਾਹਣਾਂ ਵਿਚ ਵਗਦੀ ਤੱਤੀ ਲੋਅ ਦੀ ਥਾਂ ਹੁਣ ਠੰਡੀ ਹਵਾ ਨੇ ਲੈ ਲਈ। ਚਾਰੇ ਪਾਸੇ ਖੜ੍ਹੇ ਠੰਡੇ ਪਾਣੀ ਵਿਚੋਂ ਵਗਦੀ ਠੰਡੀ ਹਵਾ, ਸ਼ਹਿਰਾਂ ਵਿਚ ਚਲਦੇ ਕੂਲਰਾਂ ਨੂੰ ਮਾਤ ਦਿੰਦੀ ਸੀ। ਦੁਪਹਿਰ ਹੁੰਦਿਆਂ ਖੇਤਾਂ ਵਿਚ ਕੰਮ ਕਰਦੇ ਲੋਕ ਚਾਹ ਪੀਣ ਬਹਾਨੇ ਦਮ ਲੈਣ ਲਈ ਕੋਠਿਆਂ ਦੁਆਲੇ ਲੱਗੇ ਦਰਖ਼ਤਾਂ

ਹੇਠ ਆ ਬਹਿੰਦੇ। ਕੰਮ 'ਚ ਥੱਕਿਆਂ ਨੂੰ ਠੰਡੀ ਛਾਂ ਹੇਠ ਨੀਂਦ ਦੇ ਟੂਲੇ ਆਉਂਦੇ ਪਰ ਕੰਮ ਦਾ ਲਾਲਚ ਉਨ੍ਹਾਂ ਨੂੰ ਦੋ ਘੜੀ ਟਿਕਣ ਨਾ ਦਿੰਦਾ। ਦਿਨ-ਰਾਤ ਖੇਤਾਂ ਵਿਚ ਚਲਦੇ ਟਰੈਕਟਰਾਂ ਦੀ ਗੂੰਜ ਖੇਤਾਂ ਦੀਆਂ ਜੂਹਾਂ ਟੱਪ ਕੇ ਪਿੰਡ ਤੱਕ ਸੁਣਾਈ ਦਿੰਦੀ। ਇੰਜਣਾਂ ਦੀ ਫਿੱਟ-ਫਿੱਟ ਖੇਤਾਂ ਵਿਚ ਖੌਰੂ ਪਾਈ ਰਖਦੀ।

ਮਿੱਠੂ ਤੇ ਬਲੌਰ ਸਵੇਰੇ ਮੂੰਹ ਹਨ੍ਹੇਰੇ ਦੇ ਵੱਟਾਂ ਪੋਚਣ ਦੇ ਕੰਮ ਵਿਚ ਲੱਗੇ ਹੋਏ ਸੀ। ਉਹ ਕੰਮ ਨੂੰ ਛੇਤੀ ਨਿਪਟਾ ਕੇ ਪਿੰਡ ਜਾਣ ਲਈ ਕਾਹਲੇ ਸਨ ਕਿਉਂਕਿ ਪਿੰਡ ਵਿਚ ਵੋਟਾਂ ਦੇ ਦਿਨ ਨੇੜੇ ਹੋਣ ਕਰਕੇ ਸ਼ਰਾਬ ਦੇ ਭੰਡਾਰੇ ਖੁੱਲ੍ਹੇ ਚਲਦੇ ਸਨ। ਜੀਭ ਦੇ ਸਵਾਦੀ ਸ਼ਾਮ ਹੁੰਦਿਆਂ ਹੀ ਕੰਮ ਛੱਡ ਕੇ ਪਿੰਡ ਵੱਲ ਭੱਜ ਤੁਰਦੇ।

ਪਿੰਡ ਵਿਚ ਮੁੱਢ ਤੋਂ ਹੀ ਦੋ ਪਾਰਟੀਆਂ ਦੀ ਟੱਕਰ ਤੁਰੀ ਆਉਂਦੀ ਸੀ। ਇਕ ਪਾਰਟੀ ਦਾ ਮੋਹਰੀ ਮੁਖਤਿਆਰ ਕਾਂਗਰਸ ਪਾਰਟੀ ਨਾਲ ਸਬੰਧ ਰਖਦਾ ਸੀ। ਮੁਖਤਿਆਰ ਦੇ ਇਕ ਅੱਖੋਂ ਕਾਣਾ ਹੋਣ ਕਰਕੇ ਲੋਕਾਂ ਨੇ ਮੁਖਤਿਆਰ ਨਾਲ 'ਕਾਣਾ' ਸ਼ਬਦ ਮੱਲੋ-ਜ਼ੋਰੀ ਜੋੜ ਦਿੱਤਾ ਸੀ। ਚਾਹੇ ਉਹ ਆਪਣੇ ਬੱਜ (ਨੁਕਸ) ਨੂੰ ਛੁਪਾਉਣ ਲਈ ਕਾਲੀਆਂ ਐਨਕਾਂ ਲਾ ਕੇ ਰਖਦਾ ਪਰ ਆਮ ਲੋਕ ਉਸਨੂੰ ਮਗਰ-ਮੂਹਰੇ 'ਮੁਖਤਿਆਰ ਕਾਣਾ' ਕਹਿ ਕੇ ਹੀ ਪੁਕਾਰਦੇ ਸਨ। ਅਕਾਲੀਆਂ ਵੱਲੋਂ ਮੋਢੀ ਗੁਰਦੀਪ ਨੌਜਵਾਨ ਮੁੰਡਾ ਸੀ। ਚਾਹੇ ਉਹ ਉਮਰ ਵਿਚ ਮੁਖਤਿਆਰ ਨਾਲੋਂ ਅੱਧਾ ਸੀ ਪਰ ਪੜ੍ਹਿਆ-ਲਿਖਿਆ ਹੋਣ ਕਰਕੇ ਉਸਦਾ ਪ੍ਰਭਾਵ ਪਿੰਡ ਵਿਚ ਚੰਗਾ ਸੀ। ਹੁਣ ਇਹ ਦੂਜੀ ਵਾਰ ਵੋਟਾਂ ਵਿਚ ਆਪਣਾ ਹੱਥ ਅਜ਼ਮਾ ਰਿਹਾ ਸੀ। ਪਿਛਲੀਆਂ ਵੋਟਾਂ ਸਮੇਂ ਇਹ ਆਪਣੇ ਹੀ ਵਿਰੋਧੀ, ਸਾਬਕਾ ਸਰਪੰਚ ਮੁਖਤਿਆਰ ਨੂੰ ਚਾਰ ਵੋਟਾਂ ਦੇ ਫ਼ਰਕ ਨਾਲ ਪਿੱਠ ਪਰਨੇ ਸੁੱਟ ਚੁੱਕਾ ਸੀ। ਮੁਖਤਿਆਰ ਵੀ ਆਪਣੀ ਪੁਰਾਣੀ ਹਾਰ ਭੁੱਲ ਦੁਬਾਰਾ ਮੈਦਾਨ ਵਿਚ ਆ ਨਿੱਤਰਿਆ ਸੀ। ਇਸ ਸਮੇਂ ਦੋਵਾਂ ਦੀ ਫਸਵੀਂ ਟੱਕਰ ਸੀ, ਜਿਸਦੇ ਨਤੀਜੇ ਵਜੋਂ ਸ਼ਾਮ ਨੂੰ ਪਿੰਡ ਦੇ ਕੁੱਤੇ ਵੀ ਸ਼ਰਾਬੀ ਹੋ ਜਾਂਦੇ। ਸ਼ਰਾਬ ਪਾਣੀ ਵਾਂਗ ਵਹਾਈ ਜਾਂਦੀ। ਪਿੰਡ ਵਿਚ ਦੋਵਾਂ ਪਾਰਟੀਆਂ ਨੇ ਕਈ-ਕਈ ਅੱਡੇ ਖੋਲ੍ਹੇ ਹੋਏ ਸਨ। ਪਿੰਡ ਦੇ ਚੋਟੀ ਦੇ ਸ਼ਰਾਬੀਆਂ-ਕਬਾਬੀਆਂ ਨੂੰ ਇਨ੍ਹਾਂ ਅੱਡਿਆਂ ਦੇ ਮੋਢੀ ਬਣਾ ਰੱਖਿਆ ਸੀ। ਦੋਵਾਂ ਪਾਰਟੀਆਂ ਨੇ ਇਕ-ਇਕ ਆਪਣਾ ਅੱਡਾ ਨਵੀਂ ਪਿੰਡੀ ਵਿਚ ਬਣਾ ਰੱਖਿਆ ਸੀ ਕਿਉਂਕਿ ਨਵੀਂ ਪਿੰਡੀ ਸਰਕਾਰੀ ਤੌਰ 'ਤੇ ਕੋਈ ਅਲੱਗ ਪਿੰਡੀ ਨਹੀਂ ਸੀ, ਬਲਕਿ ਸ਼ਾਂਤਪੁਰ ਦਾ ਹੀ ਇਕ ਅੰਗ ਸੀ। ਦੋਵਾਂ ਦੀ ਪੰਚਾਇਤ ਇਕ ਹੀ ਬਣਦੀ ਸੀ।

''ਕਿਉਂ ਮਿੱਠੂ ਦਮ ਨਾ ਮਾਰ ਲੀਏ ਥੋੜ੍ਹਾ ਜਾ?'' ਬਲੌਰ ਨੇ ਸਿਰ ਉਪਰ ਆਏ ਸੂਰਜ ਵੱਲ ਤਕਦਿਆਂ ਮੱਥੇ ਤੋਂ ਮੁੜ੍ਹਕਾ ਪੂੰਝਿਆ।

''ਯਰ ਆਹ ਇਕ ਵੱਟ ਰਹਿ ਗੀ, ਪੋਚ ਕੇ ਪਰੇ ਕੰਮ ਨਬੇੜ ਦਿੰਨੇ ਆਂ।'' ਮਿੱਠੂ ਨੇ ਕਹੀ ਪਾਣੀ ਵਿਚ ਰੱਖ ਦਿੱਤੀ ਤੇ ਆਪਣੇ ਦੋਵੇਂ ਹੱਥ ਪਿੱਠ ਪਿੱਛੇ ਰੱਖ ਕੇ ਖੜ੍ਹਾ-ਖੜ੍ਹਾ ਪਿੱਛੇ ਨੂੰ ਝੁਕ ਗਿਆ, ਜਿਸ ਨਾਲ ਕਮਰ ਦੇ ਦੋ ਪਟਾਕੇ ਪੈ ਗਏ ਤੇ ਦੁਖਦੀ ਕਮਰ ਦੁਬਾਰਾ ਕੰਮ ਕਰਨ ਦੀ ਸਥਿਤੀ ਵਿਚ ਆ ਗਈ।

''ਚੰਗਾ ਫੇਰ ਜਿਮੇਂ ਤੇਰੀ ਮਰਜੀ।'' ਬਲੌਰ ਨੇ ਚੇਪਾ ਪੁੱਟ ਕੇ ਵੱਟ ਉਪਰ ਰੱਖ ਦਿੱਤਾ ਤੇ ਪੁੱਠੀ ਕਹੀ ਮਾਰ ਕੇ ਪੋਚ ਦਿੱਤਾ। ਕਹੀ ਵੱਜਣ ਨਾਲ ਗਾਰੇ ਦੇ ਛਿੱਟੇ ਖੜ੍ਹੇ ਪਾਣੀ ਵਿਚ ਜਾ ਡਿੱਗੇ, ਜਿਸ ਨਾਲ ਗੰਧਲੇ ਪਾਣੀ ਵਿਚ ਚੱਕਰ ਜਿਹੇ ਬਣ ਗਏ। ਪਿੰਡ ਵਿਚ ਚਲਦੀ ਖੁੱਲ੍ਹੀ ਸ਼ਰਾਬ ਦੇ ਲਾਲਚ ਨੇ ਇਨ੍ਹਾਂ ਦੇ ਹੱਥਾਂ ਵਿਚ ਤੇਜੀ ਲਿਆ ਦਿੱਤੀ। ਇਹ ਕੰਮ ਨੂੰ ਜਲਦੀ ਇਕ ਤਰਫ਼ਾ ਕਰਕੇ ਪਿੰਡ ਜਾਣ ਲਈ ਕਾਹਲੇ ਸੀ।

ਦੋਵੇਂ ਰਹਿੰਦੀ ਵੱਟ ਪੋਚ ਕੇ ਕੋਠੇ ਕੋਲ ਆ ਗਏ। ਮੋਟਰ ਦੀ 'ਘੂ....ਊ....ਊ....' ਦੀ ਆਵਾਜ਼ ਨਾਲ ਸਾਫ਼ਟ 'ਤੇ ਪਟੇ ਚੁਰਾਸੀ ਦੇ ਚੱਕਰਾਂ ਵਾਂਗ ਚੱਕਰ ਲਾ ਰਹੇ ਸਨ। ਖੇਲ਼, ਪਾਈਪ ਵਿਚੋਂ ਡਿਗਦੇ ਪਾਣੀ ਨੂੰ ਆਪਣੇ ਵੱਡੇ ਪੇਟ ਵਿਚ ਸਮਾ ਲੈਂਦੀ ਤੇ ਫਿਰ ਉਸਨੂੰ ਇਕ ਸੇਧ ਦੇ ਕੇ ਖਾਲ ਵਿਚ ਸੁੱਟ ਦਿੰਦੀ। ਖਾਲ ਵਿਚਲਾ ਚਾਂਦੀ ਰੰਗਾ ਪਾਣੀ ਸੱਪ ਵਾਂਗ ਵਲੇਵੇਂ ਖਾਂਦਾ ਦੂਰ ਤੱਕ ਚਲਦਾ ਰਹਿੰਦਾ ਤੇ ਅੱਗੇ ਜਾ ਕੇ ਤ੍ਰਿਹਾਈ ਧਰਤੀ ਦੀ ਤ੍ਰੇਹ ਬੁਝਾਉਣ ਲਈ ਉਸਦੀ ਹਿੱਕ ਵਿਚ ਸਮਾ ਜਾਂਦਾ। ਦੋਵਾਂ ਨੇ ਪੈਰ

ਖੇਲ਼ ਵਿਚੋਂ, ਖਾਲ਼ ਵਿਚ ਡਿਗਦੇ ਪਾਣੀ ਥੱਲੇ ਕਰਕੇ ਧੋ ਲਏ ਅਤੇ ਦੋ-ਦੋ ਪਾਣੀ ਦੀਆਂ ਛਿੱਟਾਂ ਗਰਮੀ ਨਾਲ ਧੁਆਂਖੀਆਂ ਆਪਣੀਆਂ ਅੱਖਾਂ ਉਪਰ ਮਾਰ ਲਈਆਂ।

''ਯਾਰ ਭਗਵਾਨ ਅਜੇ ਅਗਲੇ ਖੇਤੋਂ ਈ ਨੀ ਮੁੜ ਕੇ ਆਇਆ।'' ਬਲੌਰ ਪਰਨੇ ਦੇ ਲੜ ਨਾਲ ਆਪਣਾ ਮੂੰਹ ਪੂੰਝਦਾ ਮੰਜੇ ਉਤੇ ਬੈਠ ਗਿਆ।

''ਆਉਂਦਾ ਹੋਊ ਇਥੇ ਕਿਤੇ।'' ਮਿੱਠੂ ਨੇ ਆਪਣੇ ਮੱਥੇ ਉਪਰ ਹੱਥ ਦੀ ਛਤਰੀ ਜਿਹੀ ਬਣਾ ਕੇ ਲੰਬੀ ਨਿਗ੍ਹਾ ਮਾਰੀ। ਭਗਵਾਨ ਅੱਠ ਨੌਂ ਕਿੱਲਿਆਂ ਦੀ ਵਾਹੀ 'ਤੇ ਤੁਰਿਆ ਆਉਂਦਾ ਸੀ, ''ਓਹ....ਓ....ਓ....ਆਉਂਦੈ।''

''ਕਿੱਥੇ ਓਏ, ਕਿੱਥੇ?'' ਬਲੌਰ ਬਾਂਦਰ ਵਾਂਗ ਟਪੂਸੀ ਮਾਰ ਕੇ ਮੰਜੇ ਤੋਂ ਖੜ੍ਹਾ ਹੋ ਗਿਆ।

''ਹੋ....ਓ....ਓ....ਦੇਖ, ਟਾਹਲੀ ਦੇ ਕੋਲ ਦੀ।'' ਉਸਨੇ ਬਲੌਰ ਦਾ ਮੋਢੇ ਕੋਲੋਂ ਕੁੜਤਾ ਫੜ ਕੇ ਆਪਣੇ ਵੱਲ ਖਿਚਦਿਆਂ, ਦੂਰ ਵੱਡੀ ਟਾਹਲੀ ਵੱਲ ਸਿੱਧੀ ਉਂਗਲ ਸੇਧ ਦਿੱਤੀ।

''ਆਏ ਹਾਏ! ਮੇਰੀ ਗੁਗਲੀ-ਮੁਗਲੀ, ਹੁਣ ਚੱਕੂ ਬਾਰ 'ਚੋਂ ਰੂੜੀ।'' ਬਲੌਰ ਨੇ ਆਪਣੀਆਂ ਲੰਬੀਆਂ ਬਾਹਾਂ ਮਿੱਠੂ ਦੇ ਮਧਰੇ ਸਰੀਰ ਦੁਆਲੇ ਵਲ਼ ਦਿੱਤੀਆਂ। ''ਹੋ ਤਾਇਆ ਟਿੰਗ-ਲਿੰਗ, ਹੋ ਤਾਇਆ ਟਿੰਗ-ਲਿੰਗ।'' ਉਹ ਇਕ ਲੱਤ ਉਪਰ ਕਰਕੇ ਦੇਸੀ ਭੰਗੜਾ ਪਾਉਣ ਲੱਗ ਪਿਆ।

ਇਨ੍ਹਾਂ ਦੋਵਾਂ ਦਾ ਆਪਸ ਵਿਚ ਬਹੁਤ ਪਿਆਰ ਸੀ। ਦੋਵੇਂ ਹੀ ਕਈ ਸਾਲਾਂ ਤੋਂ ਭਗਵਾਨ ਦੇ ਘਰਦਿਆਂ ਨਾਲ ਕਾਮਿਆਂ ਦੇ ਤੌਰ 'ਤੇ ਕੰਮ ਕਰਦੇ ਆ ਰਹੇ ਸਨ। ਬਲੌਰ ਗੋਰੇ ਰੰਗ ਦਾ ਪਤਲੇ-ਦੁਬਲੇ ਸਰੀਰ ਦਾ ਛਿਉਰਾਂ ਦਾ ਮੁੰਡਾ ਸੀ, ਜਿਸਦੇ ਵਿਆਹ ਨੂੰ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ। ਉਸਦੀ ਘਰਵਾਲੀ ਵੀ ਖ਼ੂਬਸੂਰਤੀ ਪੱਖੋਂ ਕਿਸੇ ਗੱਲੋਂ ਘੱਟ ਨਹੀਂ ਸੀ। ਦੋਵਾਂ ਦੀ ਜੋੜੀ 'ਸੋਨੇ ਦੀ ਮੁੰਦਰੀ 'ਚ ਹੀਰੇ ਦਾ ਨਗ' ਸੀ। ਮਿੱਠੂ ਚਾਰ ਬੱਚਿਆਂ ਦਾ ਪਿਉ, ਮਧਰੇ ਗੁੰਦਵੇਂ ਸਰੀਰ ਦਾ ਪੱਕੀ ਉਮਰ ਦਾ ਆਦਮੀ ਸੀ। ਸੀਰੀ ਹੋਣ ਦੀ ਹੈਸੀਅਤ ਵਿਚ ਫਸਲ ਚੰਗੀ ਆ ਜਾਂਦੀ। ਸਾਰੇ ਪਰਿਵਾਰ ਦੀ ਆਈ-ਚਲਾਈ ਚਲਦੀ ਰਹਿੰਦੀ ਸੀ। ਹੁਣ ਮਿੱਠੂ ਨੇ ਆਪਣੇ ਭਰਾ ਨਾਲੋਂ ਅੱਡ ਹੋ ਕੇ ਨਵੀਂ ਪਿੰਡੀ ਵਿਚ ਖੁੱਲ੍ਹਾ-ਡੁੱਲ੍ਹਾ ਘਰ ਪਾ ਲਿਆ ਸੀ। ਇਹ ਦੋਵੇਂ ਕਾਮੇ ਭਗਵਾਨ ਦੇ ਪਰਿਵਾਰ ਵਿਚ ਪੂ੍ਰੀ ਤਰ੍ਹਾਂ ਘੁਲ਼-ਮਿਲ਼ ਗਏ ਸਨ। ਜਦ ਵੀ ਘਰ ਦਾ ਜਾਂ ਖੇਤੀਬਾੜੀ ਦਾ ਕੋਈ ਕੰਮ ਕਰਨਾ ਹੁੰਦਾ ਤਾਂ ਇਨ੍ਹਾਂ ਦੋਵਾਂ ਦੀ ਸਲਾਹ ਜ਼ਰੂਰ ਲਈ ਜਾਂਦੀ।

''ਆਜਾ....ਆਜਾ, ਬਥੇਰਾ ਟੈਮ ਹੋ ਗਿਆ ਤੈਨੂੰ 'ਡੀਕਦੇ ਨੂੰ।'' ਬਲੌਰ ਨੇ ਨੇੜੇ ਆਏ ਭਗਵਾਨ ਨੂੰ ਜ਼ਿਆਦਾ ਟਾਈਮ ਲਾ ਆਉਣ ਦਾ ਅਹਿਸਾਸ ਕਰਵਾਉਂਦਿਆਂ ਕਿਹਾ।

''ਓਏ ਬਥੇਰੀ ਮਿਲਜੂ ਤੈਨੂੰ, ਕਿਉਂ ਭੁੱਖੇ ਬਲਦ ਮਾਂਗੂ ਰੰਭੀ ਜਾਨੈਂ।'' ਉਹ ਖੇਲ਼ 'ਤੇ ਪਏ ਡੱਬੇ ਨਾਲ ਠੰਡਾ ਪਾਣੀ ਪੀਣ ਲੱਗ ਪਿਆ।

''ਹੋ ਤਾਇਆ ਟਿੰਗ-ਲਿੰਗ, ਹੋ ਤਾਇਆ ਟਿੰਗ-ਲਿੰਗ।'' ਬਲੌਰ ਨੇ 'ਬਥੇਰੀ ਮਿਲਜੂ' ਸੁਣ ਕੇ ਪਹਿਲਾਂ ਵਾਂਗ ਨੱਚਣਾ ਸ਼ੁਰੂ ਕਰ ਦਿੱਤਾ।

''ਦੇਖ-ਦੇਖ ਸਾਲਾ ਕਿਮੇਂ ਲੰਗੜੀ ਹਿਜੜੀ ਮਾਂਗੂ ਨਚਦੈ।'' ਮਿੱਠੂ ਵੀ ਕਹਿਣੋਂ ਨਾ ਰਹਿ ਸਕਿਆ।

''ਚਲੋ ਮਿੱਠੂ ਪਹਿਲਾਂ ਕੱਖਾਂ ਨਾਲ ਦੇਖੀਏ ਦੋ ਹੱਥ, ਕਿਤੇ ਮੀਂਹ ਵੀ ਨਾ ਆਜੇ।'' ਭਗਵਾਨ ਨੇ ਉਪਰ ਝਾਤੀ ਮਾਰੀ, ਅੱਗ ਵਰ੍ਹਾਉਂਦਾ ਸੂਰਜ ਵੱਡੀ ਬੱਦਲੀ ਨੇ ਆਪਣੀ ਬੁੱਕਲ ਵਿਚ ਲੈ ਲਿਆ ਸੀ।

''ਚਲੋ-ਚਲੋ।'' ਬਲੌਰ ਕੋਠੇ ਵਿਚੋਂ ਦਾਤਰੀ ਚੁੱਕ ਕੇ ਬਾਹਰ ਆ ਗਿਆ। ਸਕੂਟਰ ਸਟਾਰਟ ਕਰਨ ਵਾਂਗੂ ਉਸਨੇ ਇਕ ਲੱਤ ਉਪਰ ਚੁੱਕ ਕੇ ਧਰਤੀ 'ਤੇ ਮਾਰੀ 'ਡਰਰ....ਰ....ਰ....' ਕਰਦਾ ਦਾਤਰੀ ਦੇ ਸਟੇਰਿੰਗ ਨੂੰ ਫੜੀ ਸਭ ਤੋਂ ਪਹਿਲਾਂ ਮੱਕੀ ਦੇ ਵੱਢ ਵਿਚ ਜਾ ਪਹੁੰਚਿਆ। ਮਿੱਠੂ ਤੇ ਭਾਗੂ ਉਸਦੀਆਂ ਬੱਚਿਆਂ ਵਾਲੀਆਂ ਹਰਕਤਾਂ ਉਪਰ ਹੱਸ ਪਏ।

ਥੋੜ੍ਹੇ ਸਮੇਂ ਵਿਚ ਹੀ ਤਿੰਨਾਂ ਨੇ ਹਰਾ ਵੱਢ-ਟੁੱਕ ਕੇ ਰੇਹੜਾ ਲੱਦ ਲਿਆ।

''ਬਲੌਰ ਤੂੰ ਚੋਏ ਦੀ ਪਟੜੀ ਰੇਹੜਾ ਲੈ ਕੇ ਆ, ਅਸੀਂ ਡੰਡੀ-ਡੰਡੀ ਜਾਨੇ ਆਂ।'' ਭਗਵਾਨ ਨੇ ਰੇਹੜਾ ਬਲੌਰ ਨੂੰ ਜੁੜਾ ਦਿੱਤਾ ਤੇ ਆਪ ਦੋਵੇਂ ਪਿੰਡ ਨੂੰ ਜਾਂਦੀ ਸਿੱਧੀ ਡੰਡੀ ਪੈ ਗਏ।

''ਭਾਗੂ! ਹੋਰ ਕੋਈ ਜਿੱਤੇ ਨਾ ਜਿੱਤੇ ਤੇਰਾ ਬਾਪੂ ਤਾਂ ਮੈਂਬਰੀ ਲੈ ਈ ਜਾਊ।'' ਮਿੱਠੂ ਨੇ ਸਿਰ 'ਤੇ ਆਈਆਂ ਵੋਟਾਂ ਬਾਰੇ ਗੱਲ ਤੋਰ ਲਈ।

''ਅਸਲ ਤਾਂ ਬਾਈ ਵੋਟਾਂ ਆਲੇ ਦਿਨ ਈ ਪਤਾ ਲੱਗੂ ਕਿਹੜਾ ਬਾਜ਼ੀ ਮਾਰਦੈ।'' ਚਾਹੇ ਭਗਵਾਨ ਨੂੰ ਆਪਣੇ ਪਿਤਾ ਦੀ ਚੰਗੀ ਸਥਿਤੀ ਬਾਰੇ ਪਤਾ ਸੀ ਪਰ ਉਸਨੇ ਭਵਿੱਖਬਾਣੀ ਕਰਨੀ ਚੰਗੀ ਨਾ ਸਮਝੀ।

''ਹਾਂ ਬਾਈ ਅਸਲ 'ਚ ਤਾਂ ਵੋਟਾਂ ਆਲੇ ਦਿਨ ਈ ਪਤਾ ਲੱਗੂ।'' ਮਿੱਠੂ ਨੇ ਆਪਣੇ ਮਾਲਕ ਨਾਲ ਸਹਿਮਤੀ ਦੇ ਦਿੱਤੀ। ''ਬਾਈ ਤੂੰ ਮੰਨੇ ਨਾ ਮੰਨੇ, ਗੁਰਦੀਪ ਦਾ ਤਾਂ ਮੈਨੂੰ ਸਰਪੰਚੀ 'ਚ ਕੰਮ ਡਾਵਾਂ-ਡੋਲ ਈ ਲਗਦੈ।'' ਨਾਲ ਹੀ ਉਸਨੇ ਗੁਰਦੀਪ ਦੀ ਕਮਜ਼ੋਰ ਸਥਿਤੀ ਬਾਰੇ ਜ਼ਿਕਰ ਕਰ ਦਿੱਤਾ।

''ਤਾਂਹੀਂ ਤਾਂ ਮੇਰੇ ਬਾਪੂ ਨੂੰ ਮੈਂਬਰੀ 'ਚ ਖੜ੍ਹਾ ਕਰਿਐ, ਵੀ ਜੇ ਹਾਰ ਗਿਆ ਤਾਂ ਆਪਣੀ ਪਾਰਟੀ ਦਾ ਇਕ ਆਦਮੀ ਤਾਂ ਪੰਚਾਇਤ 'ਚ ਰਹਿ ਜੂ।'' ਭਗਵਾਨ ਨੇ ਆਪਣੇ ਪਿਤਾ ਨੂੰ ਮੈਂਬਰੀ ਵਿਚ ਖੜ੍ਹੇ ਕਰਨ ਦਾ ਮਕਸਦ ਮਿੱਠੂ ਨੂੰ ਦੱਸ ਦਿੱਤਾ।

''ਅੱਛਿਆ...।'' ਮਿੱਠੂ ਇਸ ਤਰ੍ਹਾਂ ਹੈਰਾਨ ਹੋ ਗਿਆ, ਜਿਵੇਂ ਬਹੁਤ ਵੱਡੇ ਭੇਦ ਤੋਂ ਜਾਣੂ ਹੋ ਗਿਆ ਹੋਵੇ, ''ਤਾਂਹੀ ਕਰਿਐ ਮੇਰੇ ਚਾਚੇ ਚੰਨਣ ਨੂੰ ਖੜ੍ਹਾ!''

''ਯਰ ਮਿੱਠੂਆ ਮੈਨੂੰ ਤਾਂ ਗੁਰਦੀਪ ਨੇ ਬੁਲਾਇਆ ਤੀ, ਕੰਮ ਧੰਦੇ 'ਚ ਯਾਦ ਈ ਨੀ ਰਿਹਾ, ਕਹੂ ਪਤੰਦਰ ਆਇਆ ਈ ਨੀ।'' ਭਗਵਾਨ ਨੂੰ ਗੁਰਦੀਪ ਦਾ ਭੇਜਿਆ ਬੁਲਾਵਾ ਚੇਤੇ ਆ ਗਿਆ।

''ਹਾਂ ਬਾਈ ਜਦੋਂ ਮੂੰਹ ਮੁਲਾਹਜ਼ਾ ਐ ਜਾਣਾ ਤਾਂ ਪਊਗਾ ਈ।'' ਮਿੱਠੂ ਮੁੜ੍ਹਕੇ ਨਾਲ ਭਿੱਜੀ ਹਿੱਕ ਨੂੰ ਗਲਾਵਾਂ ਖੋਲ੍ਹ ਕੇ ਫੂਕਾਂ ਮਾਰ-ਮਾਰ ਠੰਡੀ ਕਰਨ ਲੱਗ ਪਿਆ।

ਦੋਵੇਂ ਗੱਲਾਂ ਕਰਦੇ ਪਿੰਡ ਆ ਵੜੇ। ਸੂਰਜ ਬੱਦਲੀ ਦਾ ਘੁੰਡ ਹਟਾ ਕੇ ਦੁਬਾਰਾ ਚਮਕ ਉਠਿਆ। ਉਸਦੀਆਂ ਅੱਗ ਵਰ੍ਹਾਉਂਦੀਆਂ ਕਿਰਨਾਂ ਪਹਿਲਾਂ ਨਾਲੋਂ ਕਾਫ਼ੀ ਮੱਧਮ ਪੈ ਗਈਆਂ ਸਨ। ਸਿਰ ਉਪਰੋਂ ਉਡੀਆਂ ਜਾਂਦੀਆਂ ਕਾਵਾਂ ਦੀਆਂ ਡਾਰਾਂ ਨੇ ਦੱਖਣ ਵੱਲ ਆਪਣੇ ਆਲ੍ਹਣਿਆਂ ਨੂੰ ਵਹੀਰਾਂ ਘੱਤ ਦਿੱਤੀਆਂ ਸਨ। ਘਰ ਆ ਕੇ ਭਗਵਾਨ ਨੇ ਦੋਵਾਂ ਨੂੰ ਇਕ-ਇਕ ਲਾਲ ਪਰੀ ਫੜਾ ਦਿੱਤੀ।

''ਬਲੌਰ! ਮਿੱਠੂ ਦਾ ਤਾਂ ਮੈਨੂੰ ਪਤੈ, ਜੇ ਤੈਂ ਘਰੇ ਜਾ ਕੇ ਕਰਤੂਤ ਖਿੰਡਾਈ ਤਾਂ ਜਾਣਦੈਂ।'' ਭਗਵਾਨ ਨੇ ਬਲੌਰ ਨੂੰ ਬੋਤਲ ਫੜਾਉਂਦਿਆਂ ਖਿੱਚਿਆ।

''ਮਖਿਆਂ ਬਾਈ ਪ੍ਰਵਾਹ ਨਾ ਕਰ ਫੱਟੇ ਚੱਕਦੂੰ! ਹੋ ਤਾਇਆ ਟਿੰਗ-ਲਿੰਗ, ਹੋ ਤਾਇਆ ਟਿੰਗ-ਲਿੰਗ....।' ਬਲੌਰ ਨੇ ਬੋਤਲ ਫੜ ਕੇ ਡੱਬ ਵਿਚ ਟੰਗ ਲਈ 'ਤੇ ਦੋਵੇਂ ਹੱਥਾਂ ਦੀ ਇਕ-ਇਕ ਉਂਗਲ ਨੂੰ ਹਵਾ ਵਿਚ ਨਚਾਇਆ।

''ਤੈਨੂੰ ਫੱਟੇ ਚੱਕਣ ਨੂੰ ਨੀ ਕਿਹਾ, ਜੇ ਪੀ ਕੇ ਇਨਨ-ਮਿਨਨ ਕਰੀ ਤਾਂ ਸੋਚ ਲੀਂ ਆਪਣੇ ਆਪ ਨੂੰ।'' ਭਗਵਾਨ ਨਹੀਂ ਚਾਹੁੰਦਾ ਸੀ ਕਿ ਬਲੌਰ ਦੇ ਘਰ ਲੜਾਈ ਕਰਨ ਤੇ ਉਸ ਉਤੇ ਪਿਲਾਉਣ ਦਾ ਦੋਸ਼ ਲੱਗੇ।

''ਮੈਂ ਕਿਹਾ ਤੂੰ ਪ੍ਰਵਾਹ ਨਾ ਮੰਨ ਬਾਈ।'' ਬਲੌਰ ਬੋਤਲ ਲੈ ਕੇ ਪੱਤਰੇ ਵਾਚ ਗਿਆ।

''ਓ ਭਾਗੂ ਤੈਨੂੰ ਗੁਰਦੀਪ ਸਰਪੰਚ ਨੇ ਬੁਲਾਇਆ ਤੀ।'' ਬਾਹਰੋਂ ਕਿਸੇ ਆਦਮੀ ਨੇ ਆਵਾਜ਼ ਮਾਰੀ।

''ਚੱਲ ਮੈਂ ਵੀ ਓਧਰੇ ਆਉਣ ਲੱਗਿਆ ਤੀ।'' ਭਗਵਾਨ ਉਸ ਆਦਮੀ ਨਾਲ ਤੁਰ ਪਿਆ।

ਸਰਪੰਚ ਦੇ ਖੁੱਲ੍ਹੇ ਵਿਹੜੇ ਵਿਚ ਟਾਵਾਂ-ਟਾਵਾਂ ਸ਼ਰਾਬ ਦਾ ਪ੍ਰੇਮੀ ਆਉਣ ਲੱਗ ਪਿਆ ਸੀ। ਸ਼ਰਾਬ ਦੇ ਚੋਟੀ ਦੇ ਪਿਆਕੜ ਮੱਖੀਆਂ ਵਾਂਗ ਹਮੇਸ਼ਾ ਉਸਦੇ ਅੱਗੇ-ਪਿੱਛੇ ਰਹਿੰਦੇ। ਉਨ੍ਹਾਂ ਨੇ ਵੋਟਾਂ ਤੱਕ ਘਰ ਦਾ ਖ਼ਿਆਲ ਬਿਲਕੁਲ ਹੀ ਤਿਆਗ ਦਿੱਤਾ ਸੀ। ਚਾਹੇ ਪਹਿਲਾਂ ਵੀ ਉਹ ਆਪਣੇ ਘਰ ਦਾ ਕੰਮ ਬਹੁਤਾ ਨਹੀਂ ਸੀ ਕਰਦੇ ਪਰ ਹੁਣ ਤਾਂ ਆਪਣੇ-ਆਪ ਨੂੰ ਸਰਪੰਚ ਦੇ ਪ੍ਰਾਹੁਣੇ ਹੀ ਸਮਝਦੇ ਸਨ। ਚੰਗਾ ਖਾ-ਪੀ ਲੈਂਦੇ ਫੇਰ ਆਪਣੀ-ਆਪਣੀ ਆਦਤ ਅਨੁਸਾਰ ਖਿੰਡਾਉਣੀ ਸ਼ੁਰੂ ਕਰ ਦਿੰਦੇ। ਟੇਕ ਨੇ ਸ਼ਰਾਬ ਵਿਚ ਧੁੱਤ ਹੋ ਕੇ ਵਿਰੋਧੀ ਪਾਰਟੀ ਨੂੰ ਗੰਦੀਆਂ ਗਾਲਾਂ ਦੀ ਝੜੀ ਲਾ ਦਿੱਤੀ ਤੇ ਟੱਲੀ 'ਰਾਮ ਪਿਆਰੀ' ਨੂੰ ਪੀ ਕੇ 'ਟੱਲੀ' ਹੋ ਜਾਂਦਾ ਤੇ ਫਿਰ ਟੁੱਟੀ ਫੁੱਟੀ ਇੰਗਲਿਸ਼ ਬੋਲਣ ਲੱਗ ਪੈਂਦਾ, ਜਿਸਦਾ ਕੋਈ ਅਰਥ ਨਹੀਂ ਸੀ ਨਿਕਲਦਾ, ਜਿਹੜਾ ਵੀ ਸ਼ਬਦ ਅੱਗੇ ਆਇਆ ਓਹੀ ਬੋਲ ਦਿੱਤਾ। ਆਪਣੀ ਇਸ ਵਿਲੱਖਣ ਬੋਲੀ ਨੂੰ ਉਹ ਆਪ ਵੀ ਨਹੀਂ ਸਮਝ ਸਕਦਾ ਸੀ। ਸ਼ਰਾਬੀ ਹੋਏ ਟੱਲੀ ਦਾ ਵਿਚਾਰ ਸੀ, 'ਇੰਗਲਿਸ਼ ਬੋਲਣੀ ਐ, ਚਾਹੇ ਜਿਵੇਂ ਮਰਜ਼ੀ ਹੋਈ।'

ਸਰਪੰਚ ਅਤੇ ਕਾਨੂੰਨ ਦੇ ਰਖਵਾਲੇ ਪੁਲਸੀਏ ਅੰਦਰ ਖੁੱਲ੍ਹੇ ਕਮਰੇ ਵਿਚ ਸੋਫਿਆਂ ਉਪਰ ਬੈਠੇ ਸ਼ਰਾਬ ਪੀ ਰਹੇ ਸਨ। ਘਰ ਦੀ ਕੱਢੀ ਸ਼ਰਾਬ ਦੀ ਬੋਤਲ ਸਾਰਿਆਂ ਵਿਚਕਾਰ ਮੁਜਰੇ ਵਾਲੀ ਵਾਂਗ ਘੁੰਮ ਰਹੀ ਸੀ। ਕਮਰੇ ਅੰਦਰ ਵੜਦਿਆਂ ਇਕ ਵਾਰ ਤਾਂ ਸ਼ਰਾਬ ਅਤੇ ਮੀਟ ਦੀ ਤੇਜ ਖ਼ੁਸ਼ਬੂ ਭਗਵਾਨ ਦੇ ਨੱਕ ਨੂੰ ਚੜ੍ਹਦਿਆਂ ਜਲੂਨ ਛੇੜ ਗਈ। ਉਹ ਨੱਕ ਨੂੰ ਮਲ਼ਦਾ ਅੰਦਰ ਸੋਫਿਆਂ ਕੋਲ ਜਾ ਖੜ੍ਹਿਆ।

''ਤੂੰ ਯਾਰ ਚੰਗਾ ਆਇਆ!'' ਸਰਪੰਚ ਨੇ ਨਸ਼ੇ 'ਚ ਲਾਲ ਹੋਈਆਂ ਅੱਖਾਂ ਭਗਵਾਨ ਦੇ ਚਿਹਰੇ 'ਤੇ ਗੱਡ ਦਿੱਤੀਆਂ।

''ਮੈਂ ਹੁਣ ਤੇਰੇ ਵੱਲ ਈ ਆਉਂਦਾ ਤੀ, ਐਨੇ ਇਹ ਚਲਾ ਗਿਆ।'' ਭਗਵਾਨ ਨੇ ਉਸਨੂੰ ਸੱਦ ਕੇ ਲਿਆਉਣ ਵਾਲੇ ਆਦਮੀ ਵੱਲ ਹੱਥ ਕਰ ਦਿੱਤਾ।

''ਅਜੇ ਸਾਰੀਆਂ ਵੋਟ ਪਰਚੀਆਂ ਬਣਾ ਕੇ ਵੰਡਣ ਆਲੀਆਂ ਪਈਆਂ ਨੇ, ਬਾਈ ਬਣ ਕੇ ਛੇਤੀ ਬਣਾ ਦੋ।'' ਸਰਪੰਚ ਨੇ ਬੋਟੀ ਚੁੱਕ ਕੇ ਜਾੜ੍ਹ ਥੱਲੇ ਲੈ ਲਈ।

''ਬੱਸ ਤੂੰ ਬਣੀਆਂ ਲਈਂ।'' ਭਗਵਾਨ ਇਕ ਪਾਸੇ ਬੈਠੇ ਰਾਜੇ ਹੋਰਾਂ ਨਾਲ ਵੋਟ ਪਰਚੀਆਂ ਬਣਾਉਣ ਲੱਗ ਪਿਆ।

''ਸਰਪੰਚ ਤੂੰ ਸੋਚ ਨਾ ਕਰ, ਸਭ ਬਣਜੂਗਾ।'' ਥਾਣੇਦਾਰ ਨੇ ਘਰ ਦੀ ਕੱਢੀ ਸ਼ਰਾਬ ਦਾ ਗਿਲਾਸ ਕੰਨੀਂ ਲਾ ਕੇ ਟਰਾਲੀ ਦੇ ਭੂੰਗ ਵਰਗੇ ਢਿੱਡ ਵਿਚ ਸੁੱਟ ਲਿਆ।

''ਐਂ ਤਾਂ ਖ਼ੈਰ ਇਹ ਸ਼ੇਰ ਬੱਗੇ ਆਪੇ ਸੰਭਾਲ ਲੈਣਗੇ।'' ਸਰਪੰਚ ਕਲੱਬ ਦੇ ਮੁੰਡਿਆਂ ਉਪਰ ਮਾਣ ਕਰ ਗਿਆ।

''ਸਾਅਬ ਜੀ!'' ਕੋਲ ਖੜ੍ਹੇ ਸਿਪਾਹੀ ਦੀਆਂ ਖਤਮ ਬੋਤਲ ਵੇਖ ਲਾਲ਼ਾਂ ਡਿੱਗ ਪਈਆਂ।

''ਲਓ....ਲਓ, ਆਪਣੇ ਕੋਲ ਕਿਹੜਾ ਕੋਈ ਘਾਟੈ।'' ਸਰਪੰਚ ਨੇ ਬੋਤਲ ਚੁੱਕ ਕੇ ਸਿਪਾਹੀ ਨੂੰ ਫੜਾ ਦਿੱਤੀ।

''ਹੀਂ....ਹੀਂ....ਹੀਂ....ਘਾਟਾ ਤਾਂ ਕਾਹਦੈ ਜੀ।'' ਸਿਪਾਹੀ ਮੀਸਣੀ ਹਾਸੀ ਹਸਦਾ ਬੋਤਲ ਵਿਚ ਬਚੀ-ਖੁਚੀ ਸਾਰੀ ਉਲਟਾ ਗਿਆ। ਮੇਜ ਉਤੇ ਖਾਲੀ ਬੋਤਲ ਤੇ ਗਿਲਾਸ ਰੱਖ ਕੇ ਆਪਣੀਆਂ ਖੁਸ਼ਕ ਮੁੱਛਾਂ ਦੇ ਸਖ਼ਤ ਵਾਲਾਂ ਉਪਰ ਹੱਥ ਫੇਰ ਲਿਆ।

''ਟੱਲੀ....ਓਹ ਟੱਲੀ।'' ਸਰਪੰਚ ਖਾਲੀ ਬੋਲ ਵੇਖ ਕੇ ਅਮਰੀਕੀ ਬਲ਼ਦ ਵਾਂਗੂੰ ਰੰਭਣ ਲੱਗ ਪਿਆ।

''ਕੀ ਐ ਸ....ਸਰਪੰਚ ਸਾ....ਅ....ਬ....।'' ਟੱਲੀ ਲੜਖੜਾਉਂਦਾ ਬਾਰ ਵਿਚ ਆ ਖੜ੍ਹਿਆ।

''ਐਂ ਕਰ ਢੋਲੀ 'ਚੋਂ ਇਕ ਹੋਰ ਭਰ ਲਿਆ।'' ਸਰਪੰਚ ਨੇ ਖਾਲੀ ਬੋਤਲ ਟੱਲੀ ਨੂੰ ਫੜਾ ਦਿੱਤੀ।

''ਨ....ਨਾ....ਓ....ਪਰਾਬਲਮ, ਦ....ਦਿ....ਦਿਸ....ਇਜ....ਪ....ਪਲੇਨ ਓਫ ਦਾ ਗ....ਗ....ਗਰਾ....ਊਂਡ....ਇਨ ਦਾ....ਮੋ....ਮੋਰਨਿੰਗ....ਵਾ....ਅ....ਕ।'' ਟੱਲੀ ਦੀ ਟੁੱਟੀ ਫੁੱਟੀ ਅੰਗਰੇਜ਼ੀ ਉਤੇ ਸਾਰੇ ਹੱਸ ਪਏ।

''ਤੂੰ ਲੈ ਆ ਯਾਰ ਜੇ ਲਿਆਵੇਂਗਾ ਘੁੱਟ।'' ਥਾਣੇਦਾਰ ਆਪਣਾ ਠੰਡਾ ਜਿਹਾ ਰੋਅਬ ਪਾ ਗਿਆ। ਉਸਦੇ ਮੋਢਿਆਂ 'ਤੇ ਲੱਗੇ ਸਟਾਰ ਟੱਲੀ ਵੱਲ ਅੱਖਾਂ ਕੱਢ-ਕੱਢ ਘੂਰ ਰਹੇ ਸਨ।

''ਨੋ....ਦਿਆ....ਦਿਅਰ....ਇ....ਇਜ ਵੈ....ਵੈਰੀ....।'' ਟੱਲੀ ਬੋਲਦਾ ਹੋਇਆ ਕਮਰੇ 'ਚੋਂ ਬਾਹਰ ਹੋ ਗਿਆ।

''ਸਰਪੰਚ ਬੰਦੇ ਬੜੇ ਘੈਂਅਟ ਰੱਖਿਐ।'' ਥਾਣੇਦਾਰ ਨੇ ਬੋਟੀ ਚੂਸ ਕੇ ਟਰੇਅ ਵਿਚ ਰੱਖ ਦਿੱਤੀ ਤੇ ਮਸਾਲੇ ਨਾਲ ਲਿੱਬੜੀਆਂ ਉਂਗਲਾਂ ਦਰਵਾਜ਼ੇ ਵਰਗੇ ਮੂੰਹ ਵਿਚ ਦੇ ਕੇ ਚੱਟ ਲਈਆਂ।''

''ਬੰਦੇ ਤਾਂ ਜੀ ਸਾਰੇ ਕੰਮ ਆਲੇ ਐ।'' ਸਰਪੰਚ ਟੇਢੀ ਅੱਖ ਨਾਲ ਮੁੰਡਿਆਂ ਵੱਲ ਵੇਖ ਗਿਆ। ਆਪਣੀ ਤਾਰੀਫ਼ ਹੁੰਦੀ ਵੇਖ ਕੇ ਮੁੰਡਿਆਂ ਦੇ ਹੱਥਾਂ ਨੇ ਹੋਰ ਤੇਜੀ ਫੜ ਲਈ।

''ਸਰਪੰਚ ਬਦਾਣੇ ਦਾ ਪ੍ਰੋਗਰਾਮ ਕਹਿੰਦਾ ਸੀ ਕਰਨ ਨੂੰ।'' ਥਾਣੇਦਾਰ ਦੇ ਬਦਾਣੇ ਬਾਰੇ ਜ਼ਿਕਰ ਕਰਨ 'ਤੇ ਵੈਸ਼ਨੂੰ ਮੁੰਡਿਆਂ ਨੇ ਕੰਨ ਚੁੱਕ ਲਏ।

''ਹਾਂ....ਹਾਂ....ਅੱਜ ਰਾਤ ਨੂੰ ਤਿਆਰ ਕਰਾਂਗੇ, ਤੜਕੇ ਵੰਡਿਆ ਜਾਊ।'' ਸਰਪੰਚ ਤਸੱਲੀ ਦੇ ਗਿਆ।

''ਦਿਸ ਇਜ ਵੈ....ਵੈਰੀ....ਮ....ਮੱਚ।'' ਟੱਲੀ ਨੇ ਰੂੜੀ ਮਾਰਕਾ ਮੇਜ ਉਪਰ ਲਿਅ ਰੱਖੀ। ਥਾਣੇਦਾਰ ਨਾਲ ਆਏ ਦੋਵੇਂ ਸਿਪਾਹੀ ਬੋਤਲ ਵੱਲ ਭੁੱਖਿਆਂ ਵਾਂਗ ਵੇਖਣ ਲੱਗ ਪਏ।

''ਲਓ ਥਾਣੇਦਾਰ ਸਾਅਬ ਲਾਓ ਫੇਰ।'' ਸਰਪੰਚ ਨੇ ਬੋਤਲ ਤੇ ਗਿਲਾਸ ਥਾਣੇਦਾਰ ਵੱਲ ਰਿਸਕਾ ਦਿੱਤਾ।

''ਵੈਸੇ ਤਾਂ ਸਰਪੰਚ ਪਹਿਲਾਂ ਤੁਹਾਡਾ ਹੱਕ ਸੀ ਚੱਕੀ ਦੇ ਗੇੜ ਵਾਂਗੂੰ।'' ਥਾਣੇਦਾਰ ਨੇ ਚੱਕੀ ਦੇ ਹੱਥੜੇ ਵਾਂਗ ਉਂਗਲ ਘੁਮਾਈ।

''ਜੇ ਤੁਸੀਂ ਕਹਿ ਈ ਦਿੱਤਾ ਤਾਂ....।'' ਫਿਰ ਉਹ ਕੰਨੀ ਲੱਗੇ ਗਿਲਾਸ ਨੂੰ ਡੀਕ ਲਾ ਕੇ ਪੀ ਗਿਆ।

''ਇਹਦੀ ਮਾਂ ਦੀ, ਕਿਹੜੈ ਮੁਖਤਿਆਰ-ਸਖਤਿਆਰ।'' ਬਾਹਰ ਟੇਕ ਦੀ ਪੀਤੀ ਹੋਈ ਰੰਗ ਦਿਖਾਉਣ ਲੱਗ ਪਈ।

''ਚੜ੍ਹਗੀ ਟੇਕ ਦੀ ਤਾਂ ਸੂਈ ਲਾਲ ਤੇ।'' ਸਰਪੰਚ ਆਪਣੇ ਵਿਰੋਧੀ ਨੂੰ ਦਿੱਤੀ ਗਾਲ ਸੁਣ ਕੇ ਹੱਸ ਪਿਆ।

''ਚੰਗਾ ਸਰਪੰਚ ਅਸੀਂ ਚਲਦੇ ਆਂ।'' ਮੁੰਡੇ ਕੰਮ ਨਿਬੇੜ ਕੇ ਵਿਹਲੇ ਹੋ ਗਏ।

''ਚੰਗਾ ਫੇਰ ਤੜਕੇ ਮਾੜਾ ਜਾ ਪਰਾਲੇ ਨਾਲ ਆ ਜਾਇਓ, ਬਦਾਣਾ ਆਪਾਂ ਨੇ ਈ ਵੰਡਣੈ।'' ਸਰਪੰਚ ਨੇ ਇਜਾਜ਼ਤ ਦੇਣ ਦੇ ਨਾਲ ਇਕ ਹੁਕਮ ਹੋਰ ਚਾੜ੍ਹ ਦਿੱਤਾ।

''ਜਦੋਂ ਕਹੇਂਗਾ, ਉਦੋਂ।'' ਮੁੰਡੇ ਸਰਪੰਚ ਨੂੰ ਤਸੱਲੀ ਦੇ ਗਏ।

''ਮੈਨੂੰ ਟੱਕਰ ਆ ਕੇ, ਭਾਲ਼ਦੈ ਸਰਪੰਚੀ, ਸਰ....ਸਰਪੰਚੀ ਤਾਂ ਅ....ਅਸੀਂ ਲੈਣੀ ਐ....ਹਿ....ਹਿੱਕ ਦੇ ਜੋ....ਜ਼ੋਰ ਨਾਲ। ਇਹਦੀ ਮਾਂ ਦੀ।'' ਟੇਕ ਦਾ ਇੰਜਣ ਗਰਮੀ ਫੜ ਗਿਆ।

ਹਨ੍ਹੇਰਾ ਹੋਣ ਤੱਕ ਸਰਪੰਚ ਦਾ ਵਿਹੜਾ ਸ਼ਰਾਬ ਦੇ ਪਿਆਕੜਾਂ ਨਾਲ ਵਿਆਹ ਵਾਲੇ ਘਰ ਵਾਂਗ ਭਰ ਗਿਆ। ਸਾਰੇ ਵਿਹੜੇ ਵਿਚ ਕੀੜਿਆਂ ਦੇ ਭੌਣ ਵਾਂਗ ਕੁਰਬਲ-ਕੁਰਬਲ ਹੋਣ ਲੱਗ ਪਈ। ਕੁਝ ਕੁ ਮੁਫ਼ਤ ਦੀ ਫਸੀ ਪੀ-ਪੀ ਕੇ ਬੇਸੁਰਤ ਹੋਏ ਪਏ ਸਨ। ਸਾਰੇ ਮੁੰਡੇ ਆਪਣੇ-ਆਪਣੇ ਘਰਾਂ ਨੂੰ ਤੁਰ ਗਏ। ਭਗਵਾਨ ਆਪਣੇ ਘਰ ਜਾਣ ਲਈ ਬਾਹਰਲੀ ਫਿਰਨੀ ਪੈ ਗਿਆ। ਅਸਮਾਨ ਵਿਚ ਟਾਵਾਂ-ਟਾਵਾਂ ਤਾਰਾ ਫੁੱਟ ਆਇਆ ਸੀ। ਚਾਨਣੀ ਰਲ਼ੇ ਹਨ੍ਹੇਰੇ ਨੇ ਗਲੀਆਂ ਭਰ ਰੱਖੀਆਂ ਸਨ। ਲੋਕ ਕੋਠਿਆਂ ਉਤੇ ਪਏ ਮੰਜਿਆਂ 'ਤੇ ਊਂਘ ਰਹੇ ਸਨ। ਕਿਸੇ-ਕਿਸੇ ਕੋਠੇ ਤੋਂ ਦਬੇ ਬੋਲ ਵਿਚ ਘੁਸਰ-ਮੁਸਰ ਸੁਣਦੀ ਸੀ। ਟੇਕ ਦੀਆਂ ਗੰਦੀਆਂ ਗਾਲਾਂ ਚਾਨਣੀ ਰਾਤ ਵਿਚ ਅਜੇ ਵੀ ਕਿੰਨੀ ਦੂਰ ਤੱਕ ਸੁਣਾਈ ਦੇ ਰਹੀਆਂ ਸਨ।

## 3.

ਗੁਰਦੀਪ ਸਰਪੰਚ ਪਿਛਲੇ ਦੋ ਦਿਨਾਂ ਵਿਚ ਹੀ ਮੁਖਤਿਆਰ ਉਪਰ ਦੀ ਪਾਣੀ ਵਾਂਗ ਫਿਰ ਗਿਆ। ਸ਼ਰਾਬ ਵੱਲੋਂ ਹੱਥ ਹੋਰ ਖੁੱਲ੍ਹਾ ਕਰ ਦਿੱਤਾ। ਬਦਾਣਾ ਪਕਾ ਕੇ ਪਿੰਡ ਵਿਚ ਫੇਰ ਦਿੱਤਾ। ਕਈ ਜਨਾਨੀਆਂ ਬਦਾਣੇ ਦੇ ਲਾਲਚ ਲੱਗ ਮੁਖਤਿਆਰ ਵੱਲੋਂ ਟੁੱਟ ਕੇ ਗੁਰਦੀਪ ਵੱਲ ਆ ਜੁੜੀਆਂ। ਉਹ ਇਕ ਦੂਜੀ ਦੇ ਕੰਨ ਵਿਚ ਚੋਂਦੀਆਂ, ''ਲੈ ਕੁੜੇ ਜੇ ਬੰਦਿਆਂ ਲਈ ਐਨੀ-ਐਨੀ ਮੈਂਗ੍ਹੀ ਦਾਰੂ ਪਿਆਉਂਦੇ ਨੇ ਤਾਂ ਸਾਡੇ ਲਈ ਵੀ ਕੁਛ ਚਾਹੀਦਾ ਤੀ, ਸਾਡੀਆਂ ਕਿਹੜਾ ਵੋਟਾਂ ਨੀ।''

''ਲੈ ਹੋਰ ਭੈਣੇ, ਆਹ ਤਾਂ ਗੁਰਦੀਪ ਨੇ ਵਧੀਆ ਕੀਤਾ।'' ਦੂਜੀ ਪਹਿਲੀ ਦੀ ਗੱਲ ਬੋਚਦਿਆਂ ਕਹਿੰਦੀ।

ਦੋਵੇਂ ਪਾਰਟੀਆਂ ਦੇ ਬੰਦੇ ਵੋਟਾਂ ਮੰਗਣ ਲਈ ਅੱਧੀ-ਅੱਧੀ ਰਾਤ ਤੱਕ ਛਿੱਤਰ ਘਸਾਉਂਦੇ ਗਲੀਆਂ ਵਿਚ ਫਿਰਦੇ ਰਹਿੰਦੇ। ਆਖ਼ਰ ਵੋਟਾਂ ਦਾ ਦਿਨ ਆ ਗਿਆ। ਜੋ ਸਥਿਤੀ ਵੋਟਾਂ ਤੋਂ ਪੰਜ-ਸੱਤ ਦਿਨ ਪਹਿਲਾਂ ਸੀ, ਉਹ ਹੁਣ ਪਿਛਲੇ ਦੋ ਦਿਨਾਂ ਵਿਚ ਹਵਾ ਦੇ ਬੁੱਲੇ ਵਾਂਗ ਇਕ ਪਾਸਿਓਂ ਆ ਕੇ ਦੂਜੇ ਪਾਸੇ ਚਲੀ ਗਈ। ਗੁਰਦੀਪ ਜੋ ਪਹਿਲਾਂ ਡਾਵਾਂਡੋਲ ਜਾਪਦਾ ਸੀ, ਹੁਣ ਮੁਖਤਿਆਰ ਦੇ ਬਰਾਬਰ ਆ ਡਟਿਆ। ਕਲੱਬ ਦੇ ਮੁੰਡਿਆਂ ਨੇ ਪੋਲਿੰਗ ਟੈਂਟ ਗੱਡ ਕੇ ਕੰਮ ਮੁਕੰਮਲ ਕਰ ਲਿਆ।

''ਆਹ ਲਓ ਭਾਗੂ ਵੋਟਰ ਸੂਚੀਆਂ।'' ਸਰਪੰਚ ਨੇ ਸਕੂਟਰ ਦੀ ਡੱਗੀ ਵਿਚੋਂ ਵੋਟਰ ਸੂਚੀਆਂ ਕੱਢ ਕੇ ਫੜਾ ਦਿੱਤੀਆਂ।

''ਦੇਖ ਸਰਪੰਚ ਟੈਂਟ ਠੀਕ ਐ।'' ਕਲੱਬ ਦੇ ਮੁੰਡੇ ਆਪਣੇ ਕੀਤੇ ਚੰਗੇ ਕੰਮ ਨੂੰ ਸਰਪੰਚ ਦੀ ਚੰਗੀ ਤਰ੍ਹਾਂ ਨਿਗ੍ਹਾ ਵਿਚ ਚਾੜ੍ਹਨਾ ਚਾਹੁੰਦੇ ਸਨ।

''ਹਾਂ....ਹਾਂ....ਬਹੁਤ ਵਧੀਆ, ਜੇ ਕਿਸੇ ਹੋਰ ਚੀਜ਼ ਦੀ ਲੋੜ ਐ ਤਾਂ ਦੱਸੋ।'' ਸਰਪੰਚ ਕਿਸੇ ਪੱਖੋਂ ਵੀ ਕੰਮ ਵਿਚ ਘਾਟ ਨਹੀਂ ਰਹਿਣ ਦੇਣੀ ਚਾਹੁੰਦਾ ਸੀ।

''ਚਾਹ ਜ਼ਰੂਰ ਭੇਜ ਦਿਆ ਕਰੀਂ ਕੰਡੇ ਜੇ ਆਲੀ।'' ਰਾਜਾ ਆਪਣੀ ਚਾਹ ਪੀਣ ਦੀ ਆਦਤ ਸਰਪੰਚ ਅੱਗੇ ਖੋਲ੍ਹ ਗਿਆ।

''ਓਹ ਮੈਂ ਕਹਿ ਤਾ ਟੱਲੀ ਨੂੰ, ਜਦੋਂ ਲੋੜ ਹੋਵੇ ਕਹਿ ਕੇ ਮੰਗਵਾ ਲਈਂ।'' ਸਰਪੰਚ ਸਭ ਕੰਮ ਚੰਗੇ ਆਗੂ ਵਾਂਗ ਸੰਭਾਲ ਰਿਹਾ ਸੀ।

''ਤੇਰੀ ਜਾਨ ਨੂੰ ਕੀ ਲੱਡੂਆਂ ਦਾ ਤੋੜਾ ਸਾਲੀਏ।'' ਗੁਣ-ਗੁਣਾਉਂਦੇ ਟੱਲੀ ਨੇ ਚਾਹ ਦੀ ਕੇਤਲੀ ਤਖ਼ਤ-ਪੋਸ਼ 'ਤੇ ਲਿਆ ਰੱਖੀ। ਅਖੇ ਮਾਂ ਜੰਮੀ ਨੀ ਪੁੱਤ ਕੋਠੇ 'ਤੇ ਕਹਾਵਤ ਵਾਂਗ ਟੱਲੀ ਕਹਿਣ ਤੋਂ ਪਹਿਲਾਂ ਹੀ ਬਣਾ ਲਿਆਇਆ।

'ਓਹ, ਵਾਹ ਉਏ ਟੱਲੀ ਸਿਆਂ।'' ਰਾਜੇ ਨੇ ਚਾਹ ਦੀ ਕੇਤਲੀ ਵੇਖ ਕੇ ਟੱਲੀ ਦੀ ਪਿੱਠ ਪਿੱਛੇ ਥਾਪੀ ਦੇ ਦਿੱਤੀ।

ਟੱਲੀ ਨੇ ਚਾਹ ਪਾ ਕੇ ਸਾਰਿਆਂ ਨੂੰ ਇਕ-ਇਕ ਗਿਲਾਸ ਫੜਾ ਦਿੱਤਾ। ਸਾਰੇ ਚਾਹ ਪੀ ਕੇ ਆਪਣੇ-ਆਪਣੇ ਕੰਮ ਵਿਚ ਰੁੱਝ ਗਏ। ਟੱਲੀ ਖਾਲੀ ਕੇਤਲੀ ਅਤੇ ਚਾਹ ਦੇ ਜੂਠੇ ਗਿਲਾਸ ਇਕੱਠੇ ਕਰਕੇ ਲੈ ਗਿਆ। ਹੌਲੀ-ਹੌਲੀ ਵੋਟਾਂ ਪੈਣੀਆਂ ਜੋਰ ਫੜਨ ਲੱਗੀਆਂ। ਪੋਲਿੰਗ 'ਤੇ ਤਿਲ਼ ਸੁੱਟਣ ਨੂੰ ਥਾਂ ਨਾ ਰਹੀ। ਵੋਟਾਂ ਪਾਉਣ ਵਾਲਿਆਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ। ਹਰੇਕ ਪਾਰਟੀ ਦੇ ਆਦਮੀ ਆਪਣੇ-ਆਪਣੇ ਉਮੀਦਵਾਰਾਂ ਦੇ ਨਿਸ਼ਾਨ ਲੈ ਕੇ ਹਰ ਅੱਗੇ ਕਰ ਦਿੰਦੇ। ਕਲੱਬ ਦੇ ਕੁਝ ਮੁੰਡੇ ਗੁਰਦੀਪ ਤੇ ਚੰਨਣ ਦੇ ਚੋਣ ਨਿਸ਼ਾਨ ਚੁੱਕੀ ਹਰ ਇਕ ਨੂੰ ਵਿਖਾ ਰਹੇ ਸਨ ਤੇ ਕੁਝ ਪੋਲਿੰਗ ਬੂਥ ਉਪਰ ਵੋਟ ਪਰਚੀਆਂ ਕੱਢਣ ਵਿਚ ਉਲਝੇ ਪਏ ਸਨ।

''ਭਾਗੂ! ਕਰਮੀ ਤੇ ਉਹ ਕੁੜੀ।'' ਰਾਜੇ ਨੇ ਪਰਚੀਆਂ ਕੱਟਦੇ ਭਗਵਾਨ ਦੇ ਕੰਨ ਵਿਚ ਆ ਕਿਹਾ।

''ਕਿੱਥੇ।'' ਭਗਵਾਨ ਦਾ ਚਿਹਰਾ ਫੁੱਲ ਵਾਂਗ ਖਿੜ ਗਿਆ। ਉਹ ਕੁਰਸੀ ਤੋਂ ਬਾਂਦਰ ਵਾਂਗ ਟਪੂਸੀ ਮਾਰ ਕੇ ਖੜ੍ਹਾ ਹੋ ਗਿਆ।

''ਓਹ....ਦੇਖ ਪਿੱਪਲ ਥੱਲੇ।'' ਰਾਜੇ ਨੇ ਵੱਡੇ ਪਿੱਪਲ ਵੱਲ ਇਸ਼ਾਰਾ ਕਰ ਦਿੱਤਾ।

ਦੋਵੇਂ ਬਾਵਾ ਰੰਗੇ ਸੂਟਾਂ ਵਿਚ ਸਜੀਆਂ ਪਿੱਪਲ ਥੱਲੇ ਖੜ੍ਹੀਆਂ ਅਸਮਾਨੋਂ ਉਤਰੀਆਂ ਪਰੀਆਂ ਜਾਪਦੀਆਂ ਸਨ। ਭਗਵਾਨ ਵੇਖ ਕੇ ਖੁਸ਼ੀ ਵਿਚ ਉਛਲ ਪਿਆ। ਭਗਵਾਨ ਕੀ, ਜਿਹੜਾ ਵੀ ਇਨ੍ਹਾਂ ਵੱਲ ਵੇਖਦਾ, ਸੱਪ ਵਾਂਗ ਕੀਲਿਆ ਜਾਂਦਾ। ਕਿੰਨੇ ਹੀ ਮੁੰਡਿਆਂ ਦੀਆਂ ਨਜ਼ਰਾਂ ਇਨ੍ਹਾਂ ਦੋਵਾਂ ਉਪਰ ਟਿਕੀਆਂ ਹੋਈਆਂ ਸਨ।

''ਕਿਉਂ ਕਰਮੀ ਕਿਮੇਂ ਆਉਣੇ ਹੋਏ?'' ਭਗਵਾਨ ਦੇ ਕੋਲ ਆਉਣ ਨਾਲ ਆਸੇ-ਪਾਸੇ ਖੜ੍ਹੇ ਮੁੰਡੇ ਪਾਸਾ ਵੱਟ ਗਏ।

''ਬੱਸ ਉਈਂ ਵੀਰ ਦੇ ਦਰਸ਼ਨਾਂ ਨੂੰ।''

''ਵੋਟਾਂ ਪਾ ਆਏ ਜਾਂ ਰਹਿੰਦੀਆਂ ਨੇ।'' ਭਾਗੂ ਨੇ ਨਾਲ ਖੜ੍ਹੀ ਕਿਰਨਾ ਨੂੰ ਨਾਲ ਜੋੜ ਲਿਆ।

''ਅਜੇ ਕਿੱਥੇ, ਗੁਰਜੀਤ ਵੀਰ ਵੋਟ ਪਰਚੀਆਂ ਲੱਭ ਕੇ ਲਿਆਉਂਦੈ, ਫੇਰ ਜਾਮਾਂਗੀਆਂ। ਭੀੜ 'ਚ ਕਿਹੜਾ ਲੱਭਦੀਆਂ ਨੇ ਛੇਤੀ।'' ਕਰਮੀ ਪੋਲਿੰਗ ਦੁਆਲੇ ਜੁੜੀ ਭੀੜ 'ਤੇ ਔਖੀ ਸੀ।

''ਵੋਟਾਂ ਪਾਓਂਗੀਆਂ ਕੀਹਨੂੰ।'' ਭਾਗੂ ਗੱਲਾਂ ਦੇ ਬਹਾਨੇ ਕਿਰਨਾ ਦੇ ਸੱਜਰੀ ਸਵੇਰ ਵਾਂਗ ਖਿੜੇ ਚਿਹਰੇ ਨੂੰ ਰੱਜ-ਰੱਜ ਵੇਖ ਰਿਹਾ ਸੀ।

''ਮੈਂ ਤਾਂ ਵੀਰ ਜੀ ਸਰਪੰਚੀ ਦੀ ਗੁਰਦੀਪ ਨੂੰ ਤੇ ਮੈਂਬਰੀ ਦੀ ਚਾਚੇ ਚੰਨਣ ਨੂੰ ਪਾਊਂਗੀ, ਬਾਕੀ ਤੂੰ ਇਹਨੂੰ ਪੁੱਛ ਲੈ।'' ਕਰਮੀ ਨੇ ਕੋਲ ਖੜ੍ਹੀ ਕਿਰਨਾ ਵੱਲ ਇਸ਼ਾਰਾ ਕਰ ਦਿੱਤਾ। ਉਹ ਦੋਵਾਂ ਨੂੰ ਇਕ-ਦੂਜੇ ਨਾਲ ਖੋਲ੍ਹ ਦੇਣਾ ਚਾਹੁੰਦੀ ਸੀ।

''ਆਪਾਂ ਨੂੰ ਕੀ ਪਤੈ ਭਾਈ ਕਿਸੇ ਦੇ ਦਿਲ ਦਾ, ਨਾ ਆਪਣੇ ਕਹੇ ਤੋਂ ਕਿਸੇ ਨੇ ਪਾਉਣੀ ਐਂ।'' ਭਗਵਾਨ ਨੇ ਕਿਰਨਾ ਦੇ ਸ਼ਰਬਤ ਵਰਗੇ ਮਿੱਠੇ ਬੋਲ ਸੁਣਨ ਲਈ ਚੋਟ ਮਾਰ ਦਿੱਤੀ।

''ਭਾਗੂ ਜੀ, ਜੇ ਹੁਣ ਤੁਹਾਡੇ ਨਾਲ ਤੁਰੇ ਫਿਰਦੇ ਆਂ, ਜਿੱਧਰ ਮਰਜੀ ਪਵਾ ਲਓ।'' ਕਿਰਨਾ ਨੇ ਕਹਿੰਦਿਆਂ ਨੀਵੀਂ ਪਾ ਲਈ। ਜਿਨ੍ਹਾਂ ਗੁਲਾਬੀ ਬੁੱਲ੍ਹਾਂ ਤੋਂ ਭਾਗੂ ਦੋ ਸ਼ਬਦ ਸੁਣਨ ਲਈ ਮੀਂਹ ਨੂੰ ਤਰਸਦੇ ਪਪੀਹੇ ਵਾਂਗ ਤੜਫ਼ ਰਿਹਾ ਸੀ, ਅੱਜ ਉਨ੍ਹਾਂ ਬੁੱਲ੍ਹਾਂ 'ਤੋਂ ਹੀ 'ਭਾਗੂ ਜੀ' ਤੇ 'ਤੁਹਾਡੇ ਨਾਲ' ਦੋ ਸ਼ਬਦ ਸੁਣ ਕੇ ਭਗਵਾਨ ਸੱਜਰੇ ਖਿੜੇ ਗੁਲਾਬ ਵਾਂਗ ਖਿੜ ਗਿਆ।

''ਲਓ ਥੋਡੀਆਂ ਵੋਟ ਪਰਚੀਆਂ।'' ਗੁਰਜੀਤ ਨੇ ਦੋਵਾਂ ਨੂੰ ਇਕ-ਇਕ ਵੋਟ ਪਰਚੀ ਲਿਆ ਫੜਾਈ।

ਪਰਚੀਆਂ ਲੈ ਕੇ ਦੋਵੇਂ ਵੋਟ ਪਾਉਣ ਚਲੀਆਂ ਗਈਆਂ। ਭਗਵਾਨ ਤੇ ਗੁਰਜੀਤ ਦੁਬਾਰਾ ਪਰਚੀਆਂ ਵੰਡਣ ਦੇ ਕੰਮ ਵਿਚ ਰੁੱਝ ਗਏ। ਸ਼ਾਮ ਹੋਣ ਤੱਕ ਕੰਮ ਰੈਲ਼ਾ ਹੋ ਗਿਆ। ਪਿੰਡ ਦੇ ਬੌਲ਼ੇ-ਕਮਲੇ ਜਿਸ ਪਾਰਟੀ ਨੂੰ ਫਸੇ ਉਨ੍ਹਾਂ ਆਪਣੇ ਵੱਲ ਵੋਟ ਪਵਾ ਲਈ। ਹੁਣ ਸਿਰਫ਼ ਉਹ ਵੋਟਾਂ ਹੀ ਭੁਗਤਣ ਵਾਲੀਆਂ ਰਹਿ ਗਈਆਂ, ਜੋ ਪਿੰਡ ਦੇ ਬਾਸ਼ਿੰਦੇ ਜਾਂ ਤਾਂ ਬਾਹਰ ਰਹਿੰਦੇ ਸਨ ਤੇ ਜਾਂ ਫਿਰ ਕਿਸੇ ਰਿਸ਼ਤੇਦਾਰੀ ਵਿਚ ਗਏ ਹੋਏ ਸਨ। ਦੋਵੇਂ ਪਾਰਟੀਆਂ ਨੇ ਆਪਣੀਆਂ-ਆਪਣੀਆਂ ਗੱਡੀਆਂ ਹੱਕੀਆਂ ਤੇ ਬਾਹਰ ਰਹਿੰਦੇ ਢੋਣੇ ਸ਼ੁਰੂ ਕਰ ਦਿੱਤੇ। ਸ਼ਾਮ ਦੇ ਪੰਜ ਵਜੇ ਤੱਕ ਵੋਟਾਂ ਜ਼ੋਰ-ਸ਼ੋਰ ਨਾਲ ਪੈਂਦੀਆਂ ਰਹੀਆਂ। ਦੋਵਾਂ ਪਾਰਟੀਆਂ ਨੇ ਆਪਣੇ ਵੱਲੋਂ ਕੋਈ ਕਸਰ ਨਾ ਰਹਿਣ ਦਿੱਤੀ। ਵੋਟਾਂ ਦੀ ਗਿਣਤੀ ਸਮੇਂ ਉਮੀਦਵਾਰਾਂ ਤੋਂ ਬਿਨਾਂ ਬਾਕੀ ਸਾਰੇ ਬਾਹਰ ਕੱਢ ਦਿੱਤੇ ਤਾਂ ਕਿ ਕੋਈ ਹੇਰਾ-ਫੇਰੀ ਨਾ ਕਰ ਸਕੇ ਕਿਉਂਕਿ ਪਿਛਲੀਆਂ ਵੋਟਾਂ ਸਮੇਂ ਦੂਸਰੀ ਪਾਰਟੀ ਬਾਅਦ ਵਿਚ ਜਾਅਲੀ ਵੋਟਾਂ ਭੁਗਤਾ ਗਈ ਸੀ ਪਰ ਗੁਰਦੀਪ ਫਿਰ ਵੀ ਚਾਰ ਵੋਟਾਂ ਦੇ ਫ਼ਰਕ ਨਾਲ ਜੇਤੂ ਰਿਹਾ ਸੀ। ਵੋਟਾਂ ਦੀ ਗਿਣਤੀ ਸ਼ੁਰੂ ਹੋ ਗਈ। ਪਹਿਲੇ ਦੋ ਬੂਥਾਂ ਵਿਚੋਂ ਮੁਖਤਿਆਰ ਦੀਆਂ ਵੀਹ ਵੋਟਾਂ ਵੱਧ ਨਿਕਲ ਆਈਆਂ। ਉਹ ਖ਼ੁਸ਼ੀ ਵਿਚ ਦੂਣਾ-ਚੌਣਾ ਹੋ ਗਿਆ।

''ਹੁਣ ਤਾਂ ਕਰਤਾਰ ਸਿਆਂ ਲੈ ਲਿਆ ਕੰਮ।'' ਮੁਖਤਿਆਰ ਨੇ ਚਿੱਟੀਆਂ ਮੁੱਛਾਂ ਉਤੇ ਹੱਥ ਫੇਰ ਦਿੱਤਾ।

''ਅਸਲ ਤਾਂ ਅਗਲੇ ਬੂਥ 'ਚ ਈ ਪਤਾ ਲੱਗੂ।'' ਕਰਤਾਰ ਦਾ ਅੰਦਰਲਾ ਮਨ ਛਲਕ ਗਿਆ।

ਗੁਰਦੀਪ ਦੇ ਮੂੰਹ ਦਾ ਰੰਗ ਉਡ ਗਿਆ ਕਿ ਇੰਨੀ ਮਿਹਨਤ ਕਰਨ ਦੇ ਬਾਵਜੂਦ ਮੁਖਤਿਅਰ ਕਿਉਂ ਮੂਹਰੇ ਜਾ ਰਿਹਾ ਹੈ। ਬਾਹਰ ਖੜ੍ਹੇ ਲੋਕਾਂ ਦੇ ਦਿਲ ਦੀ ਧੜਕਣ ਪਲ-ਪਲ ਵਧਦੀ ਜਾ ਰਹੀ ਸੀ। ਲੋਕ ਕੁੰਭ ਦੇ ਮੇਲੇ ਵਾਂਗ ਨਤੀਜੇ ਦੀ ਉਡੀਕ ਕਰ ਰਹੇ ਸਨ। ਦੋਵੇਂ ਪਾਰਟੀਆਂ ਦੇ ਬੰਦੇ ਆਪਣੇ-ਆਪਣੇ ਜੇਤੂ ਸਰਪੰਚ ਦੇ ਗਲ਼ ਵਿਚ ਹਾਰ ਪਾਉਣ ਲਈ ਉਤਾਵਲੇ ਸਨ ਪਰ ਇਹ ਕਿਸੇ ਨੂੰ ਨਹੀਂ ਪਤਾ ਸੀ ਕਿ ਕਿਸਦੇ ਹਾਰ ਜੇਤੂ ਦੀ ਧੌਣ ਨੂੰ ਛੂਹਣਗੇ। ਸੱਤ ਵਜੇ ਤੱਕ ਜਾ ਕੇ ਕਿਤੇ ਵੋਟਾਂ ਦੀ ਗਿਣਤੀ ਖ਼ਤਮ ਹੋਈ।

''ਗੁਰਦੀਪ ਦੀ ਹੋ ਗਈ ਬੱਲੇ-ਬੱਲੇ, ਬਾਕੀ ਸਾਰੇ ਥੱਲੇ-ਥੱਲੇ।'' ਅੰਦਰੋਂ ਗੂੰਜਦੇ ਨਾਅਰੇ ਬਾਹਰ ਆ ਗਏ।

ਨੌਂ ਵੋਟਾਂ ਦੇ ਫ਼ਰਕ ਨਾਲ ਗੁਰਦੀਪ ਜਿੱਤ ਗਿਆ। ਛੇ ਮੈਂਬਰਾਂ ਵਿਚੋਂ ਚਾਰ ਮੈਂਬਰ ਗੁਰਦੀਪ ਦੀ ਪਾਰਟੀ ਦੇ ਜਿੱਤ ਗਏ। ਚੰਨਣ ਮੈਂਬਰੀ ਵਿਚ ਸਭ ਤੋਂ ਵੱਧ ਵੋਟਾਂ ਨਾਲ ਬਾਜ਼ੀ ਮਾਰ ਗਿਆ। ਬਾਹਰ ਆਉਂਦਿਆਂ ਹੀ ਲੋਕਾਂ ਨੇ ਗੁਰਦੀਪ ਨੂੰ ਮੋਢਿਆਂ ਉਪਰ ਚੁੱਕ ਲਿਆ। ਨੋਟਾਂ ਨਾਲ ਗੁੰਦੇ ਹਾਰਾਂ ਨੇ ਗੁਰਦੀਪ ਦਾ ਗਲ਼ ਭਰ ਦਿੱਤਾ। ਸਾਰਾ ਪਿੰਡ ਨਾਅਰਿਆਂ ਨਾਲ ਗੂੰਜ ਉਠਿਆ। ਕਲੱਬ ਦੇ ਮੁੰਡੇ ਢੋਲ 'ਤੇ ਨਚਦੇ ਗੁਰਦੀਪ ਨਾਲ ਗੁਰਦੁਆਰੇ ਮੱਥਾ ਟੇਕਣ ਗਏ। ਫਿਰ ਸਾਰਾ ਲਾਰਾ ਨਚਦਾ, ਨਾਅਰੇ ਲਾਉਂਦਾ ਫਿਰਨੀ ਵਾਲੀ ਸੜਕ ਪੈ ਕੇ ਭਾਗੂ ਦੇ ਘਰ ਨੂੰ ਹੋ ਤੁਰਿਆ।

ਮੁਖਤਿਆਰ ਸਹੁਰਿਆਂ ਤੋਂ ਕੁੱਟ ਕੇ ਤੋਰੀ ਬਹੂ ਵਾਂਗ ਰੋਂਦਾ ਘਰੇ ਆ ਗਿਆ। ਉਸਦੇ ਸਾਥੀਆਂ ਨੇ ਜੇਤੂ ਮੁਖਤਿਆਰ ਦੇ ਗਲ਼ ਵਿਚ ਪਾਉਣ ਲਈ ਲਏ ਹਾਰ, ਹੱਥਾਂ ਵਿਚ ਫੜੀਆਂ ਸੂਲਾਂ ਵਾਂਗ ਪਰ੍ਹੇ ਵਗਾਹ ਮਾਰੇ ਤੇ ਇੱਟਾਂ-ਰੋੜੇ ਚੁੱਕ ਕੇ ਗੁਰਦੀਪ ਦੀ ਨੱਚਦੀ ਆਉਂਦੀ ਟੋਲੀ ਵੱਲ ਵਗਾਹ ਮਾਰੇ। ਇਕ ਰੋੜਾ 'ਟੀ....ਟੀ....ਟੀ....' ਕਰਦਾ ਗੁਰਦੀਪ ਦੇ ਸਿਰ ਕੋਲ ਦੀ ਹੁੰਦਾ ਹੋਇਆ ਨੱਚਦੇ ਮੁੰਡਿਆਂ ਦੇ ਪੈਰਾਂ ਵਿਚ ਆ ਕੇ ਫੁੱਟ ਗਿਆ। ਮੁੰਡਿਆਂ ਦਾ ਤੱਤਾ ਖ਼ੂਨ ਉਬਾਲਾ ਖਾ ਗਿਆ। ਉਨ੍ਹਾਂ ਨੇ ਸੜਕ ਦੇ ਦੁਆਲੇ ਪਏ ਵੱਟੇ ਚੁੱਕ ਲਏ ਪਰ ਸਿਆਣੇ ਬਜ਼ੁਰਗਾਂ ਨੇ ਮੁੰਡਿਆਂ ਨੂੰ ਕਹਿ-ਕਹਾ ਕੇ ਠੰਡਾ ਕਰ ਲਿਆ। ਮੁਖਤਿਆਰ ਦੇ ਕੌਲੀ ਚੱਟ, ਮੁੰਡਿਆਂ ਨੂੰ 'ਤਾਅ' ਵਿਚ ਆਇਆ ਵੇਖ ਕੇ ਖਿਸਕ ਗਏ।

-0-

ਮੁਖਤਿਆਰ ਦੇ ਘਰ ਕਿਸੇ 'ਜੀਅ ਦੇ ਰੱਬ ਨੂੰ ਪਿਆਰੇ' ਹੋਣ ਵਾਂਗ ਸੋਗ ਪਸਰਿਆ ਹੋਇਆ ਸੀ। ਮੁਖਤਿਆਰ ਦਰ੍ਹੇ 'ਤੇ ਬਣੀ ਬੈਠਕ ਵਿਚ ਬੈਠਾ ਜਾਰੋ-ਜਾਰ ਰੋ ਰਿਹਾ ਸੀ। ਉਸਦੇ ਕੌਲੀ ਚੱਟ ਯਾਰ 'ਜੇ ਰੋਈਏ ਨਾ, ਰੋਣ ਵਰਗਾ ਮੂੰਹ ਬਣਾ ਲਈਏ' ਵਾਲੀ ਕਹਾਵਤ ਨੂੰ ਪੁਗਾਉਂਦੇ ਹੋਏ ਉੱਲੂਆਂ ਵਾਂਗ ਮੂੰਹ ਲਟਕਾਈ ਬੈਠੇ ਸਨ।

''ਮੁਖਤਿਆਰ ਸਿਆਂ ਕੋਈ ਗੱਲ ਨੀ, ਅਖਾੜੇ 'ਚ ਇਕ ਮੱਲ ਤਾਂ ਢਹਿੰਦਾ ਈ ਐ।'' ਕਰਤਾਰ ਨੇ ਉਸਦਾ ਮੋਢਾ ਦਬਦਿਆਂ ਹੌਸਲਾ ਦਿੱਤਾ।

''ਹੋਰ-ਹੋਰ ਹੌਸਲਾ ਰੱਖ, ਰੋਏ ਤੋਂ ਕੀ ਬਣਦੈ।'' ਚਲਦੀਆਂ ਵਿਚ ਇਕ ਹੋਰ ਕਹਿ ਗਿਆ।

''ਆਪਾਂ ਇੰਨੀ ਮਿਹਨਤ ਕਰੀ, ਉਹ ਫੇਰ ਵੀ ਸਾਲਾ ਗਾਈਂ ਜੀ....।'' ਮੁਖਤਿਆਰ ਦੇ ਬੋਲ ਮੂੰਹ ਵਿਚ ਹੀ ਲਟਕ ਗਏ। ਉਹ ਫੇਰ ਡੁਸਕ ਉਠਿਆ। ਦੂਜੀ ਵਾਰ ਹੋਈ ਹਾਰ ਨੇ ਉਸਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ ਸੀ।

''ਮੁਖਤਿਆਰ ਸਿਆਂ, ਹੌਸਲਾ ਰੱਖ ਹੌਸਲਾ! ਕਿਉਂ ਬੱਚਿਆਂ ਮਾਂਗੂ ਕਰੀ ਜਾਨੈਂ, ਫੇਰ ਕਿਹੜਾ ਵੋਟਾਂ ਨੀ ਆਉਣੀਆਂ।'' ਇਕ ਹੋਰ ਬੋਲ ਪਿਆ।

''ਸਿੱਧੇ ਮੱਥੇ ਨੀ ਜਿੱਤਿਆ, ਸਾਲਿਆਂ ਨੇ ਖਚਰ-ਵਿੱਦੀ ਕਰੀ ਹੋਊ।'' ਕਰਤਾਰ ਹੌਸਲਾ ਦੇਣ ਲਈ ਇਕ ਹੋਰ ਪੈਂਤਰਾ ਵਰਤ ਗਿਆ।

''ਜੇ ਜਿੱਤ ਗਿਆ ਫੇਰ ਕਿਹੜਾ ਪੰਜ ਸਾਲ ਸਰਪੰਚੀ ਕਰਲੂ। ਇਕ ਦੋ ਮਹੀਨਿਆਂ 'ਚ ਹੁਣ ਲਵਾਦਾਂਗੇ ਸਾਲੇ ਦੀ ਬੂਥ।'' ਵਿਚੋਂ ਇਕ ਸ਼ੁਰਲੀ ਚਾਂਦੀ ਛੱਡ ਗਿਆ।

''ਜੇ ਤੁਸੀਂ ਮੇੇਰੇ ਨਾਲ ਓਂ ਤਾਂ ਕਰਕੇ ਹੋਰ ਮੈਂਬਰਾਂ ਨੂੰ, ਦੇ ਕੇ ਪਰਚਾ ਹੁਣ ਲਾਹ ਦਿੰਨਿਆਂ।'' ਮੁਖਤਿਆਰ ਵੀ ਤਾਅ ਵਿਚ ਆ ਗਿਆ।

''ਲਓ ਅਸੀਂ ਭਲਾਂ ਤੇਰੇ ਨਾਲੋਂ ਕਦੋਂ ਟੁੱਟਣ ਲੱਗੇ ਆਂ। ਤੂੰ ਮੂਹਰੇ ਲੱਗ ਅਸੀਂ ਤੇੇਰੇ ਨਾਲ ਆਂ।'' ਕਰਤਾਰ ਸਿੰਘ ਹਵਾ ਵਿਚ ਹੱਥ ਹਿਲਾਉਂਦਾ ਤਸੱਲੀ ਦੇ ਗਿਆ।

''ਲਓ ਇਹਨੂੰ ਸਿੱਟੋ ਅੰਦਰ ਤੇ ਦੁੱਖ ਨੂੰ ਕੱਢੋ ਬਾਹਰ।'' ਸਰਪੰਚ ਦੇ ਭਤੀਜੇ ਨੇ ਰੂੜੀ ਮਾਰਕਾ ਦੀਆਂ ਦੋ ਬੋਤਲਾਂ ਲਿਆ ਰੱਖੀਆਂ। ਸ਼ਰਾਬ ਦੇ ਇਕ-ਇਕ ਪੈੱਗ ਨੇ ਹੀ ਸਾਰਿਆਂ ਨੂੰ ਗ਼ਮ ਦੀ ਦਲ-ਦਲ ਵਿਚੋਂ ਬਾਹਰ ਕੱਢ ਸੁੱਟਿਆ। ਉਹ ਸ਼ਰਾਬ ਦੇ ਲੋਰ ਵਿਚ ਆਪਣੀ ਹਾਰ ਭੁੱਲ ਕੇ ਗੁਰਦੀਪ ਦਾ ਤਖ਼ਤਾ ਪਲਟਣ ਦੀਆਂ ਸਕੀਮਾਂ ਬਣਾਉਣ ਲੱਗ ਪਏ।

-0-

ਗੁਰਦੀਪ ਦੀ ਪਾਰਟੀ ਨਚਦੀ ਭਾਗੂ ਦੇ ਘਰ ਆ ਪਹੁੰਚੀ। ਆਉਂਦਿਆਂ ਹੀ ਸਭ ਨੇ ਲਾਲ ਪਰੀ ਦੀਆਂ ਸੀਲਾਂ ਤੋੜ ਲਈਆਂ। ਕਲੱਬ ਦੇ ਮੁੰਡੇ ਨਚਦੇ-ਨਚਦੇ ਮੁੜ੍ਹਕੇ ਨਾਲ ਗੱਚ ਹੋ ਗਏ ਪਰ ਕਿਸੇ ਖ਼ੁਸ਼ੀ ਦਾ ਲੋਰ ਉਨ੍ਹਾਂ ਦੇ ਕਦਮਾਂ ਨੂੰ ਰੁਕਣ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਟੇਕ ਆਪਣੀ ਖਰ੍ਹਵੀਂ ਆਵਾਜ਼ ਨਾਲ ਉੱਚੀ-ਉੱਚੀ ਲਲਕਾਰੇ ਮਾਰਦਾ ਸ਼ੇਰ ਵਾਂਗ ਗਰਜ ਰਿਹਾ ਸੀ। ਭਗਵਾਨ ਨੇ ਤਿੰਨ ਬੋਤਲਾਂ ਝੋਲ਼ੇ ਵਿਚ ਪਾ ਲਈਆਂ ਤੇ ਸਾਈਕਲ 'ਤੇ ਟੰਗ ਕੇ ਖੇਤ ਵੱਲ ਹੱਕ ਦਿੱਤਾ।

''ਓ ਬਲੌਰ ਜਿੱਤ ਗੇ ਆਪਾਂ।'' ਭਗਵਾਨ ਸਾਈਕਲ ਦਾ ਸਟੈਂਡ ਲਾ ਕੇ ਕੋਠੇ ਕੋਲ ਡੱਠੇ ਮੰਜੇ ਉਤੇ ਬੈਠ ਗਿਆ।

''ਸੌਂਹ ਖਾ ਵੀ।'' ਬਲੌਰ ਹੈਰਾਨੀ ਵਿਚ ਸਾਰਾ ਮੂੰਹ ਟੱਡ ਗਿਆ।

''ਤੇ ਹੋਰ ਕੀ ਨਾ।''

''ਆਏ ਹਾਏ! ਹੋ ਤਾਇਆ ਟਿੰਗ-ਲਿੰਗ, ਹੋ ਤਾਇਆ ਟਿੰਗ-ਲਿੰਗ।'' ਬਲੌਰ ਸਾਈਕਲ 'ਤੇ ਬੱਝੇ ਝੋਲ਼ੇ ਦੀਆਂ ਕਾਹਲੀ ਨਾਲ ਗੰਢਾਂ ਖੋਲ੍ਹਣ ਲੱਗ ਪਿਆ।

''ਸਰਕਾਰ ਕਿਆ ਬਾਤ ਹੋ ਗਈ?'' ਪਨੀਰੀ ਪੁਟਦੇ ਸਾਥੀਆਂ ਦੀ ਰੋਟੀ ਪਕਾਉਂਦਾ ਬਿਹਾਰੀ ਭਈਆ, ਬਲੌਰ ਦੇ ਨਿੱਕੇ ਕੱਟਰੂ ਵਾਂਗ ਟਪੂਸੀਆਂ ਮਾਰਨ 'ਤੇ ਹੈਰਾਨ ਸੀ।

''ਅਰੇ ਬਈਆ, ਹਮ ਜੀਤ ਗਏ।'' ਭਗਵਾਨ ਨੇ ਦੋ ਬੋਤਲਾਂ ਝੋਲ਼ੇ 'ਚੋਂ ਕੱਢ ਕੇ ਭਈਏ ਦੇ ਦੋਵੇਂ ਹੱਥਾਂ ਵਿਚ ਦੇ ਦਿੱਤੀਆਂ।

''ਅਰੇ ਸੱਚ!''

''ਓਏ ਹਾਂ ਯਾਰ! ਆਹ ਸ਼ਰਾਬ ਕਾਹਦੇ ਲਈ ਦਿੱਤੀ ਐ ਤੈਨੂੰ।''

''ਅਰੇ ਸਰਦਾਰ ਜੀਤ ਗਿਆ, ਸਰਦਾਰ ਜੀਤ ਗਿਆ।'' ਭਈਆ ਦੋਵੇਂ ਹੱਥਾਂ ਵਿਚ ਲਈਆਂ ਬੋਤਲਾਂ ਨੂੰ ਛਲਕਾਉਂਦਾ ਕੋਠੇ ਦੇ ਬਾਰ ਅੱਗੇ ਨਚਾਰ ਵਾਂਗ ਗੇੜੇ ਦੇਣ ਲੱਗ ਪਿਆ। ਫਿਰ ਪਨੀਰੀ ਪੁਟਦੇ ਸਾਰੇ ਭਈਏ ਕੋਠੇ ਦੇ ਬਾਰ ਅੱਗੇ ਬਲੌਰ ਨਾਲ ਦੇਸੀ ਭੰਗੜਾ ਪਾਉਣ ਲੱਗ ਪਏ। 'ਅਰੇ ਬਈਆ ਖਾਈਕੇ ਪਾਨ ਬਨਾਰਸ ਵਾਲਾ, ਖੁਲ੍ਹ ਜਾਏ ਬੰਦ ਅਕਲ ਕਾ ਤਾਲਾ।' ਵਿਚੋਂ ਇਕ ਗੁਣ-ਗੁਣਾਉਣ ਲੱਗ ਪਿਆ।

ਸਾਰੇ ਭਈਆਂ ਨੇ ਕੋਠੇ ਦੇ ਸੱਜੇ ਪਾਸੇ ਝੁੰਡ ਬਣਾ ਲਿਆ। ਮਿੱਠੂ ਤੇ ਬਲੌਰ ਵਗਦੇ ਖਾਲ਼ ਵਿਚ ਲੱਤਾਂ ਲਮਕਾ ਕੇ ਬੈਠ ਗਏ। ਦੋ ਬਾਟੀਆਂ ਤੇ ਲਾਲ ਪਰੀ ਦੋਵਾਂ ਨੇ ਵਿਚਕਾਰ ਰੱਖ ਲਈ।

''ਲੈ ਫੇਰ ਮਿੱਠੂ ਕਰ ਮਹੂਰਤ।'' ਬਲੌਰ ਨੇ ਬਾਟੀ ਤੇ ਬੋਲਤ ਮਿੱਠੂ ਵੱਲ ਸਰਕਾ ਦਿੱਤੀ। ਮਿੱਠੂ ਨੇ ਬਾਟੀ ਵਿਚ ਉਂਗਲਾਂ ਫੇਰ ਕੇ, ਹਥੇਲੀ 'ਤੇ ਮਾਰ ਕੇ ਝਾੜ ਲਈ ਤੇ ਇਕ ਛੋਟਾ ਜਿਹਾ ਪੈੱਗ ਪੀ ਗਿਆ।

''ਕਿਉਂ! ਆਉਂਦੈ ਲੋਰ!'' ਬਲੌਰ ਨੇ ਇਕ ਪੈੱਗ ਆਪ ਵੀ ਪਾ ਲਿਆ।

''ਕਾਹਨੂੰ ਪੁਛਦੈਂ, ਇਹ ਤਾਂ ਚੀਜ਼ ਐ ਚੀਜ਼। ਜਿਥੋਂ ਦੀ ਲੰਘਦੀ ਐ ਬੱਸ ਚੀਰਦੀ ਜਾਂਦੀ ਐ।'' ਮਿੱਠੂ ਨੇ ਗੰਢਾ ਬਾਟੀ ਨਾਲ ਚੀਰ ਲਿਆ ਤੇ ਇਕ ਫਾਕ ਜਾੜ੍ਹ ਥੱਲੇ ਦੱਬ ਲਈ। ਦੋਵਾਂ ਦੀ ਬਿਨਾਂ ਪੈਰ-ਸਿਰ ਵਾਰਤਾਲਾਪ ਕਿੰਨਾ ਚਿਰ ਚਲਦੀ ਰਹੀ। ਕਦੇ-ਕਦੇ ਕੋਈ ਮੱਛਰ ਨੰਗੀਆਂ ਲੱਤਾਂ 'ਤੇ ਦੰਦੀ ਵੱਢ ਜਾਂਦਾ। ਪਰ ਇਹ ਬੇਧਿਆਨੇ ਜਿਹੇ ਹੀ 'ਐ ਮੇਰੇ ਸਾਲਿਆਂ ਦਾ' ਕਹਿ ਕੇ ਮੱਛਰ ਲੜੀ ਥਾਂ 'ਤੇ ਧੱਫਾ ਜਿਹਾ ਮਾਰ ਕੇ ਫਿਰ ਆਪਣੀਆਂ ਗੱਲਾਂ ਵਿਚ ਰੁੱਝ ਜਾਂਦੇ। ਭਗਵਾਨ ਦੋਵਾਂ ਤੋਂ ਵਿਦਾ ਲੈ ਕੇ ਤੁਰ ਪਿਆ। ਉਸਨੇ ਸੱਪ ਵਾਂਗ ਵਲੇਵੇਂ ਖਾਂਦੀ ਪਹੀ ਵਿਚੋਂ ਨਿਕਲ ਕੇ ਸਾਈਕਲ ਚੋਏ ਦੀ ਪਟੜੀ ਚਾੜ੍ਹ ਲਿਆ। ਚਾਰੇ ਪਾਸੇ

ਚੋਖਾ ਹਨ੍ਹੇਰਾ ਹੋ ਗਿਆ ਸੀ। ਅਸਮਾਨ ਵਿਚ ਕੋਈ-ਕੋਈ ਤਾਰਾ ਝਾਤੀਆਂ ਮਾਰਨ ਲੱਗ ਪਿਆ। ਭਗਵਾਨ ਨੂੰ ਕੱਲ੍ਹ ਕਰਮੀ ਦੇ ਘਰ ਜਾਣ ਦਾ ਵਾਅਦਾ ਯਾਦ ਆ ਗਿਆ। ਉਹ ਸਾਈਕਲ ਦੇ ਪੈਡਲਾਂ ਨੂੰ ਆਪਣੇ ਪੈਰਾਂ ਨਾਲ ਹੋਰ ਜੋਰ ਦੀ ਦੱਬਣ ਲੱਗ ਪਿਆ, ਜਿਵੇਂ ਉਸਨੇ ਕੱਲ੍ਹ ਨਹੀਂ ਅੱਜ ਹੀ ਜਾਣਾ ਹੋਵੇ। ਸਾਈਕਲ ਰਾਤ ਦੇ ਹਨ੍ਹੇਰੇ ਨੂੰ ਚੀਰਦਾ, ਰੁੰਡ-ਮਰੁੰਡ ਕਿੱਕਰਾਂ ਹੇਠ ਦੀ ਸਰਪੱਟ ਦੌੜਿਆ ਜਾ ਰਿਹਾ ਸੀ।

## 4.

ਭਗਵਾਨ ਤੇ ਗੁਰਜੀਤ ਦਸਵੀਂ ਤੱਕ ਇਕੱਠੇ ਪੜ੍ਹਦੇ ਰਹੇ ਸਨ। ਗੁਰਜੀਤ ਦਸਵੀਂ ਕਰਕੇ ਹਟ ਗਿਆ ਤੇ ਆਪਣੀ ਗੱਡੀ ਲੈ ਕੇ ਕਿਰਾਇਆ ਵਾਹੁਣ ਲੱਗ ਪਿਆ। ਭਗਵਾਨ ਅੱਗੇ ਪੜ੍ਹਦਾ ਰਿਹਾ ਤੇ ਹੁਣ ਚੀਮੇ ਬਾਰ੍ਹਵੀਂ ਵਿਚ ਦਾਖ਼ਲ ਹੋ ਗਿਆ ਸੀ। ਰਾਹਾਂ ਵੱਖਰੀਆਂ ਹੋਣ 'ਤੇ ਵੀ ਦੋਵਾਂ ਦੀ ਦੋਸਤੀ 'ਚ ਫ਼ਰਕ ਨਹੀਂ ਸੀ ਪਿਆ। ਦੋਵੇਂ ਪਹਿਲਾਂ ਵਾਂਗ ਹੀ ਇਕ-ਦੂਜੇ ਦੇ ਘਰ ਆਉਂਦੇ-ਜਾਂਦੇ ਸਨ। ਗੁਰਜੀਤ ਦੀ ਭੈਣ ਕਰਮੀ ਭਗਵਾਨ ਨੂੰ ਵੀ ਆਪਣਾ ਦੂਜਾ ਭਰਾ ਹੀ ਸਮਝਦੀ ਸੀ। ਉਹ ਉਸਨੂੰ ਹਰ ਰੋਜ਼ ਆਪਣੇ ਘਰ ਆਉਣ ਲਈ ਜ਼ਿੱਦ ਕਰਦੀ। ਜੇ ਕਦੇ ਭਗਵਾਨ ਇਕ-ਦੋ ਦਿਨ ਨਾ ਜਾਂਦਾ ਤਾਂ ਉਹ ਗਏ ਨਾਲ ਬੋਲਦੀ ਨਾ, ਮੂੰਹ ਵੱਟੀ ਕੰਮ ਲੱਗੀ ਰਹਿੰਦੀ। ਭਗਵਾਨ ਉਸਨੂੰ ਸੌ ਬਹਾਨੇ ਲਾਉਂਦਾ। ਹਰ ਰੋਜ਼ ਆਉਣ ਦੀ ਹਾਮੀ ਭਰਦਾ। ਫੇਰ ਕਿਤੇ ਜਾ ਕੇ ਉਹ ਮੁਸਕਰਾਉਂਦੀ। ਦੋਵੇਂ ਇਕ-ਦੂਜੇ ਨੂੰ ਨਿੱਕੀ-ਵੱਡੀ ਖੁਸ਼ੀ ਦੇਣ ਲਈ ਹਰ ਕੋਸ਼ਿਸ਼ ਕਰਦੇ ਰਹਿੰਦੇ। ਕਰਮੀ, ਕਿਰਨਾ ਤੇ ਭਗਵਾਨ ਦੇ ਮਨਾਂ 'ਚ ਇਕ-ਦੂਜੇ ਲਈ ਪੁੰਗਰਦੇ ਪਿਆਰ ਨੂੰ ਭਾਂਪ ਕੇ ਦਿਲੋਂ ਖੁਸ਼ ਸੀ। ਉਹ ਚਾਹੁੰਦੀ ਸੀ ਇਨ੍ਹਾਂ ਦੋਵਾਂ ਦਾ ਮੇਲ ਹੋ ਜਾਵੇ। ਅੱਜ ਕਰਮੀ ਨੇ ਸਵੇਰੇ ਹੀ ਸੁਨੇਹਾ ਦੇ ਕੇ ਕਿਰਨਾ ਨੂੰ ਬੁਲਾ ਲਿਆ ਸੀ।

''ਕਿਉਂ ਕੀ ਆਫ਼ਤ ਆ ਪਈ?'' ਕਿਰਨਾ ਆਉਂਦਿਆਂ ਹੀ ਕਰਮੀ ਨੂੰ ਸੰਬੋਧਨ ਹੋਈ।

''ਆਫ਼ਤ ਮੇਰੇ 'ਤੇ ਨੀ, ਤੇਰੇ 'ਤੇ ਪੈਣੀ ਐ ਮੇਰੀ ਸੂਰਜ ਦੀਏ ਕਿਰਨੇ।''

''ਕੀ! ਮੇਰੇ 'ਤੇ?''

''ਹਾਂ ਤੇਰੇ 'ਤੇ।''

''ਜਿਹੜੀ ਗੱਲ ਐ ਤੂੰ ਸਿੱਧੀ ਹੋ ਕੇ ਦੱਸ ਦੇ, ਐਮੇਂ ਵਕੀਲਾਂ ਆਲੀਆਂ ਭੁਲਾਈਆਂ ਜੀਆਂ ਨਾ ਪਾ।'' ਕਿਰਨਾ ਗੱਲ ਨੂੰ ਨੰਗੀ ਚਿੱਟੀ ਜਾਣਨਾ ਚਾਹੁੰਦੀ ਸੀ।

''ਗੱਲ ਤਾਂ ਕੁਛ ਨੀ, ਬੱਸ ਐਮੇਂ ਈ ਬੁਲਾ ਲਿਆ।'' ਕਰਮੀ ਅਸਲ ਗੱਲ ਨੂੰ ਲੁਕੋ ਗਈ। ਮਖਾਂ ਕਿਤੇ ਗੱਲ ਬਣਨ ਤੋਂ ਪਹਿਲਾਂ ਹੀ ਨਾ ਟੁੱਟ ਜਾਵੇ। ਉਹ ਕਿਰਨਾ ਨਾਲ ਗੱਲਾਂ ਕਰਦੀ ਬਿੰਦੀ-ਝੱਟੀ ਟਾਈਮ-ਪੀਸ ਵੱਲ ਨਜ਼ਰ ਫੇਰ ਜਾਂਦੀ।

''ਕਿਉਂ ਬਿੰਦੇ-ਬਿੰਦੇ ਟਾਈਮ-ਪੀਸ ਵੱਲ ਝਾਕੀ ਜਾਨੀ ਐਂ। ਕੋਈ ਆਉਣ ਆਲ਼ਾ ਤੀ ਨੀ?'' ਕਿਰਨਾ ਨੇ ਕਰਮੀ ਦੀ ਖੱਬੀ ਵੱਖੀ ਵਿਚ ਮੋਟੀ ਚੂੰਢੀ ਭਰ ਲਈ।

''ਮੇਰੇ ਤਾਂ ਨੀ, ਤੇਰੇ ਗਾਹਕ ਜ਼ਰੂਰ ਆ ਜਾਣਗੇ ਜਿਹੜੀ ਹਰਿਓ ਗਾਂ ਮਾਂਗੂ ਟਪੂਸੀਆਂ ਮਾਰਦੀ ਫਿਰਦੀ ਐਂ।'' ਕਰਮੀ ਨੇ ਚੂੰਢੀ ਦਾ ਜਵਾਬ ਚੂੰਢੀ ਵਿਚ ਦੇ ਦਿੱਤਾ।

''ਕਿਹਨੂੰ ਵੇਚਣ ਦੀਆਂ ਤਿਆਰੀਆਂ ਹੋ ਰਹੀਆਂ ਨੇ?'' ਬਾਹਰੋਂ ਆਉਂਦੇ ਭਾਗੂ ਨੇ ਦੋਵਾਂ ਦੀ ਗੱਲ ਸੁਣ ਲਈ ਸੀ। ਉਹ ਅੰਦਰ ਬੈਠੀ ਕਿਰਨਾ ਨੂੰ ਵੇਖ ਕੇ ਖਿੜ ਗਿਆ।

''ਆ ਓਏ ਭਾਗੂ ਤੇਰੀਆਂ ਹੀ ਉਡੀਕਾਂ ਤੀ।'' ਕਰਮੀ ਨੇ ਨੀਵੀਂ ਪਾਈ ਬੈਠੀ ਕਿਰਨਾ ਵੱਲ ਗੁੱਝਾ ਇਸ਼ਾਰਾ ਕਰ ਦਿੱਤਾ।

''ਸਾਨੂੰ ਕੌਣ ਉਡੀਕਦੈ ਫ਼ੱਕਰਾਂ ਨੂੰ।'' ਭਗਵਾਨ ਦੀਆਂ ਪਿਆਰ ਉਡੀਕਦੀਆਂ ਅੱਖਾਂ ਕਿਰਨਾ ਦੇ ਚਿਹਰੇ ਉਪਰ ਜਾ ਟਿਕੀਆਂ। ਕਿਰਨਾ ਨੇ ਆਪਣੇ ਸੁਰਮਈ ਨੈਣਾਂ ਦੇ ਛੱਪਰ ਅਦਾ ਨਾਲ ਚੁੱਕ ਕੇ ਸਾਹਮਣੇ ਖੜ੍ਹੇ ਭਾਗੂ ਵੱਲ ਸ਼ਿਸ਼ਤ ਲਾਉਣ ਵਾਂਗ ਸਿੱਧੇ ਸੇਧ ਲਏ। ਉਸਦਾ ਦਿਲ ਕੀਤਾ ਕਹਿ ਦੇਵੇ, 'ਨਹੀਂ ਮੇਰੇ ਹੀਰਿਆ, ਤੈਨੂੰ ਉਡੀਕਣ ਵਾਲੇ ਤੇਰੇ ਸਾਹਮਣੇ ਬੈਠੇ ਨੇ।'

''ਭਾਗੂ ਤੂੰ ਬੈਠ, ਮੈਂ ਹੁਣੇ ਚਾਹ ਬਣਾ ਕੇ ਲਿਆਈ।'' ਕਰਮੀ ਜਾਣ-ਬੁੱਝ ਕੇ ਦੋਵਾਂ ਨੂੰ ਇਕੱਲਿਆਂ ਛੱਡ ਗਈ।

ਕਰਮੀ ਦੇ ਚਲੇ ਜਾਣ ਨਾਲ ਕਮਰੇ ਵਿਚ ਸੁੰਨ ਪਸਰ ਗਈ। ਪੱਖੇ ਦੀ 'ਸੈਂ....ਐਂ....' ਤੇ ਟਾਈਮ-ਪੀਸ ਦੀ ਟਿਕ-ਟਿਕ ਸਾਫ਼ ਸੁਣਾਈ ਦਿੰਦੀ ਸੀ। ਕਿਰਨਾ ਨੇ ਭਗਵਾਨ ਵੱਲ ਗੁੱਝਾ ਜਿਹਾ ਵੇਖਿਆ ਤੇ ਬੁੱਲ੍ਹਾਂ ਉਤੇ ਹਲਕੀ ਜਿਹੀ ਮੁਸਕਾਨ ਧੂੜ ਕੇ ਨੀਵੀਂ ਪਾ ਲਈ। ਕਿਰਨਾ ਦੀ ਮੁਸਕਾਨ ਨੇ ਭਗਵਾਨ ਦਾ ਡਿੱਕ-ਡੋਲੇ ਖਾਂਦਾ ਦਿਲ ਹੌਸਲੇ ਵਿਚ ਲੈ ਆਂਦਾ। ਉਹ ਕਿਰਨਾ ਦੇ ਮੰਜੇ ਉਪਰ ਥੋੜ੍ਹੀ ਦੂਰੀ ਬਣਾ ਕੇ ਬੈਠ ਗਿਆ।

''ਤੁਸੀਂ ਪਹਿਲਾਂ ਕਿੱਥੇ ਰਹਿੰਦੇ ਤੀ?'' ਭਗਵਾਨ ਨੇ ਜਾਣਦਿਆਂ ਹੋਇਆਂ ਵੀ ਗੱਲ ਤੋਰਨ ਲਈ ਪੈਂਤਰਾ ਮਾਰਿਆ।

''ਮੈਂ ਮੇਰੀ ਭੂਆ ਕੋਲ ਰਹਿੰਦੀ ਤੀ, ਬੱਸ ਥੋੜ੍ਹੇ ਦਿਨਾਂ ਤੋਂ ਹੀ ਆਈ ਆਂ।''

''ਇਥੇ ਆ ਕੇ ਜੀਅ ਤਾਂ ਲੱਗ ਗਿਆ ਹੋਣੈ?'' ਮੁੰਡਾ ਗੱਲ ਨੂੰ ਚਲਦੀ ਰੱਖਣ ਲਈ ਲੜੀ ਨਾਲ ਲੜੀ ਜੋੜੀ ਜਾ ਰਿਹਾ ਸੀ।

''ਪਹਿਲੇ ਦਸ-ਵੀਹ ਦਿਨ ਤਾਂ ਲੱਗਿਆ ਨੀ, ਹੁਣ ਕੁਛ-ਕੁਛ ਲੱਗਣ ਲੱਗ ਪਿਐ।'' ਅਸਲ ਵਿਚ ਕਿਰਨਾ ਅੰਦਰੋਂ ਮਹਿਸੂਸ ਕਰਦੀ ਸੀ ਕਿ ਇਥੇ ਮੇਰਾ ਦਿਲ ਤੇਰੇ ਨਾਲ ਹੋਈ ਮੁਲਾਕਾਤ ਤੋਂ ਬਾਅਦ ਹੀ ਲੱਗਿਆ ਹੈ।

''ਕਿਤੇ ਕੋਈ ਜੀਅ ਲਵਾਉਣ ਵਾਲਾ ਤਾਂ ਨੀ ਮਿਲ ਗਿਆ?'' ਭਗਵਾਨ ਅੰਦਰਲੇ ਪਿਆਰ ਦਾ ਮੋਹਰਾ ਬਣਿਆ ਧੜਕਦੇ ਦਿਲ ਤੇ ਕੰਬਦੇ ਬੁੱਲ੍ਹਾਂ ਨਾਲ ਇੰਨਾ ਕਹਿ ਤਾਂ ਗਿਆ ਪਰ ਉਹ ਡਰ ਨਾਲ ਅੰਦਰੋਂ ਕੰਬਦਾ ਸੋਚ ਗਿਆ, 'ਸ਼ਾਇਦ ਮੈਂ ਕਾਹਲ਼ੀ ਕਰ ਗਿਆ ਹੋਵਾਂ'।

''ਸ਼ਾਇਦ....ਹੋ ਸਕਦੈ।'' ਕੰਨਾਂ ਦੀਆਂ ਲੌਲ਼ਾਂ ਤੱਕ ਲਾਲ ਹੋਈ ਕੁੜੀ ਆਪਣੇ ਜਾਦੂਮਈ ਨੈਣ ਭਗਵਾਨ ਦੇ ਸਾਰੇ ਚਿਹਰੇ ਉਪਰ ਫੇਰ ਗਈ, ਜਿਨ੍ਹਾਂ ਨੇ ਉਹ ਅੰਦਰ ਤੱਕ ਪਾੜ ਸੁੱਟਿਆ।

''ਫੇਰ ਕਿਹੜੈ ਉਹ ਕਰਮਾਂ ਆਲ਼ਾ। ਸਾਨੂੰ ਵੀ ਤਾਂ ਪਤਾ ਲੱਗੇ।''

''ਆਪੇ ਜਾਣ ਲਓ।''

''ਜੇ ਅਸੀਂ ਆਪਣੇ ਆਪ ਨੂੰ ਮੂਹਰੇ ਕਰ ਲੀਏ?'' ਭਗਵਾਨ ਅੱਗੋਂ ਮਿਲਣ ਵਾਲੇ ਹਾਂ-ਪੱਖੀ ਜਵਾਬ ਦੀ ਕਿਆਸ ਅਰਾਈ ਲਗਾਉਂਦਾ ਬੁੱਲ੍ਹਾਂ ਵਿਚ ਮੁਸਕਰਾਇਆ।

''ਮੰਨ ਲਮਾਂਗੇ।''

''ਸੱਚ!'' ਭਗਵਾਨ ਹੈਰਾਨੀ ਤੇ ਖੁਸ਼ੀ ਰਲੇ ਭਾਵਾਂ ਨਾਲ ਬੌਂਦਲ ਜਿਹੇ ਗਿਆ।

''ਹਾਂ ਸੱਚ!'' ਕੁੜੀ ਨੇ ਫੌਲਾਦ ਵਰਗਾ ਜਿਗਰਾ ਕਰਕੇ ਆਪਣਾ ਹੱਥ ਭਗਵਾਨ ਦੇ ਹੱਥ 'ਤੇ ਟਿਕਾ ਦਿੱਤਾ।

''ਹਾਏ ਓਏ! ਮੇਰਿਆ ਰੱਬਾ, ਹੁਣ ਤਾਂ ਚਾਹੇ ਜਾਨ ਕੱਢ ਲੈ।'' ਭਾਗੂ ਪਿਆਰ ਦੇ ਖ਼ੁਮਾਰ ਵਿਚ ਬੇਹੋਸ਼ ਜਿਹਾ ਹੋ ਗਿਆ।

''ਲਿਆ ਫੜਾ ਜਾਨ।'' ਕੁੜੀ ਨੇ ਦੋਵੇਂ ਹੱਥਾਂ ਦਾ ਬੁੱਕ ਭਗਵਾਨ ਅੱਗੇ ਕਰ ਦਿੱਤਾ।

''ਆਹ ਲੈ।'' ਭਗਵਾਨ ਨੇ ਦਿਲ ਤੋਂ ਹਵਾ ਦੀ ਮੁੱਠੀ ਭਰ ਕੇ ਉਸਦੇ ਹੱਥਾਂ ਵਿਚ ਰੱਖ ਦਿੱਤੀ।

''ਕਿਉਂ ਮੇਰੇ ਭਰਾ ਦੀ ਜਾਨ ਕੱਢਣ ਲੱਗੀ ਐਂ ਚੰਦਰੀਏ।'' ਕਰਮੀ ਨੇ ਦੋ ਚਾਹ ਦੇ ਗਿਲਾਸ ਮੰਜੇ ਕੋਲ ਆ ਰੱਖੇ।

''ਜੇ ਕੋਈ ਆਪਣੇ-ਆਪ ਜਾਨ ਲੁਟਾਉਂਦਾ ਫਿਰੇ, ਫੇਰ ਅਸੀਂ ਕੀ ਕਰ ਸਕਦੇ ਆਂ।'' ਤਿੰਨਾਂ ਦੇ ਹਾਸੇ ਦੀ ਮਹਿਕ ਸਾਰੇ ਕਮਰੇ ਵਿਚ ਖਿੱਲਰ ਗਈ।

ਜੇ ਹਾਣ ਨੂੰ ਹਾਣ ਜੁੜ ਕੇ ਬੈਠ ਜਾਵੇ ਫੇਰ ਗੱਲਾਂ ਦਾ ਸਿਲਸਿਲਾ ਇੰਨਾ ਗੰਭੀਰ ਹੋ ਜਾਂਦਾ ਹੈ ਕਿ ਪਤਾ ਹੀ ਨਹੀਂ ਲਗਦਾ, ਕਦੋਂ ਸਮਾਂ ਬੀਤ ਗਿਆ। ਇਸ ਤਿੱਕੜੀ ਨੂੰ ਗੱਲਾਂ ਕਰਦਿਆਂ ਸ਼ਾਮ ਦੇ ਚਾਰ ਵੱਜ ਗਏ ਪਰ ਇਨ੍ਹਾਂ ਦੀਆਂ ਗੱਲਾਂ ਅਜੇ ਤੱਕ ਮੁੱਕਣ ਵਿਚ ਨਹੀਂ ਸੀ ਆਈਆਂ ਪਰ ਸਮਾਂ ਕਿਸੇ ਦਾ ਰੋਕਿਆ ਰੁਕਦਾ ਨਹੀਂ। ਇਹ ਆਪਣੀ ਚਾਲੇ ਦੌੜੀ ਚਲਿਆ ਜਾਂਦਾ ਹੈ। ਕਿਰਨਾ ਨੂੰ ਸਮੇਂ ਦਾ ਖ਼ਿਆਲ ਆਇਆ ਤਾਂ ਉਹ ਘਰ ਜਾਣ ਲਈ ਕਾਹਲੀ ਹੋ ਗਈ।

''ਕਰਮੀ ਐਨਾ ਟੈਮ ਹੋ ਗਿਆ, ਮੈਨੂੰ ਕੋਈ ਲੈਣ ਈ ਨੀ ਆਇਆ।''

''ਕੋਈ ਗੱਲ ਨੀ ਅਸੀਂ ਛੱਡ ਆਵਾਂਗੇ।'' ਕਰਮੀ ਨੇ ਭਾਗੂ ਨੂੰ ਆਪਣੇ ਨਾਲ ਜੋੜ ਕੇ ਕੁੜੀ ਨੂੰ ਤਸੱਲੀ ਦੇ ਦਿੱਤੀ।

''ਫੇਰ ਹੁਣੀ ਛੱਡ ਆਓ, ਘਰੇ ਬੇਬੇ 'ਕੱਲੀ ਐ। ਉਡੀਕਦੀ ਹੋਊਗੀ।''

''ਗੁਰਜੀਤ ਨੂੰ ਆ ਜਾਣ ਦੇ, ਉਹ ਛੱਡ ਆਊ।''

''ਉਹਦਾ ਕੀ ਪਤੈ ਕਦੋਂ ਆਵੇ।'' ਕਿਰਨਾ ਘਰ ਜਾਣ ਦੇ ਫ਼ਿਕਰ ਵਿਚ ਡੁੱਬ ਗਈ। ਸੂਰਜ ਲਾਲ ਸੂਹਾ ਹੋਇਆ ਪੱਛਮ ਦੀ ਗੋਦ ਵਿਚ ਊਂਘ ਰਿਹਾ ਸੀ।

''ਚੰਗਾ ਐਂ ਕਰ, ਭਾਗੂ ਨੂੰ ਲੈ ਜਾ ਨਾਲ।''

''ਕੀ ਪਤਾ ਇਹ ਜਾਵੇ ਜਾਂ ਨਾ।'' ਕਿਰਨਾ ਭਗਵਾਨ ਦੇ ਮੂੰਹੋਂ ਕਹਾਉਣਾ ਚਾਹੁੰਦੀ ਸੀ।

''ਮੈਂ ਕੀ ਕਰੂੰਗਾ।'' ਮੁੰਡਾ ਜਾਣ ਲਈ ਤਿਆਰ ਸੀ ਪਰ ਉਹ ਸੋਚਦਾ ਸੀ ਜੇਕਰ ਥੋੜ੍ਹਾ ਹੋਰ ਜ਼ੋਰ ਪਾ ਦੇਣ।

''ਮੈਂ ਕੀ ਕਰੂੰਗਾ....ਤੂੰ ਛੱਡ ਕੇ ਮੁੜ ਆਈਂ, ਹੋਰ ਤੂੰ ਓਥੇ ਥਾਉਲਾ ਪਾਉਣੈ।'' ਕਰਮੀ ਭਾਗੂ ਦੀ ਛਾਂਗ ਲਾਉਂਦੀ ਉਸਦੇ ਮੋਢੇ ਵਿਚ ਮੁੱਕੀ ਮਾਰ ਗਈ।

''ਚੰਗਾ ਬਾਬਾ ਚੰਗਾ, ਵਗ ਜਾਨਾਂ।'' ਭਾਗੂ ਝੱਟ ਤਿਆਰ ਹੋ ਗਿਆ। ਅਸਲ ਵਿਚ ਭਾਗੂ ਦਾ ਆਪਣਾ ਦਿਲ ਵੀ ਕਿਰਨਾ ਦੇ ਨਾਲ ਜਾਣ ਲਈ ਤਰਲੋ-ਮੱਛੀ ਸੀ।

ਉਹ ਦੋਵੇਂ ਕਰਮੀ ਤੋਂ ਅਲਵਿਦਾ ਲੈ ਕੇ ਚੱਲ ਪਏ। ਬੱਚੇ ਦੇ ਕੰਧੋਲੀ ਓਹਲੇ ਝਾਤੀ ਕਰਨ ਵਾਂਗ ਸੂਰਜ ਪੱਛਮ ਦੀ ਗੋਦ ਵਿਚ ਨੀਵਾਂ ਲਹਿ ਗਿਆ ਸੀ। ਕਰਮੀ ਦਰਵਾਜ਼ੇ ਵਿਚ ਖੜ੍ਹੀ ਦੋਵਾਂ ਨੂੰ ਇਕੱਠੇ ਤੁਰੇ ਜਾਂਦਿਆਂ ਨੂੰ ਰੀਝਾਂ ਲਾ-ਲਾ ਵੇਖ ਰਹੀ ਸੀ। 'ਕਿੰਨੀ ਫਬਦੀ ਐ ਜੋੜੀ' ਕਰਮੀ ਕਹਿ ਕੇ ਮੁਸਕਰਾ ਪਈ। ਦੋਵੇਂ ਇਕ-ਦੂਜੇ ਦੇ ਨੇੜੇ ਹੋ-ਹੋ ਗੱਲਾਂ ਕਰਦੇ, ਹਸਦੇ। ਦੋਵਾਂ ਨੂੰ ਹਸਦੇ, ਗੱਲਾਂ ਕਰਦੇ ਵੇਖ ਕਰਮੀ ਗੌਰਵ ਨਾਲ ਭਰ ਜਾਂਦੀ। ਉਹ ਖੁਸ਼ੀ ਵਿਚ ਗਿੱਠ ਉੱਚੀ ਉਠ ਖੜ੍ਹਦੀ। ਭਗਵਾਨ ਤੇ ਕਿਰਨਾ ਪਹੇ ਦੀ ਵਾਟ ਮੁਕਦੀ ਕਰਕੇ ਪਿੱਛੇ ਮੁੜ ਕੇ ਝਾਕੇ, ਕਰਮੀ ਅਜੇ ਵੀ ਬੂਹੇ ਵਿਚ ਖੜ੍ਹੀ ਵੇਖ ਰਹੀ ਸੀ। ਦੋਵੇਂ ਮੁਸਕਰਾਉਂਦੇ ਫਿਰ ਗੱਲਾਂ ਵਿਚ ਰੁੱਝ ਗਏ।

''ਮੈਂ ਸੁਣਿਐ ਤੁਸੀਂ ਇਥੇ ਬਾਹਰੋਂ ਆ ਕੇ ਵਸੇ ਓਂ।'' ਚਾਹੇ ਭਗਵਾਨ ਨੂੰ ਇਸ ਗੱਲ ਬਾਰੇ ਕੁਝ ਕੁ ਪਤਾ ਸੀ ਪਰ ਉਸਨੇ ਚੰਗੀ ਤਰ੍ਹਾਂ ਜਾਣਨ ਲਈ ਗੱਲ ਤੋਰ ਹੀ ਲਈ।

''ਹਾਂ। ਮੇਰੇ ਬਾਪੂ ਹੋਰੀਂ ਕਹਿੰਦੇ ਤੀ ਵੀ ਆਪਾਂ ਬੁੰਗਾਂ ਤੋਂ ਆਏ ਤੀ।''

''ਕਿਹੜੇ ਬੁੰਗਾਂ ਤੋਂ?''

''ਪਾਕਿਸਤਾਨ 'ਚੋਂ।''

''ਅੱਛਾ! ਤਾਂ ਫੇਰ ਤੁਸੀਂ ਰਫਿਊਜੀ ਓ।''

''ਹਾਂ।''

''ਫੇਰ ਤੁਸੀਂ ਇਥੇ ਕਿਮੇਂ ਆ ਗੇ।'' ਭਗਵਾਨ ਦੇ ਦਿਲ ਵਿਚ ਕਿਰਨਾ ਦੇ ਪਿਛੋਕੜ ਬਾਰੇ ਜਾਣਨ ਲਈ ਦਿਲਚਸਪੀ ਜਾਗ ਪਈ।

''ਮੇਰੇ ਬਾਪੂ ਹੋਰੀਂ ਪਹਿਲਾਂ ਪਾਕਿਸਤਾਨ ਦੇ ਪਿੰਡ ਬੂੰਗਾਂ ਰਹਿੰਦੇ ਤੀ, ਉਥੇ ਸਾਡੀ ਸਾਰੀ ਜ਼ਮੀਨ ਮਾਰੂ ਹੋਣ ਕਰਕੇ ਫਸਲ ਘੱਟ ਈ ਹੁੰਦੀ ਤੀ। ਫੇਰ ਗੱਲਾਂ ਹੋਣ ਲੱਗ ਪਈਆਂ ਕਹਿੰਦੇ ਦੇਸ਼ ਦੀ ਵੰਡ ਹੋਊਗੀ। ਹਿੰਦੂਆਂ ਤੇ ਮੁਸਲਮਾਨਾਂ ਦੇ ਦੋ ਅੱਡ-ਅੱਡ ਦੇਸ਼ ਹੋ ਜਾਣਗੇ। ਫੇਰ ਹੌਲੀ-ਹੌਲੀ ਰੌਲ਼ਾ ਪੈਣ ਲੱਗ ਪਿਆ। ਅਜੇ ਕੋਈ-ਕੋਈ ਵਾਰਦਾਤ ਈ ਹੁੰਦੀ ਤੀ ਜਦੋਂ ਅਸੀਂ ਇਥੇ ਆ ਗੇ। ਓਦੋਂ ਮੇਰਾ ਬਾਪੂ ਥੋੜ੍ਹੇ ਜੇ ਦਿਨਾਂ ਦਾ ਗੋਦੀ ਤੀ। ਇਥੇ ਕਰਮੀ ਕੇ ਸਾਡੀ ਅੰਗਲੀ-ਸੰਗਲੀ ਰਲਦੀ ਤੀ ਮੇਰੇ ਨਾਨਕਿਆਂ ਕਨੀਓਂ। ਇਨ੍ਹਾਂ ਨੇ ਸਾਨੂੰ ਇਥੇ ਜ਼ਮੀਨ ਦਵਾਤੀ। ਫੇਰ ਅਸੀਂ ਇਥੇ ਈ ਘਰ ਪਾ ਲਿਆ।''

''ਇਥੇ ਜੀਅ ਲੱਗ ਜਾਂਦੈ ਕੱਲਿਆਂ ਦਾ?'' ਭਗਵਾਨ ਨੇ ਪੈੜ-ਚਾਲ ਥੋੜ੍ਹੀ ਤੇਜ ਕਰ ਦਿੱਤੀ ਤਾਂ ਕਿ ਜਲਦੀ ਮੁੜ ਸਕੇ।

''ਤੇਰੇ ਵਰਗੇ ਸੜਕ 'ਤੇ ਆਉਂਦੇ-ਜਾਂਦੇ ਵਥੇਰੇ ਮਿਲ ਜਾਂਦੇ ਨੇ।'' ਕੁੜੀ ਨੇ ਚਿੜਾਉਂਦਿਆਂ ਆਸੇ-ਪਾਸੇ ਵੇਖ ਕੇ ਮੁੰਡੇ ਦੀ ਵੱਖੀ ਵਿਚ ਪੋਲੀ ਜਿਹੀ ਕੂਹਣੀ ਜੜ ਦਿੱਤੀ।

''ਕਿਉਂ ਮਾਰਦੀ ਐਂ ਵੈਰਨੇ, ਮੈਂ ਤਾਂ ਪਹਿਲਾਂ ਈ ਤੇਰੇ ਪਿਆਰ ਦਾ ਮਾਰਿਆ ਤੜਫੀ ਜਾਨਾਂ।''

''ਅਜੇ ਕੀ ਤੜਫਿਐਂ, ਅਜੇ ਤਾਂ ਹੋਰ ਤੜਫਣਾ ਪਊ।''

''ਨਾ ਬਾਬਾ ਨਾ ਇਹ ਜ਼ੁਲਮ ਨਾ ਕਰਿਓ ਦਾਸ 'ਤੇ। ਮੈਂ ਤਾਂ ਪਹਿਲੀਂ ਮਰਜੂੰ।'' ਭਾਗੂ ਨੇ ਦੋਵੇਂ ਹੱਥ ਕੰਨਾਂ ਨੂੰ ਲਾ ਲਏ।

ਦੋਵੇਂ ਬਿਨਾਂ ਕਿਸੇ ਡਰੋਂ ਗੱਲਾਂ ਕਰਦੇ ਸੜਕ 'ਤੇ ਤੁਰੇ ਜਾ ਰਹੇ ਸੀ। ਅਸਮਾਨ ਵਿਚ ਉਡਦੇ ਪੰਛੀਆਂ ਵਾਂਗ ਕਦੇ ਇਕ-ਦੂਜੇ ਤੋਂ ਫਾਸਲਾ ਕਰ ਲੈਂਦੇ ਤੇ ਕਦੇ ਨੇੜੇ ਹੋ ਜਾਂਦੇ। ਚਾਰੇ ਪਾਸੇ ਬਿਹਾਰੀ ਮਜ਼ਦੂਰ ਕੰਮ ਵਿਚ ਜੁਟੇ ਹੋਏ ਸਨ। ਅੱਧ ਤੋਂ ਵੱਧ ਧਰਤੀ ਝੋਨੇ ਨਾਲ ਹਰੀ-ਪੀਲੀ ਜਾਪਣ ਲੱਗ ਪਈ ਤੇ ਬਾਕੀ ਦੇ ਖੇਤਾਂ ਵਿਚ ਖੜ੍ਹਾ ਪਾਣੀ ਚਾਂਦੀ ਵਾਂਗ ਲਿਸ਼ਕਾਂ ਮਾਰ ਰਿਹਾ ਸੀ। ਹਵਾ ਦੇ ਬੁੱਲੇ ਖੇਤਾਂ 'ਚ ਖੜ੍ਹੇ ਪਾਣੀ ਨਾਲ ਘੁਲ ਕੇ ਲੋਅ ਦੀ ਥਾਂ ਹੁਣ ਠੰਡੇ ਹੋ ਗਏ ਸਨ। ਸੜਕ 'ਤੇ ਤੁਰੇ ਜਾਂਦਿਆਂ ਨੂੰ ਕੋਈ ਟਾਵਾਂ-ਟਾਵਾਂ ਸਾਈਕਲ ਜਾਂ ਸਕੂਟਰ ਸਵਾਰ ਟੱਕਰਦਾ, ਜੋ ਉਨ੍ਹਾਂ ਵੱਲ ਅਜੀਬ ਜਿਹਾ ਵੇਖਦਾ ਅੱਗੇ ਲੰਘ ਜਾਂਦਾ। ਜਦ ਘਰ ਆਏ ਤਾਂ ਸੱਚਮੁੱਚ ਹੀ ਕਿਰਨਾ ਦੀ ਮਾਂ ਤੋਂ ਬਿਨਾਂ ਕੋਈ ਘਰ ਨਹੀਂ ਸੀ।

''ਤਾਈ ਘਰੇ ਕੋਈ ਦੀਂਹਦਾ ਈ ਨੀ।'' ਭਗਵਾਨ ਨੇ ਸੁਭਾਵਿਕ ਹੀ ਪੁੱਛ ਲਿਆ।

''ਭਾਈ ਸਾਰੇ ਓਹ ਫਿਰਦੇ ਨੇ ਖੇਤ ਜੀਰੀ ਲਾਈ ਜਾਂਦੇ ਨੇ।''

''ਅਜੇ ਕਿੰਨੀ ਕੁ ਰਹਿੰਦੀ ਐ?''

''ਬੱਸ ਦੋ ਤਿੰਨ ਕਿੱਲੇ ਰਹਿ ਗੇ, ਪਰਸੋਂ ਤੱਕ ਨਿਬੜ ਜੂ। ਤੂੰ ਵਧੀਆ ਕੀਤਾ ਭਾਈ ਕਿਰਨਾ ਨੂੰ ਛੱਡ ਗਿਆ, ਸਾਡੇ ਤਾਂ ਅੱਜ ਕੋਈ ਲਿਆਉਣ ਆਲ਼ਾ ਵੀ ਨਈਂ ਤੀ।''

''ਚੰਗਾ ਤਾਈ ਮੈਂ ਜਾਨਾਂ।'' ਭਗਵਾਨ ਜਾਣ ਲਈ ਤਿਆਰ ਹੋ ਗਿਆ।

''ਨਹੀਂ ਨਹੀਂ ਤੂੰ ਬੈਠ, ਮੈਂ ਦੁੱਧ ਬਣਾ ਕੇ ਲਿਆਉਨੀ ਆਂ। ਪੀ ਕੇ ਜਾਈਂ।'' ਕੁੜੀ ਮੁੰਡੇ ਵੱਲ ਅੱਖਾਂ ਕਢਦੀ ਹੁਕਮ ਚਾੜ੍ਹ ਗਈ।

''ਚੰਗਾ ਫੇਰ ਛੇਤੀ ਕਰ।'' ਭਗਵਾਨ ਗੇਟ ਨਾਲ ਬਣੇ ਕਮਰੇ ਵਿਚ ਹੀ ਬੈਠ ਗਿਆ। ਕਿਰਨਾ ਥੋੜ੍ਹੇ ਸਮੇਂ ਪਿੱਛੋਂ ਹੀ ਦੁੱਧ ਬਣਾ ਲਿਆਈ।

''ਲਓ ਭਾਗੂ ਜੀ!'' ਕੁੜੀ ਨੇ ਦੁੱਧ ਦਾ ਗਿਲਾਸ ਬੜੇ ਅਦਬ ਨਾਲ ਭਾਗੂ ਵੱਲ ਵਧਾ ਦਿੱਤਾ।

''ਕਿਉਂ ਫਿੱਕਾ ਈ ਪਿਆਉਣ ਲੱਗੇ ਓ, ਕੁਛ ਮਿੱਠਾ ਵੀ ਤਾਂ ਪਾ ਦਿਓ ਜੀ।''

ਕਿਰਨਾ ਝੱਟ ਸਮਝ ਗਈ। ਉਸਨੇ ਗੁਲਾਬੀ ਬੁੱਲ੍ਹਾਂ ਨਾਲ ਗਿਲਾਸ ਵਿਚੋਂ ਇਕ ਘੁੱਟ ਭਰ ਲਈ ਤੇ ਮੁੜ ਭਾਗੂ ਨੂੰ ਫੜਾ ਦਿੱਤਾ। ਭਾਗੂ ਨੇ ਦੁੱਧ ਪੀ ਕੇ ਖਾਲੀ ਗਿਲਾਸ ਕਿਰਨਾ ਨੂੰ ਫੜਾਉਂਦਿਆਂ ਕਿਹਾ, ''ਹੁਣ ਜਾਣ ਦੀ ਆਗਿਆ ਦਿਓਂਗੇ ਬਾਬਿਓ?''

''ਹਾਂ ਹੁਣ ਤੁਸੀਂ ਜਾ ਸਕਦੇ ਓ, ਪਰ ਹੁਣ ਮਿਲਣ ਜ਼ਰੂਰ ਆ ਜਿਆ ਕਰਿਓ।''

''ਜੇ ਬੁਲਾਓਗੇ ਤਾਂ ਜ਼ਰੂਰ ਆਮਾਂਗੇ ਮਾਲਕੋ।''

''ਹਾਂ ਸੱਚ! ਅਜੇ ਜਾਣ ਦੀ ਆਗਿਆ ਨਹੀਂ।'' ਕਿਰਨਾ ਨੂੰ ਜਿਵੇਂ ਕੁਝ ਭੁੱਲਿਆ ਯਾਦ ਆ ਗਿਆ ਹੋਵੇ।

''ਦੱਸੋ ਜੀ।'' ਭਗਵਾਨ ਅਦਭੁਤ ਲੋਰ ਵਿਚ ਪੈਰਾਂ ਤੋਂ ਸਿਰ ਤੱਕ ਖੁਭਿਆ ਪਿਆ ਸੀ।

''ਮੈਂ ਸੁਣਿਐ ਤੁਸੀਂ ਕੁਛ ਲਿਖਦੇ ਵੀ ਓਂ।''

''ਨਾਂਹ! ਤੈਨੂੰ ਕੀਹਨੇ ਕਹਿ ਤਾ?''

''ਮੈਨੂੰ ਸਭ ਪਤੈ, ਬਾਹਲੀਆਂ ਚਲਾਕੀਆਂ ਜੀਆਂ ਨਾ ਕਰ ਸੁਣਾ ਇਕ, ਮੈਨੂੰ ਨੀ ਪਤਾ।''

ਕਿਰਨਾ ਅੜ ਕੇ ਖੜ੍ਹ ਗਈ।

''ਚੰਗਾ ਫੇਰ ਲੈ ਸੁਣ...

ਤੇਰੇ ਹੁਸਨ ਦੇ ਚਰਚੇ

ਹਰ ਮੋੜ ਗਲੀ।

ਮੁੰਡਿਆਂ ਤੇ ਡੋਰੇ ਪਾਉਣ ਵਾਲੀਏ

ਤੇਰੀ ਸੰਭਦੀ ਨਹੀਂ ਅਜੇ ਨਲੀ। ਹਾ...ਹਾ...।''

ਭਾਗੂ ਛੜੱਪਾ ਮਾਰ ਕੇ ਦੂਰ ਜਾ ਖੜ੍ਹਿਆ, ''ਚੰਗਾ ਜੀ ਹਮ ਚਲੇ।''

ਕਿਰਨਾ ਮੁੱਕੀ ਘੂਰ ਕੇ ਉਸਦੇ ਮਗਰ ਭੱਜੀ ਪਰ ਉਹ ਸੜਕ 'ਤੇ ਜਾ ਚੜ੍ਹਿਆ। ਭਗਵਾਨ ਨੇ ਸੜਕ 'ਤੇ ਜਾ ਕੇ ਹੱਥ ਹਿਲਾਇਆ। ਕਿਰਨਾ ਨੇ ਦੂਰ ਖੜ੍ਹੀ ਨੇ ਮੁੱਕੀ ਘੂਰ ਦਿੱਤੀ। ਜੋ ਵਾਟ ਭਗਵਾਨ ਨੇ ਕਿਰਨਾ ਦੇ ਸਾਥ ਨਾਲ ਪਲਾਂ ਵਿਚ ਹੀ ਮੁਕਾ ਦਿੱਤੀ ਸੀ, ਹੁਣ ਦੁੱਗਣੀ ਜਾਪਣ ਲੱਗ ਪਈ। ਪਹਿਲਾਂ ਉਸਨੇ ਕਰਮੀ ਕੋਲ ਜਾਣ ਦਾ ਮਨ ਬਣਾਇਆ ਪਰ ਫਿਰ ਘਰ ਵੱਲ ਹੀ ਹੋ ਤੁਰਿਆ।

## 5.

ਮੁਖਤਿਆਰ ਦੀ ਹਾਰ ਨੇ ਉਸਨੂੰ ਪੂਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ। ਹਾਰ ਦਾ ਦੁੱਖ ਨਾ ਸਹਿੰਦਿਆਂ ਉਹ ਬਿਮਾਰ ਪੈ ਗਿਆ। ਇਕ-ਦੋ ਮਹੀਨੇ ਇਲਾਜ ਚਲਦਾ ਰਿਹਾ ਪਰ ਕੋਈ ਫ਼ਰਕ ਨਾ ਪਿਆ। ਡਾਕਟਰ ਨੇ ਸਲਾਹ ਦਿੱਤੀ ਕਿ ਉਹ ਬਾਹਰ ਘੁੰਮ-ਫਿਰ ਆਇਆ ਕਰੇ ਪਰ ਆਪਣੀ ਨਮੋਸ਼ੀ ਭਰੀ ਹਾਰ ਕਰਕੇ ਉਹ ਲੋਕਾਂ ਨੂੰ ਮੂੰਹ ਦਿਖਾਉਣੋਂ ਝਿਜਕਦਾ ਸੀ ਤੇ ਫਿਰ ਉਸਦੇ ਦੋਸਤਾਂ-ਮਿੱਤਰਾਂ ਨੇ ਉਸਨੂੰ ਹੌਸਲਾ ਦੇਣਾ ਸ਼ੁਰੂ ਕਰ ਦਿੱਤਾ। ਉਸਦੀ ਢੱਠੀ ਢੇਰੀ ਦੁਬਾਰਾ ਉਸਰਨ ਲੱਗੀ। ਹੁਣ ਮੁਖਤਿਆਰ ਤੇ ਮੁਖਤਿਆਰ ਦੇ 'ਕੌਲੀ ਚੱਟ' ਯਾਰ ਹਰ ਰੋਜ਼ ਹੀ ਗੁਰਦੀਪ ਨੂੰ ਸਰਪੰਚੀ ਦੀ ਗੱਦੀ ਤੋਂ ਲਾਹੁਣ ਦੀਆਂ ਸਲਾਹਾਂ ਬਣਾਉਂਦੇ ਰਹਿੰਦੇ ਪਰ ਕੋਈ ਵੀ ਸਲਾਹ ਪੂਰੀ ਤਰ੍ਹਾਂ ਨੇਪਰੇ ਨਾ ਚੜ੍ਹਦੀ। ਅਖ਼ੀਰ ਇਸ ਗੱਲ 'ਤੇ ਸਾਰੇ ਰਾਜ਼ੀ ਹੋ ਗਏ ਕਿ ਕਿਉਂ ਨਾ ਆਪਾਂ ਸਾਰੇ ਮੈਂਬਰ ਆਪਣੇ ਵੱਲ ਕਰ ਲਈਏ। ਫੇਰ ਸਾਲਾ ਆਪੇ ਮਿਆਂਕੂ। ਉਨ੍ਹਾਂ ਪੂਰੀ ਵਾਹ ਲਾ ਕੇ ਮੈਂਬਰ ਆਪਣੇ ਵੱਲ ਜੋੜਨੇ ਸ਼ੁਰੂ ਕਰ ਦਿੱਤੇ ਦੋ ਮੈਂਬਰ ਉਨ੍ਹਾਂ ਸੌਖਿਆਂ ਹੀ ਆਪਣੇ ਵੱਲ ਕਰ ਲਏ ਪਰ ਹੁਣ ਜੋ ਔਖਾ ਸੀ, ਉਹ ਸੀ ਦੂਸਰੇ ਮੈਂਬਰਾਂ ਨੂੰ ਕਿਵੇਂ ਨਾ ਕਿਵੇਂ ਆਪਣੇ ਵੱਲ ਖਿੱਚਣਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸਰਵਣ ਦੇ ਨਿਆਣਾ ਪਾਉਣਾ ਸ਼ੁਰੂ ਕਰ ਦਿੱਤਾ। ਕਰਤਾਰ ਦਿਨ ਦੇ ਢਲ਼ਦਿਆਂ ਹੀ ਡੱਬ ਵਿਚ ਬੋਤਲ ਲੈ ਕੇ ਸਰਵਣ ਦੇ ਘਰ ਜਾ ਧਮਕਿਆ।

''ਓਹ ਹੋਰ ਸੁਣਾ ਸਰਵਣ ਸਿਆਂ ਕੀ ਹਾਲੇ-ਚਾਲੇ ਨੇ?'' ਕਰਤਾਰ ਨੇ ਹੱਥ ਮਿਲਾਉਂਦਿਆਂ ਦੱਬ ਕੇ ਘੁੱਟਿਆ।

''ਬੱਸ ਬਾਈ ਟੈਮ ਪਾਸ ਐ।'' ਸਰਵਣ ਅੰਦਰਲੀ ਗਰੀਬੀ ਬੋਲ ਪਈ। ਉਹ ਕਰਤਾਰ ਨੂੰ ਬਿਨਾਂ ਟੀਪ-ਟੱਲੇ ਤੋ ਇਕ ਲੀਹ ਉਪਰ ਖੜ੍ਹੀ ਕੀਤੀ ਬੈਠਕ ਵਿਚ ਲੈ ਗਿਆ।

''ਟੈਮ ਪਾਸ ਈ ਕਰਨੈ ਆਪਾਂ ਨੇ, ਹੋਰ ਇਥੇ ਕੀ ਰੱਖਿਐ।'' ਕਹਿੰਦਿਆਂ ਕਰਤਾਰ ਬੈਠਕ ਵਿਚਲੀ ਮੰਜੀ ਉਪਰ ਬੈਠ ਗਿਆ।

''ਕਰਨਾ ਤਾਂ ਖ਼ੈਰ ਟੈਮ ਪਾਸ ਈ ਐ ਬਾਈ।'' ਸਰਵਣ ਗੱਲ ਨੂੰ ਜ਼ਿਆਦਾ ਲਮਕਾਉਣ ਦੀ ਬਜਾਏ ਉਸੇ ਨਾਲ ਸਹਿਮਤ ਹੋ ਗਿਆ।

''ਹੋਰ ਸੁਣਾ ਨਮੀਂ-ਤਾਜੀ।''

''ਅਸੀਂ ਕੀ ਸੁਣਾਉਣੀ ਐਂ ਬਾਈ, ਤੁਸੀਂ ਸੁਣਾਓ ਅੱਜ ਗਰੀਬ ਦੇ ਘਰ ਕਿਵੇਂ ਦਰਸ਼ਨ ਦਿੱਤੇ?''

''ਬਾਈ ਜੀ ਕੋਈ ਗਰੀਬ-ਅਮੀਰ ਨੀ। ਇਹ ਤਾਂ ਸਭ ਲੋਕਾਂ ਦੇ ਬਣਾਏ ਹੋਏ ਨੇ। ਜੇ ਅਮੀਰ ਬਣਨਾ ਈ ਐ ਤਾਂ ਦਿਲ ਦਾ ਅਮੀਰ ਬਣੋ। ਉਂਈਂ ਕਹਿ ਦੇਣਗੇ ਇਹ ਚੂੜ੍ਹਾ, ਇਹ ਚਮਿਆਰ, ਇਹ ਫਲਾਣਾ, ਇਹ ਢਿਮਕਾ। ਖ਼ੂਨ ਤਾਂ ਸਭ ਦਾ ਇੱਕੋ ਐ। ਸੱਚ ਪੁੱਛੇਂ ਮੈਨੂੰ ਤਾਂ ਅੱਜ ਤੇਰੇ ਨਾਲ ਪੀਣ ਨੂੰ ਦਿਲ ਕਰ ਆਇਆ। ਏਸੇ ਲਈ ਹੁਣ ਸਿੱਧਾ ਬੋਤਲ ਲੈ ਕੇ ਤੇਰੇ ਕੋਲ ਈ ਆਇਆਂ।'' ਕਰਤਾਰ ਨੇ ਚੋਗਾ ਖਿਲਾਰਨਾ ਸ਼ੁਰੂ ਕਰ ਦਿੱਤਾ। ਗੱਲ ਆਪਣੇ ਅਨੁਕੂਲ ਹੁੰਦੀ ਵੇਖ, ਬੋਤਲ ਡੱਬ ਵਿਚੋਂ ਕੱਢ ਕੇ ਸਰਵਣ ਅੱਗੇ ਰੱਖ ਦਿੱਤੀ।

''ਜੇ ਤੇਰਾ ਮੇਰੇ ਨਾਲ ਪੀਣ ਨੂੰ ਦਿਲ ਕਰਦੈ, ਫੇਰ ਆਪਾਂ ਕਿਹੜਾ ਮੋੜਦੇ ਆਂ। ਇਹ ਵੀ ਤੇਰਾ ਆਪਣਾ ਘਰ ਐ। ਜਦੋਂ ਮਰਜ਼ੀ ਆ।'' ਸਰਵਣ ਨੇ ਵੀ ਬੋਤਲ ਵੇਖ ਕੇ ਲਾਲ਼ਾਂ ਸੁੱਟ ਲਈਆਂ।

''ਲੈ ਪਾ ਫੇਰ।''

''ਇਕ ਮਿੰਟ।'' ਸਰਵਣ ਅਲਮਾਰੀ ਵਿਚੋਂ ਕੱਚ ਦਾ ਗਿਲਾਸ ਕੱਢ ਕੇ ਬੋਤਲ ਕੋਲ ਰੱਖ ਗਿਆ ਤੇ ਬਾਹਰੋਂ ਪਾਣੀ ਦਾ ਜੱਗ ਭਰ ਲਿਆਇਆ। ਥੋੜ੍ਹਾ ਪਾਣੀ ਗਿਲਾਸ ਵਿਚ ਪਾ ਕੇ ਧੋ ਦਿੱਤਾ ਤੇ ਮੁੜ ਸ਼ਰਾਬ ਦਾ ਅੱਧਾ ਕਰਕੇ ਅੰਦਰ ਸੁੱਟ ਲਿਆ।

''ਮੈਂਬਰਾ ਐਤਕੀਂ ਤਾਂ ਪਿੰਡ ਨੂੰ ਗਰਾਂਟ ਵੀ ਬਹੁਤ ਮਿਲਗੀ ਲਗਦੈ।'' ਕਰਤਾਰ ਨੇ ਵੀ ਇਕ ਪੈੱਗ ਚਾੜ੍ਹ ਕੇ ਖੁਸ਼ਕ ਮੁੱਛਾਂ ਉਤੋਂ ਹੱਥ ਫੇਰਿਆ।

''ਬਾਈ ਗਰਾਂਟ ਨੂੰ ਗਰਾਂਟ ਆਲ਼ੇ ਜਾਨਣ।''

''ਨਹੀਂ ਯਾਰ ਮੈਂਬਰ ਤਾਂ ਤੂੰ ਵੀ ਐਂ। ਸਾਅਬ ਲਿਆ ਕਰ।''

''ਆਪਾਂ ਸਾਅਬ ਲੈ ਕੇ ਕੀ ਕਰਨੈ। ਪਿੰਡ ਦੇ ਪੈਸੇ ਨੇ, ਪਿੰਡ 'ਤੇ ਲੱਗ ਜਾਣਗੇ।''

''ਜੇ ਪੈਸੇ ਪਿੰਡ 'ਤੇ ਈ ਲੱਗਣ ਫੇਰ ਸਾਅਬ ਲੈਣ ਦੀ ਕੀ ਲੋੜ ਐ।''

''ਹੋਰ ਫੇਰ ਕਿੱਥੇ ਲਗਦੇ ਨੇ?'' ਸਰਵਣ ਦੇ ਮੱਥੇ 'ਤੇ ਤਿਉੜੀਆਂ ਦਾ ਪ੍ਰਸ਼ਨ ਚਿੰਨ੍ਹ ਉੱਘੜ ਆਇਆ।

''ਐਤਕੀਂ ਸਕੂਲ ਦੇ ਕਮਰਿਆਂ 'ਤੇ ਕਿੰਨੇ ਕੁ ਲੱਗੇ ਲਗਦੇ ਨੇ?'' ਕਰਤਾਰ ਨੇ ਪ੍ਰਸ਼ਨ ਦਾ ਉਤਰ ਦੇਣ ਦੀ ਬਜਾਏ ਇਕ ਹੋਰ ਪ੍ਰਸ਼ਨ ਖੜ੍ਹਾ ਕਰ ਦਿੱਤਾ।

''ਲੱਗਿਆ ਹੋਣੈ ਡੇਢ ਕੁ ਲੱਖ।''

''ਡੇਢ ਕੁ ਲੱਖ।'' ਕਰਤਾਰ ਨੇ ਉਪਰੋਂ ਹੇਠਾਂ ਨੂੰ ਸਿਰ ਹਿਲਾਇਆ, ''ਬਾਕੀ ਕਿੱਧਰ ਗਏ ਪਤੈ ਕੁਛ?'' ਕਰਤਾਰ ਉਸ ਉਤੇ ਪਾਣੀ ਵਾਂਗ ਫਿਰ ਗਿਆ।

''ਕਿੱਧਰ ਗਏ?'' ਸਰਵਣ ਨੇ ਉਤਰ ਦੇਣ ਦੀ ਬਜਾਏ ਉਹੀ ਪ੍ਰਸ਼ਨ ਵਾਪਿਸ ਮੋੜ ਦਿੱਤਾ।

''ਜਾਣੇ ਕਿੱਧਰ ਤੀ, ਖਾ ਗਿਆ।''

''ਅੱਛਿਆ, ਮੈਨੂੰ ਨੀ ਪਤਾ ਤੀ ਆਹ ਗੱਲ ਦਾ।'' ਸਰਵਣ ਤ੍ਰਭਕ ਕੇ ਬੋਲਿਆ, ਜਿਵੇਂ ਕਿਸੇ ਨੇ ਹਨ੍ਹੇਰੇ ਵਿਚ ਫਿਰਦੇ ਅੱਗੇ ਚਾਨਣ ਦੀ ਕਿਰਨ ਲੈ ਆਂਦੀ ਹੋਵੇ।

''ਹੁਣ ਤਾਂ ਏਸੇ 'ਚੋਂ ਐਨੇ ਖਾ ਗਿਆ, ਜਿਹੜੀਆਂ ਅੱਗੇ ਗਰਾਂਟਾਂ ਆਉਣਗੀਆਂ, ਉਨ੍ਹਾਂ ਦਾ ਕੀ ਬਣੂ?'' ਕਰਤਾਰ ਨੇ ਇਕ ਮੋਟਾ ਪੈੱਗ ਹੋਰ ਚਾੜ੍ਹ ਲਿਆ।

''ਚੱਲ ਛੱਡ ਯਾਰ ਆਪੇ ਭਰੂ ਸਾਲਾ।'' ਸਰਵਣ ਥੋੜ੍ਹਾ ਨਰਮ ਪੈ ਗਿਆ।

''ਭਰਨ-ਭਰਾਉਣ ਨੂੰ ਕਿਹੜਾ ਦੇਖਦੈ ਸਰਵਣਾ, ਤੂੰ ਆਪੇ ਦੇਖ ਉਹਦਾ ਕੋਈ ਜਵਾਕ ਏਸ ਸਕੂਲ 'ਚ ਪੜ੍ਹਦੈ?''

''ਨਾ।'' ਸਰਵਣ ਨੇ ਢੋਲ ਵਾਂਗੂ ਸਿਰ ਫੇਰ ਦਿੱਤਾ।

''ਫੇਰ! ਉਹਨੂੰ ਪੈਸੇ ਲਾਉਣ ਦੀ ਕੀ ਲੋੜ ਐ। ਇਕ ਮੁੰਡੈ, ਉਹ ਆਪਣਾ ਕੈਡਮੀ 'ਚ ਲਾ ਰੱਖਿਐ। ਇਥੇ ਤਾਂ ਤੇਰੇ ਵਰਗੇ ਗਰੀਬਾਂ ਦੇ ਪੜ੍ਹਦੇ ਨੇ।''

''ਜੇ ਖਾ ਈ ਗਿਆ ਫੇਰ ਹੁਣ ਕਿਹੜਾ ਉਹ ਮੋੜਦੂ।'' ਸਰਵਣ ਨੇ ਬੇਵਸੀ ਜ਼ਾਹਿਰ ਕੀਤੀ।

''ਜੇ ਮੋੜੂ ਨੀ ਤਾਂ ਅਗਲੀਆਂ ਗਰਾਂਟਾਂ ਤਾਂ ਨੀ ਖਾਊ।''

''ਉਹ ਕਿਮੇਂ?''

''ਜੇ ਸਾਰੇ ਮੈਂਬਰ ਇਕ ਪਾਸੇ ਹੋ ਜਾਣ ਤਾਂ ਦੋ ਮਿੰਟ ਲੱਗਣਗੇ ਤਖ਼ਤਾ ਪਲਟਣ ਨੂੰ।'' ਕਰਤਾਰ ਚੁਟਕੀ ਮਾਰ ਗਿਆ।

ਦੋਵਾਂ ਨੇ ਇਕ-ਇਕ ਪੈੱਗ ਹੋਰ ਅੰਦਰ ਸੁੱਟ ਲਿਆ।

''ਯਾਰ ਅਸੀਂ ਤਾਂ ਕੁਛ ਕਰ ਵੀ ਨੀ ਸਕਦੇ। ਲੋਕ ਕਹਿਣਗੇ ਆਪੇ ਬਣਾ ਕੇ ਆਪੇ ਹਟਾ 'ਤਾ।'' ਸਰਵਣ ਨੇ ਅੰਬ ਦੇ ਅਚਾਰ ਦੀ ਗੁਠਲੀ ਚੂਸ ਕੇ ਮੁੜ ਕੌਲੀ ਵਿਚ ਰੱਖ ਦਿੱਤੀ।

''ਜੇ ਕੋਈ ਆਪਣਾ ਕੰਮ ਈ ਨਾ ਕਰੇ, ਫੇਰ ਆਪਾਂ ਉਹਤੋਂ ਕੀ ਕਰਾਉਣੈ।'' ਕਰਤਾਰ ਹੌਲੀ-ਹੌਲੀ ਸਰਵਣ ਨੂੰ ਨੱਥਣ ਦੀ ਕੋਸ਼ਿਸ਼ ਵਿਚ ਸੀ।

''ਇਹ ਤਾਂ ਬਾਈ ਖ਼ੈਰ ਤੇਰੀ ਗੱਲ ਸੋਲ੍ਹਾਂ ਆਨੇ ਐ।'' ਉਹ ਹਾਂ ਵਿਚ ਹਾਂ ਮਿਲਾ ਗਿਆ।

''ਬਾਈ ਜੀ, ਜੇ ਤੂੰ ਮੇਰੀ ਮੱਦਦ ਕਰੇਂ ਤਾਂ ਪੌਂ-ਬਾਰਾਂ ਹੋ ਜਾਣ।''

''ਅਸੀਂ ਕਿਹੜਾ ਤੇਰੇ ਤੋਂ ਭੱਜੇ ਆਂ ਕਰਤਾਰ ਸਿਆਂ, ਜਿਥੇ ਜੀਅ ਕਰੇ ਜੋੜ ਲੀਂ।''

''ਬੱਸ ਫੇਰ, ਜੇ ਤੂੰ ਸਾਡੇ ਨਾਲ ਐਂ, ਉਹਦਾ ਹੁਣੇ ਕਰ ਦਿੰਨੇ ਆਂ ਘੋਗਾ ਚਿੱਤ।'' ਕਰਤਾਰ ਮੰਜੇ ਤੋਂ ਉਠ ਖੜ੍ਹਿਆ।

ਕਰਤਾਰ ਸਰਵਣ ਨਾਲ ਘੁੱਟ ਕੇ ਹੱਥ ਮਿਲਾ ਕੇ ਤੁਰ ਪਿਆ। ਆਪਣੇ ਵੱਲੋਂ ਉਹ ਸਰਵਣ ਨੂੰ ਨੱਥਣ ਦੀ ਪੂਰੀ ਵਾਹ ਲਾ ਆਇਆ ਸੀ। ਜਦੋਂ ਉਹ ਬਾਹਰ ਨਿਕਲਿਆ, ਗਲੀ ਵਿਚ ਕਾਫ਼ੀ ਹਨ੍ਹੇਰਾ ਹੋ ਚੁੱਕਿਆ ਸੀ ਪਰ ਲੋਕ ਅਜੇ ਤੁਰੇ ਫਿਰਦੇ ਸਨ। ਕਰਤਾਰ ਲੜਖੜਾਉਂਦਾ ਦਰਵਾਜ਼ੇ ਕੋਲੋਂ ਆਪਣੇ ਘਰ ਦੀ ਗਲੀ ਮੁੜ ਗਿਆ। ਸਰਵਣ ਦੇ ਘਰ ਪੀਤੀ ਦਾ ਉਸਨੂੰ ਚੰਗਾ ਨਸ਼ਾ ਹੋ ਗਿਆ ਸੀ। ਉਹ ਆਪਣੇ ਘਰ ਅੱਗੇ ਜਾ ਕੇ ਰੁਕ ਗਿਆ। ਘਰ ਦਾ ਵੀਹੀ ਵਾਲਾ ਦਰਵਾਜ਼ਾ ਭੇੜਿਆ ਪਿਆ ਸੀ। ਉਸਨੇ ਬਾਰ ਨੂੰ ਧੱਕ ਕੇ ਨਹੀਂ ਵੇਖਿਆ ਅਤੇ ਨਾ ਹੀ ਬੋਲ ਮਾਰਿਆ। ਉਹ ਉਥੇ ਖੜ੍ਹਾ ਕੁਝ ਸੋਚਦਾ ਰਿਹਾ ਤੇ ਫਿਰ ਵਾਪਿਸ ਮੁੜ ਪਿਆ। ਦਰਵਾਜ਼ੇ ਕੋਲ ਆ ਕੇ ਸਿੱਧਾ ਮੁਖਤਿਆਰ ਦੇ ਘਰ ਨੂੰ ਹੋ ਗਿਆ। ਅੱਗੋਂ ਚਾਂਦੀ, ਮੁਖਤਿਆਰ ਤੇ ਮੁਖਤਿਆਰ ਦਾ ਭਤੀਜਾ ਜੱਗੀ ਬੈਠੇ ਕਰਤਾਰ ਦਾ ਹੀ ਇੰਤਜ਼ਾਰ ਕਰ ਰਹੇ ਸਨ।

''ਕਿਉਂ ਫਸਿਆ ਚੂਹਾ ਪਿੰਜਰੇ 'ਚ?'' ਜੱਗੀ ਜਾਣਨ ਲਈ ਕਾਹਲਾ ਪੈ ਗਿਆ।

''ਆਪਾਂ ਫਸਾਏ ਬਿਨਾਂ ਛਡਦੇ ਆਂ।'' ਕਰਤਾਰ ਨੇ ਹਿੱਕ ਫੁਲਾ ਲਈ।

''ਚੰਗਾ ਲੈ ਫੇਰ ਲਾ ਘੁੱਟ।'' ਮੁਖਤਿਆਰ ਨੇ ਗਲਾਸ ਤੇ ਬੋਤਲ ਕਰਤਾਰ ਵੱਲ ਕਰ ਦਿੱਤੇ।

ਸ਼ਰਾਬ ਦਾ ਦੌਰ ਚੱਲ ਪਿਆ। ਸਾਰਿਆਂ ਦੇ ਮੂੰਹਾਂ ਉਪਰ ਖੁਸ਼ੀ ਦੀਆਂ ਲਹਿਰਾਂ ਦੌੜ ਰਹੀਆਂ ਸਨ, ਜਿਵੇਂ ਕੋਈ ਵੱਡੀ ਜੰਗ ਜਿੱਤ ਲਈ ਹੋਵੇ। ਉਹ ਇਕ ਤਰ੍ਹਾਂ ਨਾਲ ਜੰਗ ਹੀ ਤਾਂ ਲੜ ਰਹੇ ਸਨ। ਆਪਣੇ ਮਿਸ਼ਨ ਦਾ ਪਹਿਲਾ ਪੜਾਅ ਸੌਖਿਆਂ ਹੀ ਪੂਰਾ ਕਰ ਲਿਆ। ਹੁਣ ਦੂਜੇ ਮੈਂਬਰਾਂ ਨੂੰ ਨੱਥਣ ਦੀ ਵਾਰੀ ਸੀ। ਕੁਝ ਸਮਾਂ ਕਾਵਾਂ-ਰੌਲੀ ਪੈਂਦੀ ਰਹੀ। ਅਖ਼ੀਰ ਅਗਲੇ ਮੈਂਬਰ ਨੂੰ ਨੱਥਣਾ ਚਾਂਦੀ ਜ਼ਿੰਮੇ ਪਾ ਦਿੱਤਾ, ਜੋ ਚਾਂਦੀ ਦੇ ਖੇਤ ਦਾ ਗੁਆਂਢੀ ਸੀ। ਚਾਂਦੀ ਨੇ ਇਹ ਖਿੜੇ ਮੱਥੇ ਕਬੂਲ ਕਰ ਲਿਆ।
ਚਾਂਦੀ ਕਈ ਦਿਨ ਜੁੱਤੀਆਂ ਘਸਾਉਂਦਾ ਜਿਉਣੇ ਮੈਂਬਰ ਮਗਰ ਫਿਰਦਾ ਰਿਹਾ। ਉਸਨੇ ਲੱਖ ਹੇਠ-ਉੱਤਾ ਕੀਤਾ, ਸੌ ਰੱਸੇ ਵੱਟੇ ਪਰ ਕੁਝ ਹੱਥ ਪੱਲੇ ਨਾ ਪਿਆ। ਉਹ ਦੰਦੀਆਂ ਕਰੀਚਦਾ ਮੂਤ ਦੀ ਝੱਗ ਵਾਂਗ ਟਿਕ ਕੇ ਬੈਠ ਗਿਆ। ਫਿਰ ਕਰਤਾਰ, ਫਿਰ ਜੱਗੀ, ਸਾਰਿਆਂ ਨੇ ਆਪਣੇ ਦਾਅ-ਪੇਚ ਵਰਤ ਕੇ ਵੇਖ ਲਏ ਪਰ ਜਿਉਣਾ ਟੱਸ ਤੋਂ ਮੱਸ ਨਾ ਹੋਇਆ। ਆਖ਼ਿਰ ਥੱਕ-ਹਾਰ ਕੇ ਖਹਿੜਾ ਹੀ ਛੱਡ ਦਿੱਤਾ।
-0-
ਹੁਣ ਇਹ ਢਾਣੀ ਨਵਾਂ ਪੈਂਤੜਾ ਸੋਚਣ ਲਈ ਜੁੜ ਕੇ ਬੈਠ ਜਾਂਦੀ ਤੇ ਕਾਫ਼ੀ ਰਾਤ ਤੱਕ ਸ਼ਰਾਬ ਦੇ ਨਾਲ-ਨਾਲ ਗੁਰਤੇਜ ਨੂੰ ਫਸਾਉਣ ਦੀਆਂ ਨਵੀਆਂ ਬੁਣਤੀਆਂ ਬੁਣੀਆਂ ਜਾਂਦੀਆਂ। 'ਜਿੰਨੇ ਮੂੰਹ, ਓਨੀਆਂ ਗੱਲਾਂ' ਕਹਾਵਤ ਵਾਂਗ ਹਰ ਕੋਈ ਆਪਣੀ-ਆਪਣੀ ਰਾਇ ਦਿੰਦਾ ਪਰ ਕਿਸੇ ਨਾ ਕਿਸੇ ਦੇ ਇਹ ਫਿੱਟ ਨਾ ਬੈਠਦੀ। ਇਸੇ ਤਰ੍ਹਾਂ ਕਰਦਿਆਂ ਨੂੰ ਇਕ-ਦੋ ਮਹੀਨੇ ਲੰਘ ਗਏ। ਇਕ ਦਿਨ ਸ਼ਾਮ ਨੂੰ ਹਫ਼ੌਂ ਟੁੱਟਿਆ ਜੈਲੂ, ਸਰਪੰਚ ਦੀ ਜੁੜੀ ਢਾਣੀ ਕੋਲ ਆਇਆ, ''ਸ....ਸ....ਸਰਪੰਚ! ਗੁਰਦਿਆਲ ਹੋਰਾਂ ਨੇ ਵੀਹੀ ਬੰਦ ਕਰ ਲੀ।''
''ਕਿਉਂ?'' ਮੁਖਤਿਆਰ ਨੇ ਮੱਥੇ ਉਪਰ ਤਿਉੜੀਆਂ ਨਾਲ ਸ਼ਿਵਜੀ ਦਾ ਤ੍ਰਿਸ਼ੂਲ ਬਣਾ ਲਿਆ।
''ਪਤਾ ਨੀ।''
''ਨਾਅ ਐਂ ਕਿਮੇਂ ਵੀਹੀ ਬੰਦ ਕਰ ਲੈਣਗੇ। ਉਹਨਾਂ ਦੇ ਬਾਪ ਦਾ ਰਾਜ ਐ?'' ਮੁਖਤਿਆਰ ਗੁੱਸੇ ਵਿਚ ਲਾਲ ਹੋ ਗਿਆ।
''ਓਏ ਇਹ ਸਾਰੀ ਚੱਕ-ਬੱਤ ਗਾਂ ਜੀ ਦੀ ਹੋਣੀ ਐ।'' ਕਰਤਾਰ ਦੀ ਸੋਚੀ ਸੋਚ ਅੱਗੇ ਮੌਜੂਦਾ ਸਰਪੰਚ ਆ ਘੁੰਮਿਆ।
''ਫੇਰ ਉਹ ਕੀ ਕਰ ਲੂ ਸਾਲਾ, ਚਲੋ ਕੰਧ ਢਾਹ ਕੇ ਆਈਏ। ਦੇਖਦੇ ਆਂ ਕੌਣ ਹਟਾਉਂਦੈ।'' ਜੱਗੀ ਨੇ ਖੂੰਜੇ ਨਾਲ ਲੱਗਿਆ ਗੰਡਾਸਾ ਚੁੱਕ ਲਿਆ। ਬਾਕੀ ਵੀ ਉਸਦੇ ਨਾਲ ਹੀ ਤੁਰ ਪਏ। ਜੱਗੀ ਸਭ ਤੋਂ ਅੱਗੇ ਸਾਨ੍ਹ ਵਾਂਗ ਭੂਸਰਿਆ ਜਾ ਰਿਹਾ ਸੀ। ਉਸਦੇ ਹਥਲਾ ਗੰਡਾਸਾ ਪੱਕੀ ਵੀਹੀ ਵਿਚ 'ਠੱਕ-ਠੱਕ' ਵਜਦਾ ਜਾ ਰਿਹਾ ਸੀ। ਅੱਗੇ ਗਏ। ਗਲੀ ਖਾਲੀ ਭਾਂਅ-ਭਾਂਅ ਕਰਦੀ ਸੀ। ਸਾਰੇ ਗਲੀ ਵਿਚ ਕੱਢੀ ਕੰਧ ਕੋਲ ਪਹੁੰਚ ਗਏ। ਲੱਕ ਤੱਕ ਆਉਂਦੀ ਟੇਢੀ-ਵਿੰਗੀ ਕੰਧ ਆਪ ਹੀ ਕੱਚੀ ਲਗਦੀ ਸੀ।
''ਕਿਉਂ ਕਿਮੇਂ ਕਰੀਏ?''
''ਦੇਖਦਾ ਕੀ ਐਂ ਢਾਹ ਦੇ।'' ਮੁਖਤਿਆਰ ਨੇ ਹੱਲਾ-ਸ਼ੇਰੀ ਦਿੱਤੀ।
ਜੱਗੀ ਨੇ ਗਿੱਲੀ ਕੰਧ ਨੂੰ ਧੱਕਾ ਦੇ ਕੇ ਸੁੱਟ ਦਿੱਤਾ। ਕੰਧ 'ਦਾਅੜ' ਕਰਦੀ ਡਿੱਗ ਪਈ। ਡਿਗਦੀ ਕੰਧ ਦਾ ਖੜਾਕ ਹੁੰਦਿਆਂ ਹੀ 'ਟੀ....ਈ....ਟੀ....' ਕਰਦਾ ਪੱਕਾ ਰੋੜਾ ਜੱਗੀ ਦੇ ਕੰਨ ਕੋਲੋਂ ਲੰਘ ਗਿਆ।
''ਇਹਦੀ ਮਾਂ ਦੀ....।'' ਜੱਗੀ ਗੰਡਾਸਾ ਉਘਰ ਕੇ ਰੋੜੇ ਦੇ ਆਉਣ ਵਾਲੀ ਦਿਸ਼ਾ ਵੱਲ ਭੱਜਣ ਲੱਗਿਆ ਪਰ ਸਰਪੰਚ ਨੇ ਉਹਨੂੰ ਬਾਹੋਂ ਫੜ ਕੇ ਖਿੱਚ ਲਿਆ, ''ਹੁਣ ਆਪਾਂ ਨੂੰ ਕੀ ਲੋੜ ਐ, ਆਪਣਾ ਕੰਮ ਹੋ ਗਿਆ। ਚਲੋ ਚੱਲੀਏ।''
ਸਾਰੇ ਪੁੱਠੇ ਭੱਜ ਤੁਰੇ। ਮਗਰੋਂ ਇਕ ਰੋੜਾ ਹੋਰ ਭੱਜੇ ਜਾਂਦਿਆਂ ਦੇ ਗਿੱਟਿਆਂ ਵਿਚ ਆ ਵੱਜਿਆ। ਗੁਰਦਿਆਲ, ਉਸਦੀ ਘਰਵਾਲੀ ਸੀਤੋ ਅਤੇ ਦੋ ਹੋਰ ਓਪਰੇ ਬੰਦੇ ਰੋੜੇ ਮਾਰਦੇ ਵੀਹੀ ਵਿਚ ਆ ਗਏ ਸੀ। ਜਦੋਂ ਹੋਰ ਨੇੜੇ ਆਏ ਤਾਂ ਕੰਧ ਢੱਠੀ ਪਈ ਸੀ। ਸਾਰੇ ਕੁਝ ਸਮਾਂ ਤਾਂ ਉਥੇ ਖੜ੍ਹੇ ਰਹੇ। ਫਿਰ ਵਿਰੋਧੀ ਧਿਰ ਨੂੰ ਹੌਲੀ-ਹੌਲੀ ਗਾਲਾਂ ਕੱਢਦੇ ਘਰੇ ਜਾ ਵੜੇ। ਵੀਹੀ ਸੁੰਨੀ ਸੀ।

## 6.

ਜਦੋਂ ਮਨੁੱਖ ਅੰਤਾਂ ਦਾ ਦੁਖੀ ਹੋਵੇ ਜਾਂ ਹੱਦੋਂ ਵੱਧ ਖੁਸ਼ ਹੋਵੇ ਤਾਂ ਉਹ ਆਪਣੇ ਇਕ ਅਜਿਹੇ ਕਰੀਬੀ ਦੀ ਭਾਲ ਕਰਦਾ ਹੈ, ਜਿਹੜਾ ਉਸਦੇ ਵਿਚਾਰਾਂ ਦਾ ਮੇਲੀ ਹੋਵੇ, ਜਿਸਨੂੰ ਉਹ ਆਪਣਾ ਸਭ ਦੁੱਖ-ਸੁੱਖ ਬਿਨਾਂ ਝਿਜਕ ਦੱਸ ਦੇਵੇ। ਆਪਣੀ ਜ਼ਿੰਦਗੀ ਦੇ ਵਾਧੇ-ਘਾਟੇ ਉਸ ਅੱਗੇ ਖੋਲ੍ਹ ਦੇਵੇ। ਉਸਨੂੰ ਗ਼ਮ ਦੱਸਿਆਂ ਗ਼ਮ ਘਟ ਜਾਵੇ ਤੇ ਖੁਸ਼ੀ ਸਾਂਝੀ ਕਰਨ ਨਾਲ ਖੁਸ਼ੀ ਦੂਣੀ ਹੋ ਜਾਵੇ। ਅਜਿਹੀ ਸਥਿਤੀ ਤੋਂ ਹੀ ਗੂੜ੍ਹੀ ਮਿੱਤਰਤਾ ਦਾ ਜਨਮ ਹੁੰਦਾ ਹੈ। ਇਸੇ ਤਰ੍ਹਾਂ ਦੀ ਹੀ ਮਿੱਤਰਤਾ ਸੀ ਭਾਗੂ ਅਤੇ ਰਾਜੇ ਵਿਚਕਾਰ। ਭਗਵਾਨ ਦਾ ਰਾਜੇ ਨਾਲ ਗੱਲਾਂ ਕਰਨ ਵੱਲੋਂ ਢਿੱਡ ਭਰਿਆ ਪਿਆ ਸੀ। ਉਸਦਾ ਦਿਲ ਕਾਹਲ਼ਾ ਪੈ-ਪੈ ਜਾਂਦਾ ਕਿ ਮੈਂ ਕਦੋਂ ਆਪਣੀ ਖੁਸ਼ੀ ਰਾਜੇ ਨਾਲ ਸਾਂਝੀ ਕਰ ਲਵਾਂ। ਉਹ ਸ਼ਾਮ ਛੇ ਵਜੇ ਤੱਕ ਕਾਹਲ਼ੀ-ਕਾਹਲ਼ੀ ਕੰਮ ਨਿਬੇੜਦਾ ਰਿਹਾ। ਸਾਰੇ ਕੰਮ ਮੁਕਦੇ ਕਰਕੇ ਉਹ ਰਾਜੇ ਦੇ ਘਰ ਨੂੰ ਹੋ ਤੁਰਿਆ। ਰਾਜਾ ਘਰ ਹੀ ਮਿਲ ਗਿਆ, ''ਭਾਗੂ! ਈਦ ਦਾ ਚੰਨ ਈ ਹੋ ਗਿਆ ਪਤੰਦਰਾ, ਕਦੇ ਗੇੜਾ ਈ ਨੀ ਮਾਰਿਆ?''

''ਯਾਰ ਟੈਮ ਈ ਨੀ ਲੱਗਿਆ।'' ਭਗਵਾਨ ਨੇ ਹੱਥ ਮਿਲਾਇਆ।

''ਹੋਰ ਪੜ੍ਹਾਈ ਚੰਗੀ ਚਲਦੀ ਐ?''

''ਹਾਂ, ਠੀਕ ਐ।''

''ਚੱਲ, ਉਪਰ ਚੱਲ ਕੇ ਕਰਦੇ ਆਂ ਗੱਲਾਂ।'' ਰਾਜਾ ਭਾਗੂ ਨੂੰ ਕੋਠੇ ਉਪਰ ਲੈ ਗਿਆ। ਦਿਨ ਪੂਰਾ ਢਲ਼ ਗਿਆ ਸੀ। ਘਸਮੈਲੇ ਅਸਮਾਨ ਵਿਚ ਉਡਦੀਆਂ ਕਾਵਾਂ ਦੀਆਂ ਡਾਰਾਂ ਦੱਖਣ ਵੱਲ ਤੇਜੀ ਨਾਲ ਵਧ ਰਹੀਆਂ ਸਨ। ਸੂਰਜ ਨੇ ਪੱਛਮ ਦੀ ਹਿੱਕ ਲਹੂ ਵਾਂਗ ਲਾਲ ਕਰ ਰੱਖੀ ਸੀ। ਸਾਹਮਣੇ ਕੋਠੇ ਉਪਰ ਦੋ ਕੁੜੀਆਂ ਸਵੇਰ ਦੇ ਸੁੱਕਣੇ ਪਾਏ ਕੱਪੜਿਆਂ ਨੂੰ ਲਾਹੁਣ ਵਿਚ ਜੁਟੀਆਂ ਸਨ। ਰਾਜਾ ਤੇ ਭਾਗੂ ਬਨੇਰੇ ਉਪਰ ਬੈਠ ਗਏ।

''ਸੁਣਾ ਯਾਰ ਕੋਈ ਪਰੀ ਦੀ ਗੱਲਬਾਤ, ਦਿਆਲ ਹੋਈ ਜਾਂ ਨਹੀਂ?'' ਰਾਜੇ ਨੇ ਭਾਗੂ ਦਾ ਮੋਢਾ ਥਾਪੜਿਆ।

''ਆਪਾਂ ਕਰੇ ਬਿਨਾਂ ਛੱਡਦੇ ਆਂ।''

''ਓਹ ਸਦਕੇ ਬੇਲੀਆ! ਕੀ ਕਹਿੰਦੀ ਫੇਰ?'' ਰਾਜੇ ਨੇ ਮੂੰਹ ਟੱਡ ਲਿਆ ਜਿਵੇਂ ਗੱਲ ਕੰਨਾਂ ਨਾਲ ਨਹੀਂ, ਮੂ੍ੰਹ ਨਾਲ ਸੁਣਨੀ ਹੋਵੇ।

''ਹੁਣ ਤਾਂ ਮਰਦੀ ਐ ਤੇਰੇ ਵੀਰ 'ਤੇ, ਕਹਿੰਦੀ ਛੇਤੀ ਮਿਲ ਕੇ ਜਾਇਆ ਕਰ।''

''ਅੱਛਾ! ਮਿਲਿਆ ਫੇਰ?''

''ਹਾਂ।''

''ਕਿੱਦੇਂ।''

''ਛੇਵੇਂ।''

''ਛੇਵੇਂ? ਛੇ ਦਿਨ ਹੋ ਗੇ ਤੈਨੂੰ ਮਿਲੇ ਨੂੰ?'' ਰਾਜੇ ਦੇ ਮੱਥੇ ਉਪਰ ਹੈਰਾਨੀ ਦੀਆਂ ਲਕੀਰਾਂ ਉਭਰ ਆਈਆਂ,'' ਉਹ ਜਾਹ ਯਾਰ, ਜੇ ਤੇਰੀ ਥਾਂ ਮੈਂ ਹੁੰਦਾ ਇਕ ਦਿਨ ਵਿਚ ਦੀ ਦੋ-ਦੋ ਵਾਰ ਮਿਲਦਾ।''

''ਕੀ ਕਰੀਏ ਯਾਰ, ਹਰ ਰੋਜ਼ ਉਨ੍ਹਾਂ ਦੇ ਘਰ ਦੇ ਨੀ ਆਉਣ ਦਿੰਦੇ।'' ਮੁੰਡੇ ਨੇ ਬੇਵਸੀ ਜ਼ਾਹਿਰ ਕੀਤੀ ਕਿਉਂਕਿ ਜਿਸ ਦਿਨ ਕਰਮੀ ਸੁਨੇਹਾ ਲਾਉਂਦੀ ਜਾਂ ਆਪ ਜਾ ਕੇ ਲੈ ਆਉਂਦੀ, ਉਸ ਦਿਨ ਹੀ ਗੁਰਜੀਤ ਦੇ ਘਰ ਮਿਲਿਆ ਜਾਂਦਾ।

''ਫੇਰ ਤੇਰੀਆਂ ਕਿਹੜਾ ਟੁੱਟੀਆਂ ਨੇ ਆਪ ਜਾਇਆ ਕਰ।''

''ਮੈਨੂੰ ਉਥੇ ਰੋਜ਼ ਕੌਣ ਵੜਨ ਦਿੰਦੈ।''

''ਉਏ ਭੌਂਦੂਆ! ਤੈਂ ਉਨ੍ਹਾਂ ਦੇ ਘਰ ਥੋੜਾ ਜਾਣੈ, ਸਾਰੀ ਸੜਕ ਪਈ ਹੈ, ਸੜਕ 'ਤੇ ਇਕ ਅੱਧਾ ਗੇੜਾ ਮਾਰ ਆਇਆ ਕਰ, ਕਦੇ ਤਾਂ ਮਿਲੂ।'' ਰਾਜੇ ਨੇ ਵਿਉਂਤ ਦੱਸੀ।

''ਚਲੋ ਇਹ ਵੀ ਦੇਖ ਲਾਂਗੇ।''

''ਦੇਖਣਾ ਕੀ ਐ, ਹੁਣੇ ਚੱਲ।''

''ਹੁਣੇ?''

''ਤੂੰ ਚੱਲ ਤਾਂ ਸਈ।'' ਰਾਜਾ ਭਾਗੂ ਦੀ ਬਾਂਹ ਫੜ ਖਿੱਚ ਤੁਰਿਆ। ਬਾਹਰ ਆਉਂਦਿਆਂ ਨੂੰ ਗੁਰਨੈਬ ਮਿਲ ਗਿਆ। ਤਿੰਨੇ ਚੀਮਿਆਂ ਨੂੰ ਜਾਂਦੀ ਸੜਕ ਪੈ ਗਏ।

''ਜੇ ਬਾਹਰ ਮਿਲਗੀ ਫੇਰ ਕੀ ਕਹਾਂ।'' ਭਗਵਾਨ ਨੇ ਗੁਰਨੈਬ ਤੋਂ ਸਲਾਹ ਮੰਗੀ।

''ਕਹਿ ਦੀਂ ਰਾਤ ਨੂੰ ਆਊਂਗਾ।''

''ਕਦੋਂ ਕਹਾਂ।''

''ਗਿਆਰਾਂ ਕੁ ਵਜੇ ਕਹਿ ਦੀਂ।''

ਜਦੋਂ ਤਿੰਨੇ ਘਰ ਕੋਲ ਪਹੁੰਚੇ ਤਾਂ ਕਿਰਨਾ ਬੱਠਲ ਲਈ ਬਾਹਰ ਆਈ ਤੇ ਕੂੜਾ ਰੂੜੀ ਉਪਰ ਸੁੱਟ ਕੇ ਵਾਪਸ ਮੁੜ ਪਈ। ਗੁਰਨੈਬ ਨੇ ਕਿਰਨਾਂ ਨੂੰ ਮੁੜੀ ਜਾਂਦਿਆਂ ਵੇਖ ਦੋਵੇਂ ਹੱਥਾਂ ਨਾਲ ਤਾੜੀ ਮਾਰ ਦਿੱਤੀ। ਕੁੜੀ ਵੇਖ ਕੇ ਰੁਕ ਗਈ, ਰਾਜਾ ਤੇ ਗੁਰਨੈਬ ਤੇਜ਼ ਕਦਮੀਂ ਅੱਗੇ ਲੰਘ ਗਏ।

''ਰਾਤ ਨੂੰ ਗਿਆਰਾਂ ਵਜੇ ਆਊਂ।'' ਭਗਵਾਨ ਕੁੜੀ ਕੋਲ ਰੁਕ ਗਿਆ।

''ਨ.ਨਹੀਂ..ਨਹੀਂ।'' ਕਿਰਨਾ ਨੇ ਤੇਜ਼ੀ ਨਾਲ ਨਾਂਹ ਵਿਚ ਸਿਰ ਹਿਲਾਇਆ।

''ਮੈਂ ਜਰੂਰ ਆਊਂਗਾ, ਤੂੰ ਆਈਂ ਚਾਹੇ ਨਾ।'' ਭਗਵਾਨ ਕਿਰਨਾ ਦਾ ਜਵਾਬ ਉਡੀਕੇ ਬਿਨਾਂ ਹੀ ਕਹਿ ਕੇ ਅੱਗੇ ਲੰਘ ਗਿਆ। ਕਿਰਨਾ ਡੌਰ-ਭੌਰ ਹੋਈ ਖੜ੍ਹੀ ਰਹੀ। ਫਿਰ ਅੰਦਰ ਜਾ ਵੜੀ।

'ਕੀ ਕਹਿੰਦੀ ਫੇਰ ਕਬੂਤਰੀ?'' ਗੁਰਨੈਬ ਮਸਤੀ ਵਿਚ ਬੁੜ੍ਹਕਿਆ।

''ਕਬੂਤਰੀ ਡਰਦੀ ਹੈ ਘਰ ਆਲੀਆਂ ਬਿੱਲੀਆਂ ਤੋਂ।''

''ਕਿਉਂ ਕੀ ਹੋਇਆ?'' ਗੁਰਨੈਬ ਉ◌ੁਬਲਦੇ ਦੁੱਧ ਵਿਚ ਮਾਰੇ ਪਾਣੀ ਦੇ ਛਿੱਟਿਆਂ ਵਾਂਗ ਇਕਦਮ ਢੈਲ਼ਾ ਪੈ ਗਿਆ।

''ਉਹ ਤਾਂ ਜਵਾਬ ਦਿੰਦੀ ਤੀ, ਮੈਂ ਕਹਿ ਤਾ ਵੀ ਤੂੰ ਚਾਹੇ ਆਈਂ ਚਾਹੇ ਨਾ ਮੈਂ ਜਰੂਰ ਆਊਂਗਾ''।

''ਉਹ ਸਦਕੇ ਤੇਰੇ।'' ਗੁਰਨੈਬ ਦੁੱਧ ਥੱਲੇ ਦੁਬਾਰਾ ਲਾਏ ਝੋਕੇ ਵਾਂਗ ਮੁੰਡੇ ਨੂੰ ਥਾਪੀ ਦੇ ਕੇ ਉਪਰ ਉਛਲ ਪਿਆ।

ਤਿੰਨੇ ਚੀਮਿਆਂ ਨੂੰ ਜਾਂਦੀ ਸੜਕ ਤੁਰੇ ਗਏ। ਇਸੇ ਸੜਕ ਤੇ ਅੱਗੇ ਜਾ ਕੇ ਰਾਜੇ ਕਾ ਖੇਤ ਪੈਂਦਾ ਹੈ। ਖੇਤ ਪਹੁੰਚ ਕੇ ਉਹ ਕੋਠੇ ਅੱਗੇ ਬਣੀ ਖੇਲ 'ਤੇ ਬੈਠ ਗਏ। ਉਥੇ ਬੈਠੇ ਸ਼ਾਮ ਤੱਕ ਗੱਲਾਂ ਕਰਦੇ ਰਹੇ। ਜਦੋਂ ਵਾਪਿਸ ਮੁੜੇ ਤਾਂ ਸੂਰਜ ਕਦੋਂ ਦਾ ਡੁੱਬ ਚੁੱਕਿਆ ਸੀ। ਹੁਣ ਤਾਂ ਅਸਮਾਨ ਵਿਚ ਪਹਿਲਾ ਮੋਟਾ ਤਾਰਾ ਵੀ ਝਾਤੀਆਂ ਮਾਰਨ ਲੱਗ ਪਿਆ। ਹਨੇਰਾ ਹੌਲੀ-ਹੌਲੀ ਆਪਣੇ ਆਲੇ-ਦੁਆਲੇ ਨੂੰ ਆਪਣੀ ਵਿਸ਼ਾਲ ਬੁੱਕਰ ਵਿਚ ਸਮੇਟਣ ਲੱਗ ਪਿਆ ਸੀ।

ਪਿੰਡ ਤੱਕ ਆਉਂਦੇ ਉਹ ਰਾਤ ਨੂੰ ਆਉਣ ਦੀਆਂ ਸਲਾਹਾਂ ਬਣਾਉਂਦੇ ਰਹੇ। ਅਖੀਰ ਫੈਸਲਾ ਕਰ ਲਿਆ ਕਿ ਤਿੰਨਾਂ ਦੀ ਬਜਾਏ ਦੋ ਦਾ ਆਉਣਾ ਜ਼ਿਆਦਾ ਠੀਕ ਰਹੇਗਾ। ਰਾਜੇ ਨੂੰ ਘਰ ਭੇਜ ਦਿੱਤਾ ਅਤੇ ਉਸਦੇ ਹੱਥ ਗੁਰਨੈਬ ਕੇ ਘਰ ਸੁਨੇਹਾ ਭਿਜਵਾ ਦਿੱਤਾ ਕਿ ਉਹ ਅੱਜ ਭਗਵਾਨ ਕੇ ਘਰ ਹੀ ਰਹੇਗਾ। ਦੋਵੇਂ ਰੋਟੀ ਖਾ ਕੇ ਦਰ੍ਹੇ 'ਤੇ ਬਣੀ ਬੈਠਕ ਵਿਚ ਆ ਗਏ। ਸਾਢੇ ਨੌਂ ਵਜੇ ਤੱਕ ਦੋਵੇਂ ਗੱਲਾਂ ਕਰਦੇ ਰਹੇ ਅਤੇ ਫਿਰ ਮੰਜੇ ਵਿਛਾ ਕੇ ਪੈ ਗਏ। ਮੰਜਿਆਂ ਵਿਚ ਪਏ ਇਕ ਦੂਜੇ ਵੱਲ ਵੇਖਦੇ ਤੇ ਕਦੇ

ਦੋਵਾਂ ਦੀ ਨਜ਼ਰ ਟਾਈਮ-ਪੀਸ ਵੱਲ ਚਲੀ ਜਾਂਦੀ। ਸਮੇਂ ਨੇ ਜਿਵੇਂ ਕੀੜੀ ਦੀ ਚਾਲ ਫੜ ਲਈ ਸੀ। ਇਕ-ਇਕ ਮਿੰਟ ਪਹਾੜ ਬਣ ਖਲੋਇਆ। ਫਿਰ ਵੀ ਸਮੇਂ ਦਾ ਚੱਕਰ, ਚੱਕਰ ਕਟਦਾ ਸਮੇਂ ਨੂੰ ਕੁਤਰਦਾ ਰਿਹਾ ਤੇ ਸੂਈ ਦਸ ਉਪਰ ਆ ਖਲੋਈ।

''ਚੱਲ ਫੇਰ ਭਾਗੂ ਹੋ ਤਿਆਰ। ਟਾਈਮ ਦੇਖ ਦਸ ਵੱਜ ਗਏ।'' ਗੁਰਨੈਬ ਨੇ ਜੁੱਤੀ ਪਾਉਂਦਿਆਂ ਟਾਈਮ-ਪੀਸ ਵੱਲ ਇਸ਼ਾਰਾ ਕੀਤਾ।

''ਹਾਂ ਚਲੋ।'' ਭਾਗੂ ਮੰਜੇ ਵਿਚੋਂ ਛਾਲ ਮਾਰ ਕੇ ਉਠ ਖੜ੍ਹਿਆ।

''ਕੋਈ ਕੱਪੜਾ ਤਾਂ ਨਹੀਂ ਚੱਕਣਾ।''

''ਛੱਡ ਕਿਹੜਾ ਠੰਢ ਐ।''

''ਹਵਾ ਦੀ ਠੰਢ ਹੋਊ।''

''ਚੱਕ ਲੈ ਫੇਰ ਇਕ ਅੱਧਾ।''

''ਆਹ ਲੈ ਚਲਦੇ ਆਂ।'' ਗੁਰਨੈਬ ਨੇ ਬਿਸਤਰੇ ਵਿਚੋਂ ਵਿਛਾਈ ਕੱਢ ਲਈ।

ਕਮਰੇ ਦੀਆਂ ਲਾਈਟਾਂ ਬੁਝਾ ਕੇ ਬਾਹਰ ਵੀਹੀ ਵਿਚ ਖੁਲ੍ਹਦਾ ਬਾਰ ਖੋਲ੍ਹ ਲਿਆ। ਬਾਹਰ ਆ ਕੇ ਬਾਰ ਨੂੰ ਬਾਹਰੋਂ ਕੁੰਡਾ ਲਾ ਕੇ ਅੰਦਰ ਪਏ ਘਰਦਿਆਂ ਦੀ ਬਿੜਕ ਲਈ। ਜਦੋਂ ਸਾਰੇ ਪਾਸਿਓ ਯਕੀਨ ਬੱਝ ਗਿਆ ਤਾਂ ਦੋਵੇਂ ਪੋਲੇ ਪੈਰੀਂ ਤੁਰ ਪਏ। ਬਾਹਰ ਚਲਦੀ ਠੰਢੀ ਹਵਾ ਸਰੀਰ 'ਤੇ ਲੂੰ-ਕੰਡੇ ਖੜ੍ਹੇ ਕਰਦੀ ਠੰਢ ਹੋਣ ਦਾ ਅਹਿਸਾਸ ਕਰਵਾਉਂਦੀ ਸੀ। ਅਸਮਾਨ ਵਿਚ ਟਿਮ-ਟਿਮਾਉਂਦੇ ਤਾਰਿਆਂ ਵਿਚ ਗੋਲ ਚੰਨ ਪ੍ਰਧਾਨ ਬਣਿਆ ਖੜ੍ਹਾ ਸੀ। ਅਸਮਾਨੀ ਲੱਖਾਂ ਹੀ ਚਮਕਦੇ ਤਾਰੇ ਇੰਝ ਲਗਦੇ ਸਨ ਜਿਵੇਂ ਕਿਸੇ ਨੇ ਹੀਰਿਆਂ ਦਾ ਭਰਿਆ ਥਾਲ ਉਲਟਾ ਕਰ ਦਿੱਤਾ ਹੋਵੇ ਤੇ ਉਨ੍ਹਾਂ ਵਿਚ ਪਿਆ ਕੋਹੇਨੂਰ ਹੀਰਾ ਚੰਨ ਹੋਵੇ। ਚਾਨਣੀ ਰਾਤ ਹੋਣ ਕਰਕੇ ਕੋਈ ਵੀ ਚੀਜ਼ ਦੂਰ ਤੱਕ ਵੇਖੀ ਜਾ ਸਕਦੀ ਸੀ। ਦੋਵੇਂ ਗੱਲਾਂ ਕਰਦੇ ਪਿੰਡ ਤੋਂ ਕਾਫ਼ੀ ਦੂਰ ਲੰਘ ਗਏ ਸਨ। ਹੁਣ ਪਿੰਡ ਵਿਚ ਟਾਵਾਂ-ਟਾਵਾਂ ਬੱਲਬ ਚਮਕਦਾ ਦਿਸਦਾ ਸੀ ਜਾਂ ਵੀਹੀਆਂ ਵਿਚ ਕੁੱਤੇ ਭੌਂਕਣ ਦੀਆਂ ਡੂੰਘੀਆਂ ਜਿਹੀਆਂ ਆਵਾਜ਼ਾਂ। ਖੇਤਾਂ ਵਿਚ ਕੋਠਿਆਂ ਉਪਰ ਲੱਗੇ ਬੱਲਬਾਂ ਤੋਂ ਪਤਾ ਲਗਦਾ ਸੀ ਕਿ ਖੇਤਾਂ ਵਾਲੀ ਲਾਈਟ ਆ ਚੁੱਕੀ ਹੈ। ਉਹ ਘਰ ਤੋਂ ਕੁਝ ਫਾਸਲੇ 'ਤੇ ਰੁਕ ਗਏ। ਸਾਹਮਣਿਉਂ ਦੂਰ ਸੜਕ 'ਤੇ ਕੋਈ ਲਾਈਟ ਇਨ੍ਹਾਂ ਵੱਲ ਵਧੀ ਆ ਰਹੀ ਸੀ।

''ਓਏ ਲਗਦੈ ਕੋਈ ਸਕੂਟਰ ਆਉਂਦੈ।'' ਗੁਰਨੈਬ ਨੇ ਭਾਗੂ ਨੂੰ ਸੁਚੇਤ ਕੀਤਾ।

''ਆਜਾ ਇਧਰ ਬੇਰੀ ਓਹਲੇ ਹੋ ਜਾ।''

''ਚੱਲ।'' ਦੋਵੇਂ ਬੇਰੀ ਓਹਲੇ ਹੋ ਗਏ। ਸਕੂਟਰ ਕੋਲ ਦੀ ਖ..ਰ...ਰ...ਰ.. ਕਰਦਾ ਲੰਘ ਗਿਆ।

''ਏਸ ਟੈਮ ਕਿਹੜਾ ਫਿਰਦਾ ਸਾਲਾ ਭਟਕਦਾ?'' ਭਾਗੂ ਨੇ ਦੂਰ ਲੰਘ ਗਏ ਸਕੂਟਰ ਸਵਾਰ ਨੂੰ ਕਿਹਾ।

''ਕੋਈ ਹੋਣਾ ਵਿਚਾਰਾ ਆਪਣੇ ਵਰਗਾ ਭਗਤ।''

''ਹੀ..ਹੀਂ..ਹੀਂ.।'' ਗੁਰਨੈਬ ਦੀ ਗੱਲ 'ਤੇ ਦੋਵੇਂ ਹੱਸ ਪਏ।

''ਉਏ ਭਾਗੂ! ਸੱਚ ਊਹਨੂੰ ਥਾਂ ਥੂੰ ਦੱਸੀ ਤੀ?''

''ਨਾਂਹ।''

''ਓਏ ਵਾਹ ਓਏ ਤੇਰੇ ਕਲੰਨਾ।'' ਗੁਰਨੈਬ ਚਿੰਤਾ ਵਿਚ ਖੁਭ ਗਿਆ।

''ਚੱਲ ਆਪਾਂ ਐਂ ਕਰਦੇ ਆਂ, ਤੂੰ ਪਿਛਲੇ ਬਾਰ ਸਾਹਮਣੇ ਬੈਠ ਜਾ ਤੇ ਮੈਂ ਇਧਰ ਬੈਠ ਜਾਨਾਂ।'' ਭਾਗੂ ਨੇ ਵਿਉਂਤ ਦੱਸੀ।

ਗੁਰਨੈਬ ਘਰ ਦੇ ਪਿਛਲੇ ਬਾਰ ਕੋਲ ਜਾ ਬੈਠਿਆ ਅਤੇ ਭਗਵਾਨ ਅਗਲੇ ਬਾਰ ਤੋਂ ਕੁਝ ਹਟਵਾਂ ਸੜਕ ਵੱਲ ਮੂੰਹ ਕਰਕੇ ਬੈਠ ਗਿਆ ਤਾਂ ਕਿ ਸੜਕ 'ਤੇ ਆਉਂਦੇ-ਜਾਂਦੇ ਉਤੇ ਨਜ਼ਰ ਰਹੇ। ਭਾਗੂ ਗੁੱਟ 'ਤੇ ਬੱਝੀ ਘੜੀ ਨੂੰ ਚੰਨ ਵੱਲ ਕਰਕੇ ਵਾਰ-ਵਾਰ ਟਾਈਮ ਵੇਖਦਾ। ਘੜੀ ਦੀ ਟਿਕ-ਟਿਕ ਨਾਲ ਉਸਦੇ ਦਿਲ ਦੀ ਟਿਕ-ਟਿਕ ਵਧਦੀ ਜਾਂਦੀ ਸੀ। ਗਿਆਰਾਂ ਤੋਂ

ਪੰਜ ਮਿੰਟ ਉਪਰ ਹੋ ਗਏ। ਉਸਦਾ ਧੜਕਦਾ ਦਿਲ ਸ਼ੰਕਾਵਾਂ ਦੇ ਵਹਿਣਾਂ ਵਿਚ ਵਹਿ ਤੁਰਿਆ। ਅਚਾਨਕ ਪਿਛਲੇ ਪਾਸਿਉਂ ਕੋਈ ਰੇਸ਼ਮ ਵਰਗੀ ਚੀਜ਼ ਮੁੰਡੇ ਦੀਆਂ ਅੱਖਾਂ ਅੱਗੇ ਪਾ ਪਈ। ਜਦੋਂ ਇਸ ਰੇਸ਼ਮ ਨੂੰ ਆਪਣੇ ਹੱਥਾਂ ਨਾਲ ਟੋਹਿਆ ਤਾਂ ਇਹ ਪਤਲੀਆਂ-ਪਤਲੀਆਂ ਉਂਗਲਾਂ ਦਾ ਆਕਾਰ ਸੀ। ਮੁੰਡੇ ਦਾ ਹੱਥ ਰੇਸ਼ਮ ਦੀਆਂ ਉਂਗਲਾਂ ਤੋਂ ਗੁੱਟ ਵੱਲ ਚਲਾ ਗਿਆ ਤੇ ਉਸਨੇ ਗੁੱਟ ਫੜ ਕੇ ਪੋਲਾ ਜਿਹਾ ਝੂਟਾ ਮਾਰਿਆ। ਅਗਲੇ ਹੀ ਪਲ ਰੇਸ਼ਮ ਦੀ ਕਿਰਨ ਭਾਗੂ ਦੀ ਬੁੱਕਲ ਵਿਚ ਆ ਪਈ। ਚੰਨ ਸ਼ਰਮਾਉਂਦਾ ਬੱਦਲੀ ਓਹਲੇ ਜਾ ਲੁਕਿਆ।

''ਉਦੋਂ ਤਾਂ ਬੜੀ ਨਾਂਹ-ਨਾਂਹ ਕਰਦੀ ਤੀ।''

''ਮੇਰਾ ਭਾਗੂ ਏਡੀ ਦੂਰੋਂ ਚੱਲ ਕੇ ਆਵੇ ਤੇ ਮੈਂ ਘਰੋਂ ਉਠ ਕੇ ਵੀ ਨਾ ਆਵਾਂ।'' ਕਿਰਨਾ ਭਾਗੂ ਦੀ ਬੁੱਕਲ ਵਿਚ ਲੁਕਦੀ ਜਾ ਰਹੀ ਸੀ।

'ਚਲ ਉਠ, ਗੁਰਨੈਬ ਦੀ ਵੀ ਵਾਰ-ਸਾਰ ਲਈਏ।'' ਮੁੰਡੇ ਨੇ ਕੁੜੀ ਨੂੰ ਬੁੱਕਲ ਵਿਚੋਂ ਖੜ੍ਹਾ ਕਰ ਲਿਆ।

''ਗੁਰਨੈਬ ਵੀ ਆਇਐ ਤੇਰੇ ਨਾਲ?''

''ਹਾਂ।''

''ਕਿੱਥੇ ਐ?''

''ਦੂਜੇ ਬਾਰ ਅੱਗੇ ਐ, ਅਸੀਂ ਤੈਨੂੰ ਥਾਂ ਦੱਸਣੀ ਭੁਲ ਗਏ ਤੀ, ਫੇਰ ਉਹ ਓਧਰ ਬਿਠਾਇਆ।''

''ਗੁਰਨੈਬ।'' ਭਾਗੂ ਨੇ ਦਬਵੇਂ ਪੈਰੀਂ ਜਾ ਕੇ ਗੁਰਨੈਬ ਦੇ ਪਿਛਲੇ ਪਾਸਿਉਂ ਮੋਢੇ ਉਪਰ ਹੱਥ ਜਾ ਰੱਖਿਆ।

''ਕ..ਕ.ਕ...ਕੌਣ।'' ਗੁਰਨੈਬ ਡਰ ਵਿਚ ਬੁੜ੍ਹਕ ਪਿਆ। ਭਾਗੂ ਤੇ ਕਿਰਨਾ ਹਾਸਾ ਨਾ ਰੋਕ ਸਕੇ।

''ਵਾਹ ਓਏ ਡਰੋਕਲਾ! ਮਾਰੇਂਗਾ ਸ਼ੇਰ, ਚਲ ਆ ਓਧਰ ਚੱਲ ਕੇ ਬੈਠਦੇ ਆਂ।'' ਤਿੰਨੇ ਉਥੋਂ ਸੜਕ 'ਤੇ ਆ ਗਏ।

''ਤੁਸੀਂ ਓਧਰ ਜਾ ਕੇ ਗੱਲਾਂ ਕਰੋ ਮੈਂ ਇਥੇ ਬੈਠਦਾਂ।'' ਗੁਰਨੈਬ ਨੇ ਸੜਕ ਤੋਂ ਕੁਝ ਹਟਵੀਂ ਟਾਹਲੀ ਵੱਲ ਇਸ਼ਾਰਾ ਕਰ ਦਿੱਤਾ ਤਾਂ ਕਿ ਚਾਨਣੀ ਰਾਤ ਵਿਚ ਟਾਹਲੀ ਦੇ ਹਨ੍ਹੇਰੇ ਥੱਲੇ ਉਹ ਕਿਸੇ ਦੀ ਨਿਗ੍ਹਾ ਨਾ ਚੜ੍ਹਨ। ਜੋੜੀ ਟਾਹਲੀ ਥੱਲੇ ਜਾ ਬੈਠੀ। ਉਨ੍ਹਾਂ ਵੇਖਿਆ, ਉਨ੍ਹਾਂ ਤੋਂ ਥੋੜੀ ਦੂਰੀ 'ਤੇ ਸਹਾ ਤੇ ਸਹੀ ਆਪਸ ਵਿਚ ਕਲੋਲਾਂ ਕਰਦੇ, ਖੇਡਦੇ, ਟਪੂਸੀਆਂ ਮਾਰਦੇ, ਇਕ ਦੂਜੇ ਮਗਰ ਭੱਜਦੇ ਕਿੰਨੇ ਪਿਆਰੇ ਲੱਗ ਰਹੇ ਸਨ। ਕਿੰਨਾ ਚਿਰ ਮੁੰਡਾ ਕੁੜੀ ਇਸ ਜਾਨਵਰ ਜੋੜੀ ਨੂੰ ਵੇਖਦੇ ਰਹੇ। ਆਪਣਾ ਮਿਲਣਾ ਭੁੱਲ, ਕੁਦਰਤ ਦੀ ਬਣਾਈ ਇਸ ਖੂਬਸੂਰਤ ਕਿਰਤ ਦੀ ਤਾਰੀਫ਼ ਕਰਦੇ ਰਹੇ।

''ਭਾਗੂ ਕਿੰਨੇ ਆਜ਼ਾਦ ਨੇ ਇਹ ਜਾਨਵਰ ਹਨਾ।'' ਕਿਰਨਾ ਲਗਾਤਾਰ ਇਸ ਕਲੋਲਾਂ ਕਰਦੀ ਜੋੜੀ ਨੂੰ ਵੇਖੀ ਜਾ ਰਹੀ ਸੀ।

''ਨਹੀਂ ਕਿਰਨਾ, ਇਹ ਆਪਣੇ ਨਾਲੋਂ ਵੀ ਵੱਧ ਗੁਲਾਮ ਨੇ।''

''ਕਿਉਂ?'' ਕਿਰਨਾ ਇਸ ਤਰ੍ਹਾਂ ਹੈਰਾਨ ਹੋਈ ਜਿਵੇਂ ਭਾਗੂ ਨੇ ਕੋਈ ਅਲੋਕਾਰ ਗੱਲ ਕਰ ਦਿੱਤੀ ਹੋਵੇ।

''ਹਾਂ, ਆਪਾਂ ਤਾਂ ਸਿਰਫ਼ ਸਮਾਜ ਦੀਆਂ ਝਿੜਕਾਂ ਤੋਂ ਡਰਦੇ ਆ ਪਰ ਇਨ੍ਹਾਂ ਨੂੰ ਹਰ ਵੇਲੇ ਆਪਣੀ ਮੌਤ ਦਾ ਡਰ ਰਹਿੰਦੈ। ਪਤਾ ਨੀ ਆਪਣੀ ਮਾਸ ਖਾਣੀ ਜਾਤ ਇਨ੍ਹਾਂ ਲਈ ਕਦੋਂ ਮੌਤ ਬਣ ਕੇ ਆ ਜੇ।''

''ਹਾਏ ਵੇ ਭੈੜਿਓ! ਕਦੇ ਇਨ੍ਹਾਂ ਨੂੰ ਖੇਡਦੇ, ਕਲੋਲਾਂ ਕਰਦੇ ਤਾਂ ਦੇਖ ਲੋ ਕਿੰਨੇ ਵਧੀਆ ਲਗਦੇ ਨੇ।'' ਕਿਰਨਾ ਕਿਸੇ ਡਰ ਦੀ ਮਾਰੀ ਮੁੰਡੇ ਦੀ ਬੁੱਕਲ ਵਿਚ ਇਕੱਠੀ ਹੋ ਗਈ। ਕਿੰਨਾ ਚਿਰ ਦੋਵੇਂ ਮੁੰਡਾ-ਕੁੜੀ ਇਸ ਜਾਨਵਰ ਜੋੜੀ ਬਾਰੇ, ਇਨ੍ਹਾਂ ਦੀ ਆਜ਼ਾਦੀ ਬਾਰੇ, ਆਪਣੇ ਬਾਰੇ, ਆਪਣੇ ਪਿਆਰ ਬਾਰੇ ਗੱਲਾਂ ਕਰਦੇ, ਇਕ ਦੂਜੇ ਨੂੰ ਰੱਜ-ਰੱਜ ਵੇਖਦੇ ਤੇ ਪਿਆਰ ਜਤਾਉਂਦੇ ਰਹੇ। ਟਾਈਮ ਆਪਣੀ ਚਾਲੇ ਤੁਰਦਾ ਗਿਆ, ਚੰਨ ਤੁਰਦਾ ਗਿਆ, ਬੱਦਲੀਆਂ ਨਾਲ ਕਲੋਲਾਂ ਕਰਦਾ ਰਿਹਾ। ਕਦੇ ਉਨ੍ਹਾਂ ਦੀ ਬੁੱਕਲ ਵਿਚ ਜਾ ਲੁਕਦਾ ਤੇ ਕਦੇ ਬਾਹਰ ਆ ਆਪਣੀ ਚਾਂਦੀ ਰੰਗੀ ਚਾਨਣੀ ਨਾਲ ਧਰਤ ਨੂੰ ਰੁਸ਼ਨਾ ਦਿੰਦਾ। ਜਦੋਂ ਚੰਨ ਬੱਦਲੀ ਦੀ ਬੁੱਕਲ ਲਾਹ ਕੇ ਬਾਹਰ ਆਇਆ ਤਾਂ ਭਗਵਾਨ ਨੇ ਘੜੀ ਤੋਂ ਟਾਈਮ ਵੇਖਿਆ, ਚਾਰ ਵੱਜ ਗਏ ਸਨ। ਦੂਰ ਪਿੰਡ

ਵਿਚ ਗੁਰਦੁਆਰੇ ਦੇ ਲਾਊਡ ਸਪੀਕਰ ਦੀ ਆਵਾਜ਼ ਸੁਣਾਈ ਦੇਣ ਲੱਗ ਪਈ ਸੀ। ਟਾਹਲੀ ਉਪਰ ਪਾਏ ਪੰਛੀਆਂ ਦੇ ਆਲ੍ਹਣਿਆਂ ਵਿਚ ਹਿਲਜੁਲ ਹੋਈ। ਦੋਵੇਂ ਉਠ ਕੇ ਗੁਰਨੈਬ ਕੋਲ ਆ ਗਏ।

''ਰੱਜ ਗੇ ਹੁਣ ਤਾਂ।'' ਗੁਰਨੈਬ ਨੇ ਦੋਵਾਂ ਦੇ ਟਕੋਰ ਮਾਰੀ।

''ਨਹੀਂ, ਭੁੱਖ ਹੋਰ ਵਧ ਗੀ।'' ਭਾਗੂ ਬੋਲਿਆ।

''ਫੇਰ ਕੋਈ ਲਾਜ ਕਰਾਓ।''

''ਚੰਗਾ, ਚੰਗਾ! ਚੱਲ ਚੱਲੀਏ, ਟਾਇਮ ਤਾਂ ਦੇਖ।'' ਭਾਗੂ ਨੇ ਘੜੀ ਵਿਖਾਈ। ਦੋਵੇਂ ਕਾਹਲੀ-ਕਾਹਲੀ ਪਿੰਡ ਨੂੰ ਜਾਂਦੀ ਸੜਕ ਪੈ ਗਏ। ਕਿਰਨਾ ਕਾਫ਼ੀ ਦੇਰ ਘਰ ਦੇ ਮੂਹਰੇ ਖੜ੍ਹੀ ਵੇਖਦੀ ਰਹੀ। ਜਦੋਂ ਨਜ਼ਰ ਆਉਣੋਂ ਹਟ ਗਏ ਤਾਂ ਘਰ ਚਲੀ ਗਈ। ਗੋਲ ਚੰਨ ਨਿੱਕੀ ਬੱਦਲੀ 'ਚੋਂ ਨਿਕਲ ਕੇ ਹੱਸ ਪਿਆ।

## 7.

ਜੀਰੀ ਦੀ ਫ਼ਸਲ ਪੱਕ ਕੇ ਪੂਰੀ ਜਵਾਨੀ ਵਿਚ ਆਈ ਖੜ੍ਹੀ ਸੀ। ਖੇਤਾਂ ਵਿਚ ਚਾਰੇ ਪਾਸੇ ਲਹਿ-ਲਹਿਰਾਉਂਦੀ ਪੱਕੀ ਫ਼ਸਲ ਸੋਨੇ ਦਾ ਭੁਲੇਖਾ ਪਾਉਂਦੀ। ਕਿਸਾਨ ਚਾਹੇ ਫ਼ਸਲ ਦੇ ਪੱਕਣ ਤੱਕ ਬੇਫ਼ਿਕਰ ਰਹੇ ਪਰ ਜਦੋਂ ਇਹ ਫ਼ਸਲ ਪੂਰੀ ਜਵਾਨੀ ਵਿਚ ਆ ਜਾਂਦੀ ਹੈ ਤਾਂ ਉਹ ਵੀ ਕਿਸੇ ਜਵਾਨ ਧੀ ਦੇ ਬਾਪ ਵਾਂਗ ਫ਼ਿਕਰਾਂ ਵਿਚ ਡੁੱਬ ਜਾਂਦਾ ਹੈ ਕਿ ਕਿਤੇ ਕੋਈ ਕੁਦਰਤੀ ਆਫ਼ਤ ਆ ਕੇ ਮੇਰੀ ਕਰੀ-ਕਰਵਾਈ ਮਿਹਨਤ ਤੇ ਪਾਣੀ ਨਾ ਫੇਰ ਜਾਵੇ। ਜਦੋਂ ਕਦੇ ਕਿਸੇ ਗੁੱਠੋਂ ਰੱਬ ਗੱਜਦਾ ਹੈ ਤਾਂ ਕਿਸਾਨ ਦਾ ਦਿਲ 'ਧੱਕ-ਧੱਕ' ਕਰਦਾ ਹੈ। ਉਹ ਹੱਥ ਜੋੜਦਾ ਹੈ, ਲੱਖਾਂ ਤਰਲੇ ਮਿੰਨਤਾਂ ਕਰਦਾ ਹੈ। ਸ਼ਾਇਦ ਇਸੇ ਕਰਕੇ ਕਿਸਾਨ ਨੂੰ ਭਗਤ ਕਿਹਾ ਗਿਆ ਹੈ ਕਿ ਉਹ ਸਾਰਾ ਸਾਲ ਆਪਣਾ ਖ਼ੂਨ ਪਸੀਨਾ ਇਕ ਕਰਕੇ ਆਪਣੇ ਧੀਆਂ-ਪੁੱਤਾਂ ਵਰਗੀ ਫ਼ਸਲ ਪਾਲਦਾ ਹੈ ਪਰ ਜਦੋਂ ਇਹ ਪੱਕ ਜਾਂਦੀ ਹੈ ਤਾਂ ਮੰਗਦਾ ਰੱਬ ਤੋਂ ਹੈ। ਫ਼ਸਲ ਪੱਕੀ ਹੋਣ ਕਰਕੇ ਵੀਹੀ ਦਾ ਰੌਲਾ ਉਥੇ ਦਾ ਓਥੇ ਹੀ ਰਹਿ ਗਿਆ। ਕਿੰਨਾ ਚਿਰ ਵੀਹੀ ਵਿਚਲੀ ਕੱਢੀ ਕੰਧ ਦੀਆਂ ਇੱਟਾਂ ਉਵੇਂ ਹੀ ਖਿੰਡੀਆਂ-ਪੁੰਡੀਆਂ ਰਹੀਆਂ ਕਿਉਂਕਿ ਦੋਵੇਂ ਘਰ ਆਪੋ-ਆਪਣੇ ਕੰਮਾਂ ਵਿਚ ਜੁਟੇ ਹੋਏ ਸਨ। ਜੀਰੀ ਦੀ ਫ਼ਸਲ ਵੱਢੀ ਗਈ, ਵੇਚੀ ਗਈ 'ਤੇ ਉਸ ਵਿਹਲੀ, ਹੋਈ ਧਰਤੀ ਉਤੇ ਅੱਗੇ ਲਈ ਕਣਕ ਦੀ ਫ਼ਸਲ ਬੀਜ ਦਿੱਤੀ। ਜਦੋਂ ਦੋਵੇਂ ਧਿਰਾਂ ਵਿਹਲੀਆਂ ਹੋ ਗਈਆਂ, ਫਿਰ ਮੈਦਾਨ ਵਿਚ ਨਿੱਤਰ ਆਈਆਂ। ਗੁਰਦਿਆਲ ਨੇ ਰਾਤ ਨੂੰ ਇਕ ਦੋ ਆਦਮੀ ਕਰਕੇ ਵੀਹੀ ਵਿਚ ਕੰਧ ਦੁਬਾਰਾ ਕੱਢ ਦਿੱਤੀ। ਦਿਨ ਚੜ੍ਹਿਆ। ਮੁਖਤਿਆਰ ਹੋਰਾਂ ਨੂੰ ਖ਼ਬਰ ਮਿਲੀ, ਉਹ ਗੰਡਾਸੇ ਲੈ ਕੇ ਕੰਧ ਢਾਹੁਣ ਲਈ ਆ ਗਏ। ਜੱਗੀ ਨੇ ਖੋਦ ਨਾਲ ਉਪਰੋਂ ਦੋ ਰਦੇ ਚੁੱਕ ਦਿੱਤੇ।

''ਕਿਹੜੈ? ਖੜ੍ਹ ਜੋ ਥੋਡੀ ਮਾਂ ਦੀ...।' ਗੁਰਦਿਆਲ, ਜੀਤਾ ਤੇ ਸੁਰਜੂ ਗੰਡਾਸੇ ਲੈ ਕੇ ਵੀਹੀ ਨੂੰ ਭੱਜੇ। ਪਿੱਛੇ ਸੀਤੋ ਤੇ ਉਸਦੀ ਧੀ ਅੱਕੀ ਵੀ ਰੌਲਾ ਪਾਉਂਦੀਆਂ ਭੱਜ ਤੁਰੀਆਂ।

''ਆਜੋ ਗਾਹਾਂ ਦੇਈਏ ਦੁੱਧ ਨੂੰ ਪੈਸੇ।'' ਸਰਪੰਚ ਹੋਰਾਂ ਨੇ ਗੰਡਾਸੇ ਉਗਰ ਲਏ।

''ਹਾਏ! ਵੇ ਲੋਕੋ ਮਾਰਤੇ ਵੇ....। ਚੰਦ ਕੁਰ ਤੇ ਉਸ ਨਾਲ ਹੋਰ ਤੀਵੀਆਂ ਮੁਖਤਿਆਰ ਦੇ ਮੂਹਰੇ ਹੋ ਗਈਆਂ। ਸੀਤੋ ਤੇ ਅੱਕੀ ਨੇ ਗੁਰਦਿਆਲ ਹੋਰਾਂ ਦੇ ਗੰਡਾਸੇ ਫੜ ਲਏ।

''ਤੂੰ ਪਰਾਂ ਹੋ ਜਾ ਨੀ, ਮੈਨੂੰ ਹੁਣ ਇਨ੍ਹਾਂ ਨਾਲ ਦੇਖ ਈ ਲੈਣ ਦੇ।'' ਜੱਗੀ ਆਪਣੀ ਘਰ ਵਾਲੀ ਨੂੰ ਧੱਕਾ ਦੇ ਕੇ ਭੱਜ ਲਿਆ ਤੇ ਇਕ ਡਾਂਗ ਸੁਰਜੂ ਦੇ ਮੌਰਾਂ ਵਿਚ ਜਾ ਧਰੀ।

''ਓਏ ਮੁੰਡਿਓ! ਸੁਰਤ ਕਰੋ ਸੁਰਤ, ਕਦੇ ਐਂ ਮਸਲੇ ਹੱਲ ਹੋਏ ਨੇ?'' ਬਜ਼ੁਰਗ ਹਰਭਜਨ ਗਿਆਨੀ ਨੇ ਦੋਵਾਂ ਨੂੰ ਵੱਖ-ਵੱਖ ਕਰ ਦਿੱਤਾ। ਰੌਲਾ ਸੁਣ ਕੇ ਵੀਹੀ ਵਿਹੜੇ ਦੇ ਦੋ ਚਾਰ ਆਦਮੀ ਹੋਰ ਆ ਖੜ੍ਹੇ।

''ਦੇਖ ਭਜਨ ਸਿਆਂ, ਤੂੰ ਆਪ ਸਿਆਣੈ, ਕਦੇ ਵੀਹੀਆਂ ਵਿਚ ਕੰਧਾਂ ਨਿਕਲੀਆਂ ਨੇ?'' ਮੁਖਤਿਆਰ ਸਰਪੰਚ ਆਪਣੇ ਆਪ ਨੂੰ ਸੱਚਾ ਜਤਾਉਣਾ ਚਾਹੁੰਦਾ ਸੀ।

''ਭਜਨ ਸਿਆਂ, ਇਹ ਪਿੰਡ ਦਾ ਨਕਸ਼ਾ ਦੇਖਣ, ਇਥੋਂ ਦੀ ਵੀਹੀ ਹਈ ਨੀ।'' ਗੁਰਦਿਆਲ ਪਿਛਲੇ ਸ਼ਬਦਾਂ ਨੂੰ ਜ਼ੋਰ ਦੇ ਕੇ ਬੋਲ ਗਿਆ।

''ਓਏ ਭਾਈ! ਕਿਉਂ ਆਪਸ 'ਚ ਕਟਾ-ਵਢੀ ਹੋਏ ਓ। ਦੋ ਸਿਆਣੇ ਬੰਦੇ ਕਰਕੇ ਇਹਨੂੰ ਨਬੇੜੋ ਪਰ੍ਹਾਂ।''

''ਐਂ ਨੀ ਨਿਬੜਦਾ ਇਥੇ ਤਾਂ ਕਤਲ ਹੋਊ।'' ਸੁਰਜੂ ਭੀਸਰਿਆ ਖੜ੍ਹਾ ਸੀ।

'' ਜੇ ਕਤਲ ਕਰਾਉਣੈ ਤਾਂ ਫੇਰ ਆ ਇਧਰ, ਜੇ ਨਾ ਚਟਨੀ ਮਾਂਗੂੰ ਰਗੜਦੀਏ।'' ਜੱਗੀ ਨੇ ਖੱਬਾ ਹੱਥ ਸੱਜੇ ਹੱਥ ਉਤੇ ਧਰ ਕੇ ਮਲ਼ ਦਿੱਤਾ।

''ਓਏ ਵੀਹ ਦੇਖੀਆਂ ਨੇ ਤੇਰੇ ਵਰਗੀਆਂ ਕਤੀੜਾਂ, ਗੱਲਾਂ ਮਾਰਦੈ।''

''ਅੱਛਿਆ! ਤਾਂ ਫੇਰ ਆਜਾ ਹੁਣ ਇੱਕੀਮੀਂ ਵੀ ਦੇਖ ਲੈ।'' ਜੱਗੀ ਨੇ ਡਾਂਗ ਥੋੜ੍ਹਾ ਉਪਰ ਚੁੱਕ ਕੇ ਧਰਤੀ ਨਾਲ ਮਾਰੀ।

''ਚਲੋ ਓਏ ਮੁੰਡਿਓ ਆਪਣੇ-ਆਪਣੇ ਘਰੇ। ਵੀਹੀ ਤਾਂ ਇਥੇ ਈ ਰਹਿਜੂ, ਉਰੇ ਕੋਈ ਹੋਰ ਸਿਆਪਾ ਪਾਲੋਂਗੇ।'' ਹਰਭਜਨ ਗਿਆਨੀ, ਗੁਰਦਿਆਲ ਹੋਰਾਂ ਨੂੰ ਉਨ੍ਹਾਂ ਦੇ ਘਰ ਤੱਕ ਛੱਡ ਗਿਆ।

ਸਾਬਕਾ ਸਰਪੰਚ ਮੁਖਤਿਆਰ ਤੇ ਉਸਦੇ ਬੇਲੀ ਬੁੜ-ਬੁੜ ਕਰਦੇ ਵਾਪਿਸ ਮੁੜ ਗਏ। ਘਰੇ ਜਾ ਕੇ ਜੱਗੀ ਤੇ ਚਾਂਦੀ ਨੇ ਸਕੂਟਰ ਚੀਮੇ ਥਾਣੇ ਨੂੰ ਹੱਕ ਦਿੱਤਾ। ਦੋਵਾਂ ਨੂੰ ਜਾਂਦਿਆਂ ਸਕੂਲੋਂ ਆਉਂਦੇ ਗੁਰਦਿਆਲ ਦੇ ਮੁੰਡੇ ਨੇ ਵੇਖ ਲਿਆ। ਜਦ ਉਹ ਘਰ ਗਿਆ ਤਾਂ ਘਰੇ ਲੜਾਈ ਦਾ ਮਾਹੌਲ ਬਣਿਆ ਹੋਇਆ ਸੀ। ਸਾਰਿਆਂ ਨੇ ਸਰਪੰਚ ਨਾਲ ਹੋਈ ਲੜਾਈ ਬਾਰੇ ਗੱਲਾਂ ਛੇੜ ਰੱਖੀਆਂ ਸਨ। ਗੁਰਦਿਆਲ ਦੇ ਮੁੰਡੇ ਸੋਨੂੰ ਨੂੰ ਵੀ ਉਖੜੇ ਮਾਹੌਲ ਕਰਕੇ ਦਾਲ ਵਿਚ ਕੁਝ ਕਾਲਾ ਚਮਕਿਆ ਤਾਂ ਉਸਨੇ ਜੱਗੀ ਤੇ ਚਾਂਦੀ ਦੇ ਸਕੂਟਰ ਲੈ ਕੇ ਚੀਮੇ ਜਾਣ ਬਾਰੇ ਵੀ ਦੱਸ ਦਿੱਤਾ। ਸਾਰਿਆਂ ਨੇ ਸੁਣ ਕੇ ਰੋਝ ਵਾਂਗ ਕੰਨ ਚੁੱਕ ਲਏ।

''ਲਿਆ ਓਏ ਜੈਲੂ ਟਰੈਕਟਰ, ਦੇਖਦੇ ਆਂ ਥਾਣੇ ਜਾ ਕੇ ਉਹ ਕੀ ਕਰਦੇ ਨੇ।''

ਜੈਲੂ ਨੇ ਗੁਰਦਿਆਲ ਦੇ ਕਹਿਣ 'ਤੇ ਟਰੈਕਟਰ ਕੱਢ ਲਿਆ। ਗੁਰਦਿਆਲ ਤੇ ਚੰਨਣ ਮੈਂਬਰ ਜੈਲੂ ਦੇ ਦੋਵਾਂ ਸਾਈਡਾਂ ਵਾਲੀਆਂ ਸੀਟਾਂ ਉਪਰ ਬੈਠ ਗਏ।

''ਓਏ ਸੁਰਜੂ।''

''ਹਾਂ।''

''ਘਰੇ ਭਗਵਾਨ ਹੋਊ, ਉਹਨੂੰ ਜਾ ਕੇ ਐਂ ਕਹਿ ਦੇ ਵੀ ਗੁਰਦੀਪ ਸਰਪੰਚ ਦੇ ਘਰੇ ਜਾ ਆਊ। ਜੇ ਸਰਪੰਚ ਹੋਇਆ ਤਾਂ ਉਹਨੂੰ ਕਹਿ ਦੇ ਵੀ ਚੀਮੇ ਥਾਣੇ ਆ ਜੇ।''

''ਚੰਗਾ।'' ਸੁਰਜੂ ਭਗਵਾਨ ਦੇ ਘਰ ਚਲਿਆ ਗਿਆ।

''ਕਿਧਰ ਦੀ ਚੱਲੀਏ ਮੈਂਬਰਾ?'' ਜੈਲੂ ਨੇ ਟਰੈਕਟਰ ਘਰੋਂ ਬਾਹਰ ਕੱਢ ਲਿਆ।

''ਉਹ ਤੋਲਾਵਾਲ ਕੰਨੀ ਦੀ ਗਏ ਨੇ, ਆਪਾਂ ਬੀਰ ਕੰਨੀ ਦੀ ਚਲਦੇ ਆਂ।'' ਮੈਂਬਰ ਦੀ ਜਗ੍ਹਾ ਗੁਰਦਿਆਲ ਨੇ ਜਵਾਬ ਦਿੱਤਾ। ਟਰੈਕਟਰ ਬੀਰ ਨੂੰ ਜਾਂਦੀ ਸੜਕ ਚਾੜ੍ਹ ਲਿਆ।

''ਪਹਿਲਾਂ ਸਾਲਾ ਗਾਈਂ ਜੀ ਕਹਿੰਦਾ ਕਰਲੋ ਵੀਹੀ ਬੰਦ, ਹੁਣ ਆ ਕੇ ਜਾਤ ਨੀ ਪੁਛਦਾ।'' ਗੁਰਦਿਆਲ, ਸਰਪੰਚ ਦੀ ਕਰਨੀ 'ਤੇ ਔਖਾ ਹੋਇਆ ਪਿਆ ਸੀ।

''ਉਹ ਕੀ ਕਰੇ ਵਿਚਾਰਾ, ਉਹਨੂੰ ਵੀ ਵਥੇਰੇ ਕੰਮ ਰਹਿੰਦੇ ਨੇ। ਕਦੇ ਕਿਸੇ ਦਾ ਰੌਲਾ, ਕਦੇ ਕਿਸੇ ਦੀ ਪੈਨਸ਼ਨ।'' ਜੈਲੂ, ਸਰਪੰਚ ਦੇ ਕੰਮ ਗਿਣਾਉਣ ਲੱਗ ਪਿਆ।

''ਕਿਹੜਾ ਕਰਦੈ ਉਹ ਕੰਮ? ਮੈਂ ਤਾਂ ਉਹਨੂੰ ਹਰ ਵੇਲੇ ਚੀਮੇ, ਬੀਰ ਆਲ਼ਿਆਂ ਦੀ ਸਪਰੇਅ ਦੀ ਦੁਕਾਨ 'ਤੇ ਬੈਠਾ ਦੇਖਦਾਂ।''

''ਚੱਲ ਚੰਗੈ ਜੇ ਅੱਜ ਓਥੇ ਈ ਮਿਲ ਜੇ।''

ਗੁਰਦਿਆਲ ਹੋਰੀਂ ਬੀਰ ਹੁੰਦੇ ਹੋਏ ਚੀਮੇ ਪਹੁੰਚ ਗਏ। ਗੁਰਦਿਆਲ ਨੇ ਜੈਲੂ ਬੀਰ ਵਾਲਿਆਂ ਦੀ ਦੁਕਾਨ ਵਿਚ ਸਰਪੰਚ ਨੂੰ ਵੇਖਣ ਭੇਜ ਦਿੱਤਾ। ਆਪ ਥਾਣੇ ਦੇ ਗੇਟ ਅੱਗੇ ਖੜ੍ਹ ਗਏ। ਜੈਲੂ ਨੂੰ ਸਰਪੰਚ ਦੁਕਾਨ ਵਿਚ ਹੀ ਮਿਲ ਗਿਆ। ਉਹ ਉਸਨੂੰ ਸਾਰੀ ਗੱਲ ਦੱਸ ਕੇ ਨਾਲ ਲੈ ਆਇਆ। ਚਾਰੇ ਥਾਣੇ ਅੰਦਰ ਚਲੇ ਗਏ। ਵਿਹੜੇ ਵਿਚ ਡੱਠੀ ਸਪਰਿੰਗਾਂ ਵਾਲੀ ਕੁਰਸੀ ਉਪਰ ਬੈਠਾ ਥਾਣੇਦਾਰ ਝੂਲੇ ਵਿਚ ਪਏ ਨਿੱਕੇ ਬੱਚੇ ਵਾਂਗ ਝੂਲੀ ਜਾਂਦਾ ਸੀ। ਆਲੇ-ਦੁਆਲੇ ਬੈਠੇ ਸਿਪਾਹੀਆਂ ਦੀ ਟੋਲੀ ਦੂਰ ਆਉਂਦੇ ਚਾਰ ਬੰਦਿਆਂ ਵੱਲ ਮੂੰਹ ਚੁੱਕ-ਚੁੱਕ ਵੇਖਣ ਲੱਗ ਪਈ। ਜਦੋਂ ਚਾਰੇ ਕੋਲ ਆਏ ਤਾਂ ਕੁਰਸੀਆਂ ਉਪਰ ਬੈਠੇ ਸਿਪਾਹੀ ਖੜ੍ਹੇ ਹੋ ਗਏ ਅਤੇ ਥਾਣੇਦਾਰ ਨੇ ਅੱਗੇ ਰੱਖੇ ਮੇਜ ਨੂੰ ਹੱਥ ਪਾ ਕੇ ਕੁਰਸੀ ਦਾ ਝੂਲਣਾ ਬੰਦ ਕਰ ਦਿੱਤਾ।

''ਆਓ ਜੀ ਸਰਪੰਚ ਸਾਅਬ! ਅੱਜ ਭੁੱਲੇ-ਭਟਕਿਆਂ ਨੇ ਕਿਵੇਂ ਦਰਸ਼ਨ ਦਿੱਤੇ?'' ਥਾਣੇਦਾਰ ਮੀਸਣੀ ਹਾਸੀ ਹਸਦਾ ਕੁਰਸੀ ਵੱਲ ਇਸ਼ਾਰਾ ਕਰ ਗਿਆ।

''ਬੱਸ ਥੋਡੇ ਦਰਸ਼ਨ ਕਰਨ ਨੂੰ ਦਿਲ ਕਰ ਆਇਆ।''

ਸਰਪੰਚ ਤੇ ਮੈਂਬਰ ਕੁਰਸੀਆਂ ਉਪਰ ਬੈਠ ਗਏ ਅਤੇ ਗੁਰਦਿਆਲ ਤੇ ਜੈਲੂ ਕੋਲ ਪਏ ਬੈਂਚਾਂ ਉਪਰ ਬੈਠ ਗਏ।

''ਜਾਹ ਮਣੀ, ਸਾਹਮਣੇ ਪੰਜ ਕੱਪ ਚਾਹ ਦੇ ਕਹਿ ਆ।'' ਥਾਣੇਦਾਰ ਨੇ ਕੋਲ ਖੜ੍ਹੇ ਹੋਮਗਾਰਡੀਏ ਨੂੰ ਹੁਕਮ ਦਿੱਤਾ।

''ਚਾਹ ਨੂੰ ਰਹਿਣ ਦਿੰਦੇ ਜੀ, ਬੱਸ ਪੀ ਕੇ ਈ ਤੁਰੇ ਤੇ।''

''ਤੁਸੀਂ ਨਾ ਪਿਆਇਓ ਸਰਪੰਚ ਸਾਅਬ।'' ਥਾਣੇਦਾਰ ਦੇ ਦਰਵਾਜ਼ੇ ਵਰਗੇ ਮੂੰਹ ਅੱਗੇ ਲੱਗੇ ਕਿਲੇ ਦੇ ਗੇਟਾਂ ਵਰਗੇ ਮੋਟੇ ਕਾਲੇ ਬੁੱਲ੍ਹ ਸੁਸਤ ਜਿਹੀ ਮੁਸਕਾਨ ਨਾਲ ਚੌੜੇ ਹੋ ਗਏ ਕਿਉਂਕਿ ਥਾਣੇਦਾਰ ਚਾਹ ਪਿਆ ਕੇ 'ਚੂਅ' ਦੀ ਬਿੜ੍ਹੀ ਚਾੜ੍ਹ ਰਿਹਾ ਸੀ।

''ਹੋਰ ਦੱਸੋ ਫੇਰ ਕਿਮੇਂ ਆਉਣੇ ਹੋਏ?''

''ਵੀਹੀ ਜੀ ਦਾ ਰੌਲੈ ਯਾਰ। ਵੀਹੀ ਹੈ ਤਾਂ ਸਾਰੀ ਗੁਰਦਿਆਲ ਕੇ ਥੌਂ 'ਚ, ਇਨ੍ਹਾਂ ਨੇ ਪਹਿਲਾਂ ਭਾਈਬੰਦੀ 'ਚ ਛੱਡਤੀ ਤੀ, ਤੇ ਹੁਣ ਇਹ ਆਪਣੀ ਬੰਦ ਕਰਦੇ ਨੇ ਤੇ ਉਹ ਮੁਖਤਿਆਰ ਨੂੰ ਪਤਾ ਨੀ ਕੀ ਹਰਜ ਐ ਰੋਜ਼ ਕੰਧ ਢਹਾ ਦਿੰਦੈ।''

''ਉਹ ਤਾਂ ਕਹਿੰਦੇ ਸੀ ਇਥੋਂ ਦੀ ਹੈਗੀ ਵੀਹੀ।''

''ਕਾਹਨੂੰ ਐਂ? ਊਈਂ ਫਿਰਦੇ ਨੇ ਪਾਣੀ 'ਚ ਡਾਂਗਾਂ ਮਾਰਦੇ।''

''ਉਹ ਆਏ ਵੀ ਸੀ ਉਰੇ, ਥੋਡੇ ਮੂਹਰੇ-ਮੂਹਰੇ ਰਪਟ ਲਿਖਾ ਕੇ ਗਏ ਨੇ।''

''ਕੀਹਦਾ-ਕੀਹਦਾ ਨਾਂ ਲਿਖਾਗੇ?''

''ਪੰਦਰਾਂ ਜਣਿਆਂ ਦਾ, ਵਿਚੀ ਤੇਰਾ।''

''ਮੇਰਾ?'' ਸਰਪੰਚ ਕੁਰਸੀ ਤੋਂ ਬੁੜ੍ਹਕ ਪਿਆ।

''ਹਾਂ।''

''ਲਓ ਸਰ ਚਾਹ।'' ਹੋਮਗਾਰਡੀਏ ਨੇ ਚਾਹ ਵਾਲੇ ਬੱਚੇ ਤੋਂ ਪੰਜ ਕੱਪ ਫੜ ਕੇ ਮੇਜ ਉਪਰ ਰੱਖ ਦਿੱਤੇ।

''ਲਓ ਪਹਿਲਾਂ ਚਾਹ ਪੀਓ ਫੇਰ ਕਰਦੇ ਆਂ ਗੱਲ।'' ਥਾਣੇਦਾਰ ਨੇ ਚਾਹ ਵੱਲ ਇਸ਼ਾਰਾ ਕਰ ਦਿੱਤਾ। ਪੰਜਾਂ ਨੇ ਇਕ-ਇਕ ਕੱਪ ਚੁੱਕ ਕੇ ਮੂੰਹ ਨੂੰ ਲਾ ਲਿਆ। ਚਾਹ ਪੀਣ ਪਿੱਛੋਂ ਗੁਰਦਿਆਲ ਹੋਰਾਂ ਨੇ ਸਲਾਹ ਬਣਾਈ, 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ 'ਕੱਲੀ' ਕਹਾਵਤ ਵਾਂਗ ਇਨ੍ਹਾਂ ਨੇ ਵੀ ਰਪਟ ਵਿਚ ਵਿਰੋਧੀਆਂ ਦੇ ਪੰਦਰਾਂ ਜਣਿਆਂ ਦੇ ਨਾਂ ਲਿਖਵਾ ਦਿੱਤੇ। ਗੁਰਦੀਪ ਨੇ

ਥਾਣੇਦਾਰ ਨਾਲ ਘੁੱਟ ਕੇ ਹੱਥ ਮਿਲਾਇਆ ਤੇ ਇਜਾਜ਼ਤ ਲੈ ਕੇ ਤੁਰ ਪਏ। ਅਜੇ ਇਹ ਘਰ ਆ ਕੇ ਚਾਹ ਪਾਣੀ ਹੀ ਪੀਣ ਲੱਗੇ ਸੀ ਕਿ ਪੁਲਿਸ ਦਾ ਕੈਂਟਰ ਪਿੱਛੇ ਹੀ ਆ ਗਿਆ। ਦੋਵਾਂ ਧਿਰਾਂ ਨੂੰ ਵੀਹੀ ਵਿਚ ਇਕੱਠੇ ਕਰ ਲਿਆ। ਸਰਪੰਚ ਦਾ ਭਤੀਜਾ ਘਰੋਂ ਦੋ ਕੁਰਸੀਆਂ ਚੁੱਕ ਲਿਆਇਆ। ਥਾਣੇਦਾਰ ਕੁਰਸੀ ਉਪਰ ਬੈਠਦਾ ਹੋਇਆ ਬੋਲਿਆ, ''ਦੱਸੋ ਫੇਰ ਕੀ ਫੈਸਲਾ ਕਰੀਏ?''

''ਜੀ ਜੋ ਮਰਜੀ ਐ ਕਰ ਲੋ।'' ਗੁਰਦਿਆਲ ਨੇ ਹੱਥ ਜੋੜ ਲਏ।

''ਪਹਿਲਾਂ ਤੁਸੀਂ ਇਹ ਦੱਸੋ ਵੀ ਇਥੋਂ ਦੀ ਵੀਹੀ ਹੈਗੀ ਜਾਂ ਨਹੀਂ।''

ਥਾਣੇਦਾਰ ਨੇ ਕੈਂਚੀ ਨਾਲ ਕੁਤਰੀ ਖੁਸ਼ਕ ਜਿਹੀ ਦਾੜ੍ਹੀ 'ਤੇ ਹੱਥ ਫੇਰਿਆ।

''ਵੀਹੀ ਤਾਂ ਹੈਗੀ ਐ ਜੀ।''

''ਹੈਨੀ ਜੀ।''

''ਨਹੀਂ....ਨਹੀਂ....ਹੈਗੀ ਵੀਹੀ ਤਾਂ।''

''ਕੌਣ ਕਹਿੰਦੈ, ਇਥੋਂ ਦੀ ਵੀਹੀ ਐ?''

''ਸ਼ਾਂਤੀ....ਸ਼ਾਂਤੀ, ਜੇ ਆਪਸ ਦੇ ਵਿਚ ਈ ਬੋਲਣਾ ਸੀ ਫੇਰ ਮੈਨੂੰ ਕਿਉਂ ਬੁਲਾਇਐ। ਦੋ ਮਿੰਟ ਚੁੱਪ ਬੈਠੋ।'' ਥਾਣੇਦਾਰ ਨੇ ਹਵਾ ਵਿਚ ਹੱਥ ਉਪਰ-ਹੇਠਾਂ ਕਰਦਿਆਂ ਸਭ ਨੂੰ ਚੁੱਪ ਕਰਵਾ ਦਿੱਤਾ। ''ਤੁਹਾਡੇ ਕਿਸੇ ਕੋਲ ਪਿੰਡ ਦਾ ਨਕਸ਼ਾ ਨੀ ਹੈ?''

''ਹੈਗਾ ਜੀ, ਮੈਂ ਹੁਣੇ ਲਿਆਇਆ।'' ਮੁਖਤਿਆਰ ਘਰੋਂ ਜਾ ਕੇ ਨਕਸ਼ਾ ਚੁੱਕ ਲਿਆ।

''ਆਹ ਦੇਖੋ ਜੀ ਵੀਹੀ, ਆ....ਆਹ ਇਥੋਂ ਦੀ ਐ।'' ਉਸਨੇ ਵੀਹੀ ਦੇ ਨਿਸ਼ਾਨ 'ਤੇ ਉਂਗਲ ਫੇਰੀ।

''ਇਹ ਤਾਂ ਹੋਰ ਕਿਤੋਂ ਦੀ ਐ।''

''ਹਾਂ ਜੀ, ਪਹਿਲਾਂ ਇਹ ਇਥੋਂ ਦੀ ਤੀ ਜੀ, ਜਿੱਥੇ ਇਨ੍ਹਾਂ ਦੀਆਂ ਇਹ ਸਬਾਤਾਂ ਪਾਈਆਂ ਹੋਈਆਂ ਨੇ, ਇਥੋਂ ਦੀ ਹੋ ਕੇ ਜੈਲੂ ਕੇ ਘਰ ਵਿਚ ਦੀ ਤੀ।'' ਮੁਖਤਿਆਰ ਹਵਾ ਵਿਚ ਹੱਥ ਹਿਲਾ-ਹਿਲਾ ਥਾਣੇਦਾਰ ਨੂੰ ਦੱਸਣ ਲੱਗ ਪਿਆ।

''ਫੇਰ ਨਾ ਤਾਂ ਹੁਣ ਇਥੋਂ ਦੀ ਵੀਹੀ ਐ ਤੇ ਨਾ ਹੀ ਜਿੱਥੇ ਹੈਗੀ ਸੀ, ਓਧਰ ਦੀ ਕੱਢ ਸਕਦੇ ਆਂ ਕਿਉਂਕਿ ਓਥੇ ਹੁਣ ਘਰ ਪੈ ਗਏ। ਹੁਣ ਤੁਸੀਂ ਦੱਸੋ ਫੇਰ ਕੀ ਫੈਸਲਾ ਕਰੀਏ?'' ਥਾਣੇਦਾਰ ਦੋਵਾਂ ਧਿਰਾਂ ਦੀ ਰਾਇ ਉਨ੍ਹਾਂ ਦੇ ਮੂੰਹਾਂ ਤੋਂ ਪੜ੍ਹਨ ਲੱਗ ਪਿਆ।

''ਜਿਮੇਂ ਤੁਸੀਂ ਕਰ ਦਿਓਗੇ, ਬੱਸ ਠੀਕ ਐ ਜੀ।'' ਗੁਰਦਿਆਲ ਬੋਲਿਆ।

ਥਾਣੇਦਾਰ ਪਹਿਲਾਂ ਕੁਝ ਸੋਚਦਾ ਰਿਹਾ ਤੇ ਫੇਰ ਕੋਈ ਫੈਸਲਾ ਲੈ ਕੇ ਬੋਲਿਆ, ''ਆਪਾਂ ਐਂ ਕਰਦੇ ਆਂ, ਜਿਹੜੀ ਵੀਹੀ ਕਰਤਾਰ ਕੇ ਘਰ ਪਿੱਛੋਂ ਦੀ ਲੰਘਦੀ ਐ, ਓਥੋਂ ਦੀ ਪਾਣੀ ਕੱਢ ਦਿੰਨੇ ਆਂ ਤੇ ਗੁਰਦਿਆਲ ਦੀ ਵੀਹੀ ਵਿਚ ਲਾਂਘਾ ਰੱਖ ਦਿੰਨੇ ਆਂ ਜਾਂ ਪਾਣੀ ਇਥੋਂ ਦੀ ਕੱਢ ਦਿੰਨੇ ਆਂ। ਲਾਂਘਾ ਉਥੋਂ ਦੀ ਰੱਖ ਦਿੰਨੇ ਆਂ। ਕਿਉਂ ਮਨਜ਼ੂਰ ਐ ਗੁਰਦਿਆਲ?''

''ਜਿਮੇਂ ਤੁਸੀਂ ਕਹਿ 'ਤਾ ਠੀਕ ਐ ਜੀ।''

''ਤੂੰ ਭਾਈ ਮੁਖਤਿਆਰ?''

''ਨਹੀਂ ਜੀ, ਐਂ ਨੀ ਠੀਕ। ਜੇ ਵੀਹੀ ਇਧਰ ਦੀ ਐ, ਫੇਰ ਪਾਣੀ ਵੀ ਇਧਰ ਦੀ ਕੱਢੋ।''

''ਦੇਖੋ, ਮੈਂ ਤਾਂ ਦੋਵਾਂ ਧਿਰਾਂ ਦੇ ਲਗਦੀ ਕਹਿ 'ਤੀ, ਮੰਨਣਾ ਨਾ ਮੰਨਣਾ ਉਹ ਤੁਹਾਡੀ ਮਰਜ਼ੀ ਐ।''

ਥਾਣੇਦਾਰ ਦੋਵਾਂ ਧਿਰਾਂ ਦਾ ਫੈਸਲਾ ਕਰਵਾਉਣ ਲਈ ਸ਼ਾਮ ਤੱਕ ਵਿਚ-ਵਿਚਾਲੇ ਬੋਲਦਾ ਰਿਹਾ ਪਰ ਮੁਖਤਿਆਰ ਦੀ ਜਿੱਦ ਕੁੱਤੇ ਦੀ ਪੂਛ ਵਾਂਗ ਟੇਢੀ ਦੀ ਟੇਢੀ ਰਹੀ। ਕੋਈ ਗੱਲ ਸਿਰੇ ਨਾ ਲਗਦੀ ਵੇਖ ਥਾਣੇਦਾਰ ਨੇ ਦੋਵਾਂ ਧਿਰਾਂ ਨੂੰ ਸਵੇਰੇ ਥਾਣੇ ਆਉਣ ਲਈ ਕਹਿ ਦਿੱਤਾ। ਜਾਂਦੇ ਥਾਣੇਦਾਰ ਨੂੰ ਸਰਪੰਚ ਨੇ ਇਸ਼ਾਰੇ ਨਾਲ ਘਰੇ ਆਉਣ ਲਈ ਕਿਹਾ ਪਰ ਥਾਣੇਦਾਰ ਨਾਲ ਆਏ ਜ਼ਿਆਦਾ ਮੁਲਾਜ਼ਮਾਂ ਕਰਕੇ ਪਾਸਾ ਵੱਟ ਗਿਆ।

ਸਵੇਰ ਹੁੰਦਿਆਂ ਹੀ ਦੋਵੇਂ ਪਾਰਟੀਆਂ ਟਰੈਕਟਰ ਲੈ ਕੇ ਥਾਣੇ ਜਾ ਪਹੁੰਚੀਆਂ। ਥਾਣੇਦਾਰ ਨੇ ਇਕ-ਦੋ ਰੌਲੇ ਨਿਪਟਾ ਕੇ ਦੋਵਾਂ ਧਿਰਾਂ ਨੂੰ ਅੰਦਰ ਬੁਲਾ ਲਿਆ। ਦੋਵੇਂ ਸਰਪੰਚ ਤੇ ਮੈਂਬਰ ਪਹਿਲਾਂ ਹੀ ਅੰਦਰ ਚਲੇ ਗਏ ਸਨ ਤੇ ਇਕ ਦੂਜੇ ਨੂੰ ਕੋਇਆਂ ਥਾਣੀਂ ਘੂਰਦੇ ਰਹੇ। ਅੱਜ ਵੀ ਥਾਣੇਦਾਰ ਨੇ ਹਰ ਹੀਲਾ ਵਰਤ ਕੇ ਵੇਖ ਲਿਆ ਪਰ ਕੋਈ ਫੈਸਲਾ ਨਾ ਹੋ ਸਕਿਆ। ਫਿਰ ਅਗਲੇ ਦਿਨ ਉਤੇ ਗੱਲ ਛੱਡ ਦਿੱਤੀ। ਫਿਰ ਅਗਲੇ ਤੇ ਫਿਰ ਅਗਲੇ। ਇਸ ਤਰ੍ਹਾਂ ਥਾਣੇਦਾਰ ਕਈ ਦਿਨ ਬੁਲਾਉਂਦਾ ਰਿਹਾ ਕਿ ਸ਼ਾਇਦ ਆਉਣ-ਜਾਣ ਤੋਂ ਅੱਕ ਕੇ ਹੀ ਕੋਈ ਫੈਸਲਾ ਕਰ ਲੈਣ ਪਰ ਦਿੱਲੀ ਉਥੇ ਦੀ ਉਥੇ ਹੀ ਰਹੀ। ਕੋਈ ਫੈਸਲਾ ਨਾ ਹੋ ਸਕਿਆ। ਅਖੀਰ ਥਾਣੇਦਾਰ ਨੇ ਧਾਰਾ 325 ਲਾ ਕੇ ਦੋਵਾਂ ਧਿਰਾਂ ਦੀਆਂ ਪੇਸ਼ੀਆਂ ਪਾ ਦਿੱਤੀਆਂ।

## 8.

ਸਿਆਲ ਆਪਣੀ ਪੂਰੀ ਜਵਾਨੀ ਵਿਚ ਆ ਗਿਆ ਸੀ। ਦਰਖ਼ਤਾਂ ਦੇ ਪੱਤੇ ਪੀਲੇ ਪੈ ਕੇ ਝੜਨ ਲੱਗ ਪਏ। ਕਈ ਦਿਨਾਂ ਤੋਂ ਸੂਰਜ ਨੇ ਆਪਣਾ ਮੁੱਖ ਨਹੀਂ ਵਿਖਾਇਆ ਸੀ। ਸਾਰਾ ਦਿਨ ਧੁੰਦ ਪੈਂਦੀ ਰਹਿੰਦੀ। ਬੁੱਢੇ-ਠੇਰੇ ਸਾਰਾ ਦਿਨ ਧੂੰਣੀਆਂ ਦੁਆਲੇ ਬੈਠੇ ਅੱਗ ਸੁਲਘਾਉਂਦੇ ਰਹਿੰਦੇ। ਅੱਜ ਜਦੋਂ ਕਈ ਦਿਨਾਂ ਬਾਅਦ ਸੂਰਜ ਦੀਆਂ ਚਮਕਦੀਆਂ ਕਿਰਨਾਂ ਨੇ ਮਿੱਠੀ-ਮਿੱਠੀ ਨਿੱਘ ਵਰਸਾਈ ਤਾਂ ਸਭ ਦੇ ਮੁੱਖ ਉਤੇ ਖੁਸ਼ੀ ਦੀਆਂ ਲਹਿਰਾਂ ਦੌੜ ਗਈਆਂ। ਘਰ ਦੀਆਂ ਸੁਆਣੀਆਂ ਨੇ ਕਈ ਦਿਨਾਂ ਦੇ ਧੋਤੇ ਗਿੱਲੇ ਕੱਪੜਿਆਂ ਨਾਲ ਬਨੇਰੇ ਭਰ ਦਿੱਤੇ। ਜਦੋਂ ਸੂਰਜ ਥੋੜ੍ਹਾ ਹੋਰ ਉਪਰ ਉਠਿਆ ਤਾਂ ਉਸਦੀਆਂ ਗਰਮ ਕਿਰਨਾਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨਿੱਘੀਆਂ ਹੋ ਗਈਆਂ।

ਭਗਵਾਨ ਜਦੋਂ ਗ਼ੁਸਲਖ਼ਾਨੇ ਵਿਚੋਂ ਨਹਾ ਕੇ ਬਾਹਰ ਨਿਕਲਿਆ ਤਾਂ ਉਸਦੀਆਂ ਅੱਖਾਂ ਸੂਰਜ ਦੀਆਂ ਤੇਜ ਕਿਰਨਾਂ ਨੇ ਇਕ ਵਾਰ ਬੰਦ ਜਿਹੀਆਂ ਕਰ ਦਿੱਤੀਆਂ। ਉਸਨੇ ਦੋਵੇਂ ਅੱਖਾਂ ਮਲ਼ੀਆਂ ਤੇ ਲੱਕੜੀ ਦੇ ਅੰਗਿਆਰ ਵਰਗੇ ਸੰਤਰੀ ਸੂਰਜ ਵੱਲ ਸਰਸਰੀ ਜਿਹੀ ਝਾਤੀ ਮਾਰਦਿਆਂ, ''ਆ....ਆ....ਆਹਾ....ਹਾ....ਹਾ....ਵਾਹ ਓਏ ਰੱਬਾ!'' ਕਹਿ ਕੇ ਸ੍ਰਿਸ਼ਟੀ ਦੇ ਮਾਲਕ ਦੀ ਤਾਰੀਫ਼ ਕਰ ਗਿਆ। ਉਸਨੇ ਚੁੱਲ੍ਹੇ ਮੂਹਰੇ ਬੈਠ ਕੇ ਠਰੇ ਹੱਥ ਪੈਰ ਸੇਕੇ। ਜਦੋਂ ਕਾਂਬਾ ਉਤਰ ਗਿਆ, ਫਿਰ ਰੋਟੀ ਖਾਧੀ। ਲੋਈ ਦੀ ਬੁੱਕਲ਼ ਮਾਰ ਕੇ ਬਾਹਰ ਨੂੰ ਤੁਰ ਪਿਆ। ਭਗਵਾਨ ਹੁਣ ਚੋਏ ਦੀ ਪਟੜੀ 'ਤੇ ਆ ਗਿਆ। ਮਿੱਟੀ ਪੈਣ ਕਰਕੇ ਪਟੜੀ ਪਹਿਲਾਂ ਨਾਲੋਂ ਕਾਫ਼ੀ ਉੱਚੀ ਹੋ ਗਈ ਸੀ। ਚੋਏ ਵਿਚਲੇ ਗੰਦੇ ਪਾਣੀ ਦੀ ਬਦਬੂ ਭਗਵਾਨ ਦੀਆਂ ਨਾਸਾਂ ਨੂੰ ਚੜ੍ਹ ਗਈ। ਉਸਨੇ ਦੁਆਲੇ ਲਈ ਲੋਈ ਨੂੰ ਨੱਕ ਤੋਂ ਉਪਰ ਤੱਕ ਸਰਕਾ ਲਿਆ। ਚੋਏ ਦੀ ਬਦਬੂਦਾਰ ਪਾਣੀ ਨਾਲ ਹੋਈ ਬੁਰੀ ਹਾਲਤ ਵੇਖ ਕੇ ਉਸਨੂੰ ਆਪਣਾ ਬਚਪਨ ਯਾਦ ਆ ਗਿਆ। ਕਦੇ ਇਸ ਚੋਏ ਦਾ ਪਾਣੀ ਚਾਂਦੀ ਵਾਂਗ ਚਮਕਦਾ ਸਾਫ਼ ਹੁੰਦਾ ਸੀ। ਅਸੀਂ ਨਿੱਕੇ-ਨਿੱਕੇ ਹੁੰਦੇ ਜਦ ਗਰਮੀ ਦੀਆਂ ਕੜਕਦੀਆਂ ਦੁਪਹਿਰਾਂ ਇਸ ਚੋਏ ਵਿਚ ਨਹਾ-ਨਹਾ ਕਟਦੇ। ਕਦੇ ਪੁਲ ਤੋਂ ਚੋਏ ਵਿਚ ਛਾਲਾਂ ਮਾਰਦੇ। ਪਿੰਡ ਦੀਆਂ ਕਿੰਨੀਆਂ ਹੀ ਤੀਵੀਆਂ ਇਥੇ ਕੱਪੜੇ ਧੋਣ ਆਉਂਦੀਆਂ। ਅਸੀਂ ਸਾਰਾ ਦੁਪਹਿਰਾ ਇਸ ਚੋਏ 'ਤੇ ਲੰਘਾ ਜਦੋਂ ਸ਼ਾਮ ਨੂੰ ਘਰ ਜਾਂਦੇ ਤਾਂ ਮਾਂ ਝਿੜਕਾਂ ਦਿੰਦੀ। ਪਤਾ ਨਹੀਂ ਇਸ ਪਾਣੀ ਨਾਲ ਮੋਹ ਹੀ ਇੰਨਾ ਸੀ ਕਿ ਮਾਂ ਦੀਆਂ ਝਿੜਕਾਂ ਦੀ ਪ੍ਰਵਾਹ ਨਾ ਕਰਦੇ ਅਗਲੇ ਦਿਨ ਫਿਰ ਇਸੇ ਪਾਣੀ ਵਿਚ ਆ ਵੜਦੇ। ਵਿਚੇ ਮੱਝਾਂ ਨਹਾਉਂਦੀਆਂ। ਵਿਚੇ ਅਸੀਂ, ਫਿਰ ਵੀ ਪਾਣੀ ਸਾਫ਼ ਦਾ ਸਾਫ਼ ਰਹਿੰਦਾ ਪਰ ਹੁਣ ਬੱੱਚਿਆਂ ਦੇ ਨਹਾਉਣ ਲਈ ਤਾਂ ਕੀ, ਪਸ਼ੂਆਂ ਦੇ ਨਹਾਉਣ ਲਈ ਵੀ ਠੀਕ ਨਹੀਂ ਰਿਹਾ। ਹੁਣ ਦੋ-ਤਿੰਨ ਸ਼ਹਿਰਾਂ ਦਾ ਗੰਦ-ਮੰਦ ਸਭ ਇਸ ਵਿਚ ਰੋੜ੍ਹ ਦਿੱਤਾ ਹੈ, ਜਿਸ ਨਾਲ ਇਸਦਾ ਚਾਂਦੀ ਵਰਗਾ ਪਾਣੀ ਹੁਣ ਗੰਦਾ ਤੇ ਬਦਬੂਦਾਰ ਬਣ ਗਿਆ ਹੈ। ਪਹਿਲਾਂ ਨਾਲੋਂ ਕਿੰਨਾ ਬਦਲ ਗਿਆ ਹੈ ਸਮਾਂ। ਲੋਕ ਵੀ ਕਿੰਨੇ ਬਦਲ ਗਏ ਨੇ। ਨਾਲ ਹੀ ਗੰਦਗੀ ਵਿਚ ਬਦਲ ਗਈ ਇਸ ਚੋਏ ਦੀ ਸ਼ੁੱਧਤਾ।

ਭਗਵਾਨ ਲੰਘ ਗਏ ਸਮੇਂ ਦੀਆਂ ਪਿਛਲੀਆਂ ਯਾਦਾਂ ਵਿਚ ਉਲਝਿਆ ਖੇਤ ਜਾ ਪਹੁੰਚਿਆ। ਉਹ ਖਾਲ ਵਿਚ ਲੱਤਾਂ ਲਮਕਾਅ ਕੇ ਵੱਟ ਉਪਰ ਬੈਠ ਗਿਆ। ਖਾਲ ਦੀ ਸਾਹਮਣੇ ਵਾਲੀ ਵੱਟ ਉਪਰ ਉਗੇ ਛੋਟੇ-ਛੋਟੇ ਘਾਹ ਉਤੇ ਤਰੇਲ ਦੀਆਂ ਬੂੰਦਾਂ ਸੂਰਜ ਦੀ ਰੌਸ਼ਨੀ ਨਾਲ ਸੁੱਚੇ ਮੋਤੀਆਂ ਵਾਂਗ ਚਮਕ ਰਹੀਆਂ ਸਨ। ਭਗਵਾਨ ਉਨ੍ਹਾਂ ਵੱਲ ਟਿਕ-ਟਿਕੀ ਲਾ ਕੇ ਵੇਖਣ ਲੱਗ ਪਿਆ। ਕਿੰਨੀਆਂ ਸੁੰਦਰ, ਪਵਿੱਤਰ ਤੇ ਅਣਭੋਲ ਜਿਹੀਆਂ ਲਗਦੀਆਂ ਨੇ ਇਹ ਬੂੰਦਾਂ, ਬਿਲਕੁਲ ਕਰਮੀ ਵਾਂਗ। ਸੱਚ! ਕਰਮੀ ਵੀ ਤਾਂ ਇਨ੍ਹਾਂ ਵਾਂਗ ਸੁੰਦਰ, ਪਵਿੱਤਰ ਤੇ ਭੋਲੀ ਜਿਹੀ ਹੀ ਹੈ। ਉਸਨੂੰ ਵੀ ਇਨ੍ਹਾਂ ਬੂੰਦਾਂ ਵਾਂਗ ਆਪਣੇ ਸੁਹੱਪਣ ਤੇ ਫ਼ਖ਼ਰ ਨਹੀਂ। ਉਹ ਸਭ ਦਾ ਮੋਹ ਕਰਦੀ ਹੈ, ਦਿਲ ਵਿਚ ਕਿਸੇ ਵਿਰੁੱਧ ਵੀ ਨਫ਼ਰਤ ਨਹੀਂ। ਸੂਰਜ ਦੀ ਰੌਸ਼ਨੀ ਵਾਂਗ ਸਭ ਨੂੰ ਬਰਾਬਰ ਪਿਆਰ ਵੰਡਦੀ ਹੈ। ਕਿੰਨਾ ਚੰਗਾ ਹੈ ਉਸਦਾ ਦਿਲ, ਕਿੰਨੀ ਭੋਲੀ ਐ ਵਿਚਾਰੀ, ਹਰ ਇਕ ਨੂੰ ਆਪਣਾ ਬਣਾ ਲੈਂਦੀ ਹੈ। ਮੈਂ ਵੀ ਤਾਂ ਉਸਦਾ ਕੁਝ ਨਹੀਂ ਲਗਦਾ ਸੀ ਪਰ ਹੁਣ ਮੇਰੇ 'ਤੇ ਕਿੰਨਾ ਹੱਕ ਰਖਦੀ ਐ। ਮੇਰੇ ਹੁਣ ਵੀ ਯਾਦ ਐ, ਜਦੋਂ ਮੈਂ ਪਿਛਲੀ ਲੋਹੜੀ ਵੇਲੇ ਦਸ ਦਿਨਾਂ ਬਾਅਦ ਉਨ੍ਹਾਂ ਦੇ ਘਰ ਗਿਆ ਸੀ। ਉਹ ਪਹਿਲਾਂ-ਪਹਿਲਾਂ ਤਾਂ ਮੇਰੇ ਨਾਲ ਬੋਲੀ ਨਹੀਂ। ਨੱਕ ਚੜ੍ਹਾਈ ਫਿਰਦੀ ਰਹੀ, ਅਖੇ ਇੰਨੇ ਦਿਨਾਂ ਬਾਅਦ ਕਿਉਂ ਆਇਐਂ। ਫੇਰ ਮਸਾਂ ਮਨਾਈ ਸੀ। ਫੇਰ ਉਸਨੇ ਹਸਦੀ ਨੇ ਅੰਦਰੋਂ ਪੇਟੀ ਵਿਚੋਂ ਗੱਚਕਾਂ ਕੱਢ ਕੇ ਮੇਰੇ ਮੂਹਰੇ ਲਿਆ ਰੱਖੀਆਂ ਸਨ। ਜਦੋਂ ਮੈਂ ਉਸਨੂੰ ਇਸ ਬਾਰੇ ਪੁੱਛਿਆ ਸੀ ਤਾਂ ਉਹ ਬੜੇ ਮਾਣ ਨਾਲ ਬੋਲੀ ਸੀ, ''ਵੀਰ ਜੀ, ਤੁਸੀਂ ਮੇਰੇ ਦੋ ਵੀਰ ਓਂ। ਓਸ ਵੀਰ ਨੇ ਤਾਂ ਆਪਣਾ ਵੰਡਾ ਖਾ ਲਿਆ ਤੀ। ਇਹ ਤੇਰਾ ਰਹਿ ਗਿਆ ਤੀ।'' ਇਹ ਸੁਣ ਕੇ ਮੇਰੀਆਂ ਅੱਖਾਂ ਵਿਚ ਉਸ ਪ੍ਰਤੀ ਪਿਆਰ ਦੇ ਹੰਝੂ ਛਲਕ ਪਏ ਸੀ ਤੇ ਕਿਹਾ ਕਿ ਪ੍ਰਮਾਤਮਾ ਮੈਂ ਤੇਰਾ ਸ਼ੁਕਰਗੁਜ਼ਾਰ ਹਾਂ, ਜਿਸਨੇ ਮੈਨੂੰ ਭੈਣ ਦੇ ਰੂਪ ਵਿਚ ਦੇਵੀ ਬਖ਼ਸ਼ ਦਿੱਤੀ ਹੈ। ਭਗਵਾਨ ਭੂਤਕਾਲ ਵਿਚੋਂ ਉਖੜ ਕੇ ਵਰਤਮਾਨ ਵਿਚ ਆ ਡਿੱਗਿਆ। ਉਸਨੂੰ ਮਹਿਸੂਸ ਹੋਇਆ, ਜਿਵੇਂ ਉਸਦੀਆਂ ਅੱਖਾਂ ਹੁਣ ਵੀ ਸਿੱਲ੍ਹੀਆਂ ਹੋ ਗਈਆਂ ਹੋਣ। ਭਗਵਾਨ ਨੂੰ ਯਾਦ ਆਇਆ ਕਿ ਮੈਂ ਹੁਣ ਵੀ ਤਾਂ ਕਈ ਦਿਨਾਂ ਤੋਂ ਕਰਮੀ ਕੇ ਘਰ ਨਹੀਂ ਗਿਆ। ਉਹ ਜ਼ਰੂਰ ਗੁੱਸੇ ਹੁੰਦੀ ਹੋਵੇਗੀ। ਇਸ ਸੋਚ ਨੇ ਭਗਵਾਨ ਨੂੰ ਉਥੋਂ ਉਠਾ ਕੇ ਪਿੰਡ ਨੂੰ ਤੋਰ ਲਿਆ। ਉਠਣ ਲੱਗਿਆਂ ਪਾਲੇ ਦੀ ਝਰਨਾਹਟ ਜਿਹੀ ਸਾਰੇ ਪਿੰਡੇ ਵਿਚ ਫਿਰ ਗਈ। ਉਸਨੂੰ ਪੈਰਾਂ ਤੋਂ ਲੈ ਕੇ ਸਿਰ ਤੱਕ ਧੁੜਤੜੀ ਜਿਹੀ ਆ ਗਈ। ਸੂਰਜ ਹੋਰ ਗਰਮ ਹੋ ਗਿਆ ਸੀ। ਖੇਤੋਂ ਪਿੰਡ ਤੱਕ ਆਉਂਦਿਆਂ ਉਸਨੂੰ ਲੋਈ ਵਾਧੂ ਜਿਹੀ ਮਹਿਸੂਸ ਹੋਣ ਲੱਗ ਪਈ। ਘਰ ਜਾ ਕੇ ਲੋਈ ਲਾਹ ਦਿੱਤੀ ਤੇ ਸਾਈਕਲ ਚੁੱਕ ਕੇ ਨਵੀਂ ਪਿੰਡੀ ਦੇ ਰਾਹ ਪਾ ਲਿਆ।

ਘਰ ਜਾਂਦੇ ਨੂੰ ਕਰਮੀ ਬਾਹਰ ਮੰਜੇ ਉਪਰ ਪਈ ਧੁੱਪ ਸੇਕ ਰਹੀ ਸੀ। ਕੋਲ ਮੰਜੇ ਉਪਰ ਗੁਰਜੀਤ ਤੇ ਉਸਦੀ ਮਾਂ ਬੈਠੇ ਸਨ। ਭਗਵਾਨ ਜਾ ਕੇ ਕਰਮੀ ਦੇ ਮੰਜੇ ਉਪਰ ਬੈਠ ਗਿਆ। ਕੁੜੀ ਨੇ ਗੁੱਸੇ ਵਿਚ ਮੂੰਹ ਦੂਜੇ ਪਾਸੇ ਵੱਟ ਲਿਆ।

''ਤਾਈ ਦੇਖ....ਦੇਖ....ਗੁੱਸੇ 'ਚ ਕਿਮੇਂ ਸੁੰਡੀ ਮਾਂਗੂ ਮੁੜੀ ਪਈ ਐ।'' ਭਗਵਾਨ ਕੁੜੀ ਦੇ ਗੁੱਸੇ ਦੀ ਸ਼ਿਕਾਇਤ ਸੁਰਜੀਤ ਕੋਲ ਲਗਾ ਗਿਆ।

''ਗੁੱਸੇ ਤਾਂ ਹੋਊਗੀ, ਆਇਆ ਦੇਖ ਕਿੰਨੇ ਦਿਨਾਂ ਬਾਅਦ ਐਂ।'' ਸੁਰਜੀਤ ਕਰਮੀ ਦੇ ਹੱਕ 'ਚ ਬੋਲ ਗਈ।

''ਤਾਈ ਥੋਨੂੰ ਪਤਾ ਤਾਂ ਹੈ, ਵੀਹੀ ਜੀ ਦਾ ਰੌਲਾ 'ਤੀ। ਬੱਸ ਓਧਰ ਈ ਉਲਝੇ ਫਿਰਦੇ ਰਹੇ।'' ਭਗਵਾਨ ਕਿਵੇਂ ਨਾ ਕਿਵੇਂ ਕਰਮੀ ਨੂੰ ਮਨਾਉਣ 'ਤੇ ਤੁਲਿਆ ਸੀ।

''ਮੈਨੂੰ ਨੀ ਪਤਾ, ਚਾਹੇ ਵੀਹੀ ਦਾ ਰੌਲਾ ਹੈਗਾ ਤੀ, ਚਾਹੇ ਨਾ! ਹੁਣ ਤੂੰ ਇਹਦੇ ਨਾਲ ਆਪ ਏ ਨਿਪਟ।'' ਸੁਰਜੀਤ ਪੱਲਾ ਛੁਡਾ ਗਈ।

''ਭਾਗੂ ਇਹਦੇ ਇਕ ਮਾਰ ਕੰਨ ਦੀ ਜੜ੍ਹ 'ਚ, ਆਪੇ ਬੋਲਪੂ।'' ਗੁਰਜੀਤ ਗੁੱਸੇ ਹੋਈ ਪਈ ਕਰਮੀ ਨੂੰ ਹੋਰ ਚਿੜ੍ਹਾ ਗਿਆ।

''ਨਹੀਂ ਓਏ ਭੈੜਿਆ, ਜੇ ਗੁਲਾਬ ਦੇ ਫੁੱਲ ਨੂੰ ਆਪਣੇ ਸਖ਼ਤ ਹੱਥਾਂ 'ਚ ਲੈ ਕੇ ਘੁੱਟਾਂਗੇ ਤਾਂ ਉਹ ਬੁਸੇਗਾ ਈ। ਕਰਮੀ ਵੀ ਤਾਂ ਆਪਣੇ ਘਰ ਦੀ ਬਗੀਚੀ ਦਾ ਸਭ ਨੂੰ ਮਹਿਕਾਂ ਦੇਣ ਆਲਾ ਗੁਲਾਬ ਈ ਐ। ਮਹਿਕਾਂ ਵੰਡਣ ਆਲੇ ਫੁੱਲ ਕਦੇ ਕਿਸੇ ਨਾਲ

ਗੁੱਸੇ ਨਹੀਂ ਹੋਇਆ ਕਰਦੇ। ਇਹ ਤਾਂ ਤੈਨੂੰ ਗਲਤਫਹਿਮੀ ਐ, ਕਿਉਂ ਭੈਣ!'' ਭਗਵਾਨ ਨੇ ਕਵੀਆਂ ਵਾਲੀ ਬੋਲੀ 'ਚ ਲਿੱਪਾ-ਪੋਚੀ ਕਰਦੇ ਨੇ ਕਰਮੀ ਦਾ ਮੋਢਾ ਫੜ ਕੇ ਆਪਣੇ ਵੱਲ ਘੁਮਾਉਣਾ ਚਾਹਿਆ ਪਰ ਉਹ ਉਠ ਕੇ ਅੰਦਰ ਚਲੀ ਗਈ। ਭਗਵਾਨ ਵੀ ਹਾੜ੍ਹੇ ਕੱਢਦਾ ਉਸਦੇ ਪਿੱਛੇ ਹੀ ਅੰਦਰ ਜਾ ਵੜਿਆ।

''ਹਾਏ, ਹਾਏ! ਐਨਾ ਗੁੱਸਾ।'' ਉਹ ਮੰਜੇ 'ਤੇ ਕਰਮੀ ਦੇ ਮੂਹਰੇ ਬੈਠ ਗਿਆ। ਕਰਮੀ ਨੇ ਮੂੰਹ ਦੂਜੇ ਪਾਸੇ ਘੁਮਾ ਲਿਆ। ਭਗਵਾਨ ਨੇ ਕਰਮੀ ਦਾ ਗੋਰਾ ਚਿਹਰਾ ਆਪਣੇ ਦੋਵੇਂ ਹੱਥਾਂ ਵਿਚ ਲੈ ਕੇ ਆਪਣੇ ਵੱਲ ਘੁਮਾ ਲਿਆ, ''ਦੇਖ ਕਰਮੀ, ਜੇ ਤੂੰ ਐਂ ਗੁੱਸੇ ਈ ਰਹਿਣੈ, ਫੇਰ ਮੈਂ ਇਥੇ ਕੀ ਕਰਨ ਆਉਣੈ। ਮੈਂ ਤਾਂ ਜਾਨਾਂ ਫੇਰ।''

''ਨਹੀਂ, ਨਹੀਂ ਭਾਗੂ।'' ਕਰਮੀ ਨੇ ਖੜ੍ਹੇ ਹੋਏ ਭਗਵਾਨ ਦੀ ਬਾਂਹ ਫੜ ਕੇ ਦੁਬਾਰਾ ਮੰਜੇ ਉਤੇ ਬਿਠਾ ਲਿਆ, ''ਮੈਨੂੰ ਨੀ ਪਤਾ ਚਾਹੇ ਕੁਛ ਮਰਜ਼ੀ ਹੋਵੇ ਪਰ ਇਥੇ ਰੋਜ਼ ਆਇਆ ਕਰ।''

''ਚੰਗਾ ਬਾਬਾ ਚੰਗਾ, ਰੋਜ਼ ਆਇਆ ਕਰੂੰ, ਬੱਸ ਹੁਣ ਤਾਂ ਖੁਸ਼ ਐਂ?'' ਭਗਵਾਨ ਨੇ ਦੋਵੇਂ ਕੰਨ ਫੜ ਲਏ। ਕਰਮੀ ਨੇ ਆਪਣੇ ਗੁਲਾਬੀ ਬੁੱਲ੍ਹਾਂ ਵਿਚ ਥੋੜ੍ਹਾ ਜਿਹਾ ਮੁਸਕਰਾ ਦਿੱਤਾ।

''ਚੱਲ ਭਾਗੂ ਖੇਤੋਂ ਸਬਜ਼ੀ ਤੋੜ ਕੇ ਲਿਆਈਏ।'' ਕਰਮੀ ਭਗਵਾਨ ਦੀ ਬਾਂਹ ਫੜ ਕੇ ਘਰ ਦੇ ਨਾਲ ਲਗਦੇ ਖੇਤਾਂ ਵੱਲ ਖਿੱਚ ਤੁਰੀ। ਚਾਰੇ ਪਾਸੇ ਗੋਡਿਆਂ ਤੱਕ ਅੱਪੜੀ ਹਰੀ ਕਣਕ ਧਰਤੀ 'ਤੇ ਵਿਛੀ ਹਰੀ ਚਾਦਰ ਵਾਂਗ ਦਿਸਦੀ ਸੀ। ਕਣਕ ਦੀਆਂ ਵੱਟਾਂ ਦੇ ਨਾਲ-ਨਾਲ ਕੱਢੀਆਂ ਸਰ੍ਹੋਂ ਦੀਆਂ ਆੜਾਂ ਫੁੱਲਾਂ ਨਾਲ ਲੱਦੀਆਂ ਪਈਆਂ ਸਨ। ਸਰ੍ਹੋਂ ਦੇ ਫੁੱਲਾਂ ਤੋਂ ਰਸ ਚੂਸਣ ਲਈ ਆਈਆਂ ਮੱਖੀਆਂ ਭੀਂ-ਭੀਂ ਕਰਦੀਆਂ ਇਧਰ-ਉਧਰ ਮੰਡਰਾ ਰਹੀਆਂ ਸਨ। ਦੋਵੇਂ ਖੇਤ ਦੀ ਵਿੱਘੇ ਥਾਂ ਵਿਚ ਲਾਈ ਗੋਭੀ ਕੋਲ ਜਾ ਪਹੁੰਚੇ।

''ਕਰਮੀ, ਹੁਣ ਤਾਂ ਕਿੰਨਾ ਚਿਰ ਹੋ ਗਿਆ, ਕਦੇ ਮਿਲਾਈ ਦੇ ਬਾਈ ਬਣ ਕੇ।'' ਭਾਗੂ ਮੁਰਝਾਏ ਫੁੱਲ ਵਾਂਗ ਮੂੰਹ ਬਣਾ ਕੇ ਤਰਲਾ ਜਿਹਾ ਕਰ ਗਿਆ।

''ਜੇ ਮਿਲਣੈ ਤਾਂ ਐਂ ਕਰ।'' ਕੁੜੀ ਨੇ ਭਾਗੂ ਨੂੰ ਆਪਣੇ ਨੇੜੇ ਕਰਕੇ ਦੂਰ ਉਂਗਲ ਦਾ ਇਸ਼ਾਰਾ ਕਰ ਦਿੱਤਾ, ''ਓਹ....ਓ....ਓ....ਦੇਖ ਸਾਹਮਣੇ ਕਲੀ ਆਲਾ ਉਨ੍ਹਾਂ ਦਾ ਘਰ ਈ ਐ ਨਾ?''

''ਹਾਂ।''

''ਇਥੋਂ ਸਿੱਧਾ ਭਾਜਾ, ਜਾ ਕੇ ਮਿਲ ਆ।''

''ਊਂ....ਤੈਨੂੰ ਚਹੇਡਾਂ ਦੀ ਹੋਈ ਪਈ ਐ। ਮੇਰਾ ਤਾਂ ਮਰਨ ਹੋ ਰਿਹਾ।''

''ਚੰਗਾ ਵੀਰ ਜੀ, ਥੋਨੂੰ ਮਰਨ ਨੀ ਦਿੰਦੇ, ਜ਼ਰੂਰ ਮਿਲਾਵਾਂਗੇ।'' ਕਰਮੀ ਨੇ ਦੋ ਗੋਭੀ ਦੇ ਫੁੱਲ ਪੁੱਟ ਕੇ ਭਾਗੂ ਦੇ ਦੋਵਾਂ ਹੱਥਾਂ ਵਿਚ ਫੜਾ ਦਿੱਤੇ।

''ਕਦੋਂ ਮਿਲਾਉਗੇ?''

''ਕੱਲ੍ਹ ਨੂੰ ਮੇਲੇ 'ਤੇ।''

''ਪੱਕਾ?''

''ਹਾਂ ਪੱਕਾ।''

''ਓ ਵੈਰੀ ਗੁੱਡ।'' ਭਗਵਾਨ ਨੇ ਖੁਸ਼ੀ ਦੇ ਲੋਰ 'ਚ ਕੁੜੀ ਦੇ ਦੋਵੇਂ ਹੱਥ ਫੜ ਕੇ ਚੁੰਮ ਲਏ।

ਹੁਣ ਦੋਵੇਂ ਸਬਜ਼ੀ ਤੋੜ ਕੇ ਘਰ ਆ ਗਏ। ਕਰਮੀ ਨੇ ਗੋਭੀ ਚੀਰ ਕੇ ਚੁੱਲ੍ਹੇ ਉਪਰ ਰੱਖ ਦਿੱਤੀ। ਸੁਰਜੀਤ ਆਟਾ ਗੁੰਨ ਕੇ ਰੋਟੀ ਲੱਗ ਗਈ। ਭਗਵਾਨ ਹਨ੍ਹੇਰਾ ਹੋਣ ਤੱਕ ਕਰਮੀ ਨਾਲ ਗੱਲਾਂ ਕਰਦਾ ਰਿਹਾ ਅਤੇ ਨਾਲ-ਨਾਲ ਉਸਦਾ ਕੰਮਾਂ ਵਿਚ ਹੱਥ ਵਟਾਉਂਦਾ ਰਿਹਾ। ਕਰਮੀ ਨੇ ਅੱਜ ਮੱਲੋ-ਮੱਲੀ ਭਗਵਾਨ ਨੂੰ ਘਰ ਹੀ ਰੱਖ ਲਿਆ ਅਤੇ ਪਿੰਡ ਭਗਵਾਨ ਦੇ ਘਰ ਪਾਲ਼ੀ

ਹੱਥ ਸੁਨੇਹਾ ਭੇਜ ਦਿੱਤਾ। ਅੱਜ ਹੀ ਨਹੀਂ, ਜਦ ਕਦੇ ਵੀ ਕਰਮੀ ਤੇ ਉਸਦੀ ਮਾਂ ਘਰ ਵਿਚ ਇਕੱਲੀਆਂ ਹੁੰਦੀਆਂ ਜਾਂ ਕਦੇ ਭਗਵਾਨ ਨੂੰ ਕੁਵੇਲਾ ਹੋ ਜਾਂਦਾ ਤਾਂ ਉਹ ਉਸਨੂੰ ਮੱਲੋ-ਮੱਲੀ ਉਥੇ ਹੀ ਪਾ ਲੈਂਦੇ। ਗੁਰਜੀਤ ਤੇ ਉਸਦੀ ਮਾਂ ਥੋੜ੍ਹਾ ਚਿਰ ਗੱਲਾਂ ਕਰਕੇ ਸੌਂ ਗਏ ਪਰ ਕਰਮੀ ਤੇ ਭਾਗੂ ਰਜਾਈਆਂ ਵਿਚ ਬੈਠੇ ਦੇਰ ਰਾਤ ਤੱਕ ਗੱਲਾਂ ਮਾਰਦੇ ਰਹੇ।

## 9.

ਸਵੇਰੇ ਪਿੰਡ ਜਾ ਕੇ ਭਗਵਾਨ ਨੇ ਰਾਜਾ ਤੇ ਗੁਰਨੈਬ ਮੇਲੇ ਜਾਣ ਲਈ ਤਿਆਰ ਕਰ ਲਏ। ਤਿੰਨਾਂ ਨੇ ਜਾਞੀਆਂ ਵਾਂਗ ਤਿਆਰੀ ਖਿੱਚੀ। ਸਾਰੇ ਪਿੰਡ ਵਿਚ ਹੀ ਮੇਲੇ ਜਾਣ ਦੀ ਕਾਹਲ ਮੁੰਡੇ-ਕੁੜੀਆਂ ਦੇ ਪੈਰਾਂ ਹੇਠ ਅੱਗ ਵਾਂਗ ਮੱਚ ਪਈ ਸੀ। ਰੰਗ-ਬਿਰੰਗੇ ਕੱਪੜਿਆਂ ਵਿਚ ਸਜੀ ਜਵਾਨੀ ਬੁੱਢੇ-ਠੇਰਿਆਂ ਨੂੰ 'ਹਟ ਪਿੱਛੇ' ਆਖਦੀ ਸੀ। ਛੇਤੀ-ਛੇਤੀ ਤਿਆਰ ਹੋਣ ਦੀਆਂ ਕਾਹਲ ਭਰੀਆਂ ਆਵਾਜ਼ਾਂ ਅਤੇ ਪਿੰਡ ਦੀ ਫਿਰਨੀ ਉਪਰੋਂ ਮੇਲੇ ਜਾਂਦੇ ਹੋਰ ਪਿੰਡਾਂ ਦੇ ਟਰੈਕਟਰਾਂ ਦੀ ਤੇਜ-ਤੇਜ 'ਖਰ....ਰ....ਖਰ....' ਪਿੰਡਾਂ ਦੀ ਮੇਲੇ ਲਈ ਅਹਿਮੀਅਤ ਮੂੰਹੋਂ ਬੋਲਦੀ ਸੀ। ਭਗਵਾਨ ਕਾ ਟਰੈਕਟਰ ਵੀ ਮੇਲੇ ਜਾਣ ਲਈ ਤਿਆਰ-ਬਰ-ਤਿਆਰ ਸੀ। ਸਿਆਣੀ ਉਮਰ ਦੀਆਂ ਜਨਾਨੀਆਂ ਪਹਿਲਾਂ ਹੀ ਬੱਚਿਆਂ ਨੂੰ ਲੈ ਕੇ ਥਾਂ ਰੋਕਣ ਲਈ ਟਰਾਲੀ ਵਿਚ ਆ ਬੈਠੀਆਂ ਸਨ। ਕਈ ਸ਼ੌਕੀਨ-ਸ਼ੌਕੀਨਣਾਂ ਅਜੇ ਟਰੈਕਟਰ ਤੁਰ ਜਾਣ ਦੀ ਪ੍ਰਵਾਹ ਨਾ ਕਰਦਿਆਂ ਸ਼ੀਸ਼ਿਆਂ ਮੂਹਰੇ ਅੜੀਆਂ ਖੜ੍ਹੀਆਂ ਸਨ। ਜਦੋਂ ਸਾਰੇ ਮੇਲੀ-ਮੇਲਣਾਂ ਇਕੱਠੀਆਂ ਹੋ ਗਈਆਂ ਤਾਂ ਚੰਨਣ ਨੇ 'ਬਹਿ ਜੋ ਭਾਈ ਬਹਿ ਜੋ' ਕਹਿੰਦੇ ਨੇ ਟਰੈਕਟਰ ਤੋਰ ਲਿਆ। ਸ਼ਾਂਤਪੁਰ ਤੋਂ ਮੇਲੇ ਤੱਕ ਜਾਣ ਵਾਲੀ ਸੜਕ ਮੇਲੇ ਜਾਣ ਵਾਲਿਆਂ ਨਾਲ ਭਰੀ ਪਈ ਸੀ, ਜਿਵੇਂ ਸਾਰਾ ਜਹਾਨ ਹੀ ਮੇਲੇ ਨੂੰ ਤੁਰ ਪਿਆ ਹੋਵੇ।

ਮੇਲੇ ਵਿਚ ਪਹੁੰਚਦਿਆਂ ਹੀ ਭਗਵਾਨ, ਰਾਜਾ ਤੇ ਗੁਰਨੈਬ ਸਾਰਿਆਂ ਤੋਂ ਵੱਖ ਹੋ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਤਲਾਅ 'ਚ ਇਸ਼ਨਾਨ ਕੀਤਾ। ਦੇਗ ਕਰਵਾਈ ਤੇ ਫਿਰ ਦਰਬਾਰ ਸਾਹਿਬ ਮੱਥਾ ਟੇਕ ਕੇ ਆਏ। ਦਰਬਾਰ ਸਾਹਿਬ ਵਿਚੋਂ ਨਿਕਲਦਿਆਂ ਹੀ ਚਾਰ-ਪੰਜ ਦੋਸਤ ਹੋਰ ਮਿਲ ਗਏ। ਹੁਣ ਸੱਤ-ਅੱਠ ਜਣਿਆਂ ਦੀ ਚੰਗੀ ਟੋਲੀ ਬਣ ਗਈ। ਜਦ ਹਾਣ ਨੂੰ ਹਾਣ ਮਿਲ ਜਾਵੇ, ਫਿਰ ਥਕਾਵਟ ਦਾ ਪਤਾ ਹੀ ਨਹੀਂ ਲਗਦਾ। ਭਗਵਾਨ ਦੀ ਟੋਲੀ ਨੇ ਸਾਰਾ ਮੇਲਾ ਗਾਹ ਸੁੱਟਿਆ। ਇਕ ਗਲੀ ਵਿਚੋਂ ਦੀ ਚਾਰ-ਚਾਰ ਪੰਜ-ਪੰਜ ਵਾਰ ਲੰਘ ਗਏ ਪਰ ਭਗਵਾਨ ਨੂੰ ਕਿਤੇ ਵੀ ਕਰਮੀ ਤੇ ਕਿਰਨਾ ਦਿਖਾਈ ਨਾ ਦਿੱਤੀਆਂ। ਦੁਪਹਿਰ ਢਲ਼ ਗਈ। ਘੜੀ ਦੀ ਸੂਈ ਨੇ ਦੋ ਵਜਾ ਦਿੱਤੇ। ਹੁਣ ਮੁੰਡਿਆਂ ਦੀ ਚਾਲ ਵਿਚ ਪਹਿਲਾਂ ਵਾਲੀ ਤੇਜੀ ਨਾ ਰਹੀ। ਸਾਰੇ ਥਕਾਵਟ ਜਿਹੀ ਮਹਿਸੂਸ ਕਰਨ ਲੱਗ ਪਏ।

''ਮੁੰਡਿਓ! ਕਿਉਂ ਨਾ ਹੁਣ ਆਪਾਂ ਥੋੜੀ ਜੀ ਰੈਸਟ ਕਰ ਲਈਏ?'' ਬੂਟੇ ਨੇ ਸਾਰਿਆਂ ਤੋਂ ਸਲਾਹ ਮੰਗੀ।

''ਹਾਂ....ਹਾਂ....ਚਲੋ ਯਰ, ਹੁਣ ਤਾਂ ਬੱਸ ਹੋਗੀ।'' ਰਾਜਾ ਢੂਹੀ ਨੂੰ ਦੋਵੇਂ ਹੱਥਾਂ ਨਾਲ ਦਬਾਉਂਦਾ ਬੋਲ ਪਿਆ।

''ਚਲੋ ਫੇਰ ਭੂਆ ਕੇ ਚਲਦੇ ਆਂ।'' ਬੂਟਾ ਸਭ ਤੋਂ ਅੱਗੇ ਹੋ ਕੇ ਤੁਰ ਪਿਆ।

ਭਗਵਾਨ, ਰਾਜੇ ਤੇ ਗੁਰਨੈਬ ਦੀਆਂ ਨਜ਼ਰਾਂ ਅਜੇ ਵੀ ਮੇਲੇ ਵਿਚ ਕਰਮੀ ਤੇ ਕਿਰਨਾ ਨੂੰ ਭਾਲ ਰਹੀਆਂ ਸਨ। ਪਹਿਲਾਂ ਚੌਕ ਟੱਪ ਕੇ ਦਰਵਾਜ਼ੇ ਕੋਲ ਜਾ ਕੇ ਗੁਰਨੈਬ ਨੇ ਭਾਗੂ ਦੀ ਬਾਂਹ ਫੜ ਕੇ ਪਿੱਛੇ ਮੋੜ ਲਿਆ।

''ਕਿਉਂ ਕੀ ਹੋ ਗਿਆ?''

''ਉਹ ਦੇਖ ਓਧਰ।'' ਗੁਰਨੈਬ ਨੇ ਦਰਵਾਜ਼ੇ ਵਿਚ ਖੜ੍ਹੀਆਂ ਕਰਮੀ ਤੇ ਕਿਰਨਾ ਵੱਲ ਉਂਗਲ ਸੇਧ ਲਈ। ਭਗਵਾਨ ਦੇਖ ਕੇ ਇਕਦਮ ਖਿੜ ਗਿਆ। ਉਸਦਾ ਠਾਠਾਂ ਮਾਰਦਾ ਅੰਦਰਲਾ ਮੋਹ ਬੁੱਲ੍ਹਾਂ ਉਤੇ ਮੁਸਕਰਾਹਟ ਬਣ ਕੇ ਲਿਸ਼ਕ ਪਿਆ। ਰਾਜਾ ਤੇ ਗੁਰਨੈਬ ਭਾਗੂ ਨੂੰ ਇਕੱਲਿਆਂ ਛੱਡ ਕੇ ਅੱਗੇ ਲੰਘ ਗਈ ਟੋਲੀ ਨਾਲ ਜਾ ਰਲ਼ੇ।

''ਕਿੱਧਰ ਮੂੰਹ ਚੱਕੀ ਤੁਰੇ ਜਾਂਦੇ ਤੀ?'' ਕੁੜੀਆਂ ਭਾਗੂ ਦੇ ਨੇੜੇ ਆਉਣ 'ਤੇ ਹੱਸ ਪਈਆਂ।

''ਉਹ ਤਾਂ ਆਪਣੇ ਗੁਰਨੈਬ ਦੀ....।''

'ਅੱਛਾ! ਅੱਛਾ ਬਾਮਣੀ ਤੀ।''

''ਹਾਂ।''

''ਮਿਲੀ ਫੇਰ?'' ਕਿਰਨਾ ਦੋਵੇਂ ਸੇਲ੍ਹੀਆਂ ਚੁੱਕ ਗਈ।

''ਗਏ ਨੇ ਮਗਰ ਭੂੰਡ। ਤੁਸੀਂ ਇਥੇ 'ਕੱਲੀਆਂ?'' ਭਾਗੂ ਦੇ ਬੋਲਾਂ ਵਿਚ ਥੋੜ੍ਹੀ ਹੈਰਾਨੀ ਤੇ ਬਹੁਤੀ ਖੁਸ਼ੀ ਘੁਲ਼ੀ ਹੋਈ ਸੀ। ਅਸਲ ਵਿਚ ਜਦ ਪਿਆਰ ਨੂੰ ਪਿਆਰ ਮਿਲਦਾ ਹੈ ਤਾਂ ਕਿਵੇਂ, ਕਿਉਂ ਦੀ ਥਾਂ ਮਿਲਣ ਦੀ ਖੁਸ਼ੀ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ। ਕਰਮੀ ਨੇ ਮੇਲੇ ਵਿਚ ਫਿਰਦੇ ਲੋਕਾਂ ਦਾ ਖ਼ਿਆਲ ਕਰਕੇ ਦੋਵਾਂ ਨੂੰ ਉਥੋਂ ਤੋਰ ਲਿਆ ਤਾਂ ਕਿ ਕੋਈ ਪਿੰਡ ਦਾ ਵੇਖ ਨਾ ਲਵੇ। ਗੱਲਾਂ ਤਾਂ ਰਾਹ ਜਾਂਦਿਆਂ ਵੀ ਕਰ ਲਵਾਂਗੇ।

''ਹੁਣ ਕਿੱਧਰ ਜਾਣੈ ਕਰਮੀ?'' ਭਾਗੂ ਨੇ ਅੱਗੇ ਤੁਰੀ ਜਾਂਦੀ ਕਰਮੀ ਤੋਂ ਪੁੱਛਿਆ।

''ਆਪਾਂ ਸਰਭੀ ਕੇ ਚੱਲ ਕੇ ਆਉਣੈ, ਉਹਨੇ ਮੈਨੂੰ ਕਿਹਾ ਤੀ ਮੇਲੇ ਵੇਲੇ ਜ਼ਰੂਰ ਆ ਕੇ ਜਾਇਓ।''

''ਉਹ ਹਾਂ ਸੱਚ! ਮੈਨੂੰ ਵੀ ਕਿਹਾ ਤੀ ਰਾਮ ਨੇ ਆਉਣ ਲਈ।'' ਭਾਗੂ ਨੂੰ ਵੀ ਕੋਈ ਭੁੱਲੀ ਗੱਲ ਯਾਦ ਆ ਗਈ।

ਰਾਮ ਭਗਵਾਨ ਤੋਂ ਇਕ ਕਲਾਸ ਮੂਹਰੇ ਪੜ੍ਹਦਾ ਸੀ ਪਰ ਫਿਰ ਵੀ ਦੋਵਾਂ ਦਾ ਗੁਆਂਢੀ ਪਿੰਡਾਂ ਦੇ ਹੋਣ ਕਰਕੇ ਅਤੇ ਇਕ ਬੱਸ 'ਤੇ ਆਉਣ-ਜਾਣ ਕਰਕੇ ਚੰਗਾ ਮੂੰਹ-ਮੁਲਾਹਜਾ ਪੈ ਗਿਆ ਸੀ। ਰਾਮ ਭਗਵਾਨ ਨਾਲੋਂ ਥੋੜ੍ਹਾ ਹੱਡਾਂ-ਪੈਰਾਂ ਦਾ ਖੁੱਲ੍ਹਾ ਹੋਣ ਕਰਕੇ ਸਿਰ ਕੱਢਵਾਂ ਤੇ ਰੰਗ ਦਾ ਗੋਰਾ ਸੀ। ਉਹ ਪੜ੍ਹਾਈ ਵਿਚ ਕੁਝ ਨਰਮ ਜ਼ਰੂਰ ਸੀ, ਫਿਰ ਵੀ 'ਖਿੱਚ-ਧੂਹ' ਕੇ ਪਾਸ ਹੋ ਜਾਂਦਾ। ਪਹਿਲਾਂ-ਪਹਿਲਾਂ ਦੋਵੇਂ ਇਕ ਦੂਜੇ ਨਾਲ ਹੱਥ ਮਿਲਾਉਣ ਤੇ ਹਾਲ-ਚਾਲ ਪੁੱਛਣ ਤੱਕ ਹੀ ਸੀਮਤ ਸਨ ਪਰ ਜਦੋਂ ਤੋਂ ਰਾਮ ਦੇ ਦਿਲ ਵਿਚ ਸਰਭੀ ਪ੍ਰਤੀ ਪਿਆਰ ਦੀਆਂ ਤਰੰਗਾਂ ਨੇ ਅੰਗੜਾਈ ਭੰਨੀ ਸੀ, ਉਦੋਂ ਤੋਂ ਉਹ ਭਗਵਾਨ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਨ ਲਈ ਹੋਰ ਨੇੜੇ ਹੋਣ ਲੱਗ ਪਿਆ ਕਿਉਂਕਿ ਉਸਨੂੰ ਇਕ ਅਜਿਹੇ ਦੋਸਤ ਦੀ ਜ਼ਰੂਰਤ ਮਹਿਸੂਸ ਹੋਣ ਲੱਗ ਪਈ ਸੀ, ਜੋ ਉਸਦੇ ਪਿਆਰ ਦੀ ਮੰਜ਼ਿਲ ਨੂੰ ਪਾਉਣ ਲਈ ਉਸਦਾ ਸੂਝ ਨਾਲ ਅਤੇ ਡਟ ਕੇ ਸਾਥ ਦੇਵੇ। ਉਹਨੇ ਆਪਣੇ ਸਾਰੇ ਦੋਸਤਾਂ ਵਿਚੋਂ ਭਗਵਾਨ ਨੂੰ ਚੁਣਿਆ ਸੀ। ਇਨ੍ਹਾਂ ਦੋਵਾਂ ਦੇ ਵਿਚਾਰ ਆਪਸ ਵਿਚ ਚੰਗੇ ਮੇਲ ਖਾਂਦੇ ਸਨ।

ਰਾਮ ਦੇ ਮਾਂ-ਬਾਪ ਦੋ ਸਾਲ ਪਹਿਲਾਂ ਨੈਣਾ ਦੇਵੀ ਮੇਲੇ 'ਤੇ ਗਏ ਰਸਤੇ ਵਿਚ ਦੁਰਘਟਨਾ ਹੋਣ ਨਾਲ ਦੋਵੇਂ ਹੀ ਮਾਰੇ ਗਏ ਸਨ। ਹੁਣ ਘਰ ਵਿਚ ਤਿੰਨ ਜੀਅ ਰਹਿ ਗਏ ਸਨ। ਰਾਮ, ਉਸਦਾ ਵੱਡਾ ਭਰਾ ਤੇ ਉਹਦੀ ਵਹੁਟੀ। ਇਕ ਕੁੜੀ ਸੀ ਰਾਮ ਤੋਂ ਵੱਡੀ, ਉਸਦੇ ਭਰਾ ਦੇ ਵਿਆਹ ਨਾਲ ਹੀ ਵਿਆਹ ਕੇ ਤੋਰ ਦਿੱਤੀ ਸੀ। ਦੋਵੇਂ ਭਰਾਵਾਂ ਦੀ ਚੰਗੀ ਬਣਦੀ ਹੋਣ ਕਰਕੇ ਰਾਮ ਨੂੰ ਪੜ੍ਹਾਈ ਜਾਰੀ ਰੱਖਣ ਵਿਚ ਕੋਈ ਕਠਿਨਾਈ ਨਹੀਂ ਸੀ ਆਈ। ਘਰ ਦੀ ਚੌਦਾਂ ਕਿੱਲੇ ਜ਼ਮੀਨ ਸੀ, ਜਿਸ ਉਤੇ ਰਾਮ ਦਾ ਵੱਡਾ ਭਰਾ ਇਕ ਸੀਰੀ ਰਲ਼ਾ ਕੇ ਖੇਤੀ ਕਰਦਾ। ਕਦੇ ਵਿਹਲੇ ਸਮੇਂ ਰਾਮ ਵੀ ਆਪਣੇ ਭਰਾ ਦਾ ਹੱਥ ਵਟਾ ਦਿੰਦਾ।

ਸਰਭੀ ਚੀਮਾ ਪਿੰਡ ਤੋਂ ਛਿਪਦੇ ਪਾਸੇ ਪੈਂਦੇ ਪਿੰਡ ਝਾੜੋਂ ਦੀ, ਆਪਣੇ ਛੋਟੇ ਭੈਣ-ਭਰਾਵਾਂ ਨਾਲੋਂ ਵੱਡੀ ਸੀ। ਸਰਭੀ ਤੇ ਕਰਮੀ ਦੇ ਨਾਨਕੇ ਇਕੋ ਪਿੰਡ ਸੀ। ਇਕ ਵਾਰ ਦੋਵੇਂ ਨਾਨਕੇ ਗਈਆਂ ਤੀਆਂ ਤੇ ਇਕੱਠੀਆਂ ਹੋ ਗਈਆਂ। ਕੁੜੀਆਂ ਲਈ ਇਕੱਠੀਆਂ ਜੁੜ ਬੈਠਣ ਦਾ ਸਬੱਬ ਤੀਆਂ ਹੀ ਰਹਿ ਗਈਆਂ, ਜਿਥੇ ਉਹ ਇਕੱਠੀਆਂ ਹੋ ਕੇ ਇਕ-ਦੂਜੀ ਨਾਲ ਆਪਣੇ ਦਿਲ ਦੀਆਂ ਗੱਲਾਂ ਕਰਕੇ ਭੜਾਸ ਕੱਢ ਲੈਂਦੀਆਂ ਹਨ। ਕਰਮੀ ਦਾ ਸੁਭਾਅ ਖੁੱਲ੍ਹਾ-ਡੁੱਲ੍ਹਾ ਅਤੇ ਵਿਸ਼ਾਲ ਸੀ। ਉਹ ਹਰ ਇਕ ਨਾਲ ਬਹੁਤ ਛੇਤੀ ਖੁੱਲ੍ਹ ਜਾਂਦੀ। ਉਸਦੇ ਸੁਭਾਅ ਉਪਰ ਭਗਵਾਨ ਦਾ ਵੀ ਅਸਰ ਭਾਰੂ ਸੀ। ਕਰਮੀ ਤੇ ਸਰਭੀ ਤੀਆਂ ਦੀ ਇਕ-ਦੋ ਮਿਲਣੀ ਵਿਚ ਹੀ ਪੱਕੀਆਂ ਸਹੇਲੀਆਂ ਬਣ ਗਈਆਂ। ਸਰਭੀ ਦਾ ਮਨ ਆਪਣੇ ਪਿਆਰ ਦੀ ਗੱਲ ਕਰਮੀ ਨੂੰ ਦੱਸਣ ਲਈ ਅੰਦਰੋਂ ਉਬਾਲੇ ਖਾਂਦਾ ਪਰ ਹਰ ਵਾਰ ਉਸਦੀ ਗੱਲ ਬੁੱਲ੍ਹਾਂ ਉਪਰ ਆ ਕੇ ਅਟਕ ਜਾਂਦੀ। ਉਹ ਕੁਝ ਬੋਲਦੀ-ਬੋਲਦੀ ਚੁੱਪ

ਕਰ ਜਾਂਦੀ। ਆਪਣੇ ਉਬਲਦੇ ਮਨ ਨੂੰ ਕਦ ਤੱਕ ਠੰਡੇ ਛਿੱਟੇ ਮਾਰ ਕੇ ਵਾਪਿਸ ਮੋੜਦੀ ਰਹਿੰਦੀ। ਆਖ਼ਰ ਇਕ ਦਿਨ ਦੱਸ ਹੀ ਦਿੱਤਾ। ਜਦੋਂ ਗੱਲਾਂ-ਗੱਲਾਂ ਵਿਚ ਸਰਭੀ ਨੇ ਭਗਵਾਨ ਦਾ ਨਾਂ ਲਿਆ ਤਾਂ ਕਰਮੀ ਨੇ ਹੈਰਾਨੀ ਵਿਚ ਮੱਥੇ ਤੇ ਨੱਕ ਵਿਚਕਾਰ ਪ੍ਰਸ਼ਨ ਚਿੰਨ੍ਹ ਬਣਾਉਂਦਿਆਂ ਪੁੱਛਿਆ, ''ਭਗਵਾਨ? ਉਹ ਤਾਂ ਮੇਰਾ ਵੀਰੈ।''

''ਹਾਂ, ਰਾਮ ਦਾ ਗੂੜ੍ਹਾ ਦੋਸਤ ਐ। 'ਕੱਠੇ ਰਹਿੰਦੇ ਨੇ ਦੋਏਂ।'' ਸਰਭੀ ਕਰਮੀ ਦੇ ਕੂਹਣੀ ਮਾਰ ਕੇ ਮੁਸਕਰਾ ਪਈ।

''ਢੈਹ ਜਾਣਾ ਟਿੱਡਾ ਜਾ, ਕਿਤੇ ਨੀ ਟਿਕਦਾ, ਪਵਾਊ ਵਿਚੋਲਗਿਰੀ ਦੀ ਸਾਂਪ।'' ਕਰਮੀ ਦੀ ਗੱਲ 'ਤੇ ਦੋਵੇਂ ਹੱਸ ਪਈਆਂ।

ਇਨ੍ਹਾਂ ਗੱਲਾਂ ਨੂੰ ਤਾਂ ਬਹੁਤ ਸਮਾਂ ਬੀਤ ਗਿਆ। ਹੁਣ ਤਾਂ ਉਨ੍ਹਾਂ ਨੇ ਝਾੜੋਂ ਤੋਂ ਕੋਈ ਬੁੱਢੀ ਨੈਣ ਨੂੰ ਵਿਚ-ਵਿਚਾਲੇ ਪਾ ਕੇ ਵਿਆਹ ਵੀ ਕਰਵਾ ਲਿਆ ਸੀ। ਰਾਮ ਨੇ ਆਪਣੇ ਭਰਾ ਨੂੰ ਸਾਰੀ ਗੱਲ ਦੱਸ ਦਿੱਤੀ ਸੀ। ਉਸਨੇ ਖਿੜੇ ਮੱਥੇ ਮੰਨ ਲਈ। ਉਧਰ ਸਰਭੀ ਦੇ ਘਰਦਿਆਂ ਵੀ 'ਤੇਲ 'ਚੋਂ ਕੌਡੀ' ਲੱਭ ਗਈ। ਤੋਲਾਵਾਲ ਦੇ ਝੋਟੇ ਦੇ ਸਿਰ ਵਰਗੇ ਸੱਤ ਕਿੱਲੇ ਭਾਲਿਆਂ ਨਹੀਂ ਲੱਭਦੇ ਸਨ। ਉਨ੍ਹਾਂ ਝੱਟ ਵਿਆਹ ਕਰਨ ਦੀ ਕੀਤੀ। ਰਾਮ ਖੇਤੀ ਕਰਨ ਵਿਚ ਕੁਝ ਨਰਮ ਸੀ। ਬਹੁਤ ਸਖ਼ਤ ਕੰਮ ਕਰਨਾ ਉਸਦੇ ਬੱਸ ਦੀ ਗੱਲ ਨਹੀਂ ਸੀ। ਅਖ਼ੀਰ ਆਪਣੇ ਭਰਾ ਨਾਲ ਸਲਾਹ ਕਰਕੇ ਆਪਣੇ ਪਿਤਾ ਦੇ ਪਹਿਲਾਂ ਖਰੀਦੇ ਦੋ ਦੁਕਾਨਾਂ ਦੇ ਪਲਾਟ ਵਿਚ ਦੁਕਾਨਾਂ ਪਾ ਕੇ ਇਕ ਕਿਰਾਏ 'ਤੇ ਦੇ ਦਿੱਤੀ ਅਤੇ ਇਕ ਵਿਚ ਆਪ ਖਲ਼, ਗੁੜ ਆਦਿ ਸੌਦਾ ਲਿਆ ਰੱਖਿਆ। ਦੁਕਾਨ ਕੁਝ ਹੀ ਸਮੇਂ ਵਿਚ ਚੰਗੀ ਚੱਲ ਨਿਕਲੀ। ਹਰ ਰੋਜ਼ ਸਾਈਕਲ 'ਤੇ ਆਉਣ-ਜਾਣ ਨਾਲੋਂ ਉਹ ਚੀਮੇ ਘਰ ਪਾ ਕੇ ਉਥੇ ਹੀ ਰਹਿਣ ਲੱਗ ਪਿਆ।

ਅੱਜ ਭਗਵਾਨ, ਕਰਮੀ ਤੇ ਕਿਰਨਾ ਨੂੰ ਇਕੱਠਿਆਂ ਘਰ ਆਇਆਂ ਵੇਖ ਕੇ ਦੋਵੇਂ ਗੁਲਾਬ ਵਾਂਗ ਖਿੜ ਗਏ ਤੇ ਸਭ ਨੂੰ ਜੱਫੀਆਂ ਪਾ-ਪਾ ਕੇ ਮਿਲੇ, ਜਿਵੇਂ ਸਦੀਆਂ ਤੋਂ ਵਿਛੜੇ ਪ੍ਰੇਮੀਆਂ ਦਾ ਕਿਤੇ ਸਬੱਬੀਂ ਮੇਲ ਹੁੰਦਾ ਹੈ।

''ਅੱਜ ਸਾਡੇ ਘਰ ਦਾ ਰਾਹ ਕਿਮੇਂ ਯਾਦ ਆ ਗਿਆ?'' ਰਾਮ ਸਾਰਿਆਂ ਨੂੰ ਅੰਦਰ ਕਮਰੇ ਵਿਚ ਲੈ ਗਿਆ।

''ਤੁਸੀਂ ਤਾਂ ਕਦੇ ਆਏ ਨੀ ਵੀਰ ਜੀ, ਫੇਰ ਸਾਨੂੰ ਈ ਲੱਤਾਂ ਘੜੀਸਣੀਆਂ ਪਈਆਂ।'' ਕਰਮੀ ਨੇ ਸਭ ਵੱਲੋਂ ਜਵਾਬ ਦੇ ਦਿੱਤਾ।

''ਚੰਗਾ ਤੁਸੀਂ ਬੈਠੋ। ਅਸੀਂ ਚਾਹ ਬਣਾ ਕੇ ਲਿਆਏ।'' ਥੋੜ੍ਹੇ ਸਮੇਂ ਪਿੱਛੋਂ ਰਾਮ ਤੇ ਸਰਭੀ ਚਾਹ ਨਾਲ ਘਰ ਬਣਾਏ ਬਰੈੱਡ ਅਤੇ ਪਕੌੜੇ ਲੈ ਆਏ।

''ਏਨੀ ਖੇਚਲ ਦੀ ਕੀ ਲੋੜ ਤੀ।'' ਭਗਵਾਨ ਕਾਫ਼ੀ ਸਾਮਾਨ ਲਈ ਆਉਂਦਿਆਂ ਨੂੰ ਵੇਖ ਕੇ ਬੋਲ ਪਿਆ।

''ਲੈ ਲੈ, ਖੇਚਲ ਕਾਹਦੀ! ਤੁਸੀਂ ਤਾਂ ਮਸਾਂ ਆਏ ਓਂ। ਜੇ ਥੋਨੂੰ ਖੇਚਲ ਲਗਦੀ ਐ ਤਾਂ ਸਾਡੇ ਗਿਆਂ ਤੋਂ ਨਾ ਖਵਾਇਓ!'' ਸਰਭੀ ਭਾਗੂ ਹੋਰਾਂ ਦੇ ਆਉਣ 'ਤੇ ਅੰਦਰੋਂ ਖੁਸ਼ੀ ਨਾਲ ਨੱਕੋ-ਨੱਕ ਭਰੀ ਪਈ ਸੀ।

ਸਾਰਿਆਂ ਨੇ ਇਕੱਠਿਆਂ ਚਾਹ ਪੀਤੀ ਅਤੇ ਰੱਜ-ਰੱਜ ਗੱਲਾਂ ਕੀਤੀਆਂ। ਆਪਣੀਆਂ ਸਾਰੀਆਂ ਪੁਰਾਣੀਆਂ ਯਾਦਾਂ ਇਕ ਵਾਰ ਫਿਰ ਗਾਹ ਮਾਰੀਆਂ ਤੇ ਉਨ੍ਹਾਂ ਗੱਲਾਂ ਵਿਚੋਂ ਦੂਣਾ-ਚੌਣਾ ਸਵਾਦ ਲਿਆ। ਜਦੋਂ ਕਿਸੇ ਸਕੂਲ, ਕਾਲਜ ਜਾਂ ਕਿਸੇ ਸੰਸਥਾ ਵਿਚ ਇਕੱਠੇ ਸਮਾਂ ਗੁਜ਼ਰਦਾ ਹੈ ਤਾਂ ਉਥੇ ਬਿਤਾਏ ਪਲ ਸਾਨੂੰ ਵਾਸਤਵ ਵਿਚ ਓਨੇ ਚੰਗੇ ਨਹੀਂ ਲਗਦੇ, ਜਿੰਨੇ ਕਿ ਉਸਤੋਂ ਬਾਅਦ ਵਿਚ ਲਗਦੇ ਹਨ। ਇਹ ਕੁਦਰਤੀ ਹੈ ਕਿ ਜਦੋਂ ਅਸੀਂ ਉਸ ਸਟੇਜ ਵਿਚੋਂ ਲੰਘ ਜਾਂਦੇ ਹਾਂ ਤਾਂ ਉਹ ਸਾਨੂੰ ਬਹੁਤ ਪਿਆਰੀ ਲੱਗਣ ਲੱਗ ਪੈਂਦੀ ਹੈ। ਸਾਡਾ ਦਿਲ ਉਸੇ ਸਮੇਂ ਉਸੇ ਸਥਾਨ ਅਤੇ ਉਨ੍ਹਾਂ ਲੋਕਾਂ ਵਿਚ ਦੁਬਾਰਾ ਆਉਣ ਨੂੰ ਕਰਦਾ ਹੈ ਪਰ ਸਮਾਂ ਕਦੇ ਵਾਪਿਸ ਨਹੀਂ ਮੁੜਦਾ। ਹਾਂ, ਰੱਬਨੇ ਸਾਨੂੰ ਇਕ ਯਾਦ ਜ਼ਰੂਰ ਬਖ਼ਸ਼ੀ ਹੈ, ਜਿਸਦੇ ਸਹਾਰੇ ਅਸੀਂ ਵਖ਼ਤ ਦੀ ਧੂੜ ਹਟਾ ਕੇ ਪੁਰਾਣੀਆਂ ਯਾਦਾਂ ਦਾ ਮੂੰਹ-ਮੱਥਾ ਵੇਖ ਲੈਂਦੇ ਹਾਂ। ਇਹ ਸਾਰੇ ਹਾਣੀ ਇਕ ਵਾਰ ਫਿਰ ਗੱਲਾਂ-ਗੱਲਾਂ ਵਿਚ ਆਪਣੀ ਪੁਰਾਣੀ ਜ਼ਿੰਦਗੀ ਵਿਚ ਘੁੰਮ ਆਏ। ਕਿਰਨਾ ਸ਼ਰੀਕ ਬਣੀ ਇਨ੍ਹਾਂ ਦੀਆਂ ਗੱਲਾਂ ਸੁਣਦੀ ਰਹੀ। ਬਾਹਰ ਰਾਮ ਨੂੰ ਉਸਦੇ ਦੋ ਦੋਸਤ ਬੁਲਾ ਕੇ ਲੈ ਗਏ। ਕਰਮੀ ਤੇ ਸਰਭੀ ਰਸੋਈ ਵਿਚ ਜਾ ਬੈਠੀਆਂ।

''ਤੈਂ ਦੱਸਿਆ ਈ ਨੀ ਕੱਲੀ ਕਿਮੇਂ ਫਿਰਦੀ ਤੀ ਮੇਲੇ 'ਚ ਅੱਖਾਂ ਤੱਤੀਆਂ ਕਰਦੀ?'' ਭਗਵਾਨ ਪਹਿਲਾਂ ਪੁੱਛੀ ਗੱਲ ਨੂੰ ਹੋਰ ਮਸਾਲਾ ਲਾ ਗਿਆ।

''ਲੈ ਲੈ, ਮੈਨੂੰ ਅੱਖਾਂ ਤੱਤੀਆਂ ਕਰਨ ਆਲੀ ਦਸਦੈ, ਆਪਣੀ ਗੱਲ ਈ ਨੀ ਕਰਦਾ, ਜਿਹੜੇ ਤੜਕੇ ਦੇ ਫਿਰਦੇ ਓਂ ਕਿਸੇ ਮਗਰ ਜੁੱਤੀਆਂ ਤੜਾਉਂਦੇ।''

''ਦੋਸਤਾਂ ਲਈ ਸਭ ਕੁਛ ਕਰਨਾ ਪੈਂਦੈ। ਜਿੱਧਰ ਲੈ ਜਾਣ, ਨਾਲ ਜਾਣਾ ਈ ਪੈਂਦੈ। ਤੁਸੀਂ ਦੱਸੋ ਸੱਚੀਂ, ਕਿਮੇਂ ਕੱਲੀਆਂ ਫਿਰਦੀਆਂ ਤੀ।''

''ਉਹ ਤਾਂ ਭਾਗੂ ਮੇਲੇ 'ਚ ਲੜਾਈ ਹੋਗੀ ਤੀ ਸ਼ਰਾਬੀਆਂ ਦੀ। ਅਸੀਂ ਮੇਰੀ ਮਾਂ ਹੋਰੀਆਂ ਨਾਲ ਤੀ। ਸਾਰੀਆਂ ਜਿੱਧਰ ਥਾਂ ਥਿਆਇਆ, ਭੱਜ ਲਈਆਂ। ਅਸੀਂ ਤਾਂ ਓਥੀ ਰੁਲ਼ਗੀਆਂ। ਮੁੜ ਕੇ ਸਾਨੂੰ ਉਹ ਥਿਆਈਆਂ ਨੀ। ਪਤਾ ਨੀ ਮੇਲੇ 'ਚ ਨੇ ਪਤਾ ਨੀ ਘਰੇ ਬਾਗੀਆਂ।''

''ਅਜੇ ਖੜ੍ਹੀਆਂ ਨੇ ਤੇਰੇ ਲਈ ਮੇਲੇ 'ਚ ਹੈਂ? ਟੈਮ ਦੇਖ!'' ਭਗਵਾਨ ਨੇ ਕਿਰਨਾ ਦਾ ਮੂੰਹ ਫੜ ਕੇ ਕੰਧ ਉਪਰ ਲੱਗੇ ਟਾਈਮ-ਪੀਸ ਵੱਲ ਕਰ ਦਿੱਤਾ।

''ਹਾਏ! ਪੰਜ ਵੱਜ ਗੇ, ਸਾਡੇ ਤਾਂ ਅੱਜ ਘਰੇ ਗਈਆਂ ਦੇ ਜ਼ਰੂਰ ਪੈਣਗੀਆਂ।'' ਕਿਰਨਾ ਲੇਟ ਹੋਣ ਦੇ ਡਰੋਂ ਫ਼ਿਕਰ ਵਿਚ ਜਾ ਡੁੱਬੀ।

''ਮੇਰੇ ਲਈ ਏਨਾ ਵੀ ਨੀ ਸਹਾਰ ਸਕਦੀ?'' ਭਾਗੂ ਚਾਹੁੰਦਾ ਸੀ ਕਿਰਨਾ ਉਸ ਨਾਲ ਦੋ ਘੜੀ ਪਿਆਰ ਦੀਆਂ ਗੱਲਾਂ ਹੋਰ ਕਰ ਲਵੇ।

''ਭਾਗੂ, ਤੇਰੇ ਲਈ ਸਭ ਕੁਝ ਸਹਾਰ ਸਕਦੀ ਆਂ।'' ਕਿਰਨਾ ਪਹਿਲੇ ਫ਼ਿਕਰ ਨੂੰ ਪਿਆਰ ਦੇ ਮਿੱਠੇ ਸ਼ਹਿਦ ਵਿਚ ਘੋਲ ਕੇ ਪੀ ਗਈ।

ਗੱਲਾਂ ਕਰਦਿਆਂ-ਕਰਦਿਆਂ ਸੂਈ ਦਾ ਚੱਕਰ ਪੰਜ ਤੋਂ ਛੇ ਉਪਰ ਆ ਖੜ੍ਹਿਆ। ਨਾਲ ਲਗਦੇ ਪਿੰਡਾਂ ਤੋਂ ਮੇਲੇ 'ਤੇ ਆਏ ਟਰੈਕਟਰ ਕਦੋਂ ਦੇ ਮੁੜ ਗਏ ਸਨ। ਵਾਹਨਾਂ ਦੀ ਉਡਾਈ ਧੂੜ ਅਸਮਾਨੀਂ ਜਾ ਚੜ੍ਹੀ ਸੀ। ਡੁਬਦੇ ਸੂਰਜ ਨੇ ਕਿਸੇ ਮੁਟਿਆਰ ਦੇ ਗੁਲਾਬੀ ਬੁੱਲ੍ਹਾਂ ਵਾਂਗ ਪੱਛਮ ਦੀ ਹਿੱਕ ਲਾਲ ਕਰ ਦਿੱਤੀ ਸੀ। ਭਗਵਾਨ ਨੇ ਰਾਮਦਾ ਸਕੂਟਰ ਲਿਆ। ਕਰਮੀ ਤੇ ਕਿਰਨਾ ਨੂੰ ਬਿਠਾ ਕੇ ਪਿੰਡ ਦੇ ਰਾਹ ਪਾ ਲਿਆ। ਭਗਵਾਨ ਆਪਣੇ ਪਿਆਰ ਦੇ ਨਾਲ ਹੋਣ ਦੇ ਮਾਣ ਨਾਲ ਆਪਣੀ ਚੌੜੀ ਛਾਤੀ ਹੋਰ ਚੌੜੀਕਰੀ ਬੈਠਾ ਸੀ। ਉਹ ਆਉਂਦੇ-ਜਾਂਦੇ ਇੱਕਾ-ਦੁੱਕਾ ਰਾਹੀ ਨੂੰ ਹਾਰਨ ਵਜਾ ਕੇ ਆਪਣੇ ਵੱਲ ਵੇਖਣ ਦੇ ਗੁੱਝੇ ਇਸ਼ਾਰੇ ਕਰ ਰਿਹਾ ਸੀ। ਜਦੋਂ ਕੋਈ ਉਸ ਵੱਲ ਵੇਖਦਾ ਤਾਂ ਉਹ ਗਰਦਨ ਨੂੰ ਅਕੜਾ ਕੇ ਹੋਰ ਉਪਰ ਚੁੱਕ ਲੈਂਦਾ। ਤੇਜ ਜਾਂਦੇ ਸਕੂਟਰ 'ਤੇ ਸਿਆਲ ਦੀ ਠੰਡੀ ਹਵਾ ਜਵਾਨ ਜਿਸਮਾਂ ਨੂੰ ਛੇੜ-ਛੇੜ ਲੰਘ ਰਹੀ ਸੀ। ਭਗਵਾਨ ਦੋਵਾਂ ਨੂੰ ਘਰ ਤੋਂਕੁਝ ਫ਼ਾਸਲੇ 'ਤੇ ਉਤਾਰ ਕੇ ਵਾਪਿਸ ਆ ਗਿਆ ਤੇ ਸਾਰੀ ਰਾਤ ਆਪਣੇ ਦੋਸਤ ਰਾਮ ਨਾਲ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਾ ਰਿਹਾ।

## 10.

ਸਿਆਲ਼ ਆਪਣੀ ਠੰਡ ਦੇ ਜਲਵੇ ਵਿਖਾ ਕੇ ਵਾਪਿਸ ਮੁੜ ਚੱਲਿਆ ਸੀ। ਪਾਲ਼ੇ ਨਾਲ ਰੁੰਡ-ਮਰੁੰਡ ਹੋਏ ਦਰਖ਼ਤ ਦੁਬਾਰਾ ਫੁੱਟ ਪਏ। ਕੁਝ ਚਿਰ ਪਹਿਲਾਂ ਜਿਨ੍ਹਾਂ ਦੀ ਛਾਂ ਤੋਂ ਡਰ ਲਗਦਾ ਸੀ, ਹੁਣ ਉਹ ਚੰਗੀ ਲੱਗਣ ਲੱਗ ਪਈ। ਸ਼ਾਮ-ਸਵੇਰੇ ਠੰਡ ਹੁੰਦੀ ਪਰ ਦੁਪਹਿਰ ਦੀ ਤੇਜ ਧੁੱਪ ਸਰੀਰ 'ਤੇ ਕੰਡਿਆਂ ਵਾਂਗ ਲੜਦੀ। ਭਗਵਾਨ ਦੇ ਬਾਰ੍ਹਵੀਂ ਦੇ ਪੇਪਰ ਨੇੜੇ ਆ ਗਏ ਸੀ। ਉਹ

ਹੁਣ ਕਾਫ਼ੀ ਸਮਾਂ ਆਪਣੀ ਪੜ੍ਹਾਈ ਵੱਲ ਦਿੰਦਾ। ਜਦੋਂ ਪੜ੍ਹਦੇ ਦਾ ਮਨ ਅੱਕ ਜਾਂਦਾ ਤਾਂ ਘਰੋਂ ਬਾਹਰ ਫਿਰਨੀ ਵਿਚ ਆ ਖੜ੍ਹਦਾ ਜਾਂ ਘਰ ਹੀ ਕੋਈ ਹੋਰ ਕੰਮ ਕਰਨ ਲੱਗ ਜਾਂਦਾ। ਕਦੇ-ਕਦੇ ਪਿੰਡ ਵਿਚ ਦੋਸਤਾਂ-ਮਿੱਤਰਾਂ ਕੋਲ ਵੀ ਗੇੜਾ ਮਾਰ ਆਉਂਦਾ।

ਭਗਵਾਨ ਦਾ ਅੱਜ ਪੜ੍ਹਾਈ ਵਿਚ ਦਿਲ ਨਹੀਂ ਲੱਗ ਰਿਹਾ ਸੀ। ਉਹ ਕੁਝ ਚਿਰ ਪੜ੍ਹਦਾ ਤੇ ਫੇਰ ਉਠ ਖੜ੍ਹਦਾ। ਇਸ ਤਰ੍ਹਾਂ ਕਰਦਿਆਂ ਦੁਪਹਿਰ ਢਲ਼ਣੀ ਸ਼ੁਰੂ ਹੋ ਗਈ। ਟਾਈਮ ਦੇਖਿਆ, ਸੰਨ੍ਹੀ ਦਾ ਵੇਲਾ ਹੋ ਗਿਆ ਸੀ। ਉਸਨੇ ਕਿਤਾਬ ਵਿਚ ਪੈੱਨ ਪਾ ਕੇ ਬੰਦ ਕਰਕੇ ਮੰਜੇ ਉਪਰ ਹੀ ਰੱਖ ਦਿੱਤੀ ਅਤੇ ਕਮੀਜ਼ ਦੀਆਂ ਬਾਹਵਾਂ ਟੰਗ ਕੇ ਸੰਨ੍ਹੀ ਕਰਨ ਲਈ ਤਿਆਰ ਹੋ ਗਿਆ। ਟੋਕਰਾ ਚੁੱਕ ਕੇ ਤੂੜੀ ਪਾਈ, ਬਾਲਟੀ ਵਿਚ ਖ਼ਲ ਪਾ ਕੇ ਸੰਨ੍ਹੀ ਕਰ ਦਿੱਤੀ। ਛੋਟੇ ਕੱਟਰੂਆਂ ਨੂੰ ਸੰਨ੍ਹੀ ਟੋਕਰੇ ਵਿਚ ਪਾ ਕੇ ਰੱਖ ਦਿੱਤੀ ਅਤੇ ਮੱਝਾਂ ਖੁਰਲੀ ਉਪਰ ਬੰਨ੍ਹ ਦਿੱਤੀਆਂ। ਅਜੇ ਉਹ ਤੂੜੀ ਨਾਲ ਲਿੱਬੜੇ ਹੱਥ ਧੋਣ ਲਈ ਨਲਕੇ ਉਪਰ ਜਾ ਹੀ ਰਿਹਾ ਸੀ ਕਿ ਕਰਮੀ ਦੇ ਤਾਏ ਦਾ ਮੁੰਡਾ ਮੱਖਣ ਬਾਹਰੋਂ ਸਾਈਕਲ ਲੈ ਕੇ ਆ ਗਿਆ। ਉਸਦਾ ਸਾਹ ਨਾਲ ਸਾਹ ਨਹੀਂ ਰਲਦਾ ਸੀ। ਉਸਨੇ ਉਖੜੇ ਸਾਹ ਨੂੰ ਪਲ ਲਈ ਥਾਂ-ਸਿਰ ਕਰਦਿਆਂ ਕਿਹਾ, ''ਭਗਵਾਨ ਫੋਨ ਮਿਲਾਈਂ ਕੇਰਾਂ ਛੇਤੀ।''

''ਕਿਉਂ?'' ਭਗਵਾਨ ਉਸਦੀ ਹਾਲਤ ਤੋਂ ਕਿਸੇ ਵਾਪਰੀ ਅਣਹੋਣੀ ਬਾਰੇ ਫਰੋਲਾ-ਫਰਾਲੀ ਕਰਦਾ ਨਲਕੇ 'ਤੇ ਕਾਹਲੀ ਨਾਲ ਹੱਥ ਧੋਣ ਲੱਗ ਪਿਆ। ਉਸਨੇ ਮੱਖਣ ਦੀ ਹਾਲਤ ਤੋਂ ਹੀ ਅੰਦਾਜ਼ਾ ਲਾ ਲਿਆ ਸੀ ਕਿ ਕੋਈ ਚੰਗੀ ਖ਼ਬਰ ਨਹੀਂ ਹੈ।

''ਯਰ ਆਪਣੀ ਕਰਮੀ ਦਾ ਐਕਸੀਡੈਂਟ ਹੋ ਗਿਆ।'' ਉਸਨੇ ਫੋਨ ਵਾਲੀ ਡਾਇਰੀ ਭਗਵਾਨ ਨੂੰ ਫੜਾ ਦਿੱਤੀ।

''ਕੀ? ਕਰਮੀ ਦਾ ਐਕਸੀਡੈਂਟ?'' ਉਸਦੇ ਸੁਣਦਿਆਂ ਹੀ ਹੋਸ਼ ਉਡ ਗਏ। ਦਿਮਾਗ਼ ਨੂੰ ਚੱਕਰ ਜਿਹਾ ਆ ਗਿਆ, ਜਿਸਦੇ ਨਾਲ ਉਸਦੇ ਸਾਰੇ ਸਰੀਰ ਨੂੰ ਕਾਂਬਾ ਛਿੜ ਗਿਆ। ਉਹ ਕੰਬਦੇ ਹੱਥਾਂ ਨਾਲ ਡਾਇਰੀ ਨੂੰ ਫਰੋਲੀ ਜਾ ਰਿਹਾ ਸੀ।

''ਝਾੜੋਂ ਦਾ ਨੰਬਰ ਐ, ਲੈ ਮੈਂ ਕੱਢਾਂ।'' ਮੱਖਣ ਨੇ ਭਗਵਾਨ ਦੀ ਹਾਲਤ ਵੇਖ ਕੇ ਡਾਇਰੀ ਉਸ ਤੋਂ ਫੜ ਲਈ ਤੇ ਨੰਬਰ ਲੱਭ ਕੇ ਦੁਬਾਰਾ ਉਸਨੂੰ ਫੜਾ ਦਿੱਤੀ। ਭਗਵਾਨ ਨੇ ਨੰਬਰ ਤਾਂ ਲਗਾ ਦਿੱਤਾ ਪਰ ਉਸਤੋਂ ਗੱਲ ਨਾ ਹੋਈ। ਫਿਰ ਮੱਖਣ ਨੇ ਉਸਤੋਂ ਫੋਨ ਫੜ ਕੇ ਕਰਮੀ ਦੇ ਮਾਮੇ ਨੂੰ ਉਸਦੇ ਐਕਸੀਡੈਂਟ ਬਾਰੇ ਦੱਸ ਦਿੱਤਾ।

ਭਗਵਾਨ ਗੁੰਮ-ਸੁੰਮ ਹੋਇਆ ਖੜ੍ਹਾ ਸੀ। ਉਸਨੂੰ ਕੁਝ ਨਹੀਂ ਸੁੱਝ ਰਿਹਾ ਸੀ ਕਿ ਹੁਣ ਉਹ ਕੀ ਕਰੇ। ਉਸਨੇ ਟਾਈਮ ਵੇਖਿਆ, ਚਾਰ ਵੱਜਣ ਵਾਲੇ ਸਨ। ਸੁਨਾਮ ਨੂੰ ਜਾਣ ਵਾਲੀ ਬੱਸ ਆਉਣ ਵਾਲੀ ਸੀ। ਉਹ ਉਸੇ ਤਰ੍ਹਾਂ ਪੈਰ ਘੜੀਸਦਾ ਅੱਡੇ ਨੂੰ ਤੁਰ ਪਿਆ। ਅੱਡੇ 'ਤੇ ਜਾ ਕੇ ਉਹ ਵਾਰ-ਵਾਰ ਘੜੀ ਵੇਖਦਾ। ਘੜੀ ਦੀਆਂ ਸੂਈਆਂ ਜਿਵੇਂ ਖਲੋ ਗਈਆਂ ਹੋਣ। ਉਸਦਾ ਦਿਲ ਤੇਜ-ਤੇਜ ਧੜਕ ਰਿਹਾ ਸੀ। ਇਸ ਧੜਕਦੇ ਦਿਲ ਵਿਚ ਕਰਮੀ ਨੂੰ ਜਲਦੀ ਮਿਲਣ ਦੀ ਇਕ ਤੜਫ਼ ਸੀ। ਇੰਨੀ ਤੜਫ਼ ਕਿ ਉਸਨੂੰ ਇਕ-ਇਕ ਪਲ ਘੰਟਿਆਂ ਵਾਂਗ ਬੀਤਦਾ ਜਾਪ ਰਿਹਾ ਸੀ। ਉਸਦੇ ਦਿਲ ਵਿਚ ਖ਼ਿਆਲ ਆਇਆ ਕਿ 'ਕਿਉਂ ਨਾ ਮੈਂ ਰਾਜੇ ਨੂੰ ਨਾਲ ਲੈ ਚੱਲਾਂ।' ਉਹ ਲੰਬੀਆਂ ਪੁਲਾਂਘਾਂ ਪੁੱਟਦਾ ਰਾਜੇ ਕੇ ਘਰ ਆ ਗਿਆ। ਰਾਜਾ ਘਰ ਹੀ ਮਿਲ ਗਿਆ ਸੀ।

''ਰਾਜੇ ਮੇਰੇ ਨਾਲ ਚੱਲ।''

''ਕਿੱਥੇ?''

''ਕਰਮੀ ਦਾ ਐਕਸੀਡੈਂਟ ਹੋ ਗਿਆ, ਸੁਨਾਮ ਚੱਲਣੈ।''

''ਅੱਛਿਆ? ਐਂ ਕਿਮੇਂ?''

''ਐ ਤਾਂ ਬਹੁਤਾ ਮੈਨੂੰ ਵੀ ਨੀ ਪਤਾ, ਮੈਨੂੰ ਤਾਂ ਮੱਖਣ ਦਸਦਾ ਤੀ, ਕਿਰਨਾ ਨੂੰ ਲੈਣ ਜਾਂਦੀ ਤੀ ਉਹਨਾਂ ਦੇ ਘਰੇ। ਰਾਹ 'ਚ ਸੜਕ 'ਤੇ ਕੋਈ ਕੈਂਟਰ ਆਲਾ ਫੇਟ ਮਾਰ ਕੇ ਡੇਗ ਗਿਆ। ਤੂੰ ਛੇਤੀ ਚੱਲ ਬੱਸ ਆਉਣ ਆਲ਼ੀ ਐ।'' ਉਹ ਦੋਵੇਂ ਓਥੋਂ ਭਜਦਿਆਂ ਵਾਂਗ ਤੁਰਦੇ ਅੱਡੇ 'ਤੇ ਆ ਗਏ। ਪੰਜ ਮਿੰਟਾਂ ਬਾਅਦ ਬੱਸ ਆ ਗਈ। ਦੋਵੇਂ ਬੱਸ ਚੜ੍ਹ ਗਏ। ਭਗਵਾਨ ਸਾਰੇ ਰਾਹ ਨਿੱਕੀ-ਮੋਟੀ ਹਾਂ-ਹੂੰ ਦੇ ਬਿਨਾਂ ਕੋਈ ਗੱਲ ਨਾ ਕਰ ਸਕਿਆ। ਬੱਸ ਵਾਰ-ਵਾਰ ਅੱਖਾਂ ਵਿਚ ਸਿੰਮ ਆਉਂਦੇ ਅੰਦਰਲੇ ਦਰਦ ਨੂੰ

ਪੂੰਝਦਾ ਰਿਹਾ। ਜਦੋਂ ਉਹ ਸੁਨਾਮ ਹਸਪਤਾਲ ਪਹੁੰਚੇ ਤਾਂ ਵੇਖਿਆ, ਕਰਮੀ ਤਿੰਨ ਨੰਬਰ ਕਮਰੇ ਵਿਚ ਪਈ ਤੜਫ਼ ਰਹੀ ਸੀ। ਉਸਦੇ ਸਿਰ ਵਿਚੋਂ ਦਰਦ ਉਠਦਾ ਤੇ ਸਾਰੇ ਸਰੀਰ ਵਿਚ ਫੈਲ ਜਾਂਦਾ। ਉਹ ਮੰਜੇ 'ਤੇ ਪਈ ਜ਼ਖ਼ਮੀ ਪਰਿੰਦੇ ਵਾਂਗ ਮੇਲ੍ਹ ਰਹੀ ਸੀ। ਡਾਕਟਰ ਤੇ ਨਰਸਾਂ ਦਾ ਜਮਘਟਾ ਉਸਦੇ ਦੁਆਲੇ ਇਕੱਠਾ ਹੋਇਆ ਖੜ੍ਹਾ ਸੀ। ਉਸਦਾ ਸਾਰਾ ਸਰੀਰ ਬੋਤਲਾਂ ਅਤੇ ਟੀਕਿਆਂ ਨੇ ਵਿੰਨ੍ਹਿਆ ਪਿਆ ਸੀ। ਸਿਰ ਵਿਚ ਸੱਟ ਕਾਫ਼ੀ ਲੱਗ ਗਈ ਸੀ, ਜਿਸ ਕਾਰਨ ਉਸਨੂੰ ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਖ਼ੂਨ ਦੀ ਉਲਟੀ ਆਉਂਦੀ ਅਤੇ ਗੋਡੇ ਤੋਂ ਚਕਨਾ-ਚੂਰ ਹੋਈ ਸੱਜੀ ਲੱਤ ਦਾ ਦਰਦ ਉਸਦੇ ਹੰਝੂ ਵਰ੍ਹਾ ਦਿੰਦਾ। ਭਗਵਾਨ ਨੂੰ ਆਇਆ ਵੇਖ ਕੇ ਕਰਮੀ ਦੀਆਂ ਅੱਖਾਂ ਚਮਕ ਉਠੀਆਂ। ਉਸਨੇ ਖ਼ੁਸ਼ੀ ਵਿਚ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੇ ਸਿਰ ਦਾ ਦਰਦ ਉਸਦੀ ਮੁਕਸਾਨ ਦਾ ਗਲ਼ਾ ਘੁੱਟ ਕੇ ਆਪ ਮੋਹਰੀ ਹੋ ਖੜ੍ਹਿਆ ਤੇ ਉਸਦੀਆਂ ਖ਼ੁਸ਼ੀ ਨਾਲ ਚਮਕੀਆਂ ਅੱਖਾਂ ਵਿਚੋਂ ਕੌੜਾ ਪਾਣੀ ਉਛਲ ਪਿਆ।

''ਨਹੀਂ ਨਹੀਂ ਕਮਲੀ ਕਿਉਂ ਰੋਂਦੀ ਐਂ, ਸਭ ਠੀਕ ਹੋਜੂ, ਐਮੇਂ ਨਾ ਦਿਲ ਹੌਲਾ ਕਰ।'' ਭਗਵਾਨ ਕਰਮੀ ਦੇ ਬੈੱਡ 'ਤੇ ਬੈਠ ਗਿਆ ਅਤੇ ਆਪਣੀ ਰੁਮਾਲ ਨਾਲ ਉਸਦੇ ਹੰਝੂ ਪੂੰਝ ਕੇ ਸਿਰ ਉਪਰੋਂ ਪਿਆਰ ਦਾ ਹੱਥ ਫੇਰਿਆ।

''ਭ....ਭਾ....ਗ।'' ਕਰਮੀ ਦੀ ਟੁੱਟੀ-ਫੁੱਟੀ ਆਵਾਜ਼ ਗਲੇ 'ਚੋਂ ਡਿੱਕ-ਡੋਲੇ ਖਾਂਦੀ ਬਾਹਰ ਨਿਕਲੀ ਤੇ ਉਸਨੇ ਭਗਵਾਨ ਦਾ ਹੱਥ ਫੜ ਲਿਆ। ਉਸਨੂੰ ਆਪਣੀ ਮੌਤ ਆਵਾਜ਼ਾਂ ਮਾਰਦੀ ਦਿਸਦੀ ਸੀ ਪਰ ਉਹ ਭਗਵਾਨ ਦਾ ਸਾਥ ਨਹੀਂ ਛੱਡਣਾ ਚਾਹੁੰਦੀ ਸੀ।

''ਭਗਵਾਨ!'' ਰਾਜੇ ਨੇ ਭਗਵਾਨ ਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ। ਗੁਰਜੀਤ ਤੇ ਭਗਵਾਨ ਉਸਦੇ ਮਗਰ ਬਾਹਰ ਆ ਗਏ।

''ਹਾਂ ਦੱਸ।''

''ਯਰ ਮੇਰੇ ਤੋਂ ਕਰਮੀ ਦੀ ਹਾਲਤ ਨੀ ਦੇਖੀ ਜਾਂਦੀ।'' ਰਾਜਾ ਕੁੜੀ ਦਾ ਦਰਦ ਵੇਖ ਕੇ ਪਿਘਲਿਆ ਪਿਆ ਸੀ। ਜਦੋਂ ਉਸਤੋਂ ਹੋਰ ਨਾ ਝੱਲ ਹੋਇਆ ਤਾਂ ਉਹ ਬਾਹਰ ਆ ਗਿਆ ਸੀ।

''ਚੰਗਾ ਫੇਰ, ਤੂੰ ਐਂ ਕਰ....'' ਭਗਵਾਨ ਨੇ ਘੜੀ ਵੱਲ ਨਜ਼ਰ ਮਾਰੀ, ''ਛੇ ਆਲ਼ੀ ਬੱਸ ਆਉਣ ਆਲ਼ੀ ਐ, ਤੂੰ ਪਿੰਡ ਨੂੰ ਵਗ ਜਾ, ਨਾਲੇ ਸਾਡੇ ਘਰੇ ਸੁਨੇਹਾ ਲਾ ਦਈਂ ਵੀ ਭਗਵਾਨ ਅੱਜ ਸੁਨਾਮ ਈ ਰਹੂਗਾ।''

''ਚੰਗਾ।'' ਰਾਜਾ ਪਿੰਡ ਨੂੰ ਚੜ੍ਹ ਗਿਆ।

ਗੁਰਜੀਤ ਤੇ ਭਗਵਾਨ ਦੁਬਾਰਾ ਕਮਰੇ ਵਿਚ ਆਏ। ਕਰਮੀ ਦੀ ਹਾਲਤ ਹੋਰ ਤਰਸਯੋਗ ਹੁੰਦੀ ਜਾ ਰਹੀ ਸੀ। ਉਹ ਦਰਦ ਨਾਲ ਦੂਹਰੀ ਹੋ-ਹੋ ਜਾਂਦੀ। ਗੁਰਜੀਤ ਉਸਦੀ ਹਾਲਤ ਵੇਖ ਕੇ ਡਾਕਟਰ ਨੂੰ ਬੁਲਾ ਲਿਆਇਆ। ਡਾਕਟਰ ਨੇ ਉਸਦੇ ਦਰਦ ਦਾ ਟੀਕਾ ਲਗਾ ਦਿੱਤਾ। ਨਸ਼ੇ ਕਰਕੇ ਉਸਨੂੰ ਦਰਦ ਦੀ ਤਕਲੀਫ਼ ਥੋੜ੍ਹੀ ਮਹਿਸੂਸ ਹੋਣ ਲੱਗੀ ਪਰ ਉਸਦੀ ਆਵਾਜ਼ ਪਹਿਲਾਂ ਨਾਲੋਂ ਹੋਰ ਮੱਧਮ ਹੋ ਗਈ ਅਤੇ ਅੱਖਾਂ ਦਾ ਫਰਕਣਾ ਫਿੱਕਾ ਪੈ ਗਿਆ। ਭਗਵਾਨ ਅੱਧੀ ਰਾਤ ਤੱਕ ਕਰਮੀ ਦੇ ਸਿਰਹਾਣੇ ਬੈਠਾ ਉਸਦਾ ਮੱਥਾ ਦਬਾਉਂਦਾ ਰਿਹਾ। ਕਰਮੀ ਦੀ ਮਾਂ ਟਾਈਮ ਦਾ ਖ਼ਿਆਲ ਕਰਕੇ ਭਗਵਾਨ ਕੋਲ ਆ ਗਈ, ''ਲੈ ਪੁੱਤ ਹੁਣ ਮੈਂ ਦਬਾ ਦਿੰਨੀ ਆਂ, ਤੂੰ ਢੂਹੀ ਸਿੱਧੀ ਕਰ ਲੈ। ਬਥੇਰਾ ਟੈਮ ਹੋ ਗਿਆ ਬੈਠੇ ਨੂੰ।''

''ਕੋਈ ਗੱਲ ਨੀ ਤਾਈ, ਮੈਂ ਬੈਠਾ ਰਹਿੰਨਾਂ।'' ਭਗਵਾਨ ਦਾ ਅਸਲ ਵਿਚ ਕਰਮੀ ਕੋਲੋਂ ਉਠਣ ਲਈ ਦਿਲ ਨਹੀਂ ਕਰਦਾ ਸੀ।

''ਨਹੀਂ ਪੁੱਤ ਤੁਸੀਂ ਰਾਮ ਕਰਲੋ।''

ਜਦੋਂ ਭਗਵਾਨ ਉਠ ਕੇ ਜਾਣ ਲੱਗਿਆ ਤਾਂ ਕਰਮੀ ਨੇ ਉਸਦੀ ਕਮੀਜ਼ ਦਾ ਲੜ ਫੜ ਲਿਆ ਅਤੇ ਖੁੱਲ੍ਹੀਆਂ ਅੱਖਾਂ ਹੌਲੀ ਜਿਹੀ ਬੰਦ ਕਰਕੇ ਫਿਰ ਖੋਲ੍ਹ ਲਈਆਂ, ਜਿਸਦਾ ਭਾਵ ਸੀ ਕਿ ਭਗਵਾਨ ਮੇਰੇ ਕੋਲ ਹੀ ਬੈਠਾ ਰਹੇ।

''ਨਹੀਂ ਧੀਏ, ਦੇਖ ਤੇਰੇ ਵੀਰ ਨੂੰ ਕਿੰਨਾ ਚਿਰ ਹੋ ਗਿਆ ਬੈਠੇ ਨੂੰ, ਏਹਨੂੰ ਵੀ ਹੁਣ ਵਿਚਾਰੇ ਨੂੰ 'ਰਾਮ ਕਰ ਲੈਣ ਦੇ।''

ਕੁੜੀ ਨੇ ਇਕ ਵਾਰ ਫਿਰ ਅੱਖਾਂ ਬੰਦ ਕਰਕੇ ਖੋਲ੍ਹ ਲਈਆਂ ਤੇ ਭਗਵਾਨ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ। ਭਗਵਾਨ ਤੇ ਗੁਰਜੀਤ ਜਾ ਕੇ ਦੂਸਰੇ ਬੈੱਡ ਉਪਰ ਲੇਟ ਗਏ। ਉਨ੍ਹਾਂ ਨੂੰ ਨੀਂਦ ਉਕਾ ਹੀ ਨਹੀਂ ਆ ਰਹੀ ਸੀ। ਬੱਸ ਪਏ ਪਾਸੇ ਪਰਤਦੇ ਰਹੇ। ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ 'ਗੁੱਡੀ' ਜਿਹੀ ਭੈਣ ਉਨ੍ਹਾਂ ਨੂੰ ਸੁੱਤੇ ਪਿਆਂ ਹੀ ਛੱਡ ਜਾਵੇ। ਚਾਹੇ ਉਹ ਕਰਮੀ ਤੋਂ ਫ਼ਾਸਲੇ 'ਤੇ ਪਏ ਸਨ ਪਰ ਉਨ੍ਹਾਂ ਦੀ ਸੁਰਤ ਕਰਮੀ ਵਿਚ ਹੀ ਸੀ, ਜਿਸਦੇ ਸਾਹਾਂ ਦੀ ਆਵਾਜ਼ ਵੀ ਪਹਿਲਾਂ ਨਾਲੋਂ ਮੱਧਮ ਹੁੰਦੀ ਜਾ ਰਹੀ ਸੀ। ਸਮਾਂ ਪਲ-ਪਲ ਮੁਕਦਾ ਗਿਆ ਅਤੇ ਨਾਲ ਹੀ ਘਟਦੀ ਰਹੀ ਕਰਮੀ ਦੇ ਸਾਹਾਂ ਦੀ ਗਿਣਤੀ। ਤਿੰਨ ਕੁ ਦੇ ਕਰੀਬ ਸੁਰਜੀਤ ਨੇ ਗੁਰਜੀਤ ਨੂੰ ਆਵਾਜ਼ ਮਾਰੀ, ''ਵੇ ਗੁਰਜੀਤ ਆ ਕੇ ਦੇਖੀਂ ਕਰਮੀ ਸਾਹ ਔਖੇ-ਔਖੇ ਲੈਂਦੀ ਐ।''

ਭਗਵਾਨ ਤੇ ਗੁਰਜੀਤ ਭੱਜ ਕੇ ਕਰਮੀ ਦੇ ਦੁਆਲੇ ਹੋ ਗਏ। ਕਰਮੀ ਖਿੱਚ-ਖਿੱਚ ਕੇ ਸਾਹ ਲੈ ਰਹੀ ਸੀ। ਉਸਦੀ ਨਜ਼ਰ ਬਿਲਕੁਲ ਖੜ੍ਹ ਗਈ। ਅੱਖਾਂ ਦੀਆਂ ਝਿਮਣੀਆਂ ਫਰਕਣੋਂ ਹਟ ਗਈਆਂ। ਗੁਰਜੀਤ ਭੱਜ ਕੇ ਡਾਕਟਰ ਨੂੰ ਬੁਲਾ ਲਿਆਇਆ। ਡਾਕਟਰ ਨੇ ਆ ਕੇ ਕਰਮੀ ਦੀ ਨਬਜ਼ ਫੜ ਕੇ ਟੋਹੀ। ਨਬਜ਼ ਰੁਕ-ਰੁਕ ਚਲਦੀ ਸੀ। ਉਸਨੇ ਇਕ ਟੀਕਾ ਹੋਰ ਲਗਾ ਦਿੱਤਾ। ਹੌਲੀ-ਹੌਲੀ ਕਰਮੀ ਦਾ ਸਾਹ ਵੀ ਰੁਕਦਾ ਰਿਹਾ ਤੇ ਸਰੀਰ ਠੰਡਾ ਹੁੰਦਾ ਗਿਆ। ਅਖ਼ੀਰ ਕਰਮੀ ਦੀਆਂ ਅੱਖਾਂ ਤਾੜੇ ਲੱਗ ਗਈਆਂ। ਨਬਜ਼ ਬੰਦ ਹੋ ਗਈ। ਦਿਲ ਦੀ ਧੜਕਣ ਰੁਕ ਗਈ। ਹਸਦੀ-ਹਸਾਉਂਦੀ ਕਰਮੀ ਲੋਥ ਵਿਚ ਬਦਲ ਗਈ। ਸਭ ਦੀਆਂ ਅੱਖਾਂ ਵਿਚ ਅਟਕੇ ਹੰਝੂ ਪਰਲ-ਪਰਲ ਵਹਿ ਤੁਰੇ। ਸਵੇਰ ਦੇ ਚਾਰ ਵੱਜ ਗਏ ਸਨ। ਗੁਰਜੀਤ ਦਾ ਚਾਚਾ ਭੱਜ ਕੇ ਕਿਸੇ ਕਾਰ ਨੂੰ ਕਿਰਾਏ 'ਤੇ ਲੈ ਆਇਆ। ਕਰਮੀ ਦੀ ਮਿੱਟੀ ਬਣੀ ਦੇਹ ਨੂੰ ਕਾਰ ਵਿਚ ਪਾ ਲਿਆ। ਉਸਦੀ ਮਾਂ ਸਾਰੇ ਰਾਹ ਧਾਹਾਂ ਮਾਰ-ਮਾਰ ਰੋਂਦੀ ਰਹੀ ਤੇ ਆਪਣੇ ਵਾਲ ਪੁਟਦੀ ਰਹੀ।

ਗੱਡੀ ਜਿਉਂ-ਜਿਉਂ ਵਾਟ ਮੁਕਾ ਰਹੀ ਸੀ, ਤਿਉਂ-ਤਿਉਂ ਦਿਨ ਚੜ੍ਹਦਾ ਜਾਂਦਾ ਸੀ ਤੇ ਹਨ੍ਹੇਰਾ ਘਟਦਾ ਜਾਂਦਾ ਸੀ ਪਰ ਇਸ ਮੰਜ਼ਿਲਾਂ ਸਰ ਕਰਨ ਵਾਲੀ ਗੱਡੀ ਵਿਚ ਬੈਠੇ ਪਰਿਵਾਰ ਲਈ ਤਾਂ ਸਾਰੇ ਜੱਗ ਵਿਚ ਹਨ੍ਹੇਰਾ ਪੈ ਗਿਆ ਸੀ। ਉਨ੍ਹਾਂ ਦੇ ਵਿਹੜੇ ਚਾਨਣ ਦੇਣ ਵਾਲੀ ਮੋਮਬੱਤੀ ਪਿਘਲ-ਪਿਘਲ ਕੇ ਮੁੱਕ ਗਈ ਸੀ। ਸਾਰੇ ਗੁੰਮ-ਸੁੰਮ ਹੋਏ ਬੈਠੇ ਸਨ, ਜਿਵੇਂ ਸਾਰੇ ਹੀ ਲਾਸ਼ਾਂ ਬਣ ਗਏ ਹੋਣ। ਗੱਡੀ ਸਿਵਿਆਂ ਕੋਲੋਂ ਨਵੀਂ ਪਿੰਡੀ ਨੂੰ ਮੁੜ ਪਈ। ਸਿਵਿਆਂ ਨੂੰ ਵੇਖਦਿਆਂ ਇਕ ਵਾਰ ਫਿਰ ਸਭ ਦੀਆਂ ਅੱਖਾਂ ਪਰਲ-ਪਰਲ ਵਹਿ ਤੁਰੀਆਂ। ਦਿਨ ਚੜ੍ਹ ਗਿਆ ਸੀ। ਪਿੰਡੀ ਦੀਆਂ ਜਨਾਨੀਆਂ ਗੋਹੇ-ਕੂੜੇ ਦੇ ਆਹਰ ਲੱਗ ਗਈਆਂ ਸਨ। ਗੱਡੀ ਘਰ ਦੇ ਬਾਰ ਅੱਗੇ ਆ ਕੇ ਰੁਕ ਗਈ।

''ਹਾਏ ਵੇ ਲੋਕੋ, ਪੱਟੇ ਗਏ ਵੇ।'' ਸੁਰਜੀਤ ਨੇ ਕਾਰ ਵਿਚੋਂ ਉਤਰਦਿਆਂ ਦੋਵੇਂ ਹੱਥ ਪੱਟਾਂ ਉਪਰ ਮਾਰੇ। ਸੁਰਜੀਤ ਦੀ ਦਿਲ ਚੀਰਵੀਂ ਲੰਬੀ ਚੀਕ ਨੇ ਆਪੋ-ਆਪਣੇ ਕੰਮਾਂ ਵਿਚ ਰੁੱਝੇ ਲੋਕ ਥਾਏਂ ਜਮਾ ਦਿੰਦੇ।

''ਤ....ਤਾਈ ਸੰਭਾਲ ਆਪਣੇ ਆਪ ਨੂੰ।'' ਭਗਵਾਨ ਨੇ ਕੰਬਦੀ ਆਵਾਜ਼ ਵਿਚ ਸੁਰਜੀਤ ਨੂੰ ਚੁੱਪ ਕਰਨ ਲਈ ਕਿਹਾ ਪਰ ਉਸਦੇ ਆਪਣੇ ਹੰਝੂ ਲਗਾਤਾਰ ਵਹਿ ਰਹੇ ਸਨ।

''ਵੇ ਪੁੱਤ, ਮੇਰੀ ਰਾਣੀ ਧੀ ਹੁਣ ਕਿੱਥੋਂ ਮੁੜੂ ਵੇ....।'' ਸੁਰਜੀਤ ਦੇ ਵੈਣ ਉੱਚੇ ਹੁੰਦੇ ਜਾਂਦੇ ਸਨ। ਉਹ ਹੱਥਾਂ ਵਿਚੋਂ ਨਿਕਲ-ਨਿਕਲ ਜਾਂਦੀ।

ਕਰਮੀ ਦਾ ਪਿਤਾ ਬੌਂਦਲਿਆ ਹੋਇਆ ਰੱਬ ਦਾ ਭਾਣਾ ਮੰਨੀ ਬੈਠਾ ਸੀ। ਗੁਰਜੀਤ ਤੇ ਭਗਵਾਨ ਦਾ ਅੰਤੋਂ ਬੁਰਾ ਹਾਲ ਸੀ। ਰੋਂਦਿਆਂ ਨੂੰ ਸੁਣ ਕੇ ਆਂਢ-ਗੁਆਂਢ ਦੇ ਲੋਕ ਇਕੱਠੇ ਹੋ ਗਏ। ਸਿਆਣੀਆਂ ਬੁੱਢੀਆਂ-ਠੇਰੀਆਂ ਸੁਰਜੀਤ ਨੂੰ ਧਰਵਾਸ ਦੇਣ ਲੱਗ ਪਈਆਂ ਪਰ ਉਸਦੇ ਦੁੱਖ 'ਚ ਪਰੁੰਨ੍ਹੇ ਵੈਣ ਅਸਮਾਨ ਚੀਰ-ਚੀਰ ਜਾਂਦੇ ਸਨ। ਜਿਸ ਵਿਹੜੇ ਵਿਚ ਕਦੇ ਫੁੱਲਾਂ ਦੀ ਸੁਗੰਧੀ ਵਰਗਾ ਹਾਸਾ ਖਿੱਲਰਿਆ ਕਰਦਾ ਸੀ, ਅੱਜ ਦੁੱਖ-ਤਕਲੀਫ਼ਾਂ ਦੇ ਪਹਾੜ ਟੁੱਟ ਪਏ, ਜਿਨ੍ਹਾਂ ਨੇ ਫੁੱਲਾਂ ਦੀ ਸੁਗੰਧ ਵਰਗੇ ਹਾਸੇ ਨੂੰ ਕੁਚਲ ਦਿੱਤਾ। ਜਿਉਂ-ਜਿਉਂ ਦਿਨ ਚੜ੍ਹਦਾ ਗਿਆ, ਲੋਕ ਹੋਰ ਇਕੱਠੇ ਹੁੰਦੇ ਗਏ। ਕਰਮੀ ਦੇ ਦਾਹ-ਸੰਸਕਾਰ ਦੀ ਤਿਆਰੀ ਕੀਤੀ ਗਈ। ਜਦੋਂ ਅਰਥੀ ਚੁੱਕੀ, ਇਕ ਵਾਰ ਫਿਰ ਸਭ ਦੀਆਂ ਭੁੱਬਾਂ ਨਿਕਲ ਗਈਆਂ। ਲੋਕਾਂ ਦਾ ਲੰਮਾ

ਕਾਫ਼ਲਾ ਸਮਸ਼ਾਨਘਾਟ ਨੂੰ ਤੁਰ ਪਿਆ। ਸਮਸ਼ਾਨਘਾਟ ਤੋਂ ਇਧਰ ਹੀ ਸੜਕ 'ਤੇ ਅਰਥੀ ਨੂੰ ਥੱਲੇ ਲਾਹ ਲਿਆ। ਲਾਗੀ ਨੇ ਚਾਰ ਪਿੰਨੀਆਂ ਅਰਥੀ ਦੇ ਚਾਰੇ ਕੋਨਿਆਂ ਉਪਰ ਰੱਖ ਕੇ ਕੋਰੇ ਘੜੇ ਦਾ ਪਾਣੀ ਆਲੇ-ਦੁਆਲੇ ਡੋਲ੍ਹਿਆ ਤੇ ਫਿਰ ਬਾਕੀ ਬਚਦੇ ਪਾਣੀ ਸਮੇਤ ਪਹੇ ਵਿਚਕਾਰ ਜੋਰ ਦੀ ਮਾਰਿਆ। ਘੜਾ ਡਿੱਗ ਕੇ ਕਿਣਕਾ-ਕਿਣਕਾ ਬਿਖ਼ਰ ਗਿਆ ਤੇ ਵਿਚਲਾ ਪਾਣੀ ਧਰਤੀ ਵਿਚ ਜਾ ਸਮਾਇਆ ਅਤੇ ਫਿਰ ਅਰਥੀ ਨੂੰ ਦੁਬਾਰਾ ਚੁੱਕ ਲਿਆ। ਕਰਮੀ ਦੇ ਪਿਤਾ ਨੇ ਕੁਰਲਾਉਂਦਿਆਂ ਅਰਥੀ ਨੂੰ ਅੱਗ ਦਿੱਤੀ। ਅੱਗ ਦੀਆਂ ਲਾਟਾਂ ਅਸਮਾਨ ਨੂੰ ਚੜ੍ਹ ਗਈਆਂ।

ਭਗਵਾਨ ਦੁੱਖਾਂ ਦੀ ਡੂੰਘੀ ਦਲਦਲ ਵਿਚ ਖੁਭਿਆ ਉਥੋਂ ਸਿੱਧਾ ਘਰ ਆ ਗਿਆ। ਉਸਦੀਆਂ ਅੱਖਾਂ ਅੱਗੇ ਕਰਮੀ ਭੈਣ ਨਾਲ ਬਿਤਾਏ ਪਲ ਰੀਲ੍ਹ ਵਾਂਗ ਘੁੰਮਦੇ ਤਸਵੀਰਾਂ ਬਣ-ਬਣ ਆ ਰਹੇ ਸਨ।

ਉਹ ਦੁੱਖ ਨਾਲ ਟੁੱਟਿਆ ਕਈ ਦਿਨ ਮੰਜੇ ਵਿਚ ਹੀ ਪਿਆ ਰਿਹਾ। ਉਸਦਾ ਚਿਹਰਾ ਹਲਦੀ ਵਾਂਗ ਪੀਲ਼ਾ ਪੈ ਗਿਆ। ਰਾਜਾ ਤੇ ਗੁਰਨੈਬ ਹਰ ਰੋਜ਼ ਉਸ ਕੋਲ ਗੇੜਾ ਮਾਰਦੇ। ਉਸਨੂੰ ਹੌਸਲਾ ਦਿੰਦੇ। ਅਖ਼ੀਰ ਪੇਪਰ ਆਉਣ 'ਤੇ ਉਹ ਕੁਝ ਕੁ ਪੜ੍ਹਦਾ। ਬਹੁਤਾ ਚਿਰ ਉਸਦਾ ਪੜ੍ਹਾਈ ਵਿਚ ਦਿਲ ਨਾ ਲਗਦਾ। ਉਹ ਇਸੇ ਤਰ੍ਹਾਂ ਡਿਗਦਾ-ਢਹਿੰਦਾ ਪੇਪਰ ਦੇ ਗਿਆ ਅਤੇ ਕਰਮੀ ਦੀਆਂ ਯਾਦਾਂ ਨੂੰ ਨਾਲ ਲਈ ਇਕ ਵਾਰ ਫਿਰ ਆਪਣੀ ਜ਼ਿੰਦਗੀ ਦੇ ਲੰਬੇ ਸਫ਼ਰ 'ਤੇ ਤੁਰ ਪਿਆ।

## 11.

ਸਰਦੀ ਆਪਣਾ ਪੱਲਾ ਛੁਡਾ ਗਈ ਤੇ ਗਰਮੀ ਪੱਕੇ ਪੈਰੀਂ ਹੋ ਗਈ। ਕਣਕਾਂ ਪੱਕ ਕੇ ਕੜ੍ਹਕ ਹੋ ਗਈਆਂ। ਜਦੋਂ ਕੋਈ ਹਵਾ ਦਾ ਬੁੱਲਾ ਇਨ੍ਹਾਂ ਨਾਲ ਕਲੋਲ ਕਰਦਾ ਲੰਘਦਾ ਤਾਂ ਇਹ ਗਿੱਧੇ ਵਿਚ ਨਚਦੀ ਕਿਸੇ ਮੁਟਿਆਰ ਦੀ ਝਾਂਜਰ ਵਾਂਗ ਛਣਕਦੀਆਂ ਤੇ ਜਦੋਂ ਇਹੀ ਬੁੱਲਾ ਕਿਸੇ ਖੇਤ ਵਿਚਕਾਰ ਤੂਤਾਂ ਦੀ ਛਾਂ ਥੱਲੇ ਬੈਠੇ ਬਜ਼ੁਰਗ ਕਿਸਾਨ ਦੀ ਹਿੱਕ ਵਿਚ ਆ ਵਜਦਾ ਤਾਂ ਉਹ ਸੁਭਾਵਿਕ ਹੀ ਕਹਿ ਦਿੰਦਾ, ''ਵਾਹ ਓਏ ਰੱਬਾ! ਸਦਕੇ ਤੇਰੇ।'' ਖੇਤਾਂ ਵਿਚ ਸੋਨੇ ਵਰਗੀ ਖੜ੍ਹੀ ਪੱਕੀ ਫ਼ਸਲ ਨੂੰ ਵੇਖ ਕੇ ਕਿਸਾਨ ਛਾਤੀ ਫੁਲਾ-ਫੁਲਾ ਕੇ ਤੁਰਦੇ। ਉਨ੍ਹਾਂ ਦੇ ਦਿਲਾਂ ਵਿਚ ਚਾਅ ਸੀ, ਖੁਸ਼ੀ ਸੀ ਕਿ ਉਹ ਇਸ ਫ਼ਸਲ ਨਾਲ ਆਪਣੀ ਗਰਜ ਮਾਰਨਗੇ। ਸ਼ਾਹੂਕਾਰਾਂ ਦੇ ਕਰਜ਼ੇ, ਜੋ ਕਿਸੇ ਨੇ ਆਪਣੀ ਕੋਠੇ ਜਿੱਡੀ ਹੋਈ ਧੀ ਦੇ ਕਾਰਜ ਲਈ, ਕਿਸੇ ਨੇ ਨਵੇਂ ਕਢਵਾਏ ਟਰੈਕਟਰ ਲਈ ਤੇ ਕਿਸੇ ਨੇ ਨਵਾਂ ਘਰ ਪਾਉਣ ਲਈ ਲਏ ਸਨ। ਉਹ ਇਸ ਫਸਲ ਨਾਲ ਚੁਕਦਾ ਕਰ ਦੇਣਗੇ। ਐਤਕੀਂ ਚੰਗੀ ਫਸਲ ਨੂੰ ਵੇਖ ਕੇ ਮਜ਼ਦੂਰਾਂ ਨੇ ਵੀ ਦਿਹਾੜੀ ਚੁੱਕ ਦਿੱਤੀ ਪਰ ਫਿਰ ਵੀ ਮਜ਼ਦੂਰਾਂ ਦੀ ਘਾਟ ਰਹਿੰਦੀ। ਜ਼ਿਮੀਂਦਾਰਾਂ ਦੇ ਮੁੰਡੇ ਆਪਣੀ ਜਾਣ-ਪਹਿਚਾਣ ਦੇ ਮਜ਼ਦੂਰ ਮੁੰਡਿਆਂ ਨੂੰ ਮੱਲੋ-ਮੱਲੀ ਖਿੱਚ ਕੇ ਲੈ ਜਾਂਦੇ। ਮਜ੍ਹਬੀਆਂ-ਰਮਦਾਸੀਆਂ ਦੇ ਵਿਹੜੇ ਗਿਆਰਾਂ-ਬਾਰਾਂ ਵਜੇ ਤੱਕ ਮੇਲਾ ਲੱਗਿਆ ਰਹਿੰਦਾ।

ਭਗਵਾਨ ਕਿਆਂ ਨੇ ਅੱਜ ਹਾੜ੍ਹੀ ਵੱਢਣੀ ਸ਼ੁਰੂ ਕੀਤੀ ਸੀ। ਅੱਜ ਹੀ ਨੌਂ ਜਣੇ ਡੇਢ ਕਿੱਲਾ ਵੱਢ ਕੇ ਭਰੇ ਪਾ ਆਏ। ਕੱਲ੍ਹ ਨੂੰ ਚੰਨਣ ਨੇ ਸੁਨਾਮ ਪੇਸ਼ੀ 'ਤੇ ਜਾਣਾ ਸੀ। ਇਸ ਲਈ ਚੰਨਣ ਨੇ ਭਗਵਾਨ ਹੋਰਾਂ ਨੂੰ ਕਹਿ ਦਿੱਤਾ ਕਿ ਉਹ ਸਵੇਰ ਲਈ ਵੱਧ ਦਿਹਾੜੀਏ ਪੁੱਛ ਆਉਣ।

''ਬੇਬੇ ਅਸੀਂ ਦਿਹਾੜੀਆਂ ਕੰਨੀਂ ਜਾ ਆਈਏ, ਆ ਕੇ ਨਹਾਊਂਗਾ।''

ਭਗਵਾਨ ਕਹਿ ਕੇ ਮਿੱਠੂ ਨਾਲ ਦਿਹਾੜੀਏ ਪੁੱਛਣ ਤੁਰ ਗਿਆ। ਭਗਵਾਨ ਨੇ ਸਭ ਤੋਂ ਪਹਿਲਾਂ ਆਪਣੇ ਨਾਲ ਦਸਵੀਂ ਤੱਕ ਪੜ੍ਹੇ ਸ਼ੇਰੀ ਕੇ ਘਰ ਜਾ ਆਵਾਜ਼ ਮਾਰੀ, 'ਸ਼ੇਰੀ, ਓ....ਬਾਈ....ਸ਼ੇਰੀ।''

''ਹਾਂ ਬਾਈ, ਹੋਰ ਕੀ ਹਾਲ ਐ।'' ਸ਼ੇਰੀ ਨੇ ਬਾਹਰ ਆ ਕੇ ਭਗਵਾਨ ਨਾਲ ਹੱਥ ਮਿਲਾਇਆ।

''ਯਰ ਸਵੇਰੇ ਲਵਾ ਕੇ ਆਈਂ ਇਕ ਦਿਨ।'' ਭਗਵਾਨ ਨੇ ਕਿਹਾ।

''ਸਵੇਰੇ ਯਰ ਮੈਂ ਮੰਗੂ ਕੇ ਜਾਣਾ ਤੀ।''

''ਬਾਈ ਬਣ ਕੇ ਯਰ, ਉਨ੍ਹਾਂ ਦੇ ਪਰਸੋਂ ਨੂੰ ਵਗ ਜੀਂ, ਕੱਲ੍ਹ ਨੂੰ ਤਾਂ ਸਾਡੇ ਜਾਈਂ ਪੱਕਾ।''

''ਚੱਲ ਚੰਗਾ ਯਰ।''

''ਪੱਕਾ ਹੋਵੇ ਫੇਰ।''

''ਜਦੋਂ ਕਹਿ ਤਾ ਯਰ, ਫੇਰ ਤਾਂ ਪੱਕਾ ਈ ਐ।'' ਸ਼ੇਰੀ ਨੇ ਭਗਵਾਨ ਨੂੰ ਯਕੀਨ ਵਿਚ ਲੈ ਲਿਆ।

ਭਗਵਾਨ ਤੇ ਮਿੱਠੂ ਦਸ ਵਜੇ ਤੱਕ ਦਿਹਾੜੀਏ ਪੁਛਦੇ ਰਹੇ। ਭਗਵਾਨ ਨੇ ਆਪਣੇ ਦੋ ਦੋਸਤਾਂ ਨੂੰ ਕੱਲ੍ਹ ਲਈ ਪੱਕਾ ਕਰ ਲਿਆ ਤੇ ਤਿੰਨ ਦਿਹਾੜੀਏ ਮਿੱਠੂ ਨੇ ਪੁੱਛ ਲਏ। ਮਜ੍ਹਬੀਆਂ ਵਿਹੜਿਉਂ ਮਿੱਠੂ ਸਿੱਧਾ ਆਪਣੇ ਘਰ ਚਲਾ ਗਿਆ ਤੇ ਭਗਵਾਨ ਆਪਣੇ ਘਰ ਆ ਗਿਆ।

''ਵੇ ਕਿੰਨੇ ਕੁ ਮਿਲਗੇ ਭਾਗੂ?'' ਭਗਵਾਨ ਨੂੰ ਆਉਂਦਿਆਂ ਹੀ ਉਸਦੀ ਮਾਂ ਨੇ ਪੁੱਛਿਆ।

''ਦਿਹਾੜੀਏ ਤਾਂ ਵਥੇਰੇ ਮਿਲਗੇ, ਸੱਤ ਮਿਲਗੇ।''

''ਚਲੋ ਚੰਗਾ ਹੋਇਆ ਛੇਤੀ ਨਿੱਬੜੂ।''

-0-

ਸਵੇਰੇ ਮਿੱਠੂ ਇਕ ਵਾਰ ਫਿਰ ਰਾਤ ਪੁੱਛੇ ਸਾਰੇ ਦਿਹਾੜੀਆਂ ਵੱਲ ਜਾ ਕੇ ਲੈ ਆਇਆ। ਆਉਂਦਿਆਂ ਹੀ ਸਾਰਿਆਂ ਨੂੰ ਚਾਹ ਪਿਲਾ ਦਿੱਤੀ। ਜਿਸ ਕਿਸੇ ਨੇ ਨਸ਼ਾ ਮੰਗਿਆ, ਨਸ਼ਾ ਦੇ ਦਿੱਤਾ। ਜਦੋਂ ਸਰੀਰ ਪੂਰੀ ਤੜ 'ਤੇ ਆ ਗਿਆ ਤਾਂ ਟਰਾਲੀ ਵਿਚ ਲੋੜ ਅਨੁਸਾਰ ਸੁੱਬ ਸੁੱਟ ਕੇ ਟਰੈਕਟਰ ਖੇਤ ਨੂੰ ਹੱਕ ਦਿੱਤਾ। ਚੋਏ ਦੇ ਨਾਲ-ਨਾਲ ਜਾਂਦੇ ਕਿੱਕਰਾਂ ਨਾਲ ਢਕੇ ਪਹੇ ਤੋਂ ਬਾਅਦ ਟਰੈਕਟਰ ਖੇਤਾਂ ਨੂੰ ਜਾਂਦੇ ਵੱਡੇ ਪਹੇ ਪਾ ਲਿਆ। ਵੱਡੇ ਪਹੇ 'ਤੇ ਚਾਰ-ਪੰਜ ਕਿੱਲਿਆਂ ਦੀ ਵਾਟ ਲੰਘਣ ਤੋਂ ਬਾਅਦ ਭਗਵਾਨ ਨੇ ਖੇਤ ਨੂੰ ਜਾਂਦੀ ਸੱਪ ਵਾਂਗ ਵਲੇਵੇਂ ਖਾਂਦੀ ਪਹੀ ਪਾ ਲਿਆ। ਖੇਤ ਪਹੁੰਚ ਕੇ ਟਰੈਕਟਰ ਤੂਤ ਦੀ ਛਾਂ ਥੱਲੇ ਖੜ੍ਹਾ ਦਿੱਤਾ। ਚਾਹ-ਗੁੜ ਦਾ ਸਾਮਾਨ ਮਿੱਠੂ ਭੱਜ ਕੇ ਕੋਠੇ ਵਿਚ ਰੱਖ ਆਇਆ।

''ਤਾਇਆ, ਕਿੱਧਰੋਂ ਵੱਢਣ ਲੱਗੀਏ ਫੇਰ?'' ਭਗਵਾਨ ਨੇ ਆਪਣੀ ਦਾਤਰੀ ਦੇ ਦੰਦਿਆਂ ਉਪਰ ਹੱਥ ਫੇਰਿਆ। ਜੱਟ ਦੇ ਹੱਥ ਵਿਚ ਦਾਤਰੀ ਆਕੜੀ ਖੜ੍ਹੀ ਸੀ।

''ਜਿਧਰੋਂ ਕੱਲ੍ਹ ਹਟੇ ਤੀ, ਉਧਰੋਂ ਈ ਲੱਗ ਜਾਨੇ ਆਂ।'' ਗੁਰਬਚਨ ਨੇ ਕੱਲ੍ਹ ਛੱਡੇ ਵੱਢ ਵੱਲ ਇਸ਼ਾਰਾ ਕਰ ਦਿੱਤਾ। ਸਾਰਿਆਂ ਨੇ ਆਪਣੀ ਆਪਣੀ ਫਾਂਟ ਜਾ ਮੱਲੀ। ਮਿੱਠੂ ਤੇ ਭਾਗੂ ਨੇ ਜੋੜੀ ਬਣਾ ਲਈ। ਬਲੌਰ ਤੇ ਜੱਗੇ ਨੇ ਆਪਸ ਵਿਚ ਮੇਲ ਕਰ ਲਿਆ। ਬਾਕੀ ਦੋ-ਦੋ ਦਿਹਾੜੀਆਂ ਨੇ ਆਪਣੀਆਂ-ਆਪਣੀਆਂ ਜੋੜੀਆਂ ਬਣਾ ਲਈਆਂ ਅਤੇ ਇਕ ਦਿਹਾੜੀਏ ਨੇ ਗੁਰਬਚਨ ਨੂੰ ਆਪਣੇ ਨਾਲ ਲਾ ਲਿਆ। ਪਹਿਲੇ ਪਹਿਰ ਤ੍ਰੇਲੀ ਕਣਕ ਵਿਚ ਦਾਤਰੀ ਮੜਕ ਨਾਲ ਚਲਦੀ ਰਹੀ ਪਰ ਜਿਉਂ-ਜਿਉਂ ਸੂਰਜ ਮਘਦਾ ਗਿਆ, ਜਵਾਨਾਂ ਦਾ ਜੁੱਸਾ ਭਖਦਾ ਗਿਆ। ਦਾਤਰੀ ਦੇ ਖਰ੍ਹਵੇਂ ਦੰਦੇ 'ਖਾਊਂ-ਵੱਢੂੰ' ਕਹਿ ਉਠੇ। ਹੱਥ ਤੇਜ ਹੁੰਦੇ ਗਏ। ਜਵਾਨ ਲਲਕਾਰੇ ਮਾਰਦੇ ਇਕ-ਦੂਸਰੇ ਨੂੰ 'ਹਟ ਪਿੱਛੇ' ਆਖਣ ਲੱਗ ਪਏ। ਇਸਤੋਂ ਪਹਿਲੀ ਫਾਂਟ ਸਭ ਤੋਂ ਪਹਿਲਾਂ ਬਲੌਰ ਦੀ ਜੋੜੀ ਲਾ ਗਈ ਸੀ ਪਰ ਇਸ ਵਾਰ ਅੱਗੇ ਜਾਂਦੇ ਬਲੌਰ ਹੋਰਾਂ ਨੂੰ ਭਾਗੂ ਤੇ ਮਿੱਠੂ ਨੇ ਆ ਦੱਬਿਆ।

''ਧਰ ਲੀ ਬੂਥ, ਹੁਣ ਮਾਂਜਾਂਗੇ।'' ਮਿੱਠੂ ਨੇ ਬਲੌਰ ਹੋਰਾਂ ਦੇ ਨਾਲ ਰਲ ਕੇ ਲਲਕਾਰਾ ਮਾਰ ਦਿੱਤਾ।

''ਓਏ ਤੁਸੀਂ ਸਾਡੀ ਕੀ ਰੀਸ ਕਰੋਗੀਆਂ ਕਤੀੜਾਂ, ਖਿੱਚ ਜੱਗੇ ਖਿੱਚ।'' ਬਲੌਰ ਨੇ ਦੂਜੀ ਜੋੜੀ ਨੂੰ ਆਪਣੇ ਨਾਲ ਰਲਦਿਆਂ ਵੇਖ, ਆਪਣੇ ਜੋੜੀਦਾਰ ਨੂੰ ਹੱਲਾਸ਼ੇਰੀ ਦਿੱਤੀ। ਜਵਾਨਾਂ ਦੇ ਹੱਥ ਹੋਰ ਤੇਜ ਹੋ ਗਏ। ਵਾਢੇ ਵਿਚੋਂ ਗਰਦ ਦੀਆਂ ਗੰਢਾਂ ਅਸਮਾਨੀ ਚੜ੍ਹ ਗਈਆਂ। ਖੜ੍ਹੀ ਕਣਕ ਸੱਥਰੀਆਂ ਵਿਚ ਬਦਲਦੀ ਜਾ ਰਹੀ ਸੀ।

''ਦੇਖੀ ਜਾਊ ਜਵਾਨੋ, ਕਿਹੜਾ ਮਾਰਦੈ ਬਾਜੀ।'' ਪਿੱਛੇ ਖੜ੍ਹੇ ਇਕ ਅਧਖੜ੍ਹ ਉਮਰ ਦੇ ਦਿਹਾੜੀਦਾਰ ਨੇ ਜਵਾਨਾਂ ਦੀ ਜਿਦਾਈ ਵੇਖ ਕੇ ਹੱਲਾਸ਼ੇਰੀ ਦਿੱਤੀ।

''ਲੱਗਜੂ ਪਤਾ ਕੀਹਨੇ ਚੁੰਘੀ ਐ ਬੂਰੀ।'' ਭਾਗੂ ਤੇ ਮਿੱਠੂ ਬਲੌਰ ਹੋਰਾਂ ਤੋਂ ਦੋ ਕਦਮ ਅੱਗੇ ਹੋ ਗਏ। ਕਿਆਰੇ ਦਾ ਮੱਥਾ ਦੋ ਕਰਮਾਂ 'ਤੇ ਰਹਿ ਗਿਆ, ਜਿਸਨੂੰ ਦਾਤਰੀਆਂ ਦੀ ਚੀਕਰ-ਚੀਕਰ ਪਲਾਂ ਵਿਚ ਵੱਢਣ ਲਈ ਕਾਹਲੀ ਸੀ।

''ਵਾਹ ਓਏ ਭਾਗੂ, ਸਦਕੇ ਤੇਰੇ।'' ਗੁਰਬਚਨ ਨੇ ਅੱਗੇ ਲੰਘਦੀ ਜੋੜੀ ਨੂੰ ਹੌਸਲੇ ਵਜੋਂ 'ਸ਼ਾਬਾਸ਼' ਦਿੱਤੀ।

''ਕਿੱਥੇ ਐ ਬਲੌਰ-ਸ਼ਲੌਰ।'' ਮਿੱਠੂ ਪਿੱਛੇ ਛੱਡੇ ਬਲੌਰ ਨੂੰ ਲਲਕਾਰ ਗਿਆ।

''ਹੋ....ਹੋ....ਓ....ਓ....ਵੱਢਤਾ ਨੱਕ ਵੱਡੇ ਵੈਲੀਆਂ ਦਾ, ਪਾਣੀ ਪੀ ਲਓ ਪਾਣੀ।'' ਭਾਗੂ ਹੋਰਾਂ ਨੇ ਪਹਿਲਾਂ ਫਾਂਟ ਲਾ ਕੇ ਲਲਕਾਰਾ ਮਾਰ ਦਿੱਤਾ। ਬਲੌਰ ਤੇ ਜੱਗਾ ਦੋ ਕਦਮ ਪਿੱਛੇ ਰਹਿ ਗਏ। ਉਨ੍ਹਾਂ ਮੁਸਕਰਾਉਂਦਿਆਂ ਆਪਣੀ ਹਾਰ ਮੰਨ ਲਈ। ਮੂਹਰਲੀਆਂ ਜੋੜੀਆਂ ਨੇ ਪਿੱਛੇ ਰਹਿੰਦੀਆਂ ਜੋੜੀਆਂ ਦੀ ਫਾਂਟ ਲਗਵਾ ਦਿੱਤੀ ਤੇ ਬਦਲੇ ਵਿਚ ਉਨ੍ਹਾਂ ਨੇ ਜਵਾਨਾਂ ਨੂੰ ਸ਼ਾਬਾਸ਼ ਦਿੱਤੀ।

''ਸਦਕੇ ਜਵਾਨੋ! ਚਲੋ ਹੁਣ ਪਾਣੀ ਪੀ ਲੋ।'' ਗੁਰਬਚਨ ਨੇ ਸਾਰਿਆਂ ਨੂੰ ਹੌਸਲਾ ਦਿੱਤਾ।

ਅੱਗ ਵਰ੍ਹਾਉਂਦਾ ਸੂਰਜ ਸਿਰ ਉਪਰ ਆ ਗਿਆ ਸੀ। ਕਾਮਿਆਂ ਦੇ ਕੱਪੜੇ ਮੁੜ੍ਹਕੇ ਨਾਲ ਭਿੱਜੇ, ਸਰੀਰਾਂ ਨਾਲ ਚਿੰਬੜ ਗਏ ਸਨ। ਮੁੜ੍ਹਕੇ ਦੀਆਂ ਤਤੀਰੀਆਂ ਸਿਰ ਵਿਚੋਂ ਕੰਨਾਂ ਅਤੇ ਨੱਕ ਉਪਰੋਂ ਵਗਦੀਆਂ ਹੇਠਾਂ ਨੂੰ ਵਹਿ ਰਹੀਆਂ ਸਨ। ਹਵਾ ਰੁਮਕਣੀ ਬਿਲਕੁਲ ਬੰਦ ਹੋ ਗਈ ਸੀ। ਸਾਰਿਆਂ ਨੇ ਕੋਠੇ ਕੋਲ ਆ ਕੇ ਕੋਰੇ ਘੜੇ ਦਾ ਠੰਡਾ ਪਾਣੀ ਪੀ ਕੇ ਆਪਣਾ ਸਾਹ ਟਿਕਾਣੇ ਲਿਆਂਦਾ ਤੇ ਮੁੜ ਆਪਣੀਆਂ-ਆਪਣੀਆਂ ਫਾਂਟਾਂ ਵਿਚ ਜਾ ਬੈਠੇ। ਗੁਰਬਚਨ ਚਾਹ ਬਣਾਉਣ ਲਈ ਇਕ ਪਾਸੇ ਪਈਆਂ ਸੁੱਕੀਆਂ ਟਾਹਣੀਆਂ ਵਿਚੋਂ ਲੱਕੜਾਂ ਤੋੜਨ ਲੱਗ ਪਿਆ। ਜਦੋਂ ਤੱਕ ਚਾਹ ਬਣੀ, ਇਕ-ਇਕ ਫਾਂਟ ਜਵਾਨਾਂ ਨੇ ਹੋਰ ਲਗਾ ਦਿੱਤੀ। ਗੁਰਬਚਨ ਦੇ ਬੋਲ ਮਾਰਨ 'ਤੇ ਸਾਰੇ ਚਾਹ ਪੀਣ ਕੋਠੇ ਕੋਲ ਛਾਂ ਥੱਲੇ ਆ ਬੈਠੇ। ਚਾਹ ਪੀਂਦਿਆਂ ਓਰਿਆਂ ਦੇ ਵੱਧ-ਘੱਟ ਲੈਣ ਦੀ ਜਿੱਦ-ਜਦਾਈ ਹੁੰਦੀ ਰਹੀ। ਚਾਹ ਪੀ ਕੇ ਫਿਰ ਆਪਣੇ ਕੰਮ ਉਪਰ ਜਾ ਲੱਗੇ।

ਟਾਈਮ ਲੰਘਦਾ ਗਿਆ। ਦਾਤਰੀ ਚਲਦੀ ਗਈ, ਸਰੀਰ ਭਖਦੇ ਗਏ ਤੇ ਭਖੇ ਸਰੀਰਾਂ ਅੱਗੇ ਕਣਕ ਬੇਵੱਸ ਲੰਬੀ ਪੈਂਦੀ ਗਈ। ਰੋਟੀ ਵੇਲੇ ਤੱਕ ਢਾਈ ਕਿੱਲੇ ਕਣਕ ਵੱਢ ਦਿੱਤੀ ਤੇ ਫਿਰ ਰੋਟੀ ਖਾ ਕੇ ਭਰੇ ਪਾਉਣੇ ਸ਼ੁਰੂ ਕਰ ਦਿੱਤੇ। ਭਰੇ ਪਾਉਂਦਿਆਂ ਨੂੰ ਦਿਨ ਛਿਪ ਗਿਆ। ਖੇਤਾਂ ਵਿਚੋਂ ਟਰੈਕਟਰ ਦੇ ਸਟਾਰਟ ਹੋਣ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ ਪਰ ਕਈ ਖੇਤਾਂ ਵਿਚੋਂ ਅਜੇ ਲਲਕਾਰੇ ਵੱਜ ਰਹੇ ਸਨ, ਜਿਸਤੋਂ ਉਨ੍ਹਾਂ ਦੇ ਕੰਮ ਵਿਚ ਰੁੱਝੇ ਹੋਣ ਦਾ ਸੰਕੇਤ ਮਿਲਦਾ ਸੀ। ਗੁਰਬਚਨ ਹੋਰੀਂ ਭਰੇ ਪਾ ਕੇ ਵਿਹਲੇ ਹੋ ਗਏ ਤੇ ਭਾਂਡਾ-ਠੀਕਰ ਇਕੱਠਾ ਕਰਕੇ ਟਰਾਲੀ ਵਿਚ ਜਾ ਬੈਠੇ। ਭਗਵਾਨ ਨੇ ਟਰੈਕਟਰ ਸਟਾਰਟ ਕਰਕੇ ਪਹੀ ਚਾੜ੍ਹ ਲਿਆ। ਸਾਰੀ ਪਹੀ ਕਿਸੇ ਮੇਲੇ ਨੂੰ ਜਾਂਦਿਆਂ ਵਾਂਗ ਟਰੈਕਟਰ ਟਰਾਲੀਆਂ ਅਤੇ ਰੇਹੜਿਆਂ ਨਾਲ ਭਰੀ ਆ ਰਹੀ ਸੀ ਤੇ ਉਨ੍ਹਾਂ ਵਿਚ ਸਾਰੇ ਦਿਨ ਦੀ ਥਕਾਵਟ ਦੇ ਕੁੱਟੇ ਕਿਸਾਨ ਨਿੱਸਲ ਹੋਏ ਬੈਠੇ ਸਨ। ਟਰੈਕਟਰ, ਟਰਾਲੀਆਂ ਨਾਲ ਉਡੀ ਧੂੜ ਸ਼ਾਮ ਦੇ ਹਨ੍ਹੇਰੇ ਵਿਚ ਰਲ-ਗੱਡ ਹੋ ਗਈ ਸੀ। ਘਰ ਆਉਂਦਿਆਂ ਤੱਕ ਅਸਮਾਨ ਵਿਚ ਟਾਵਾਂ-ਟਾਵਾਂ ਤਾਰਾ ਚਮਕ ਪਿਆ ਸੀ।

-0-

ਦੋਵੇਂ ਧਿਰਾਂ ਦੇ ਪੰਦਰਾਂ-ਪੰਦਰਾਂ ਜਣੇ ਸਵੇਰੇ ਹੀ ਸੁਨਾਮ ਪੇਸ਼ੀ 'ਤੇ ਜਾ ਪਹੁੰਚੇ ਸਨ। ਘਰੋਂ ਕੋਈ ਵੀ ਰੋਟੀ ਨਾ ਖਾ ਕੇ ਗਿਆ ਕਿਉਂਕਿ ਕੰਮ ਦਾ ਸੀਜ਼ਨ ਹੋਣ ਕਰਕੇ ਘਰੇ ਜਨਾਨੀਆਂ ਕਿਤੇ ਨੌਂ ਵਜੇ ਜਾ ਕੇ ਰੋਟੀ-ਟੁੱਕ ਤਿਆਰ ਕਰਦੀਆਂ। ਬਾਰਾਂ ਵਜੇ ਤੱਕ ਦੋਵੇਂ ਧਿਰਾਂ ਭੁੱਖਣ-ਭਾਣੀਆਂ ਅਵਾਜ਼ ਨੂੰ ਉਡੀਕਦੀਆਂ ਰਹੀਆਂ ਪਰ ਕੋਈ ਅਵਾਜ਼ ਨਾ ਪਈ। ਉਪਰੋਂ ਭੁੱਖ ਨਾਲ ਦਿਲ ਖੁਸਦਾ ਜਾਂਦਾ ਸੀ। ਜੱਟ ਚਾਹੇ ਲੜਾਈ-ਝਗੜੇ 'ਤੇ ਕਿੰਨੇ ਪੈਸੇ ਲਾ ਦੇਵੇ ਪਰ ਉਸਦਾ ਬਾਜ਼ਾਰੋਂ ਮੁੱਲ ਰੋਟੀ ਲੈ ਕੇ ਖਾਣ ਦਾ

ਹੀਂਆਂ ਨਹੀਂ ਪੈਂਦਾ। ਉਸਨੂੰ ਆਪਣਾ ਖ਼ੂਨ-ਪਸੀਨਾ ਡੋਲ੍ਹ ਕੇ ਕੀਤੀ ਕਮਾਈ ਯਾਦ ਆਉਂਦੀ ਹੈ। ਉਹ ਇਸ ਕਮਾਈ ਨੂੰ ਬਾਜ਼ਾਰੀ ਚੀਜ਼ਾਂ ਖਾ ਕੇ ਲੁਟਾਉਣ ਨੂੰ ਆਪਣੀ ਹੇਠੀ ਸਮਝਦਾ ਹੈ ਪਰ ਜਦ ਢਿੱਡ ਦੀ ਭੁੱਖ ਦੈਂਤ ਬਣ ਖਲੋਂਦੀ ਹੈ ਤਾਂ ਜੱਟ ਵਿਚਾਰਾ ਮਜ਼ਬੂਰੀ ਵੱਸ ਕਿਸੇ ਰੇਹੜੀ ਕੋਲ ਜਾ ਖਲੋਂਦਾ ਹੈ।

''ਚੰਨਣਾ, 'ਵਾਜ ਦਾ ਕੀ ਪਤੈ ਕਦੋਂ ਪਊਗੀ, ਤੜਕੇ ਦੇ ਭੁੱਖਣ-ਭਾਣੇ ਤੁਰੇ ਆਂ ਘਰੋਂ, ਕੁਛ ਖਾ ਪੀ ਲੈਂਦੇ।'' ਗੁਰਦਿਆਲ ਦੀ ਨਜ਼ਰ ਸਵੇਰ ਤੋਂ ਖੜ੍ਹੀ ਸਮੋਸਿਆਂ ਵਾਲੀ ਰੇਹੜੀ ਉਪਰ ਜਾ ਟਿਕੀ ਸੀ।

''ਹਾਂ ਯਰ ਖਾਓ ਕੁਛ ਨਾ ਕੁਛ ਤਾਂ, ਹੁਣ ਤਾਂ ਬੱਸ ਹੋਈ ਪਈ ਐ।'' ਜੈਲੂ ਦੀ ਅੰਦਰਲੀ ਭੁੱਖ ਟਪੂਸੀ ਮਾਰ ਕੇ ਬਾਹਰ ਆ ਨਿਕਲੀ।

''ਜਾਹ ਐਂ ਕਰ ਫੇਰ, ਉਹ ਰੇੜ੍ਹੀ ਆਲੇ ਨੂੰ ਕਿਹਾ ਬਈ ਪੰਦਰਾਂ ਚਾਹ ਦੇ ਗਲਾਸ ਤੇ ਇਕ-ਇਕ ਸਮੋਸਾ ਦੇਜੂਗਾ।'' ਜੈਲੂ ਗੁਰਦਿਆਲ ਦਾ ਹੁਕਮ ਸੁਣ ਕੇ ਰੇਹੜੀ ਵਾਲੇ ਨੂੰ ਪੰਦਰਾਂ ਚਾਹ ਦੇ ਕੱਪ ਤੇ ਸਮੋਸਿਆਂ ਦਾ ਹੁਕਮ ਚਾੜ੍ਹ ਆਇਆ। ਰੇਹੜੀ ਵਾਲਾ ਚੰਗੀ ਗਾਹਕੀ ਵੇਖ ਕੇ ਫੁਰਤੀ ਨਾਲ ਚਾਹ ਬਣਾਉਣ ਲੱਗ ਪਿਆ ਅਤੇ ਸਵੇਰ ਦੇ ਪਏ ਸਮੋਸੇ ਤੱਤੇ ਕਰਕੇ ਸਬਜ਼ੀ ਨਾਲ ਲੈ ਆਇਆ।

''ਲਓ ਸਾਅਬ ਚਾਏ।''

''ਓਏ ਆਹ ਸਮੋਸੇ ਤਾਂ ਤੇਰੇ ਬੇਹੇ ਲਗਦੇ ਨੇ।'' ਗੁਰਦਿਆਲ ਕੋਲ ਪਏ ਸਮੋਸਿਆਂ ਵੱਲ ਵੇਖਣ ਲੱਗ ਪਿਆ, ਜੋ ਸਵੇਰ ਦੇ ਰੇਹੜੀ 'ਤੇ ਸਜਾਏ, ਹੁਣ ਤੱਤੇ ਕਰਕੇ ਲੈ ਆਇਆ ਸੀ।

''ਨਈਂ ਸਾਅਬ ਆਜ ਹੀ ਬਨਾਏ ਥੇ।'' ਰੇਹੜੀ ਵਾਲਾ ਰੱਖ ਕੇ ਤੁਰ ਗਿਆ।

''ਸਾਲਾ ਆਜ ਦਾ।'' ਗੁਰਦਿਆਲ ਨੇ ਮੂੰਹ ਵਿਚ 'ਮਿਣ-ਮਿਣ' ਕਰਦੇ ਨੇ ਨੱਕ ਜਿਹਾ ਮਾਰ ਕੇ ਇਕ ਸਮੋਸਾ ਚੁੱਕ ਲਿਆ। ਸਾਰਿਆਂ ਨੇ ਚਾਹ ਨਾਲ ਇਕ-ਇਕ ਸਮੋਸਾ ਖਾ ਕੇ ਅੰਦਰ ਵੱਧਦੀ ਭੁੱਖ ਨੂੰ ਸ਼ਾਂਤ ਕਰ ਲਿਆ। ਇਨ੍ਹਾਂ ਨੂੰ ਚਾਹ ਪੀਂਦਿਆਂ ਵੇਖ ਕੇ ਮੁਖਤਿਆਰ ਹੋਰਾਂ ਨੇ ਵੀ ਚਾਹ ਤੇ ਸਮੋਸੇ ਮੰਗਵਾ ਲਏ। ਖਾ-ਪੀ ਕੇ ਫਿਰ ਉਹੀ ਉਡੀਕ ਸ਼ੁਰੂ ਹੋ ਗਈ। ਫਿਰ ਕਿਤੇ ਜਾ ਕੇ ਸਾਢੇ ਚਾਰ ਵਜੇ ਅਵਾਜ ਪਈ ਤੇ ਅਗਲੀ ਪੇਸ਼ੀ ਦੀ ਤਾਰੀਖ਼ ਦੇ ਦਿੱਤੀ। ਦੋਵੇਂ ਧਿਰਾਂ ਨੇ ਚੀਮਿਆਂ ਤੋਂ ਪਿੰਡ ਨੂੰ ਆਉਂਦਿਆਂ ਰਸਤੇ 'ਚ ਪੈਂਦੇ ਠੇਕੇ ਤੋਂ ਸ਼ਰਾਬ ਲੈ ਲਈ। ਪਿੰਡ ਆ ਕੇ ਮੁਖਤਿਆਰ ਦੀ ਢਾਣੀ ਮੁਖਤਿਆਰ ਦੇ ਘਰ ਜੁੜ ਗਈ ਅਤੇ ਦੂਸਰੀ ਪਾਰਟੀ ਨੇ ਗੁਰਦਿਆਲ ਦੇ ਘਰ ਜਾ ਮੰਜੇ ਮੱਲੇ। ਦੇਰ ਰਾਤ ਤੱਕ ਸ਼ਰਾਬ ਦਾ ਦੌਰ ਚਲਦਾ ਰਿਹਾ। ਤਾਰੇ ਨਿਕਲਿਆਂ ਤੋਂ ਜਦੋਂ ਚੰਨਣ ਘਰ ਆਇਆ ਤਾਂ ਭਗਵਾਨ ਨਹਾ ਕੇ ਰੋਟੀ ਖਾ ਰਿਹਾ ਸੀ।

''ਕਿੰਨੀ ਕੁ ਵੱਢ ਆਏ ਅੱਜ?'' ਚੰਨਣ ਨੇ ਆਉਂਦਿਆਂ ਹੀ ਪੁੱਛਿਆ।

''ਢਾਈ ਕਿੱਲੇ।''

''ਭਰੇ ਵੀ ਪਾਤੇ?''

''ਹਾਂ! ਪੇਸ਼ੀ 'ਤੇ ਕੀ ਕਹਿੰਦੇ?''

''ਦਸ ਦਿਨਾਂ ਨੂੰ ਫੇਰ ਜਾਣੈ।''

''ਅਜੇ ਫੇਰ?''

''ਹੋਰ! ਇਹ ਕੀ ਹੁਣੇ ਨਿਬੜਜੂ।''

''ਇਹ ਤਾਂ ਬੜਾ ਪੰਗੈ।''

''ਪੰਗਾ ਤਾਂ ਹੈਗਾ ਈ ਐ, ਨਾਲੇ ਮੈਂ ਤਾਂ ਕਿਹਾ ਤੀ ਵੀ ਪੇਸ਼ੀਆਂ ਤੇ ਦੋਏਂ ਧਿਰਾਂ ਦੀ ਹਰਾਨਗੀ ਐ, ਨਾਲੇ ਉਤੋਂ ਕੰਮ ਦਾ ਟੈਮ। ਬੱਸ ਅੱਧੇ ਕੁ ਵਿਚੋਂ ਨਾਂਹ-ਨੁੱਕਰ ਜੀ ਕਰੀ ਗਏ। ਮੈਂ ਕਿਹਾ ਚਲੋ ਭਾਈ ਸੋਡੀ ਮਰਜ਼ੀ ਐ, ਆਪਾਂ ਕੀ ਕਰ ਸਕਦੇ ਆਂ।''

''ਚਲੋ ਜਿਹੜੀ ਹੋਣੀ ਤੀ ਹੋ ਗੀ।'' ਭਗਵਾਨ ਨੇ ਰੋਟੀ ਖਾ ਕੇ ਭਾਂਡੇ ਧਰ ਦਿੱਤੇ ਤੇ ਹੱਥ ਧੋ ਕੇ ਅੰਦਰ ਜਾ ਪਿਆ।

## 12.

ਦਾਤਰੀਆਂ ਅਤੇ ਕੰਬਾਈਨਾਂ ਨੇ ਕਣਕ ਦੀ ਫ਼ਸਲ ਵੱਢ ਕੇ ਧਰਤੀ ਦੀ ਹਿੱਕ ਰੁੰਡ-ਮੁੰਡ ਕਰ ਦਿੱਤੀ। ਕੰਬਾਈਨ ਦੇ ਵੱਢੇ ਪਰਾਲਾਂ ਨੂੰ ਅੱਗ ਲਗਾਈ ਗਈ, ਕਾਲਾ ਧੂੰਆਂ ਅਸਮਾਨੀ ਚੜ੍ਹ ਗਿਆ। ਕਈ ਕਾਹਲਿਆਂ ਨੇ ਸੁੱਕੀ ਧਰਤੀ ਦੀ ਹਿੱਕ ਨੂੰ ਤਵੀਆਂ ਨਾਲ ਪੁੱਟਣਾ ਸ਼ੁਰੂ ਕਰ ਦਿੱਤਾ। ਵਿਹਲੇ ਪਏ ਵਾਹਣਾਂ ਵਿਚੋਂ ਅੱਗ ਵਾਂਗ ਸੇਕ ਮਾਰਦਾ। ਹਰ ਰੋਜ਼ ਵਾਂਗ ਚਲਦੀ ਤੇਜ਼ ਹਵਾ ਨੇ ਰੇਤਾ, ਧੂੜ ਅੰਬਰੀਂ ਚਾੜ੍ਹ ਦਿੱਤਾ। ਕਦੇ ਕੋਈ ਘੁਮੇਰੀਆਂ ਖਾਂਦਾ ਵਾਵਰੋਲਾ ਮਚਾਏ ਪਰਾਲ ਦੀ ਕਾਲਖ ਨੂੰ ਉਡਾ ਕੇ ਲੈ ਜਾਂਦਾ। ਗਰਮੀਆਂ ਦੀ ਵਗਦੀ ਤੱਤੀ ਲੋਅ ਫੂਕ-ਫੂਕ ਜਾਂਦੀ। ਲਵੇਰੀਆਂ ਦੇ ਦੁੱਧ ਸੁੱਕ ਕੇ ਅੱਧੇ ਰਹਿ ਗਏ। ਖੇਤਾਂ ਵਿਚ ਖੇੜਾ ਬਖ਼ਸ਼ਣ ਵਾਲੀ ਹਰਿਆਵਲ ਕਿਸੇ ਟਾਵੇਂ-ਟਾਵੇਂ ਖੇਤ ਵਿਚ ਹੀ ਦਿਖਾਈ ਦਿੰਦੀ। ਸਾਰਾ ਵਾਤਾਵਰਣ ਕਿਸੇ ਲੰਬੀ ਉਦਾਸੀ ਵਿਚ ਤਪ ਰਿਹਾ ਸੀ।

ਦੁਪਹਿਰਾ ਢਲ ਗਿਆ ਸੀ ਪਰ ਤੱਤੀ ਲੋਅ ਅਜੇ ਵੀ ਕੰਨ ਸੇਕਦੀ ਸੀ। ਭਗਵਾਨ ਨਵੀਂ ਪਿੰਡੀ ਨੂੰ ਤੁਰਿਆ ਜਾ ਰਿਹਾ ਸੀ। ਕਰਮੀ ਦੀ ਯਾਦ ਉਸਨੂੰ ਰਹਿ-ਰਹਿ ਕੇ ਆ ਰਹੀ ਸੀ। ਚਾਹੇ ਕਰਮੀ ਦੇ ਮਰਨ ਤੋਂ ਬਾਅਦ ਭਗਵਾਨ ਨੇ ਉਨ੍ਹਾਂ ਦੇ ਘਰ ਜਾਣਾ ਘੱਟ ਕਰ ਦਿੱਤਾ ਸੀ ਪਰ ਜਦ ਕਦੇ ਉਸਦੀ ਯਾਦ ਦਿਲ ਚੀਰਵੀਂ ਚੀਸ ਪੈਦਾ ਕਰਦੀ, ਦਿਲ ਨੂੰ ਡੋਬੇ ਦੇ-ਦੇ ਜਾਂਦੀ ਤਾਂ ਭਗਵਾਨ ਕਰਮੀ ਦੇ ਘਰ ਜਾ ਕੇ ਯਾਦਾਂ ਤਾਜ਼ੀਆਂ ਕਰ ਆਉਂਦਾ। ਉਸਨੂੰ ਉਨ੍ਹਾਂ ਦੇ ਘਰੋਂ ਕਰਮੀ ਦੀ ਮਹਿਕ ਆਉਂਦੀ। ਉਹ ਕਿੰਨਾ-ਕਿੰਨਾ ਚਿਰ ਉਸਦੀ ਦੀਵਾਰ ਉਪਰ ਲਟਕਦੀ ਫੋਟੋ ਨੂੰ ਵੇਖਦਾ ਰਹਿੰਦਾ। ਕਿੰਨਾ ਖੇੜਾ ਸੀ ਉਸ ਨਾਲ ਇਸ ਘਰ ਵਿਚ ਪਰ ਹੁਣ ਪਤਾ ਨਹੀਂ ਕਿੰਨੀ ਲੰਬੀ ਚੁੱਪ ਦੇ ਗਈ ਹੈ। ਭਗਵਾਨ ਜਦੋਂ ਕਰਮੀ ਦੇ ਘਰ ਗਿਆ ਤਾਂ ਦੋ ਓਪਰੀਆਂ ਜਨਾਨੀਆਂ ਨਾਲ ਇਕ ਆਦਮੀ ਵਿਹੜੇ ਵਿਚਲੇ ਨਿੰਮ ਥੱਲੇ ਮੰਜੇ ਡਾਹੀ ਬੈਠੇ ਸਨ। ਭਗਵਾਨ ਉਨ੍ਹਾਂ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਸਿੱਧਾ ਸੁਰਜੀਤ ਕੋਲ ਚਲਾ ਗਿਆ ਜੋ ਉਨ੍ਹਾਂ ਲਈ ਚਾਹ ਬਣਾ ਰਹੀ ਸੀ।

''ਤਾਈ ਇਹ ਕੌਣ ਨੇ?'' ਭਗਵਾਨ ਨੇ ਆਪਣੇ ਦਿਲ ਦੀ ਉਲਝਣ ਸੁਰਜੀਤ ਅੱਗੇ ਜਾ ਰੱਖੀ।

''ਇਹ ਤਾਂ ਪੁੱਤ ਆਪਣੇ ਗੁਰਜੀਤ ਨੂੰ ਦੇਖਣ ਆਏ ਨੇ।'' ਸੁਰਜੀਤ ਨੇ ਚੁੱਲ੍ਹੇ ਤੋਂ ਚਾਹ ਲਾਹ ਕੇ ਦੁੱਧ ਪਾ ਦਿੱਤਾ।

''ਗੁਰਜੀਤ ਕਿੱਥੇ ਐ?''

''ਚੱਕੀ 'ਤੇ ਗਿਐ ਪੀਹਣਾ ਪਿਹਾਉਣ। ਤੈਨੂੰ ਨੀ ਟੱਕਰਿਆ ਰਾਹ 'ਚ?''

''ਨਾ।''

''ਲੈ, ਚਾਹ ਲੈ ਕੇ ਜਾਹ।'' ਸੁਰਜੀਤ ਨੇ ਗਿਲਾਸਾਂ ਵਿਚ ਚਾਹ ਪਾ ਕੇ ਭਗਵਾਨ ਨੂੰ ਫੜਾ ਦਿੱਤੀ। ਭਗਵਾਨ ਚਾਹ ਲੈ ਕੇ ਤੁਰ ਪਿਆ ਤੇ ਮਗਰੇ ਸੁਰਜੀਤ ਆ ਗਈ।

''ਸਾਡੇ ਤਾਂ ਸਾਰਾ ਕੁਛ ਪਸੰਦ ਐ ਭਾਈ। ਬੱਸ ਇਕ ਵਾਰੀ ਕੁੜੀ ਦੇ ਮਾਮੇ ਨੂੰ ਦਿਖਾ ਦੀਏ।'' ਆਦਮੀ ਬੋਲਿਆ।

''ਜੀ ਸਦਕੇ ਦਿਖਾਓ ਭਾਈ। ਤੁਸੀਂ ਵੀ ਆਪਣੀ ਕੁੜੀ ਦੇਣੀ ਐ, ਨਾਲੇ ਰਿਸ਼ਤੇ ਕਿਹੜਾ ਰੋਜ਼-ਰੋਜ਼ ਬਣਦੇ ਨੇ।'' ਸੁਰਜੀਤ ਉਨ੍ਹਾਂ ਦੀ ਪੂਰੀ ਤਸੱਲੀ ਕਰਵਾ ਦੇਣਾ ਚਾਹੁੰਦੀ ਸੀ। ਬਾਹਰੋਂ ਗੁਰਜੀਤ ਵੀ ਸਾਈਕਲ 'ਤੇ ਆਟਾ ਲਈ ਆ ਗਿਆ। ਉਸਨੇ ਆਟਾ ਅੰਦਰਲੀ ਸਬਾਤ ਵਿਚ ਰੱਖ ਦਿੱਤਾ ਅਤੇ ਸਾਈਕਲ ਵੀ ਉਥੇ ਹੀ ਖੜ੍ਹਾ ਦਿੱਤਾ। ਬਾਹਰ ਆਏ ਮਹਿਮਾਨਾਂ ਕੋਲ ਆ ਕੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਮੰਜੇ 'ਤੇ ਬੈਠ ਗਿਆ।

''ਇਕ ਹੋਰ ਭਾਈ, ਦੇਖ ਅਸੀਂ ਬਾਹਲਾ ਦੇ ਤਾਂ ਸਕਦੇ ਨੀ, ਕਿਤੇ ਸੋਡੀ ਕੋਈ ਮੰਗ ਹੋਵੇ।'' ਉਹੀ ਆਦਮੀ ਫਿਰ ਬੋਲਿਆ।

''ਲੈ ਭਾਈ ਪਰਸਿੰਨ ਕੁਰੇ ਹੈਂ! ਤੈਨੂੰ ਤਾਂ ਹੁਣ ਸਾਡੇ ਬਾਰੇ ਪਤੈ, ਘਰੇ ਕੋਈ ਟੁੱਕ ਦਾ ਆਹਰ ਕਰਨ ਆਲਾ ਨੀ। ਮੈਂ ਆਂ, ਮੈਂ ਬਿਮਾਰ ਰਹਿੰਨੀ ਆਂ, ਕੀ ਪਤੈ ਕਦੋਂ ਅੱਖਾਂ ਮੀਚ ਜਾਂ। ਚਲੋ ਆਪਾਂ ਨੇ ਤਾਂ ਖਾ-ਪੀ ਵੀ ਬਥੇਰਾ ਲਿਆ। ਬੱਸ ਇਕ ਵਾਰੀ ਰੋਟੀ ਪਕਦੀ ਹੋਜੇ, ਫਿਰ ਚਾਹੇ ਰੱਬ ਚੱਕ ਈ ਲਵੇ, ਨਾਲੇ ਤੁਸੀਂ ਤਾਂ ਆਬਦੀ ਕੁੜੀ ਦੇਰਿਓਂ, ਇਹ ਕਿਹੜਾ ਥੋੜ੍ਹੈ।'' ਸੁਰਜੀਤ ਨੇ ਦਾਜ ਪੱਖੋਂ ਵੀ ਉਨ੍ਹਾਂ ਦੀ ਪੂਰੀ ਤਸੱਲੀ ਕਰਵਾ ਦਿੱਤੀ।

ਕਈ ਦਿਨਾਂ ਬਾਅਦ ਵਿਚੋਲਾ ਕੁੜੀ ਦੇ ਮਾਮੇ ਨੂੰ ਲੈ ਆਇਆ। ਸਭ ਕੁਝ ਦੀ ਦੇਖ ਪਰਖ ਕਰਕੇ ਸ਼ਗਨ ਦਾ ਦਿਨ ਦੇ ਗਏ। ਸ਼ਗਨ ਤੋਂ ਬਾਅਦ ਵਿਆਹ ਵੀ ਪੰਜ ਮਹੀਨਿਆਂ ਤੱਕ ਕਰ ਦੇਣ ਦੀ ਸਲਾਹ ਬਣਾ ਲਈ।

ਜਦੋਂ ਵਿਆਹ ਦੇ ਦਿਨ ਨੇੜੇ ਲੱਗੇ ਤਾਂ ਘਰ ਦੀ ਨਵੇਂ ਸਿਰਿਉਂ ਸਫ਼ਾਈ ਹੋਣ ਲੱਗੀ। ਭਗਵਾਨ ਰੋਜ਼ ਕੰਮ ਵਿਚ ਹੱਥ ਵਟਾ ਜਾਂਦਾ। ਖੱਲਾਂ-ਖੂੰਜਿਆਂ 'ਚੋਂ ਸਾਰਾ ਕੂੜਾ-ਕਚਰਾ ਕੱਢ ਕੇ ਬਾਹਰ ਮਾਰਿਆ। ਉਨ੍ਹਾਂ ਦੇ ਦੁਖਦੇ-ਸੁਖਦੇ ਕੰਮ ਕਰਦੀ ਲਾਗਣ ਨੂੰ ਬੁਲਾ ਕੇ ਵਿਹੜੇ ਵਿਚ ਮਿੱਟੀ ਤੇ ਗੋਹਾ ਰਲਾ ਕੇ ਪੋਚਾ ਫੇਰਿਆ ਗਿਆ। ਵਿਆਹ ਦੇ ਦਿਨ ਤੱਕ ਘਰ ਬੰਗਲੇ ਵਾਂਗ ਚਮਕਾ ਦਿੱਤਾ।

ਨਵੇਂ ਪਾਏ ਬਰਾਂਡੇ ਵਿਚ ਕੜਾਹੀ ਚੜ੍ਹਾਈ ਗਈ। ਲੱਡੂਆਂ ਦੀ ਵਾਸ਼ਨਾ ਹਵਾ ਨਾਲ ਇਕ-ਮਿੱਕ ਹੋ ਕੇ ਆਂਢ-ਗੁਆਂਢ ਵਿਚ ਫੈਲ ਗਈ। ਕਾਫ਼ੀ ਸਮੇਂ ਤੋਂ ਉਦਾਸੀਆਂ ਨਾਲ ਭਰੇ ਪਏ ਵਿਹੜੇ ਵਿਚ ਖੁਸ਼ੀਆਂ ਨੇ ਆ ਦਸਤਕ ਦਿੱਤੀ 'ਤੇ ਵਕਤ ਦੇ ਬਦਲਣ ਨਾਲ ਗ਼ਮ ਦੇ ਮੁਰਝਾਏ ਚਿਹਰਿਆਂ 'ਤੇ ਖੁਸ਼ੀ ਨੱਚਣ ਲੱਗ ਪਈ। ਆਂਢ-ਗੁਆਂਢ ਦੇ ਬੱਚੇ ਲੱਡੂਆਂ ਦੀ ਵਾਸ਼ਨਾ ਲੈਣ ਸਾਰ ਤਾੜੀਆਂ ਮਾਰਨ ਲੱਗ ਪਏ। ਲੱਡੂਆਂ ਦਾ ਪਹਿਲਾ ਕੜਾਹਾ ਨਿਕਲਣ ਤੱਕ ਸੁਰਜੀਤ ਸਕੇ-ਸਬੰਧੀਆਂ 'ਤੇ ਆਂਢ-ਗੁਆਂਢ ਦੀਆਂ ਕੁੜੀਆਂ ਨੂੰ  ਲੱਡੂ ਵਟਾਉਣ ਲਈ ਲੈ ਆਈ। ਉਨ੍ਹਾਂ ਨਾਲ ਆਏ ਬੱਚੇ ਕੁੜੀਆਂ ਦੀਆਂ ਕੁੜ੍ਹਤੀਆਂ ਦੇ ਲੜ ਫੜ-ਫੜ ਖਿੱਚਦੇ ਜਿਸਦਾ ਭਾਵ ਸੀ 'ਮੈਂ ਲੱਡੂ ਲੈਣੈ' ਸੁਰਜੀਤ ਵੇਖ ਕੇ ਬੱਚਿਆਂ ਨੂੰ ਇਕ-ਇਕ ਲੱਡੂ ਫੜਾ ਦਿੰਦੀ। ਬੱਚਿਆਂ ਦੇ ਲੱਡੂ ਪ੍ਰਾਪਤ ਕਰਨ ਦੀ ਜਿੱਦ ਵਿਚ ਸੁੰਗੜੇ ਚਿਹਰੇ ਲੱਡੂ ਲੈ ਕੇ ਕਪਾਹ ਦੇ ਫੁੱਟ ਵਾਂਗ ਖਿੜ ਜਾਂਦੇ।

ਭਗਵਾਨ ਹਲਵਾਈ ਕੋਲ ਬੈਠਾ ਵਾਰ-ਵਾਰ ਬਾਹਰਲੇ ਬਾਰ ਵੱਲ ਵੇਖ ਰਿਹਾ ਸੀ। ਗੁਰਜੀਤ ਕਿਰਨਾ ਨੂੰ ਲੈਣ ਗਿਆ ਅਜੇ ਤੱਕ ਨਹੀਂ ਮੁੜਿਆ ਸੀ, 'ਤੁਰ ਕੇ ਜਾਂਦਿਆਂ ਨੂੰ ਵਾਟ ਵੀ ਕਿੰਨੀ ਪੈ ਜਾਂਦੀ ਹੈ। ਪਹਿਲਾਂ ਤੁਰ ਕੇ ਜਾਣਾ ਫਿਰ ਤੁਰ ਕੇ ਆਉਣਾ, ਚਾਰ ਕਿਲੋਮੀਟਰ ਤੋਂ ਘੱਟ ਨਹੀਂ ਪੈਂਦਾ ਹੋਣਾ। ਚਲੋ ਜਦੋਂ ਆਉਣਾ ਹੋਇਆ ਆਜੂ।' ਭਗਵਾਨ ਆਪੇ ਨਾਲ ਫ਼ੈਸਲਾ ਕਰਕੇ ਲੱਡੂਆਂ ਲਈ ਨਵੇਂ ਕੱਢੇ ਕੜਾਹੇ ਦੀਆਂ ਪਕੌੜੀਆਂ ਭੰਨਣ ਲੱਗ ਪਿਆ। ਉਸਨੇ ਅਜੇ ਅੱਧੀਆਂ ਕੁ ਪਕੌੜੀਆਂ ਹੀ ਭੰਨੀਆਂ ਸੀ ਕਿ ਮਗਰੋਂ ਕਿਸੇ ਨੇ ਥਾਪੀ ਦੇ ਮਾਰੀ ''ਸ਼ਾਬਾਸ਼ੇ, ਚੰਗੀ ਤਰ੍ਹਾਂ ਬਣਾ ਦੇ ਚਟਣੀ।''

''ਤੂੰ?'' ਪਿੱਛੇ ਗੁਰਜੀਤ ਖੜ੍ਹਾ ਸੀ। ਭਗਵਾਨ ਦੀ 'ਤੂੰ' ਦਾ ਮਤਲਬ ਸੀ ਕਿ ਤੂੰ ਕਿਰਨਾ ਨੂੰ ਲੈ ਆਇਆ?

ਫਿਰ ਉਸਨੇ ਪੁਲਸੀਆ ਨਜ਼ਰ ਸਕਿੰਟਾਂ ਵਿਚ ਹੀ ਵਿਹੜੇ ਵਿਚ ਚਾਰੇ ਪਾਸੇ ਫੇਰ ਦਿੱਤੀ। ਕਿਰਨਾ ਓਟੇ ਕੋਲ ਗੁਲਾਬੀ ਸੂਟ ਪਾਈ ਗੁਲਾਬੀ ਪਰੀ ਬਣੀ ਖੜ੍ਹੀ ਸੀ, ਉਸਦੇ ਚਿਹਰੇ ਦੀ ਲਾਲੀ ਪੂਰਬ 'ਚੋਂ ਜਨਮ ਲੈਂਦੇ ਸੂਰਜ ਵਾਂਗ ਡਲ੍ਹਕਾਂ ਮਾਰ ਰਹੀ ਸੀ। ਸਿਰ ਉਪਰ ਲਈ ਗੁਲਾਬੀ ਧਾਰੀਆਂ ਵਾਲੀ ਹਰੀ ਚੁੰਨੀ ਦਾ ਲੜ ਹਵਾ ਵਿਚ ਮੱਧਮ ਜਿਹਾ ਹਿਲਦਾ ਭਗਵਾਨ ਨੂੰ ਚੋਰੀ ਸੱਦਾ ਦੇ ਰਿਹਾ ਸੀ। ਭਗਵਾਨ ਦਾ ਦਿਲ ਕਿਰਨਾ ਨਾਲ ਗੱਲਾਂ ਕਰਨ ਲਈ ਉਬਾਲੀ ਖਾਂਦੇ ਦੁੱਧ ਵਾਂਗ ਉਛਲ-ਉਛਲ ਜਾਂਦਾ ਸੀ ਪਰ ਉਸਦਾ ਕੋਈ ਦਾਅ ਨਹੀਂ ਲੱਗ ਰਿਹਾ ਸੀ। ਅਖੀਰ ਸ਼ਾਮ ਨੂੰ ਜਦੋਂ ਪਰੀਹੇ ਟੈਂਟ ਲੈਣ ਲਈ ਸੁਰਗੜ੍ਹ ਚਲੇ ਗਏ ਤਾਂ ਭਾਗੂ ਅੱਖ ਬਚਾ ਕੇ ਸਬਜ਼ੀ ਲਈ ਆਲੂ ਚੀਰਦੀ ਕਿਰਨਾ ਕੋਲ ਜਾ ਖੜ੍ਹਿਆ।

''ਕੀ ਹਾਲ ਨੇ ਥੋਡੇ?'' ਭਗਵਾਨ ਨੇ ਨੀਵੀਂ ਪਾਈ ਬੈਠੀ ਕਿਰਨਾ ਕੋਲ ਜਾਣ ਸਾਰ ਪੁੱਛਿਆ।

''ਥੋਡੇ ਠੀਕ ਨੇ ਤਾਂ ਸਾਡੇ ਵੀ ਠੀਕ ਨੇ।'' ਨੀਵੀਂ ਉਪਰ ਚੁੱਕਦਿਆਂ ਕਿਰਨਾ ਦੇ ਕਾਲੇ ਨੈਣ, ਭਗਵਾਨ ਦੀ ਜਾਦੂ ਦੀ ਕੁੰਡਲੀ ਵਰਗੈ ਨੈਣਾਂ ਨਾਲ ਟਕਰਾ ਗਏ।

''ਵੇ ਮੁੰਡਿਆ ਵੇਹਲਾ ਖੜ੍ਹੈਂ, ਕੁੜੀ ਨਾਲ ਆਲੂ ਈ ਚਿਰਾਦੇ।''

ਸੁਰਜੀਤ ਭਗਵਾਨ ਨੂੰ ਕਹਿੰਦੀ ਹੋਈ ਇਕ ਥਾਲ ਆਲੂਆਂ ਦਾ ਕਿਰਨਾ ਦੇ ਅੱਗੇ ਰੱਖੀ ਟੋਕਰੀ ਵਿਚ ਹੋਰ ਪਾ ਗਈ।

'ਅੰਨ੍ਹਾ ਕੀ ਭਾਲੇ ਦੋ ਅੱਖਾਂ' ਭਗਵਾਨ ਨੂੰ ਹੋਰ ਕੀ ਚਾਹੀਦਾ ਸੀ। ਉਸਨੂੰ ਕਿਰਨਾ ਕੋਲ ਬੈਠਣ ਦਾ ਬਹਾਨਾ ਆਪਣੇ-ਆਪ ਮਿਲ ਗਿਆ, ਜਿਸ ਲਈ ਉਹ ਕਦੋਂ ਦਾ ਆਪਣੇ ਦਿਮਾਗ ਵਿਚ ਸਕੀਮਾਂ ਢਾਹ-ਬਣਾ ਰਿਹਾ ਸੀ।

''ਐਨਾ ਚਿਰ ਹੋ ਗਿਆ ਕਿਤੇ ਮਿਲੇ ਨੀ?'' ਭਗਵਾਨ ਕਿਰਨਾ ਨਾਲ ਗੱਲ ਕਰਦਿਆਂ ਕਰਦ ਨਾਲ ਆਲੂਆਂ ਦਾ ਉਪਰਲਾ ਛਿਲਕਾ ਲਾਹੁਣ ਲੱਗ ਪਿਆ।

''ਬੱਸ ਦਿਲ ਈ ਨੀ ਕੀਤਾ।''

''ਦਿਲ ਨੀ ਕੀਤਾ, ਜਾਂ ਦਿਲ 'ਚੋਂ ਪਿਆਰ ਘਟ ਗਿਆ।''

''ਨਾ, ਐਂ ਕਿਵੇਂ ਘਟਜੂ।'' ਕਿਰਨਾ ਨੇ ਕਹਿ ਕੇ ਨੀਵੀਂ ਪਾ ਲਈ। ਰੋਟੀ ਲਾਹੁਣ ਵਾਲੀਆਂ ਕੁੜੀਆਂ ਆਟਾ ਗੁੰਨ੍ਹ ਕੇ ਉਹਦੇ ਕੋਲ ਲੈ ਆਈਆਂ। ਭਗਵਾਨ ਦਾ ਉਥੇ ਬੈਠਣਾ ਮੁਸ਼ਕਿਲ ਹੋ ਗਿਆ। ਉਹ ਇਕ ਦੋ ਆਲੂ ਚੀਰ ਕੇ ਉਥੋਂ ਉਠ ਆਇਆ।

-0-

ਬਾਰਾਤ ਵਾਲੇ ਦਿਨ ਭਗਵਾਨ ਘਰੇ ਰਹਿ ਕੇ ਖੁਸ਼ ਸੀ, ਉਸਦਾ ਬਾਰਾਤ ਜਾਣ ਨੂੰ ਦਿਲ ਨਹੀਂ ਕਰ ਰਿਹਾ ਸੀ। ਕਿਰਨਾ ਦੀਆਂ ਪਿਆਰ ਤੰਦਾਂ, ਉਸਦੇ ਦਿਲ ਨੂੰ ਨੂੜੀ ਆਪਣੇ ਵੱਲ ਖਿੱਚਦੀਆਂ ਰਹੀਆਂ ਪਰ ਗੁਰਜੀਤ ਨੇ ਉਸਨੂੰ ਮੱਲੋ-ਮੱਲੀ ਤਿਆਰ ਕਰਕੇ ਕਾਰ ਵਿਚ ਬਰਾਬਰ ਬਿਠਾ ਲਿਆ। ਗੁਰਦੁਆਰੇ ਅਤੇ ਡੇਰੇ ਮੱਥਾ ਟੇਕ ਕੇ ਸਾਰੀ ਬਾਰਾਤ ਗੱਡੀਆਂ ਵਿਚ ਬੈਠ ਗਈ। ਗੱਡੀਆਂ ਦਾ ਕਾਫ਼ਲਾ ਧੂੜ ਉਡਾਉਂਦਾ ਚੱਲ ਪਿਆ। ਚੀਮਿਆਂ ਤੋਂ ਸੁਨਾਮ ਰੋਡ ਚੜ੍ਹ ਕੇ ਹਵਾ ਨੂੰ ਗੰਢਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਗੱਡੀ ਵਿਚ ਬੈਠਾ ਗੁਰਜੀਤ ਆਪਣੀ ਜ਼ਿੰਦਗੀ ਦੇ ਸਾਂਝੇ ਰਾਹਾਂ ਦੀ ਹਮਸਫ਼ਰ ਸਾਥਣ ਨੂੰ ਲੈ ਆਉਣ ਦੀ ਖੁਸ਼ੀ ਵਿਚ ਝੂਮ ਰਿਹਾ ਸੀ। ਉਸਦੀਆਂ ਅੱਖਾਂ ਕਿਸੇ ਲੋਰ ਵਿਚ ਨਸ਼ਿਆਈਆਂ ਹੱਸ ਰਹੀਆਂ ਸਨ। ਦੂਜੇ ਪਾਸੇ ਭਗਵਾਨ ਆਪਣੀ ਹਾਣਨ ਤੋਂ ਕੁਝ ਘੰਟਿਆਂ ਦੀ ਦੂਰੀ ਬਰਦਾਸ਼ਤ ਨਾ ਕਰਦਾ ਹੋਇਆ ਲਾਜਵੰਤੀ ਦੇ ਬੂਟੇ ਵਾਂਗ ਕੁਮਲਾਇਆ ਬੈਠਾ ਸੀ। ਉਸਦੀਆਂ ਅੱਖਾਂ ਵਿਚ ਵਾਪਸ ਜਾਣ ਦੀ ਤਾਂਘ ਪਲਸੇਟੇ ਮਾਰ ਰਹੀ ਸੀ। ਗੱਡੀਆਂ ਢੰਡੋਲੀ ਪਿੰਡ ਦੀ ਵਿਚਕਾਰਲੀ ਹਥਾਈ ਅੱਗੇ ਜਾ ਰੁਕੀਆਂ। ਬਾਰਾਤੀ ਉਤਰ ਕੇ ਹਥਾਈ ਵਿਚ ਡੱਠੇ ਮੰਜਿਆਂ ਉਪਰ ਬੈਠ ਗਏ। ਕੁਝ ਦੇਰ ਬਾਅਦ ਕਈ ਆਦਮੀ ਤੇ ਪਿੰਡ ਦੀ ਪੰਚਾਇਤ ਮਿਲਣੀ ਕਰਨ ਲਈ ਆ ਗਈ। ਮਿਲਣੀ ਤੋਂ ਬਾਅਦ ਸਾਰੀ ਬਾਰਾਤ ਆਨੰਦ ਕਾਰਜਾਂ ਲਈ ਚੱਲ ਪਈ। ਨਵੀਂ ਪੀੜ੍ਹੀ ਦਾ ਨਵਾਂ ਖੂਨ ਅੱਗੇ ਲੱਗ ਤੁਰਿਆ ਤੇ ਬੁੱਢੇ-ਠੇਰੇ ਪਿੱਛੇ ਤੁਰ ਪਏ।

ਫੁੱਲਾਂ ਦੀ ਫੁੱਲਝੜੀ ਵਿਚ ਖਿੜੇ ਰੰਗ-ਬਰੰਗੇ ਫੁੱਲਾਂ ਵਾਂਗ ਭਾਂਤ-ਭਾਂਤ ਦੇ ਸੂਟ ਪਾਈ ਖੜ੍ਹੀਆਂ ਕੋਮਲ ਜਵਾਨੀਆਂ, ਬਾਰਾਤੀਆਂ ਦੀ ਉਡੀਕ ਵਿਚ ਨਾਕਾ ਲਾਈਂ ਖਿੜ-ਖਿੜ ਹੱਸ ਰਹੀਆਂ ਸਨ। ਇਕ ਨੌਜਵਾਨ ਨੇ ਹਰੇ ਸੂਟ ਵਾਲੀ ਵੱਲ ਵੇਖ ਕੇ ਦਿਲ 'ਤੇ ਹੱਥ ਰੱਖ ਕੇ 'ਹਾਏ' ਕਹਿ ਦਿੱਤਾ। ਕੁੜੀ ਨੇ ਉਸ ਵੱਲ ਬੁੱਲ੍ਹ ਅਟੇਰ ਦਿੱਤੇ। ਮੁੰਡਾ ਨਾਲ ਤੁਰੇ ਜਾਂਦੇ ਭਗਵਾਨ ਦੇ ਕੂਹਣੀ ਮਾਰ ਕੇ ਹੱਸ ਪਿਆ। ਕੁੜੀਆਂ ਨੇ ਇਕ ਵਾਰ ਆਪਣੀਆਂ ਨਜ਼ਰਾਂ ਪਿਆਸੀ ਮਿਰਗਣੀ ਵਾਂਗ ਸਾਰੀ ਬਾਰਾਤ ਉਪਰ ਫੇਰੀਆਂ ਤੇ ਅਖੀਰ ਸਾਰੀਆਂ ਦੀ ਤੇਜ਼ ਨਜ਼ਰ ਨੇ ਫੁੱਲਾਂ ਵਿਚੋਂ ਗੁਲਾਬ ਲੱਭ ਹੀ ਲਏ। ਸਾਰੀਆਂ ਦੀ ਨਿਗ੍ਹਾ ਭਗਵਾਨ ਅਤੇ ਨਵੇਂ ਲਾੜੇ ਉਪਰ ਆ ਅਟਕੀ।

''ਦੱਸੋ ਕੀ ਲੈਣੈ?'' ਗੁਰਜੀਤ ਨੇ ਕੁੜੀਆਂ ਵਿਚਕਾਰ ਖੜ੍ਹੀ ਆਪਣੀ ਸਾਲੀ ਨੂੰ ਕਿਹਾ।

''ਇੱਕੀ ਸੌ!'' ਹਰੀ ਚੁੰਨੀ ਵਾਲੀ ਸਾਰੀਆਂ ਵੱਲੋਂ ਜਵਾਬ ਦੇ ਗਈ।

''ਇੱਕੀ ਸੌ ਤੇਰਾ ਮੁੱਲ ਐ?'' 'ਹਾਏ' ਕਹਿਣ ਵਾਲਾ ਨੌਜਵਾਨ ਬੋਲਿਆ।

''ਤੇਰੇ ਲਈ ਨੀ, ਹੋਰ ਕਹੇ ਤਾਂ ਵਗਜੂੰ।'' ਓਹੀ ਕੁੜੀ ਭਗਵਾਨ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖਦੀ ਕਹਿ ਗਈ। ਪਹਿਲੇ ਮੁੰਡੇ ਨੇ ਆਪਣੀ ਹੇਠੀ ਵੇਖ ਕੇ ਨੀਵੀਂ ਪਾ ਲਈ।

''ਛੇਤੀ ਕਰੋ ਭਾਈ ਮੁੰਡਿਓ!'' ਪਿੱਛੋਂ ਇਕ ਬਜ਼ੁਰਗ ਨੇ ਕਿਹਾ। ਕਈ ਸ਼ਰਾਰਤੀ ਪਿੱਛੋਂ ਧੱਕਾ ਮਾਰਦੇ ਅਤੇ ਅਗਲੇ ਮੁੰਡੇ, ਕੁੜੀਆਂ ਉਪਰ ਉਲਰ ਜਾਂਦੇ। ਦਸ-ਪੰਦਰਾਂ ਮਿੰਟ ਮੁੰਡੇ-ਕੁੜੀਆਂ ਇਕ ਦੂਜੇ ਦੀਆਂ ਗੱਲਾਂ ਵਿਚ ਸੁਆਦ ਲੈ-ਲੈ ਬੋਲਦੇ ਰਹੇ। ਅਖੀਰ ਗੱਲ ਪੰਜ ਸੌ 'ਤੇ ਆ ਕੇ ਨਿਬੜ ਗਈ। ਗੁਰਜੀਤ ਦੇ ਮੂੰਹ ਨੂੰ ਮਿੱਠਾ ਲਾਉਣ ਸਮੇਂ ਉਸਦੀ ਸਾਲੀ ਦੇ ਹੱਥ ਕੰਬਣ ਲੱਗ ਪਏ।

''ਕਿਉਂ ਕਦੇ ਮੁੰਡੇ ਨੀ ਦੇਖੇ?'' ਕੁੜੀ ਦੇ ਕੰਬਦੇ ਹੱਥਾਂ ਨੂੰ ਵੇਖ ਕੇ ਗੁਲਾਬੀ ਪੱਗ ਬੋਲ ਪਈ ਤੇ ਕੁੜੀ ਨੇ ਆਪਣੇ ਸਾਊਪੁਣੇ ਵਿਚ ਨੀਵੀਂ ਪਾ ਲਈ। ਮੁੰਡੇ ਦੇ ਮੂੰਹ ਨੂੰ ਮਿੱਠਾ ਲੱਗਣ ਸਾਰ ਪਿੱਛੋਂ ਧੱਕਾ ਪੈ ਗਿਆ। ਅਗਲੇ ਮੁੰਡੇ ਸਾਹਮਣੇ ਖੜ੍ਹੀਆਂ ਕੁੜੀਆਂ ਦੀਆਂ ਹਿੱਕਾਂ ਨਾਲ ਖਹਿ ਗਏ। ਕੁੜੀਆਂ ਨਖ਼ਰੇ ਵਿਚ ਹੱਸ ਪਈਆਂ। ਬਾਬੇ ਨੇ ਟੈਂਟ ਅੰਦਰ ਵਾਜਾ ਹੋਰ ਤੇਜ਼ ਕਰ ਦਿੱਤਾ, ਢੋਲਕੀ ਵਾਲੇ ਨੇ ਢੋਲਕੀ 'ਤੇ ਦੱਬ-ਦੱਬ ਧੱਫੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਫਿਰ ਲੰਬੀ ਦਾੜ੍ਹੀ ਵਾਲੇ ਭਾਈ ਨੇ ਸ਼ਬਦ ਗਾਇਆ 'ਹਮ ਘਰ ਸਾਜਣ ਆਏ....।'

ਆਨੰਦ ਕਾਰਜ ਹੋਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਦੁਆਰਾ ਲੈ ਗਏ ਅਤੇ ਉਸਤੋਂ ਬਾਅਦ ਸਲਾਮੀ ਦੀ ਰਸਮ ਸ਼ੁਰੂ ਹੋ ਗਈ। ਹਰੀ ਚੁੰਨੀ ਵਾਲੀ ਆਨੰਦ ਕਾਰਜ ਹੋਣ ਤੱਕ ਭਗਵਾਨ ਵੱਲ ਅੱਖਾਂ ਫਾੜ-ਫਾੜ ਵੇਖਦੀ ਰਹੀ। ਜੇ ਕਦੇ ਭਗਵਾਨ ਦੀ ਨਜ਼ਰ ਉਧਰ ਹੋ ਵੀ ਜਾਂਦੀ ਤਾਂ ਉਹ ਆਪਣੇ ਗੁਲਾਬੀ ਬੁੱਲ੍ਹਾਂ ਵਿਚ ਮੁਸਕਰਾ ਦਿੰਦੀ। ਸਲਾਮੀ ਵੇਲੇ ਉਹ ਰਿਸਕਦੀ ਭਗਵਾਨ ਦੇ ਬਰਾਬਰ ਆ ਗਈ,

''ਲੋਕ ਆਪਣੇ ਹੁਸਨ 'ਤੇ ਬੜਾ ਮਾਣ ਕਰਦੇ ਨੇ, ਕਿਸੇ ਨੂੰ ਦੇਖਦੇ ਈ ਨੀ ਚੱਜ ਨਾਲ।''

''ਲੋਕਾਂ 'ਚ ਅੱਗ ਈ ਬਾਹਲੀ ਐ, ਤਾਂਹੀ ਤਾਂ ਦੇਖਦੇ ਨੀ, ਵੀ ਕਿਤੇ ਨਾਲ ਲੱਗ ਕੇ ਈ ਨਾ ਮੱਚ ਜੀਏ।'' ਭਗਵਾਨ ਕੁੜੀ ਦੇ ਬੇਸਬਰਿਆਂ ਵਾਂਗ ਵੇਖਣ 'ਤੇ ਚੋਟ ਮਾਰ ਗਿਆ। ਕੁੜੀ ਨੇ ਹੱਸ ਕੇ ਨੀਵੀਂ ਪਾਉਣ ਦੀ ਥਾਂ ਅੱਖਾਂ ਭਗਵਾਨ ਵੱਲ ਗੱਡ ਦਿੱਤੀਆਂ। ਭਗਵਾਨ ਉਠ ਕੇ ਸਲਾਮੀ ਪਾਉਣ ਚਲਿਆ ਗਿਆ।

ਸੂਰਜ ਕਦੋਂ ਦਾ ਛਿਪ ਚੁੱਕਿਆ ਸੀ ਪਰ ਚਾਨਣ ਅਜੇ ਕਾਫ਼ੀ ਖੜ੍ਹਾ ਸੀ। ਅਸਮਾਨ ਵਿਚ ਚਿੱਟਾ ਬੱਦਲ ਨੀਵਾਂ ਆ ਗਿਆ ਤੇ ਰੁਮਕਦੀ-ਰੁਮਕਦੀ ਹਵਾ ਚੱਲ ਪਈ। ਵਿਆਹੁਲੀ ਗੱਡੀ ਨੇ ਗੇਟ ਮੂਹਰੇ ਆ ਬਰੇਕ ਮਾਰੇ। ਵੇਖਦਿਆਂ ਹੀ ਸਾਰੇ ਘਰ ਵਿਚ ਖੁਸ਼ੀ ਨੱਚ ਉਠੀ। ਸਾਰਾ ਮੇਲ-ਗੇਲ ਭੱਜਦਾ ਬਾਹਰ ਆ ਗਿਆ। ਸੁਰਜੀਤ ਨੇ ਸਿਰ 'ਤੇ ਲਾਲ ਫੂਲਕਾਰੀ ਲੈ ਕੇ ਨਵੀਂ ਨੂੰਹ ਉਪਰੋਂ ਹੱਸ-ਹੱਸ ਪਾਣੀ ਵਾਰ ਕੇ ਪੀਤਾ ਅਤੇ ਉਸਨੂੰ ਅੰਦਰ ਵਧਾਇਆ। ਚਾਚੀਆਂ-ਤਾਈਆਂ ਨੇ ਨਵੀਂ ਬਹੂ ਦੇ ਮੂੰਹ ਵਿਚ ਰਿਉੜੀਆਂ ਪਾ ਕੇ ਉਸਦਾ ਮੂੰਹ ਮਿੱਠਾ ਕੀਤਾ। ਸਾਰਾ ਮੇਲ ਹੀ ਨਵੀਂ ਬਹੂ ਨੂੰ ਵੇਖਣ ਲਈ ਉਲਰ ਪਿਆ।

ਇੰਨੀ ਖੁਸ਼ੀ ਵੇਖ ਕੇ ਭਗਵਾਨ ਦਾ ਦਿਲ ਵੀ ਹੁਲਾਰਾ ਖਾ ਗਿਆ। ਉਸਦਾ ਵੀ ਆਪਣੀ ਸਾਥਣ ਨਾਲ ਮਿਲ ਬੈਠ ਕੇ ਗੱਲਾਂ ਕਰਨ ਨੂੰ ਜੀਅ ਕਰ ਆਇਆ। ਉਸਨੇ ਇਸ਼ਾਰੇ ਨਾਲ ਕਿਰਨਾ ਨੂੰ ਨੱਚਦੀਆਂ ਕੁੜੀਆਂ ਵਿਚੋਂ ਬਾਹਰ ਬੁਲਾ ਲਿਆ।

''ਕੀ?'' ਕਿਰਨਾ ਭਗਵਾਨ ਦੇ ਦਿਲ ਦੀ ਗੱਲ ਬੁੱਝ ਲੈਣ ਦੀ ਖੁਸ਼ੀ ਵਿਚ ਹੱਸ ਪਈ।

''ਚੱਲ ਚੱਲੀਏ।''

''ਨਾਂਅ।''

''ਕਿਉਂ?''

''ਪਤਾ ਲੱਗਜੂ।'' ਕਿਰਨਾ ਨੇ ਅੱਗੇ ਪਿੱਛੇ ਵੇਖਿਆ, ਕਿਸੇ ਦਾ ਧਿਆਨ ਨਹੀਂ ਸੀ। ਸਭ ਆਪਣੀ-ਆਪਣੀ ਮਸਤੀ ਵਿਚ ਭੱਜੇ ਫਿਰਦੇ ਸੀ।

''ਕਿਧਰੇ ਨੀ ਲਗਦਾ ਪਤਾ। ਮੈਂ ਜਾਨਾਂ ਤੂੰ ਆਜੀਂ ਸੁਨਿਆਰਾਂ ਆਲੇ ਬਾਗ਼ 'ਚ।'' ਭਗਵਾਨ ਕਿਰਨਾ ਦੇ ਕੁਝ ਹੋਰ ਬੋਲਣ ਤੋਂ ਪਹਿਲਾਂ ਹੀ ਤੁਰ ਗਿਆ।

ਜਦੋਂ ਭਗਵਾਨ ਘਰੋਂ ਬਾਹਰ ਆਇਆ, ਹਨ੍ਹੇਰੇ ਨੇ ਚਾਨਣ ਤੋਂ ਸਰਦਾਰੀ ਲੈ ਰੱਖੀ ਸੀ। ਅਸਮਾਨ ਉਤੇ ਛਾਇਆ ਬੱਦਲ ਹਵਾ ਨਾਲ ਕਿਧਰੇ ਉਡ ਗਿਆ ਸੀ ਤੇ ਉਸਦੇ ਹੇਠੋਂ ਮੋਤੀਆਂ ਵਾਂਗ ਚਮਕਦੇ ਤਾਰੇ ਹੱਸਣ ਲੱਗ ਪਏ ਸਨ। ਇਨ੍ਹਾਂ ਤਾਰਿਆਂ ਵਿਚਕਾਰ ਗੋਲ ਚੰਨ ਕਿਸੇ ਸੁਹਾਗਣ ਦੇ ਮੱਥੇ ਲੱਗੀ ਗੋਲ ਬਿੰਦੀ ਵਾਂਗ ਚਮਕ ਰਿਹਾ ਸੀ। ਭਗਵਾਨ ਬਾਹਰ ਆ ਕੇ ਖੇਤਾਂ ਨੂੰ ਜਾਂਦੇ ਪਹੇ ਦੀ ਭੜੀਂ ਉਪਰ ਘਰ ਤੋਂ ਕੁਝ ਹਟਵਾਂ ਬੈਠ ਗਿਆ। ਉਸਦੇ ਚਾਰੇ ਪਾਸੇ ਵੀਂਡਿਆਂ ਦੀ 'ਟਰੀ..ਈ...ਈ' ਰਾਤ ਨੂੰ ਸੌਣ ਲਈ ਲੋਰੀਆਂ ਦੇ ਰਹੀ ਸੀ। ਉਥੋਂ ਦਸ ਬਾਰਾਂ ਕਿੱਲਿਆਂ ਦੀ ਵਾਹੀ ਤੇ ਇਕ ਮੋਟਰ ਵਾਲੇ ਕੋਠੇ ਉਪਰ ਲਾਈਟ ਜਗ ਰਹੀ ਸੀ ਅਤੇ ਕੋਠੇ ਕੋਲ ਕਿਸੇ ਬੰਦੇ ਦਾ ਅਕਾਰ ਇਧਰ-ਉਧਰ ਫਿਰਦਾ ਸਾਫ਼ ਦਿਸਦਾ ਸੀ। ਭਗਵਾਨ ਨੂੰ ਬੈਠੇ ਨੂੰ ਵੀਹ-ਪੱਚੀ ਮਿੰਟ ਹੋ ਚੱਲੇ ਸਨ ਪਰ ਉਸਨੂੰ ਅਜੇ ਤੱਕ ਘਰ ਵੱਲੋਂ ਕੋਈ ਆਉਂਦਾ ਨਾ ਦਿਸਿਆ।

''ਕੀ ਹੋ ਗਿਆ ਅਜੇ ਤੱਕ ਨੀ ਆਈ?'' ਭਗਵਾਨ ਨੇ ਆਪੇ ਨੂੰ ਸਵਾਲ ਕੀਤਾ।

''ਕਿਤੇ ਕੋਈ ਕੰਮ ਨਾ ਹੋ ਗਿਆ ਹੋਵੇ।'' ਫਿਰ ਆਪੇ ਹੀ ਜਵਾਬ ਦੇ ਮਾਰਿਆ। 'ਕੀ ਪਤੈ ਡੰਡੀ ਆਗੀ ਹੋਵੇ।' ਉਸਨੇ ਗੁਰਜੀਤ ਕੇ ਘਰ ਪਿੱਛੋਂ ਦੀ ਬਾਗ਼ ਨੂੰ ਆਉਂਦੀ ਡੰਡੀ ਵੱਲ ਨਿਗ੍ਹਾ ਮਾਰੀ ਤੇ ਫੇਰ ਬਾਗ਼ ਵੱਲ ਵੇਖਿਆ, ਸਿਵਾਏ ਹਨ੍ਹੇਰੇ ਦੀ ਪਰਤ ਦੇ ਉਸਨੂੰ ਕੁਝ ਨਾ ਦਿਸਿਆ।

''ਕਿਤੇ ਆ ਕੇ ਨਾ ਬੈਠਗੀ ਹੋਵੇ।' ਭਗਵਾਨ ਦੀ ਸੋਚ ਭਾਖੜਾ ਦੇ ਪਾਣੀ ਵਿਚ ਪੈਂਦੀਆਂ ਘੁਮੇਰੀਆਂ ਵਾਂਗ ਚੱਕਰ ਕੱਢਣ ਲੱਗ ਪਈ ਅਤੇ ਉਹ ਉਥੋਂ ਉਠ ਕੇ ਬਾਗ਼ ਨੂੰ ਹੋ ਤੁਰਿਆ। ਜਦੋਂ ਉਹ ਬਾਗ਼ ਦੇ ਨੇੜੇ ਪਹੁੰਚਿਆ ਤਾਂ ਇਕ ਮਨੁੱਖ ਦਾ ਆਕਾਰ ਉਸ ਵੱਲ ਵਧਿਆ। ਥੋੜ੍ਹਾ ਹੋਰ ਨੇੜੇ ਹੋਣ ਤੇ ਇਹ ਆਕਾਰ ਔਰਤ ਦੇ ਰੂਪ ਵਿਚ ਢਲ਼ ਗਿਆ।

''ਮੈਂ ਕਦੋਂ ਦੀ ਉਡੀਕੀ ਜਾਨੀ ਆਂ, ਤੁਸੀ ਕਹਿ ਕੇ ਚੰਗੇ ਆਏ।'' ਕਿਰਨਾ ਨੇ ਨੇੜੇ ਆਏ ਭਗਵਾਨ ਨੂੰ ਪਹਿਚਾਣ ਲਿਆ।

''ਉਹ! ਤੂੰ ਆ ਗੀ?'' ਭਗਵਾਨ ਦੇ ਚਿਹਰੇ ਉਪਰ ਹੈਰਾਨੀ 'ਤੇ ਖੁਸ਼ੀ ਦੇ ਭਾਵ ਉਘੜ ਆਏ। ''ਮੈਂ ਤਾਂ ਤੈਨੂੰ ਇਧਰ 'ਡੀਕੀ ਜਾਨਾਂ ਵੀ ਪਹੇ ਆਊ।''

''ਮੈਂ ਤਾਂ ਡੰਡੀ ਆਗੀ ਤੀ।''

''ਚਲੋ ਚੰਗਾ ਹੋਇਆ ਆ ਤਾਂ ਗਈ।'' ਭਗਵਾਨ ਨੇ ਖੁਸ਼ੀ ਵਿਚ ਬਾਂਹ ਉਸਦੀ ਪਿੱਠ ਉਪਰੋਂ ਵਲ ਲਈ 'ਤੇ ਬਾਗ਼ ਵਿਚ ਜਾ ਬੈਠੇ।

''ਮੈਂ ਤੈਨੂੰ ਵਿਆਹ ਤੋਂ ਪਹਿਲਾਂ ਵੀ ਕਿੰਨੇ ਸੁਨੇਹੇ ਭੇਜੇ ਤੀ, ਆਈਂ ਨੀ?'' ਭਗਵਾਨ ਨੇ ਆਪਣੇ ਚਿਹਰੇ ਉਪਰ ਨਕਲੀ ਗੁੱਸੇ ਦੀ ਪਰਤ ਲੈ ਆਂਦੀ।

''ਘਰ ਦੇ ਨੀ ਆਉਣ ਦਿੰਦੇ।''

''ਘਰ ਦੇ ਤਾਂ ਕਾਹਨੂੰ ਨੀ ਆਉਣ ਦਿੰਦੇ, ਮੈਨੂੰ ਤਾਂ ਲਗਦੈ ਤੂੰ ਆਪ ਈ ਪਿੱਛੇ ਹਟਦੀ ਜਾਨੀ ਐਂ।'' ਭਗਵਾਨ ਦੇ ਕਹਿਣ ਦਾ ਭਾਵ ਸੀ ਕਿ ਮੇਰਾ ਪਿਆਰ ਤੇਰੇ ਦਿਲ ਵਿਚੋਂ ਮੁਕਦਾ ਜਾਂਦਾ ਹੈ।

ਕਿਰਨਾ ਦੇ ਸ਼ਰਬਤੀ ਬੁੱਲ੍ਹ ਮੁਸਕਾਨ ਨਾਲ ਚੌੜੇ ਹੋ ਗਏ ਅਤੇ ਉਸਦੀਆਂ ਅੱਖਾਂ ਦੀਆਂ ਪਲਕਾਂ ਇਕ ਵਾਰ ਝਪਕ ਕੇ ਬੰਦ ਹੋ ਗਈਆਂ ਜਿਵੇਂ ਉਸਦੀ ਚੋਰੀ ਫੜੀ ਗਈ ਹੋਵੇ, ''ਭਾਗੂ ਹੁਣ ਆਪਾਂ ਹਟ ਜਾਨੇ ਆਂ।'' ਕਿਰਨਾ ਪਿਆਰ ਦੇ ਰਾਹ ਵਿਚੋਂ ਵਾਪਸ ਮੁੜਨਾ ਚਾਹੁੰਦੀ ਸੀ।

''ਕਿਉਂ? ਇਹ ਕੀ ਕੋਈ ਖੇਡ ਐ, ਵੀ ਜਦੋਂ ਜੀਅ ਕੀਤਾ ਖੇਡਲੇ, ਜਦੋਂ ਜੀਅ ਕੀਤਾ ਹਟਗੇ।'' ਕਿਰਨਾ ਦੀ ਕਹੀ ਗੱਲ ਭਗਵਾਨ ਦਾ ਦਿਲ ਚੀਰ ਗਈ।

''ਮੈਂ ਤਾਂ ਹਸਦੀ ਆਂ, ਕਿਸੇਂ ਮੂੰਹ ਸੁਜਾਇਐ।'' ਕਿਰਨਾ ਭਗਵਾਨ ਦੇ ਚਿਹਰੇ ਦੇ ਬਦਲਦੇ ਹਾਵ-ਭਾਵ ਪੜ੍ਹਦੀ ਉਸਦੀ ਹਿੱਕ ਵਿਚ ਮੁੱਕੀ ਮਾਰ ਕੇ ਹੱਸ ਪਈ।

''ਕਿਰਨਾ ਕਦੇ ਅਜਿਹੀ ਗੱਲ ਨਾ ਕਰੀਂ, ਮੈਂ ਤਾ ਮਰਜੂੰਗਾ।'' ਭਗਵਾਨ ਸੱਚਮੁੱਚ ਹੀ ਮਰਨ ਵਾਲਾ ਹੋਇਆ ਪਿਆ ਸੀ।

''ਚੰਗਾ ਬਾਬਾ ਚੰਗਾ, ਮਾਫ਼ ਕਰਦੇ।'' ਕਿਰਨਾ ਨੇ ਭਗਵਾਨ ਅੱਗੇ ਹੱਥ ਜੋੜ ਦਿੱਤੇ।

ਦੋਵੇਂ ਉਥੋਂ ਉਠ ਕੇ ਬਾਗ਼ ਦੇ ਵਿਚਕਾਰ ਚਲੇ ਗਏ। ਪੁਰੇ ਦੀ ਆਉਂਦੀ ਠੰਢੀ ਹਵਾ ਬੂਟਿਆਂ ਵਿਚੋਂ ਦੀ ਸ਼ੂਕਦੀ ਜਵਾਨ ਜਿਸਮਾਂ ਦੇ ਕੁਤ-ਕੁਤਾੜੀਆਂ ਕਰਦੀ ਅੱਗੇ ਲੰਘ ਜਾਂਦੀ, ਕਿਰਨਾ ਧੁੜਧੜੀ ਲੈ ਕੇ ਭਗਵਾਨ ਦੀਆਂ ਬਾਹਵਾਂ ਵਿਚ ਹੋਰ ਸਿਮਟ ਜਾਂਦੀ। ਨੇੜੇ ਗੁਰਜੀਤ ਕੇ ਘਰੋਂ ਗਿੱਧਾ ਪੈਣ ਦੀ ਮੱਧਮ ਜਿਹੀ ਅਵਾਜ਼ ਸੁਣਦੀ ਸੀ। ਮੋਟਰ ਕੋਲ ਫਿਰਦਾ ਆਦਮੀ ਖਾਲ ਤੇ ਗੇੜਾ ਮਾਰਨ ਚਲਿਆ ਗਿਆ। ਅਸਮਾਨ ਵਿਚ ਖਿੜਿਆ ਗੋਲ ਚੰਨ ਤੇ ਟਿਮ-ਟਿਮਾਉਂਦੇ ਤਾਰੇ ਜੋੜੀ ਦੇ ਪਹਿਰੇਦਾਰ ਬਣ ਕੇ ਖੜ੍ਹ ਗਏ। ਦੋਵੇਂ ਇਕ ਦੂਜੇ ਦੀ ਨਿੱਘੀ ਬੁੱਕਲ ਵਿਚ ਇਕ ਹੋ ਗਏ।

## 13.

ਜਦੋਂ ਦੀ ਕਰਮੀ ਜ਼ਿੰਦਗੀ ਨੂੰ ਅਲਵਿਦਾ ਕਹਿ ਗਈ, ਭਗਵਾਨ ਵੀ ਉਸ ਦਿਨ ਤੋਂ ਉਖੜਿਆ-ਉਖੜਿਆ ਰਹਿਣ ਲੱਗ ਪਿਆ। ਗੁਰਜੀਤ ਦੇ ਵਿਆਹ ਤੋਂ ਪਹਿਲਾਂ ਭਗਵਾਨ ਉਹਨਾਂ ਦੇ ਘਰ ਮਹੀਨੇ ਵਿਚੋਂ ਦੋ ਚਾਰ ਗੇੜੇ ਮਾਰ ਆਉਂਦਾ ਪਰ ਗੁਰਜੀਤ ਦੇ ਵਿਆਹ ਤੋਂ ਬਾਅਦ ਉਸਨੇ ਬਿਲਕੁਲ ਜਾਣਾ ਛੱਡ ਦਿੱਤਾ ਕਿਉਂਕਿ ਹੁਣ ਉਥੇ ਉਸਦਾ ਕੋਈ ਆਪਣਾ ਵੀ ਤਾਂ ਨਹੀਂ ਰਿਹਾ ਸੀ, ਜਿਸ ਕੋਲ ਬੈਠ ਕੇ ਦੁੱਖ-ਸੁੱਖ ਫਰੋਲ ਸਕੇ। ਗੁਰਜੀਤ ਤੇ ਉਸਦੀ ਮਾਂ ਵੀ ਹੁਣ ਪਹਿਲਾਂ ਵਾਲੇ ਨਹੀਂ ਰਹੇ। ਵਿਆਹ ਤੋਂ ਪਹਿਲਾਂ ਜਿਹੜੇ ਭਗਵਾਨ ਨੂੰ ਵੇਖ ਕੇ ਖਿੜ ਉਠਦੇ ਸੀ, ਹੁਣ ਉਸੇ ਨੂੰ ਵੇਖ ਕੇ ਮੱਥੇ ਤਿਊੜੀਆਂ ਦੇ ਓਰੇ ਬਣਾ ਲੈਂਦੇ। ਜੇਕਰ ਭਗਵਾਨ ਕਦੇ ਨਾ ਕਦੇ ਜਾਂਦਾ ਵੀ ਤਾਂ ਉਹ ਉਸ ਨਾਲ ਪਹਿਲਾਂ ਵਾਂਗ ਘੁਲਦੇ-ਮਿਲਦੇ ਨਾ, ਬੱਸ ਇਕ ਦੋ ਗੱਲਾਂ ਪੁੱਛ ਲੈਂਦੇ ਜਾਂ ਕਦੇ ਗੱਲ ਹੀ ਨਾ ਕਰਦੇ ਤਾਂ ਭਗਵਾਨ ਆਪ ਹੀ 'ਚੰਗਾ ਚਲਦਾਂ' ਕਹਿ ਕੇ ਉਠ ਆਉਂਦਾ। ਹੁਣ ਉਸਨੂੰ ਪਹਿਲਾਂ ਵਾਂਗ ਕੋਈ ਇਹ ਨਹੀਂ ਕਹਿੰਦਾ ਸੀ ਕਿ ''ਬੱਸ ਵੀਰ ਜੀ, ਪੰਜ ਮਿੰਟ ਬਹਿਜੋ।'' ਅਖੀਰ ਉਸਨੇ ਆਉਣਾ-ਜਾਣਾ ਬਿਲਕੁਲ ਹੀ ਬੰਦ ਕਰ ਦਿੱਤਾ। ਹੁਣ ਤਾਂ ਬੱਸ ਕਦੇ ਰਾਜੇ ਹੋਰਾਂ ਨਾਲ ਇਕੱਠੇ ਮਿਲ ਕੇ ਬੈਠਦੇ ਤਾਂ ਬਿੰਦ-ਝੱਟ ਹੱਸ ਖੇਡ ਲੈਂਦੇ ਜਾਂ ਕਰਮੀ ਦੀਆਂ ਗੱਲਾਂ ਕਰਕੇ ਮਨ ਹੌਲਾ ਕਰ ਲੈਂਦੇ। ਜਦੋਂ ਕਦੇ ਕਰਮੀ ਦੀ ਬਹੁਤ ਯਾਦ ਆਉਂਦੀ ਤਾਂ ਉਸਦਾ ਦਿਲ ਕਰਮੀ ਕੇ ਘਰ ਜਾਣ ਨੂੰ ਕਰਦਾ ਪਰ ਘਰ ਦੇ ਮੈਂਬਰਾਂ ਦਾ ਉਸ ਨਾਲ ਹੁੰਦਾ ਵਿਵਹਾਰ ਵੇਖ ਕੇ ਉਹ ਦੜ ਵੱਟ ਜਾਂਦਾ। ਕਦੇ ਇਕੱਲੇ ਬੈਠੇ ਨੂੰ ਕਿਰਨਾ ਦੀਆਂ ਯਾਦਾਂ ਆ ਚਿੰਬੜਦੀਆਂ, ਜਿਹੜੀ ਦੋ ਮਹੀਨਿਆਂ ਤੋਂ ਸੁਨੇਹੇ ਲਾਉਣ ਦੇ ਬਾਵਜੂਦ ਵੀ ਨਹੀਂ ਆਈ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਸਮਾਂ ਇਸ ਤਰ੍ਹਾਂ, ਇੰਨੀ ਜਲਦੀ ਕਿਵੇਂ ਬਦਲ ਗਿਆ। ਜਿਨ੍ਹਾਂ ਨੂੰ ਉਹ ਦਿਲੋਂ ਆਪਣੇ ਸਮਝੀ ਬੈਠਾ ਸੀ, ਉਨ੍ਹਾਂ ਦਾ ਖ਼ੂਨ ਕਿਵੇਂ ਸਫ਼ੈਦ ਹੋ ਗਿਆ। ਇਨ੍ਹਾਂ ਹੀ ਜ਼ਿੰਦਗੀ ਦੇ ਵਾਧੇ-ਘਾਟਿਆਂ ਵਿਚ ਉਲਝੇ, ਖੇਤੋਂ ਆਉਂਦੇ ਭਗਵਾਨ ਨੂੰ ਚੋਏ ਦੀ ਪਟੜੀ 'ਤੇ ਰਾਜਾ ਮਿਲ ਪਿਆ। ਰਾਜਾ ਭਗਵਾਨ ਨੂੰ ਵੇਖ ਕੇ ਦੂਰੋਂ ਹੀ ਹੱਸਦਾ ਬੋਲਿਆ, ''ਕਿਉਂ, ਕੀ ਹਾਲ ਨੇ ਤੇਰੀ ਸੂਰਜੀ ਕਿਰਨ ਦੇ।''

''ਉਹਨੂੰ ਤੀਜੇ ਥਾਂਓ ਕਿੱਥੇ ਯਾਦ ਕਰਦੈਂ, ਪਹਿਲਾਂ ਆਪਣੇ ਵੀਰ ਦਾ ਤਾਂ ਹਾਲ-ਚਾਲ ਪੁੱਛ ਲੈ।''

''ਤੂੰ ਤਾਂ ਹੁਣ ਸਾਡੇ ਕੋਲ ਹੀ ਰਹਿੰਨੈਂ, ਤੇਰੀ ਤਾਂ ਅਸੀਂ ਰਗ-ਰਗ ਤੋਂ ਜਾਣੂ ਆਂ। ਉਹਦਾ ਤੀਜੇ ਥਾਂ ਸਾਨੂੰ ਕੀ ਪਤਾ ਲੱਗਦੈ, ਉਹ ਤਾਂ ਤੈਥੋਂ ਈ ਪੁੱਛਾਂਗੇ।''

''ਉਹ ਤਾਂ ਹੁਣ ਡੋਬਾ ਦਿਊ।'' ਭਗਵਾਨ ਦੇ ਦਿਲ ਦੀ ਚੀਸ ਬੋਲ ਪਈ।

''ਕਿਉਂ?'' ਰਾਜੇ ਨੇ ਕਿਸੇ ਭੇਦ ਦੀ ਗੱਲ ਜਾਣਨ ਲਈ ਆਪਣਾ ਪੂਰਾ ਧਿਆਨ ਭਾਗੂ ਦੀ ਕਹੀ ਗੱਲ ਵੱਲ ਸੇਧ ਲਿਆ।

''ਤੈਨੂੰ ਤਾਂ ਪਤਾ ਈ ਐ, ਕਿੰਨੇ ਸੁਨੇਹੇ ਲਾਤੇ, ਮਿਲਣ ਈ ਨੀ ਆਈ।''

''ਹੁਣ ਵੀ ਲਾਇਆ ਤੀ ਕਦੇ?''

''ਹਾਂ, ਕੱਲ੍ਹ ਕਿਹਾ ਤੀ ਕੱਲ੍ਹ ਵੀ ਨੀ ਆਈ।''

''ਲੈ ਹੈਂ, ਭੈਣ ਦੇ....।'' ਰਾਜਾ ਭਗਵਾਨ ਦੇ ਹੱਕ ਵਿਚ ਖੜ੍ਹਦਾ ਕਿਰਨਾ ਨੂੰ ਗਾਲ ਦੇ ਗਿਆ।

ਉਹ ਘਰ ਤੱਕ ਗੱਲਾਂ ਕਰਦੇ ਆਏ। ਰਾਜਾ ਭਗਵਾਨ ਨੂੰ ਮੱਲੋ-ਮੱਲੀ ਆਪਣੇ ਘਰ ਲੈ ਗਿਆ। ਦੋਵੇਂ ਪੌੜੀਆਂ ਉਪਰ ਦੀ ਕੋਠੇ ਚੜ੍ਹ ਗਏ। ਛਿਪਦੇ ਪਾਸੇ ਬਾਬੇ ਰਮਾਣੇ ਦੀ ਮਟੀ ਓਹਲੇ ਸੂਰਜ ਊਂਘ ਰਿਹਾ ਸੀ। ਕੋਠੇ ਉਪਰੋਂ ਕਾਵਾਂ ਦੀਆਂ ਡਾਰਾਂ ਦੱਖਣ ਵੱਲ ਆਪਣੇ ਆਲ੍ਹਣਿਆਂ ਨੂੰ ਪਰਤਣ ਲੱਗ ਪਈਆਂ। ਕਿਸੇ ਰਕਾਨ ਦੇ ਘਰੋਂ ਜਲਦੀ ਕੰਮਾਂ ਨੂੰ ਹੱਥ ਪਾਉਣ ਦਾ ਸੁਨੇਹਾ ਦਿੰਦਾ ਧੂੰਆਂ ਬਨੇਰਿਆਂ 'ਤੇ ਚੜ੍ਹ ਆਇਆ ਸੀ। ਸਾਹਮਣੇ ਵਾਲੀ ਵੀਹੀ ਵਿਚ ਵੱਡੇ ਕੁੱਤੇ ਨੇ ਕਤੂਰੇ ਨੂੰ ਗਲ ਤੋਂ ਫੜ ਕੇ ਅੱਧੀ ਰੋਟੀ ਦਾ ਟੁਕੜਾ ਖੋਹ ਲਿਆ ਤੇ ਕਤੂਰਾ ਬੇਵਸ ਹੋਇਆ ਮੂਹਰਲੀਆਂ ਲੱਤਾਂ ਵਿਚ ਮੂੰਹ ਦੇਈ, ਚੂੰ...ਚਾਂਅ...ਆਂ' ਕਰਦਿਆਂ ਖੁੰਢ ਨਾਲ ਜਾ ਬੈਠਿਆ। ਆਪਣੇ ਬਾਰ ਵਿਚ ਖੜ੍ਹੇ ਸੀਤੇ ਕੇ ਪਾਲੀ ਨੇ ਛਿੱਤਰ ਕੱਢ ਕੇ ਵੱਘ-ਵਘੋਣਾ ਭੱਜੇ ਜਾਂਦੇ ਵੱਡੇ ਕੁੱਤੇ ਦੇ ਮਾਰਿਆ। ਕੁੱਤੇ ਦੇ ਮੂੰਹ ਵਿਚੋਂ ਰੋਟੀ ਛੁੱਟ ਗਈ ਤੇ ਉਹ ਬਿਨਾਂ ਰੋਟੀ ਚੁੱਕੇ ਅੱਗੇ ਦੌੜ ਗਿਆ।

''ਤਾਈ ਰਾਜਾ।'' ਰਾਜੇ ਕੇ ਵਿਹੜੇ ਵਿਚੋਂ ਕਿਸੇ ਦੀ ਆਵਾਜ਼ ਆਈ।

''ਗੁਰਨੈਬ ਐ।'' ਰਾਜੇ ਨੇ ਆਵਾਜ਼ ਪਹਿਚਾਣਦਿਆਂ ਕਿਹਾ।

''ਕੋਠੇ 'ਤੇ ਨੇ ਭਾਈ।'' ਰਾਜੇ ਦੀ ਮਾਂ ਬੋਲੀ।

ਗੁਰਨੈਬ ਪੌੜੀਆਂ ਚੜ੍ਹ ਕੇ ਕੋਠੇ 'ਤੇ ਆ ਗਿਆ, ''ਉਹ! ਭਾਗੂ ਜੀ ਆ ਰਹੇ ਨੇ।''

''ਰਾਜਾ ਤਾਂ ਨਹੀਂ ਜਾਂਦਾ, ਫੇਰ ਆਪ ਹੀ ਆਉਣੈ ਪੈਂਦੈ।'' ਭਗਵਾਨ ਰਾਜੇ ਵੱਲ ਵੇਖਦਾ ਕਹਿ ਗਿਆ।

''ਕੀ ਕਰੀਏ ਯਰ, ਕੰਮ ਈ ਨੀ ਮੁਕਦੇ।'' ਰਾਜੇ ਨੇ ਘਰ ਦੇ ਝਮੇਲੇ ਦੋਸਤੀ ਵਿਚਕਾਰ ਲਿਆ ਵਾੜੇ।

''ਭਾਗੂ ਤੇਰੀ ਕਬੂਤਰੀ ਤਾਂ ਤੈਥੋਂ ਛੁਡਾ ਗਈ ਖੰਭ।''

''ਕੀ ਹੋ ਗਿਆ ਓਏ?'' ਰਾਜੇ ਦੇ ਨਾਲ ਭਗਵਾਨ ਵੀ ਹੈਰਾਨੀ ਵਿਚ ਉਲਰਿਆ, ਗੁਰਨੈਬ ਦੀ ਕਹੀ ਗੱਲ ਦਾ ਜਵਾਬ ਉਸਦੇ ਮੂੰਹ ਉਪਰੋਂ ਪੜ੍ਹਨ ਲੱਗ ਪਿਆ। ਭਗਵਾਨ ਦਾ ਦਿਲ ਵੱਡੇ ਸਮੁੰਦਰ ਦੀਆਂ ਲਹਿਰਾਂ ਵਿਚ ਉਲਝੀ ਛੋਟੀ ਕਿਸ਼ਤੀ ਵਾਂਗ ਡੋਲ ਗਿਆ। ਉਸਦੇ ਦਿਲ ਉਪਰ ਛੁਰੀ ਫਿਰ ਗਈ 'ਜਰੂਰ ਕੋਈ ਅਣਹੋਣੀ ਵਾਪਰ ਗਈ ਹੈ।'

''ਉਹਨੇ ਤਾਂ ਰਫਿਊਜੀਆਂ ਦੇ ਮੁੰਡੇ ਨਾਲ ਪਾ ਲਈ ਯਾਰੀ।''

''ਤੈਨੂੰ ਕੌਣ ਕਹਿੰਦੈ?'' ਰਾਜੇ ਤੇ ਭਗਵਾਨ ਨੂੰ ਅਜੇ ਤੱਕ ਗੁਰਨੈਬ ਦੀ ਗੱਲ 'ਤੇ ਯਕੀਨ ਨਹੀਂ ਆਇਆ ਸੀ।

''ਮਨਜੀਤ ਕਹਿੰਦੀ ਤੀ।''

''ਊਈਂ ਮਾਰਦੀ ਹੋਊ ਖੀਰ ਖਾਣੀ ਜਾਤ।'' ਭਗਵਾਨ ਸਚਾਈ ਤੋਂ ਮੂੰਹ ਚੁਰਾ ਕੇ ਭੱਜ ਰਿਹਾ ਸੀ ਪਰ ਸਚਾਈ ਉਸਦੇ ਅੱਗੇ ਆ ਕੇ ਉਸਦੀ ਹਾਲਤ 'ਤੇ ਹੱਸ ਰਹੀ ਸੀ।

''ਊਈਂ ਕਿਉਂ, ਉਹਨੇ ਤਾਂ ਮੈਨੂੰ ਹੁਣ ਫੋਨ ਕਰਿਐ, ਨਾਲੇ ਸੌਂਹਾਂ ਖਾ ਗਈ।' ਗੁਰਨੈਬ ਯਕੀਨ ਦਿਵਾਉਣ ਲਈ ਪਿਛਲੀ ਗੱਲ ਜੋਰ ਦੇ ਕੇ ਕਹਿ ਗਿਆ।

ਭਗਵਾਨ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਪੱਛਮ ਦੀ ਲਾਲ ਹੋਈ ਹਿੱਕ ਉਸਨੂੰ ਆਪਣਾ ਡੁਲ੍ਹਦਾ ਖੂਨ ਲੱਗਿਆ, ਜਿਸਨੂੰ ਹੁਣੇ-ਹੁਣੇ ਕਿਰਨਾ ਦੀ ਬੇਵਫ਼ਾਈ ਦੀ ਤਲਵਾਰ ਨੇ ਵੱਢ ਕੇ ਘਰਾਲਾਂ ਚਲਾ ਦਿੱਤੀਆਂ ਸਨ। ਉਸਨੂੰ ਕੁਝ ਸਮਾਂ

ਪਹਿਲਾਂ ਬੇਵਸ ਹੋਇਆ ਕਤੂਰਾ ਆਪਣਾ ਹੀ ਰੂਪ ਜਾਪਿਆ। ਉਸਦਾ ਰੋਮ-ਰੋਮ ਕਿਰਨਾ ਦੀ ਬੇਵਫ਼ਾਈ ਨੂੰ ਲਾਹਨਤਾਂ ਦੇ ਗਿਆ।

'ਮੈਨੂੰ ਪਹਿਲਾਂ ਪਤਾ ਤੀ ਇਹ ਤੋੜ ਨੀ ਨਿਭਾਉਂਦੀ, ਸ..ਸਾਲੀ..ਕੁ..ਕੁ..ਕੁੱਤੀ' ਭਗਵਾਨ ਅੰਦਰ ਛੱਲਾਂ ਮਾਰਦਾ ਦੁੱਖ ਦਾ ਸਾਗਰ ਅੱਖਾਂ ਰਾਹੀਂ ਛਲਕਣ ਲੱਗ ਪਿਆ।

'' ਸਾਲਿਆ ਕੰਡਾ ਤਾਂ ਤੇਰੇ 'ਚ ਨੀ, ਅਗਲੀ ਨੂੰ ਕੀ ਦੋਸ਼?''

ਗੁਰਨੈਬ ਆਪਣੇ ਸੁਭਾਅ ਮੁਤਾਬਿਕ ਬੋਲ ਗਿਆ। ਉਸਨੇ ਇੰਨੀ ਡੂੰਘਾਈ ਤੱਕ ਜਾ ਕੇ ਕਦੇ ਨਹੀਂ ਸੋਚਿਆ ਸੀ ਕਿ ਉਹ ਭਗਵਾਨ ਦਾ ਅੰਦਰ ਪੜ੍ਹ ਸਕਦਾ।

''ਮ..ਮੈਂ ਜਾਨਾਂ ਯਰ।'' ਭਗਵਾਨ ਉਠ ਕੇ ਤੁਰ ਗਿਆ।

''ਤੂੰ ਬੈਠ ਤਾਂ ਸਹੀ।'' ਰਾਜੇ ਨੇ ਉਸਦੀ ਬਾਂਹ ਫੜ ਲਈ।

''ਨਹੀਂ ਯਾਰ।''

''ਚੰਗਾ ਆਪਾਂ ਚਲਦੇ ਆਂ ਦੋਏਂ।'' ਰਾਜਾ ਭਗਵਾਨ ਨਾਲ ਤੁਰ ਪਿਆ ਤੇ ਉਸਨੂੰ ਘਰ ਛੱਡ ਕੇ ਵਾਪਸ ਮੁੜ ਗਿਆ।

''ਵੇ ਰੋਟੀ ਟੁੱਕ ਤਾਂ ਖਾ ਲਿਆ ਕਰ ਵੇਲੇ ਸਿਰ।'' ਭਗਵਾਨ ਦੀ ਮਾਂ ਨੇ ਭਾਂਡੇ ਧੋਂਦਿਆਂ ਕਿਹਾ।

''ਬੇਬੇ ਭੁੱਖ ਨੀ।''

''ਜਿੰਨੀ ਕੁ ਭੁੱਖ ਐ, ਓਨੀ ਖਾ ਲੈ।''

''ਨਾਂਅ...।'' ਭਗਵਾਨ ਕਹਿ ਕੇ ਅੰਦਰ ਮੰਜੇ 'ਤੇ ਜਾ ਡਿੱਗਿਆ। ਉਸਦਾ ਅੰਦਰਲਾ ਦਰਦ ਹੰਝੂਆਂ ਵਿਚ ਬਦਲ ਕੇ ਬਾਹਰ ਆਉਣਾ ਸ਼ੁਰੂ ਹੋ ਗਿਆ। ਉਹ ਕਿਸੇ ਸਦੀਆਂ ਦੇ ਰੋਗੀ ਵਾਂਗ ਮੰਜੇ ਵਿਚ ਮੂੰਹ ਦੇਈ ਅੱਧੀ ਰਾਤ ਤੱਕ ਪਿਆ ਰਿਹਾ। ਕਿਰਨਾ ਦੀ ਬੇਵਫ਼ਾਈ ਉਸਦਾ ਅੰਦਰ ਸੂਤ ਕੇ ਲੈ ਗਈ। ਉਹ ਬਿੰਦੇ ਝੱਟੇ ਪਾਸੇ ਪਰਤਦਾ ਰਿਹਾ ਪਰ ਨੀਂਦ ਬਿਲਕੁੱਲ ਨਹੀਂ ਆ ਰਹੀ ਸੀ। ਫਿਰ ਅਚਾਨਕ ਕੁਝ ਯਾਦ ਆ ਜਾਣ 'ਤੇ ਉਹ ਮੰਜੇ ਤੋਂ ਉਠਿਆ ਅਤੇ ਹੌਲੀ-ਹੌਲੀ ਅਲਮਾਰੀ ਵੱਲ ਵਧਿਆ। ਅਲਮਾਰੀ ਖੋਲ੍ਹ ਕੇ ਕਿਤਾਬ ਵਿਚੋਂ ਇਕ ਫ਼ੋੋਟੋ ਕੱਢ ਲਈ, 'ਨਹੀਂ...ਨਹੀਂ ਇਹ ਐਨਾ ਭੋਲਾ, ਐਨਾ ਮਾਸੂਮ ਚਿਹਰਾ ਕਿਸੇ ਨੂੰ ਧੋਖਾ ਕਿਉਂ ਦੇਊ? ਊਈਂ ਝਹੇਡ ਕਰਦੇ ਹੋਣਗੇ ਪਰ ਉਹ ਤਾਂ ਸੌਂਹਾਂ ਵੀ ਖਾ ਗਏ। ਕਿਉਂ ਇਹ ਕੀ ਕਿਸੇ ਨੂੰ ਧੋਖਾ ਨੀ ਦੇ ਸਕਦੀ? ਕਿਸੇ ਦੇ ਚਿਹਰਿਆਂ 'ਤੇ ਥੋੜਾ ਲਿਖਿਆ ਹੁੰਦੈ ਵੀ ਇਹ ਕਿਸੇਂ ਐ, ਨਾਲੇ ਗੁਰਨੈਬ ਨੇ ਇਕ ਦਿਨ ਕਿਹਾ ਤੀ, ਵੀ ਤੀਮੀਂ ਦਾ ਵਸਾਹ ਨਾ ਕਰੇ।'

ਭਗਵਾਨ ਪਤਾ ਨਹੀਂ ਪਲਾਂ ਵਿਚ ਕੀ ਕੁਝ ਸੋਚ ਗਿਆ।

ਉਸਦੇ ਹੱਥ ਵਿਚ ਫੜੀ ਫੋਟੋ ਉਤੇ ਕਿਰਨਾ ਦਾ ਗੁਲਾਬੀ ਚਿਹਰਾ ਉਸਨੂੰ ਕਾਲੇ ਸੱਪ ਦੀ ਸਿਰੀ ਜਾਪਿਆ। ਉਸਦੇ ਗੁਲਾਬੀ ਹੋਂਠ ਕਿਸੇ ਜ਼ਹਿਰੀਲੀ ਨਾਗਣ ਦੇ ਨੀਲੇ ਬੁੱਲ੍ਹ ਦਿਸਣ ਲੱਗ ਪਏ। ਉਹ ਫੋਟੋ ਵੱਲ ਅੱਖਾਂ ਕੱਢ-ਕੱਢ ਵੇਖਣ ਲੱਗ ਪਿਆ। ਉਸਨੇ ਫੋਟੋ ਨੂੰ ਪਾੜਨ ਲਈ ਦੋਵਾਂ ਹੱਥਾਂ ਵਿਚ ਲੈ ਲਿਆ ਪਰ ਪਤਾ ਨਹੀਂ ਫਿਰ ਦਿਲ ਵਿਚ ਕੀ ਆਈ, ਉਸਨੇ ਇਕ ਗੰਦੀ ਗਾਲ ਕੱਢ ਕੇ ਫੋਟੋ ਮੁੜ ਅਲਮਾਰੀ ਵਿਚ ਰੱਖ ਦਿੱਤੀ 'ਤੇ ਫਿਰ ਮੰਜੇ ਉਤੇ ਆ ਪਿਆ। ਅੱਧੀ ਰਾਤ ਤੋਂ ਬਾਅਦ ਉਸਨੂੰ ਨੀਂਦ ਨੇ ਆ ਦਬੋਚਿਆ।

-0-

ਰਫਿਊਜੀਆਂ ਦਾ ਮੁੰਡਾ ਕਈ ਦਿਨ ਕਿਰਨਾ ਦੇ ਘਰ ਆਨੀ-ਬਹਾਨੀ ਗੇੜੇ ਮਾਰਦਾ ਰਿਹਾ। ਜਦੋਂ ਵੀ ਉਹ ਆਉਂਦਾ, ਚੋਰ ਅੱਖਾਂ ਨਾਲ ਕਿਰਨਾ ਵੱਲ ਵੇਖਦਾ ਰਹਿੰਦਾ। ਕਿਰਨਾ ਵੀ ਕਦੇ-ਕਦੇ ਵੇਖ ਜਾਂਦੀ ਪਰ ਬਹੁਤੀ ਦਿਲਚਸਪੀ ਨਾ ਲੈਂਦੀ। ਉਸਨੇ ਮੁੰਡੇ ਦੁਆਰਾ ਪਾਏ ਕਈ ਖਤ ਫੜ ਤਾਂ ਲਏ ਪਰ ਪੜ੍ਹੇ ਬਿਨਾਂ ਪਾੜ ਕੇ ਸੁੱਟ ਦਿੱਤੇ।

ਇਕ ਦਿਨ ਤੋਲਾਵਾਲ ਤੋਂ ਰਫਿਊਜੀਆਂ ਦੀ ਗੁਆਂਢਣ ਕੁੜੀ ਕਿਰਨਾ ਨੂੰ ਮਿਲਣ ਆਈ, ਜਿਸਨੇ ਇਕ ਵਾਰ ਕਿਰਨਾ ਨਾਲ ਉਨ੍ਹਾਂ ਦੇ ਘਰ ਇਕੱਠੀਆਂ ਦਰੀਆਂ ਲਾਈਆਂ ਸਨ ਪਰ ਉਸ ਤੋਂ ਬਾਅਦ ਦੋਵੇਂ ਘੱਟ-ਵੱਧ ਹੀ ਮਿਲੀਆਂ। ਅੱਜ ਦੋਵੇਂ ਜੱਫੀ ਪਾ ਕੇ ਮੁੱਦਤਾਂ ਤੋਂ ਵਿਛੜੀਆਂ ਸਹੇਲੀਆਂ ਵਾਂਗ ਮਿਲੀਆਂ। ਕਿਰਨਾ ਨੇ ਹਾਲ-ਚਾਲ ਪੁੱਛ ਕੇ ਚਾਹ ਧਰ ਲਈ। ਚਾਹ ਪੀ ਕੇ ਦੋਵੇਂ ਆਪਣੇ ਘਰ ਦੇ ਨਾਲ ਲੱਗਦੇ ਮੋਟਰ ਵਾਲੇ ਕੋਠੇ ਕੋਲ ਡਹੇ ਮੰਜਿਆਂ ਉਪਰ ਜਾ ਬੈਠੀਆਂ।

''ਬੜੇ ਚਿਰ ਬਾਅਦ ਯਾਦ ਕੀਤੈ, ਕੀ ਗੱਲ।'' ਇਸ ਤਰ੍ਹਾਂ ਸੁਖਪਾਲ ਦਾ ਅਚਨਚੇਤ ਆਉਣਾ, ਕਿਰਨਾ ਦੇ ਦਿਮਾਗ ਨੂੰ ਕੋਈ ਨਵਾਂ ਸੁਨੇਹਾ ਮਿਲਣ ਦੀ ਆਸ ਫੜਾ ਗਿਆ।

''ਜਿਹੜੇ ਤੈਨੂੰ ਰੋਜ਼ ਯਾਦ ਕਰਦੇ ਨੇ, ਉਨ੍ਹਾਂ ਦਾ ਬੁੱਲ੍ਹਾਂ 'ਤੇ ਨਾਂ ਨੀ ਲਿਆਉਂਦੀ।'' ਕੁੜੀ ਦੀਆਂ ਖਚਰੀਆਂ ਅੱਖਾਂ ਹੱਸ ਪਈਆਂ।

''ਸਾਨੂੰ ਕਿਹੜਾ ਕਰਦੈ ਯਾਦ।''

''ਕਿਉਂ, ਕਰਦੇ ਕਿਉਂ ਨੀ, ਤੇਰੇ 'ਤੇ ਤਾਂ ਬਹਿ ਜਾਣਾ ਮਰਿਆ ਪਿਐ, ਤੂੰ ਹੀ ਨੀ ਨੱਕ 'ਤੇ ਮੱਖੀ ਬੈਠਣ ਦਿੰਦੀ।''

''ਕਿਸੇ ਦਾ ਨਾਉਂ ਵੀ ਲੈ ਪਤੰਦਰ ਦਾ।'' ਕਿਰਨਾ ਕੁੜੀ ਦਾ ਇਸ਼ਾਰਾ ਕੁਝ-ਕੁਝ ਸਮਝ ਗਈ ਪਰ ਕਿਰਨਾ ਨੂੰ ਵੀ ਗੱਲਾਂ ਵਿਚੋਂ ਕੁਝ ਸਵਾਦ ਆਇਆ ਤੇ ਉਸਨੇ ਗੱਲ ਨੂੰ ਰਬੜ ਵਾਂਗ ਖਿੱਚ ਕੇ ਹੋਰ ਵਧਾ ਲਿਆ।

''ਵੀਹ ਤਾਂ ਵਿਚਾਰੇ ਨੇ ਤੈਨੂੰ ਖ਼ਤ ਪਾ ਤੇ, ਅਜੇ ਨਾਂ ਬਾਕੀ ਰਹਿ ਗਿਆ? ਘੱਟੋ-ਘੱਟ ਇਕ ਨਾ ਅੱਧੇ ਦਾ ਜਵਾਬ ਦੇ ਦਿੰਦੀ ਉਹਦਾ ਵਿਚਾਰੇ ਦਾ ਦਿਲ ਖੜ੍ਹ ਜਾਂਦਾ।''

''ਤੈਨੂੰ ਇਹ ਕੀਹਨੇ ਦੱਸਿਐ?'' ਕਿਰਨਾ ਇਸ ਤਰ੍ਹਾਂ ਆਪਣੇ ਭੇਤ ਤੋਂ ਸੁਖਪਾਲ ਦੇ ਜਾਣੂ ਹੋਣ 'ਤੇ ਹੈਰਾਨ ਸੀ।

''ਮੈਨੂੰ ਉਸੇ ਨੇ ਭੇਜਿਐ, ਵਿਚਾਰਾ ਬਾਹਲੀ ਤਰਲੇ ਮਿੰਨਤਾਂ ਜੀਆਂ ਕਰਨ ਲੱਗ ਪਿਆ।''

''ਨਹੀਂ ਨਹੀਂ, ਮੈਂ ਜਦੋਂ ਉਸਨੂੰ ਕੇਰਾਂ ਜਵਾਬ ਦੇਤਾ, ਨਾਲੇ ਉਹਨੂੰ ਕਹਿਦੀਂ ਬਈ ਮੇਰੀ ਤਾਂ ਕਿਸੇ ਹੋਰ ਨਾਲ ਬਣਦੀ ਐ।''

''ਉਹਨੂੰ ਪਤੈ ਸਾਰਾ। ਕਹਿੰਦਾ ਮੇਰੇ ਨਾਲ ਕੇਰਾਂ ਹੱਸ ਕੇ ਬੋਲ ਪਿਆ ਕਰੇ, ਹੋਰ ਮੈਨੂੰ ਕੁਛ ਨਹੀਂ ਚਾਹੀਦਾ।''

''ਉਹ ਤਾਂ ਪਾਗਲ ਈ ਐ ਫੇਰ।''

''ਤੈਂ ਕਰਤਾ।'' ਦੋਵੇਂ ਖਿੜ-ਖਿੜਾ ਕੇ ਹੱਸ ਪਈਆਂ, ''ਨਾਲੇ ਉਹਨੇ ਆਹ ਸਿਉਨੇ ਦੀ ਚੈਨੀ ਭੇਜੀ ਐ ਤੇਰੀ ਖਾਤਰ।'' ਕੁੜੀ ਨੇ ਕੁੜਤੀ ਥੱਲੇ ਪਾਈ ਬਨੈਣ ਦੀ ਜੇਬ ਵਿਚੋਂ ਸੋਨੇ ਦੀ ਚੈਨੀ ਕੱਢ ਕੇ ਕਿਰਨਾ ਦੇ ਗੋਰੇ ਹੱਥ ਵਿਚ ਰੱਖ ਦਿੱਤੀ।

''ਨਹੀਂ ਮੈਂ ਨੀ ਲੈਂਦੀ।'' ਕਿਰਨਾ ਨੇ ਚੈਨੀ ਨੂੰ ਕੁੜੀ ਵੱਲ ਵਧਾਇਆ ਪਰ ਉਸਨੇ ਕਿਰਨਾ ਦੀ ਚੈਨੀ ਵਾਲੀ ਮੁੱਠੀ ਆਪਣੇ ਹੱਥਾਂ ਨਾਲ ਮੀਚ ਦਿੱਤੀ ਤੇ ਫੁਰਤੀ ਨਾਲ ਮੰਜੇ ਵਿਚੋਂ ਉਠ ਖੜ੍ਹੀ, ''ਚੰਗਾ ਮੈਂ ਜਾਨੀ ਆਂ।''

''ਮੇਰੀ ਗੱਲ ਤਾਂ ਸੁਣ।''

''ਨਹੀਂ ਕਦੇ ਫੇਰ।'' ਕੁੜੀ ਕਹਿ ਕੇ ਚਲੀ ਗਈ।

ਕਿਰਨਾ ਹੱਥ ਵਿਚ ਚੈਨੀ ਲਈ ਥਾਂਏਂ ਖੜ੍ਹੀ ਰਹੀ। ਉਸਨੇ ਆਪਣੇ ਹੱਥਾਂ ਵਿਚਲੀ ਚੈਨੀ ਵੱਲ ਸਰਸਰੀ ਨਿਗਾਹ ਮਾਰੀ, ਉਸਦਾ ਜੀਅ ਕੀਤਾ ਕਿ ਉਹ ਤੁਰੀ ਜਾਂਦੀ ਕੁੜੀ ਦੇ ਪਿੱਛੇ ਵਗਾਹ ਮਾਰੇ ਪਰ ਜਲਦੀ ਹੀ ਉਸਨੇ ਇਹ ਸੋਚ ਰੱਦ ਕਰਦਿਆਂ ਸੋਚਿਆ।

''ਐਨੀ ਕੀਮਤੀ! ਹੂੰ! ਪਾਗਲ ਨੇ ਲੋਕ।'' ਉਸਨੇ ਚੈਨੀ ਵੱਲ ਤੇ ਤੁਰੀ ਜਾਂਦੀ ਕੁੜੀ ਵੱਲ ਬੁੱਲ੍ਹ ਅਟੇਰ ਦਿੱਤੇ। 'ਤੈਂ ਕਰਤਾ' ਕਿਰਨਾ ਕੁੜੀ ਦਾ ਕਿਹਾ ਸ਼ਬਦ ਯਾਦ ਆ ਜਾਣ 'ਤੇ ਹੱਸ ਪਈ 'ਕੀ ਸੱਚੀਉਂ ਐਨਾ ਪਿਆਰ ਕਰਦੈ?' 'ਤੇਰੇ ਤੇ ਤਾਂ ਮਰਿਆ ਫਿਰਦੈ।' 'ਬੱਸ ਕੇਰਾਂ ਹੱਸ ਕੇ ਬੁਲਾ ਲਿਆ ਕਰੇ, ਹੋਰ ਮੈਨੂੰ ਕੁਛ ਨੀ ਚਾਹੀਦਾ।' ਕਿਰਨਾ ਦੇ ਦਿਮਾਗ ਵਿਚ ਕੁੜੀ ਦੇ ਕਹੇ ਬੋਲ ਰੀਲ ਵਾਂਗ ਚੱਕਰ ਕੱਟਣ ਲੱਗ ਪਏ।

''ਹੱਸ ਕੇ ਬੁਲਾਉਣ ਦੀ ਐਨੀ ਕੀਮਤ, ਨਾਲੇ ਹੱਸਣ ਨਾਲ ਕੀ ਘਸਦੈ। ਨਹੀਂ ਨਹੀਂ, ਭਗਵਾਨ ਨਾਲ ਧੋਖਾ ਹੋਊ, ਕੀ ਮੂੰਹ ਦਿਖਾਊਂ ਉਹਨੂੰ।'' ਕਿਰਨਾ ਦੇ ਦਿਮਾਗ ਵਿਚ ਦੋ ਵਿਰੋਧੀ ਵਿਚਾਰਾਂ ਦਾ ਸੰਘਰਸ਼ ਚੱਲ ਪਿਆ। ਉਹ ਸਾਰਾ ਦਿਨ ਕੋਈ ਫੈਸਲਾ ਨਾ ਲੈ ਸਕੀ। ਰਾਤ ਨੂੰ ਮੰਜੇ 'ਤੇ ਪਈ ਦੇ ਦਿਮਾਗ ਵਿਚ ਫਿਰ ਇਹੀ ਸੰਘਰਸ਼ ਸ਼ੁਰੂ ਹੋ ਗਿਆ, ''ਭਾਗੂ ਮੈਨੂੰ ਪਿਆਰ ਕਰਦੈ, ਐਨਾ ਈ ਇਹ ਕਰਦੈ, ਨਹੀਂ ਨਹੀਂ ਵੱਧ ਕਰਦੈ। ਭਾਗੂ ਨੇ ਮੈਨੂੰ ਕੀ ਦਿੱਤੈ, ਇਕ ਆਹ ਚਾਂਦੀ ਦੀ ਮੁੰਦਰੀ।'' ਉਸਨੇ ਚਾਨਣੀ ਰਾਤ ਵਿਚ ਆਪਣੀ ਪਹਿਲੀ ਉਂਗਲੀ ਵਿਚ ਪਾਈ ਚਾਂਦੀ ਦੀ ਮੁੰਦਰੀ ਵੱਲ ਵੇਖ ਕੇ ਨੱਕ ਚਾੜ੍ਹ ਲਿਆ। ''ਇਹਨੇ ਤਾਂ ਹੁਣੇ ਸੋਨੇ ਦੀ ਚੈਨੀ ਦੇਤੀ।'' ਕਿਰਨਾ ਦੋਵਾਂ ਦੇ ਪਿਆਰ ਨੂੰ ਪੈਸੇ ਦੀ ਕੀਮਤ ਨਾਲ ਤੋਲਣ ਲੱਗ ਪਈ, ਜਿਸ ਨਾਲ ਭਗਵਾਨ ਦਾ ਪਲੜਾ ਉਪਰ ਉਠਣ ਲੱਗ ਪਿਆ ਅਤੇ ਚੈਨੀ ਨੇ ਆਪਣਾ ਪਲੜਾ ਥੱਲੇ ਦੱਬ ਲਿਆ। ਉਸਨੇ ਕਮੀਜ਼ ਵਿਚ ਪਾਈ ਚੈਨੀ ਕੱਢ ਕੇ ਗਲ ਵਿਚ ਪਾ ਲਈ। ਚੈਨੀ ਰੋਅਬ ਨਾਲ ਚਾਨਣੀ ਰਾਤ ਵਿਚ ਲਿਸ਼ਕਦੀ, ਉਂਗਲੀ ਵਿਚ ਪਾਈ ਮੁੰਦਰੀ ਨੂੰ ਘੂਰਨ ਲੱਗ ਪਈ।

## 14.

ਰਫਿਊਜੀਆਂ ਦੇ ਮੁੰਡੇ ਤੇਜੀ ਨੂੰ ਸੁਖਪਾਲ ਨੇ ਕਿਰਨਾ ਨਾਲ ਕੀਤੀਆਂ ਸਾਰੀਆਂ ਗੱਲਾਂ ਜਾ ਦੱਸੀਆਂ ਅਤੇ ਇਹ ਵੀ ਦੱਸ ਦਿੱਤਾ ਕਿ ਉਸਦੀ ਦਿੱਤੀ ਚੈਨੀ ਉਸਨੂੰ ਫੜਾ ਆਈ ਹੈ। ਮੁੰਡਾ ਆਪਣੀ ਚੈਨੀ ਫੜਾਏ ਜਾਣ ਦੀ ਗੱਲ ਸੁਣ ਕੇ ਖਿੜ ਪਿਆ। ਬਲਦੀ ਅੱਗ 'ਤੇ ਫੂਸ ਪਾ ਦੇਣ ਨਾਲ ਉਹ ਹੋਰ ਤੇਜ਼ ਹੋ ਕੇ ਮੱਚਦੀ ਹੈ ਪਰ ਜੇ ਉਸਨੂੰ ਇਸੇ ਤਰ੍ਹਾਂ ਛੱਡ ਦੇਈਏ ਤਾਂ ਬੁਝਦੀ-ਬੁਝਦੀ ਬੁਝ ਜਾਂਦੀ ਹੈ। ਤੇਜੀ ਨਹੀਂ ਚਾਹੁੰਦਾ ਸੀ ਕਿ ਉਸਦੇ ਪਿਆਰ ਦੀ ਚਿਣਗ ਜੋ ਕਿਰਨਾ ਦੇ ਦਿਲ ਵਿਚ ਸੁਲਗੀ ਹੈ, ਉਹ ਜ਼ਿਆਦਾ ਦੇਰ ਕਰਨ 'ਤੇ ਬੁਝ ਜਾਵੇ। ਉਹ ਤਾਂ ਕਿਰਨਾ ਦੇ ਦਿਲ ਵਿਚ ਧੁਖਦੀ ਪਿਆਰ ਚਿਣਗ ਤੋਂ ਆਪਣੇ ਪਿਆਰ ਦਾ ਭਾਂਬੜ ਬਣਿਆ ਲੋਚਦਾ ਸੀ। ਤੇਜੀ ਨੇ ਵਰਾਂਡੇ ਵਿਚੋਂ ਮੋਟਰਸਾਈਕਲ ਕੱਢਿਆ ਤੇ ਉਸ ਉਪਰ ਰੀਝ ਨਾਲ ਕੱਪੜਾ ਫੇਰ ਕੇ ਕਿਰਨਾ ਦੇ ਘਰ ਨੂੰ ਹੱਕ ਦਿੱਤਾ। ਅੱਜ ਉਹ ਜਿੱਤ ਕੇ ਆਏ ਫੌਜੀ ਵਾਂਗ ਮੋਟਰਸਾਈਕਲ 'ਤੇ ਹਿੱਕ ਚੌੜੀ ਕਰੀ ਦੁੱਗਣੀ ਥਾਂ ਵਿਚ ਬੈਠਾ ਸੀ। ਸਾਰਾ ਕੁਝ ਉਸਨੂੰ ਅੱਜ ਬੜਾ ਪਿਆਰਾ-ਪਿਆਰਾ ਤੇ ਨਵਾਂ-ਨਵਾਂ ਜਾਪਿਆ। ਸੂਰਜ ਦੀ ਤੇਜ ਧੁੱਪ ਰੋਜ਼ ਵਾਂਗ ਅੱਜ ਖਰ੍ਹਵੀਂ ਨਹੀਂ ਲੱਗੀ। ਪਹੀ ਦੇ ਨਾਲ ਜਾਂਦੇ ਕੱਸੀ ਦੇ ਖਾਲ ਉਪਰ ਖੜ੍ਹੀ ਸਫ਼ੈਦਿਆਂ ਦੀ ਲੰਬੀ ਕਤਾਰ ਉਸਦੀ ਖੁਸ਼ੀ ਵਿਚ ਸ਼ਰੀਕ ਭੰਗੜੇ ਪਾਉਂਦੀ ਦਿਸੀ। ਅੱਜ ਖੁਸ਼ੀ ਵਾਰ-ਵਾਰ ਬੁੱਲ੍ਹਾਂ ਦੀਆਂ ਜੂਹਾਂ ਟੱਪ ਕੇ ਅੰਦਰ ਦਿਲ ਨੂੰ ਵੀ ਹਸਾ-ਹਸਾ ਜਾਂਦੀ ਸੀ। ਕਿਰਨਾ ਦਾ ਗੁਲਾਬੀ ਮੁਸਕਰਾਉਂਦਾ ਚਿਹਰਾ ਸੁਰਮੇ ਵਾਂਗ ਉਸਦੀਆਂ ਅੱਖਾਂ ਵਿਚ ਆ ਰਚਿਆ। ਉਹ ਦਸ ਵਜਦੇ ਨੂੰ ਕਿਰਨਾਂ ਦੇ ਘਰ ਪਹੁੰਚ ਗਿਆ। ਸਾਰੇ ਮੋਟਰ ਦੇ ਕੋਠੇ ਕੋਲ, ਡੇਕ ਦੀ ਛਾਂ ਥੱਲ੍ਹੇ, ਮੰਜਿਆਂ ਉਤੇ ਬੈਠੇ ਚਾਹ ਪੀ ਰਹੇ ਸਨ। ਕਿਰਨਾ ਦਾ ਵੱਡਾ ਭਰਾ ਚਲਦੀ ਮੋਟਰ 'ਤੇ ਮੱਝ ਨਹਾ ਰਿਹਾ ਸੀ। ਮੋਟਰ ਦਾ ਚਾਂਦੀ ਰੰਗਾ ਪਾਣੀ ਖੇਲ ਵਿਚੋਂ ਖਾਲ ਵਿਚ ਸੇਧ ਲੈਂਦਾ ਅੱਗੇ ਨਿੱਸਰ ਰਹੀ ਜੀਰੀ ਵਿਚ ਜਾ ਪੈਂਦਾ। ਤੇਜੀ ਨੇ ਮੋਟਰਸਾਈਕਲ ਭੰਗੂਆਂ ਦੇ ਲੋਹੇ ਦੇ ਗੇਟਾਂ ਅੱਗੇ ਜਾ ਲਾਇਆ। ਕਿਰਨਾ ਵੇਖ ਕੇ ਬੁੱਲ੍ਹਾਂ ਵਿਚ ਮੁਸਕਰਾਈ ਤੇ ਫੇਰ ਨੀਵੀਂ ਪਾ ਗਈ।

''ਆ ਬਈ ਤੇਜੀ ਕਿਮੇਂ ਆਉਣੇ ਹੋਏ।'' ਮੱਝ ਨਹਾਉਂਦੇ ਕਿਰਨਾ ਦੇ ਭਰਾ ਨੇ ਆਪਣਾ ਹੱਥ ਉਸ ਵੱਲ ਵਧਾਇਆ।

''ਬੱਸ ਤੇੇਰੇ ਦਰਸ਼ਨਾਂ ਨੂੰ।'' ਉਸਨੇ ਮੂੰਹ 'ਤੇ ਆਈ ਗੱਲ ਕਹਿ ਦਿੱਤੀ। ਕੁਝ ਸੰਭਲ ਕੇ ਫਿਰ ਬੋਲਿਆ, ''ਯਾਰ ਮੈਂ ਤਾਂ ਢੋਲੀ ਪੁੱਛਣ ਆਇਆ ਤੀ ਸਪਰੇਅ ਆਲੀ।''

''ਅੱਜ ਤਾਂ ਯਾਰ ਅਸੀਂ ਵੀ ਕਰਦੇ ਆਂ ਸਪਰੇਅ, ਬੱਸ ਆਹੀ ਮੈਸ ਰਹਿਗੀ, ਬਾਕੀ ਕੰਮ ਤਿਆਰ ਐ। ਉਹ... ਦੇਖ ਮੇਵਾ, ਭਰ-ਭਰ ਕੇ ਫੌਜੀਆਂ ਦੇ ਪਿੱਠੂਆਂ ਮਾਂਗੂ ਚਿਣੀਆਂ ਪਈਆਂ ਨੇ ਪਤੰਦਰ ਦੀਆਂ।'' ਕਿਰਨਾ ਦੇ ਭਰਾ ਨੇ ਆਪਣੇ ਛੋਟੇ ਭਾਈ

ਮੇਵੇ ਵੱਲ ਇਸ਼ਾਰਾ ਕਰਦਿਆਂ ਕਿਹਾ, ਉਹ ਖਾਲ ਕੋਲ ਬੈਠਾ ਸਪਰੇਅ ਅਤੇ ਪਾਣੀ ਢੋਲੀਆਂ ਵਿਚ ਪਾ ਰਿਹਾ ਸੀ। ਤੇਜੀ ਨੇ ਸਪਰੇਅ ਦਾ ਬਹਾਨਾ ਇਹਨੂੰ ਵੇਖ ਕੇ ਹੀ ਘੜਿਆ ਸੀ ਤਾਂ ਕਿ ਅੱਗੋਂ ਵੀ ਜਵਾਬ ਮਿਲ ਜਾਵੇ।

''ਚੰਗਾ ਯਾਰ, ਮੇਰਾ ਮੋਟਰਸਾਈਕਲ ਖੜ੍ਹੈ, ਮੈਂ ਆਹ ਗਿੰਦਰ ਕੇ ਪਤਾ ਕਰਿਆਮਾਂ।' ਤੇਜੀ ਗਿੰਦਰ ਕੇ ਖੇਤ ਜਾਣ ਲਈ ਲਹਿੰਦੇ ਵੱਲ ਵੱਟ ਪੈ ਗਿਆ। ਸਾਹਮਣੇ ਗਿੰਦਰ ਦੇ ਖੇਤ ਉੱਚੀਆਂ ਟਾਹਲੀਆਂ ਥੱਲੇ ਘਿਰਿਆ ਕੋਠਾ ਝਾੜੀਆਂ ਵਿਚ ਮਟੀ ਵਾਂਗ ਜਾਪ ਰਿਹਾ ਸੀ। ਬੋਰ ਵਿਚੋਂ ਪਾਣੀ ਦੀ ਧਾਰ ਖੇਲ ਵਿਚ ਡਿੱਗ ਰਹੀ ਸੀ। ਜਿਹੜੀ ਦੂਰੋਂ ਧੁੱਪ ਵਿਚ ਚਮਕਦੇ ਕੱਚ ਕੇ ਟੁਕੜੇ ਵਾਂਗ ਲਗਦੀ ਸੀ। ਉਹ ਹੌਲੀ-ਹੌਲੀ ਵੱਟ 'ਤੇ ਤੁਰਿਆ ਜਾ ਰਿਹਾ ਸੀ ਉਸਦੇ ਦਿਲ ਵਿਚ ਖਿਆਲ ਸੀ ਕਿ ਜਦ ਤੱਕ ਉਹ ਮੁੜ ਕੇ ਆਵੇਗਾ ਤਾਂ ਮੇਵੇਂ ਹੋਰੀਂ ਸਪਰੇਅ ਕਰਨ ਚਲੇ ਜਾਣਗੇ ਤੇ ਉਸਨੂੰ ਇਕ ਅੱਧਾ ਮੌਕਾ ਕਿਰਨਾ ਨਾਲ ਬੋਲ ਸਾਂਝੇ ਕਰਨ ਦਾ ਮਿਲ ਜਾਵੇਗਾ। ਉਹ ਇਹੀ ਸੋਚ ਕੇ ਗਿੰਦਰ ਕੇ ਖੇਤ ਜਾਣ ਦਾ ਬਹਾਨਾ ਲਾ ਆਇਆ ਸੀ। ਉਸਦੇ ਦਿਲ ਵਿਚ ਕਿਰਨਾ ਨਾਲ ਗੱਲਾਂ ਕਰਨ ਦੀ ਰੀਝ ਘਾਹ ਫੂਸ ਵਿਚ ਰੱਖੀ ਚੰਗਿਆੜੀ ਵਾਂਗ ਸੁਲਘ ਰਹੀ ਸੀ। ਉਹ ਭਾਂਬੜ ਦਾ ਰੂਪ ਧਾਰਨ ਕਰਦੀ ਤੇਜੀ ਨੂੰ ਕਾਹਲਾ ਪਾ ਰਹੀ ਸੀ। ਇਸ ਲਈ ਉਹ ਗਿੰਦਰ ਕੋਲ ਬਹੁਤਾ ਚਿਰ ਨਾ ਬੈਠਿਆ ਤੇ ਓਹਨੀਂ ਪੈਰੀਂ ਵਾਪਸ ਮੁੜ ਆਇਆ। ਕਿਰਨਾ ਤੇ ਉਸਦੀ ਮਾਂ ਬਕਰੈਨ ਕੋਲ ਮੰਜੇ ਉਤੇ ਬੈਠੀਆਂ ਸਨ। ਮੇਵੇ ਹੋਰੀਂ ਪੰਜ ਛੇ ਕਿੱਲਿਆਂ ਦੀ ਵਾਹੀ 'ਤੇ ਢੋਲੀਆਂ ਚੁੱਕੀ ਜਾ ਰਹੇ ਸੀ।

''ਮਿਲਗੀ ਭਾਈ ਢੋਲੀ?'' ਕਿਰਨਾ ਦੀ ਮਾਂ ਗੇਜੋ ਨੇ ਆਉਂਦੇ ਤੇਜੀ ਨੂੰ ਪੁੱਛਿਆ।

''ਨਾਂਹ ਤਾਈ, ਮਖਿਆ ਚਲ ਹੁਣ ਤਾਂ ਫੇਰ ਸਵੇਰੇ ਈ ਕਰ ਲਾਂਗੇ।'' ਤੇਜੀ ਮੰਜੇ ਕੋਲ ਆ ਖੜ੍ਹਿਆ।

''ਕੁੜੇ ਕਿਰਨਾ, ਭਾਈ ਨੂੰ ਚਾਹ ਤੱਤੀ ਕਰਕੇ ਲਿਆ।''

''ਬੱਸ ਤਾਈ ਚਾਹ ਨੂੰ ਤਾਂ ਰਹਿਣ ਦਿਓ।''

''ਚੰਗਾ ਭਾਈ ਪਾਣੀ ਬਣਾ ਲੈਨੇ ਆਂ। ਜਾ ਚੰਗਾ ਫੇਰ ਪਾਣੀ ਬਣਾ ਲਿਆ।'' ਗੇਜੋ ਨੇ ਕਿਰਨਾ ਨੂੰ ਹੁਕਮ ਦਿੱਤਾ।

''ਮ....ਮੈਂ...ਐ...ਨੀ, ਤੂੰ ਆਪੀ ਬਣਾ ਲਿਆ।'' ਕਿਰਨਾ ਨੇ ਅਗਲੇ ਸ਼ਬਦ ਲੰਮਿਆਂ ਕਰਕੇ ਔਖੀ ਜਿਹੀ ਹੁੰਦੀ ਨੇ ਕਿਹਾ। ਅਸਲ ਵਿਚ ਉਹ ਵੀ ਕੋਈ ਨਾ ਕੋਈ ਗੱਲਾਂ ਕਰਨ ਦਾ ਮੌਕਾ ਲੱਭ ਰਹੀ ਸੀ।

''ਤੂੰ ਨਾ ਲੱਗੀਂ ਆਖੇ, ਮੈਨੂੰ ਤਾਂ ਜਾਣਾ ਈ ਪਊ।'' ਗੇਜੋ ਉਠ ਕੇ ਪਾਣੀ ਕਰਨ ਅੰਦਰ ਚਲੀ ਗਈ।

''ਹੁਣ ਤਾਂ ਆਗੀ ਨਿਸ਼ਾਨੀ ਪਸੰਦ ਨਖਰੋ ਦੇ।'' ਤੇਜੀ ਨੇ ਮੌਕਾ ਤਾੜਦਿਆਂ ਕਿਹਾ। ਸੋਨੇ ਦੀ ਚੈਨੀ ਕਿਰਨਾ ਦੀ ਗੋਰੀ ਗਰਦਨ ਵਿਚ ਚਮਕ ਰਹੀ ਸੀ।

''ਹੋਰ ਫੇਰ ਕੀ ਕਰੀਏ, ਜਦੋਂ ਖਹਿੜਾ ਨੀ ਛੱਡਦਾ ਕੋਈ।'' ਕਿਰਨਾ ਨੇ ਅੱਖਾਂ ਵਿਚ ਅੱਖਾਂ ਪਾ ਕੇ ਨਖਰੇ ਵਿਚ ਬੁੱਲ੍ਹ ਮਰੋੜੇ।

''ਖਹਿੜਾ ਤਾਂ ਅਸੀਂ ਸਾਰੀ ਉਮਰ ਨੀ ਛੱਡਣਾ ਤੀ ਜੇ ਨਾ ਮੰਨਦੀ।'' ਤੇਜੀ ਕਿਰਨਾ ਨੂੰ ਪਾਉਣ ਦੀ ਲਾਲਸਾ ਜ਼ਾਹਿਰ ਕਰ ਗਿਆ। ਫਿਰ ਨਾਲ ਹੀ ਬੋਲਿਆ, ''ਕਦੇ ਮਿਲ ਵੀ ਲਓ ਕੱਲੇ ਨੂੰ, ਰੱਜ ਕੇ ਗੱਲਾਂ ਕਰਲੀਏ।''

''ਆਹੋ।'' ਜਾਣਦੀ ਆਂ ਤੈਨੂੰ ਗੱਲਾਂ ਆਲੇ ਨੂੰ। ਮੈਂ ਮੂੰ ਨੀਂ ਮਿਲਣਾ।'' ਕਿਰਨਾ ਨੇ ਨਖਰੇ ਵਿਚ ਮੋਢੇ ਮਾਰੇ।

''ਕਿਉਂ?''

''ਕੀ ਫਾਇਦੈ, ਅਸੀਂ ਤਾਂ ਅਈਂ ਚੰਗੇ ਆਂ।'' ਕਿਰਨਾ ਬੋਲੀ।

''ਹਾਸੀ ਦੀ ਹਾਸੀ ਨਾਲ ਰਹੀ, ਛੇਤੀ ਦੱਸ ਐਨੇ ਤੇਰੀ ਬੇਬੇ ਆਜੂ।'' ਤੇਜੀ ਗੇਟ ਵੱਲ ਝਾਕਿਆ।

''ਸੋਚਾਂਗੇ।''

''ਸੋਚੇਂਗੀ ਕਦੋਂ? ਇਹੋ ਜਾ ਤਾਂ ਪਹਿਲੀਂ ਸੋਚ ਕੇ ਰੱਖੇ।''

''ਬੜਾ ਕਾਹਲਾ ਹੋਇਐਂ।''

''ਮੇਰੇ ਦਿਲ ਨੂੰ ਪੁੱਛ ਕੇ ਦੇਖ, ਤੇਰੇ ਬਿਨਾਂ ਕਿਵੇਂ ਤੜਫਦੈ।''

ਤੇਜੀ ਨੇ ਗਰੀਬ ਜਿਹਾ ਮੂੰਹ ਬਣਾ ਲਿਆ। ਉਸਦਾ ਦਿਲ ਕਾਹਲਾ ਪੈ-ਪੈ ਜਾਂਦਾ ਸੀ ਕਿ ਕਦੋਂ ਕਿਰਨਾ ਨੂੰ ਆਪਣੇ ਨਾਲ ਘੁੱਟ ਲਵੇ। ਪਰ ਉਹ ਬੇਵਸ ਸੀ। ਕਿਰਨਾ ਦੀ ਮਾਂ ਪਾਣੀ ਲੈ ਕੇ ਆ ਗਈ। ਤਿੰਨਾਂ ਨੇ ਪਾਣੀ ਪੀਤਾ ਤੇ ਪਾਣੀ ਪੀਂਦਿਆਂ ਨਿੱਕੀਆਂ-ਮੋਟੀਆਂ ਇਧਰ-ਉਧਰ ਦੀਆਂ ਰਸਮੀ ਜਿਹੀਆਂ ਗੱਲਾਂ ਕੀਤੀਆਂ। ਸੂਰਜ ਦੀ ਧੁੱਪ ਪਹਿਲਾਂ ਨਾਲੋਂ ਤੇਜ਼ ਹੋ ਗਈ ਸੀ। ਹਵਾ ਪਹਿਲਾਂ ਨਾਲੋਂ ਹੌਲੀ ਹੋ ਗਈ। ਦੂਰ ਖਾਲ ਤੇ ਮੇਵੇ ਹੋਰੀਂ ਇਕ-ਇਕ ਢੋਲੀ ਹੋਰ ਭਰ ਕੇ ਲੈ ਗਏ ਸਨ। ਤੇਜੀ ਨੇ ਸੋਚਿਆ ਕਿ ਇਥੇ ਬਿਨਾਂ ਮਤਲਬ ਜ਼ਿਆਦਾ ਦੇਰ ਬੈਠਣਾ ਉਲਟ ਅਸਰ ਕਰ ਸਕਦਾ ਹੈ। ਤੇਜੀ ਉਥੋਂ ਉਠ ਕੇ ਤੁਰ ਪਿਆ। ਜਾਂਦੇ ਤੇਜੀ ਨੂੰ ਕਿਰਨਾ ਨੇ ਮੁਸਕਾਨ ਦੀ ਸੌਗਾਤ ਦੇ ਦਿੱਤੀ। ਚੋਰ ਚਾਲ ਚਲਦੀ ਹਵਾ ਮੋਟਰਸਾਈਕਲ 'ਤੇ ਬੈਠੇ ਤੇਜੀ ਨੂੰ ਤੇਜ ਹੋ ਗਈ ਜਾਪਦੀ ਸੀ ਪਰ ਦਰੱਖਤ ਤਾਂ ਓਵੇਂ ਹੀ ਪਹਿਲਾਂ ਵਾਂਗ ਹੌਲੀ-ਹੌਲੀ ਸਿਰ ਹਿਲਾ ਰਹੇ ਸਨ। ਹਵਾ ਦੀ ਤੇਜੀ ਉਸਨੂੰ ਮੋਟਰਸਾਈਕਲ ਉਪਰ ਬੈਠੇ ਹੋਣ ਕਰਕੇ ਮਹਿਸੂਸ ਹੋ ਰਹੀ ਸੀ ਕਿਉਂਕਿ ਉਹ ਆਪ ਹਵਾ ਨੂੰ ਚੀਰਦਾ ਸਰਪਟ ਸੜਕ 'ਤੇ ਦੌੜਿਆ ਜਾ ਰਿਹਾ ਸੀ। ਤੇਜੀ ਦੇ ਦਿਲ ਵਿਚ ਇਕ ਦੁੱਖ ਵੀ ਸੀ ਕਿ ਉਹ ਕਿਰਨਾ ਨੂੰ ਮਿਲਣ ਬਾਰੇ ਸਪੱਸ਼ਟ ਨਾ ਪੁੱਛ ਸਕਿਆ। ਪਰ ਦੂਜੇ ਪਲ ਹੀ ਉਸਦੇ ਦਿਲ ਵਿਚ ਆਇਆ ਕਿ ਉਹ ਜਿਸ ਕਿਰਨਾ ਨੂੰ ਕੱਲ੍ਹ ਬੁਲਾਉਣ ਲਈ ਤਰਸ ਰਿਹਾ ਸੀ, ਅੱਜ ਉਸਨੇ ਹੀ ਉਸ ਨਾਲ ਹੱਸ-ਹੱਸ ਗੱਲਾਂ ਕੀਤੀਆਂ ਸਨ। ਉਸਦੇ ਦਿਲ ਵਿਚੋਂ ਇਕ ਖੁਸ਼ੀ ਦੀ ਲਹਿਰ ਉੱਠੀ ਤੇ ਬੁੱਲ੍ਹਾਂ ਉਪਰ ਆ ਕੇ ਮੁਸਕਾਨ ਵਿਚ ਬਦਲ ਗਈ। ਮੋਟਰਸਾਈਕਲ ਸੜਕ ਤੋਂ ਲਹਿ ਕੇ ਸਫ਼ੈਦਿਆਂ ਵਾਲੀ ਪਹੀ ਪੈ ਗਿਆ।

## 15.

ਸੰਤਾਲੀ ਵੇਲੇ ਜਦੋਂ ਰਫਿਊਜੀ ਪਾਕਿਸਤਾਨ 'ਚੋਂ ਉਜੜ ਕੇ ਇਧਰ ਆਏ ਤਾਂ ਬਹੁਤਿਆਂ ਨੇ ਜਿਥੇ ਜ਼ਮੀਨ ਮਿਲੀ, ਉਥੇ ਹੀ ਘਰ ਪਾ ਲਏ। ਤੋਲਾਵਾਲ ਤੋਂ ਸ਼ਾਂਤਪੁਰ ਜਾਂਦਿਆਂ ਸੜਕ ਦੇ ਆਲੇ-ਦੁਆਲੇ ਚਾਰ-ਚਾਰ, ਪੰਜ-ਪੰਜ ਸੌ ਗਜ਼ ਦੀ ਦੂਰੀ 'ਤੇ ਰਫ਼ਿਊਜੀਆਂ ਦੇ ਕਈ ਘਰ ਨਜ਼ਰ ਆਉਂਦੇ ਹਨ। ਤੋਲਾਵਾਲ ਤੋਂ ਸ਼ਾਂਤਪੁਰ ਵੱਲ ਡੇਢ ਕੁ ਕਿਲੋਮੀਟਰ ਦੀ ਦੂਰੀ ਉਤੇ ਅਤੇ ਕਿਰਨਾ ਦੇ ਘਰ ਤੋਂ ਸੌ ਕੁ ਗਜ਼ ਤੋਲਾਵਾਲ ਵਾਲੇ ਪਾਸੇ, ਸੜਕ ਤੋਂ ਛਿਪਦੇ ਵੱਲ ਸੱਪ ਵਾਂਗ ਵਿੰਗ ਖਾਂਦੀ ਇਕ ਪਤਲੀ ਜਿਹੀ ਪਹੀ ਜਾਂਦੀ ਹੈ। ਪਹੀ ਦੇ ਨਾਲ ਇਕ ਕੱਸੀ ਦਾ ਖਾਲ ਹੈ, ਜਿਸ ਉਤੇ ਥੋੜ੍ਹੀ ਦੂਰ ਜਾ ਕੇ ਅਸਮਾਨ ਨੂੰ ਛੂੰਹਦੇ ਸਫ਼ੈਦਿਆਂ ਦੀ ਲੰਬੀ ਲਾਈਨ ਕਿਲੇ ਦੀ ਕੰਧ ਵਾਂਗ ਖੜ੍ਹੀ ਹੈ। ਅੱਗੇ ਜਾ ਕੇ ਪਹੀ ਦੋ ਤਿੰਨ ਮੋੜ ਖਾਂਦੀ ਤੇਜੀ ਕੇ ਘਰ ਵੱਲ ਚਲੀ ਜਾਂਦੀ ਹੈ। ਘਰ ਅੱਗੇ ਦੋ ਤਿੰਨ ਬਕਰੈਨਾਂ ਅਤੇ ਤੂਤ ਖੜ੍ਹੇ ਹਨ, ਨਾਲ ਹੀ ਮੋਟਰ ਵਾਲਾ ਕੋਠਾ ਹੈ। ਕੋਠੇ ਦੇ ਚੜ੍ਹਦੇ ਵੱਲ ਕੁਤਰੇ ਵਾਲੀ ਮਸ਼ੀਨ ਖੜ੍ਹੀ ਹੈ। ਕੋਠੇ ਦੇ ਖੱਬੇ ਪਾਸੇ ਇਕ ਲੰਬਾ ਵਰਾਂਡਾ ਪਸ਼ੂਆਂ ਲਈ ਪਾਇਆ ਹੋਇਆ ਹੈ। ਵਰਾਂਡੇ ਤੋਂ ਅੱਗੇ ਜਾ ਕੇ ਕੋਠੀਨੁਮਾ ਘਰ ਹੈ। ਤੇਜੀ ਕੇ ਘਰ ਤੋਂ ਉਤਰ ਵੱਲ ਪੰਜਾਹ ਕੁ ਮੀਟਰ ਦੀ ਦੂਰੀ 'ਤੇ ਦੋ ਘਰ ਹਨ, ਜਿਨ੍ਹਾਂ ਨੂੰ ਪਹੀ ਕਿਸੇ ਹੋਰ ਪਾਸੇ ਦੀ ਆਉਂਦੀ ਹੈ। ਇਨ੍ਹਾਂ ਵਿਚੋਂ ਪਹਿਲਾ ਘਰ ਕਿਰਨਾ ਦੀ ਸਹੇਲੀ ਸੁਖਪਾਲ ਦਾ ਹੈ। ਪਿੰਡ ਨਾਲੋਂ ਟੁੱਟੇ ਹੋਣ ਕਰਕੇ ਇਨ੍ਹਾਂ ਤਿੰਨਾਂ ਘਰਾਂ ਦਾ ਆਪਸ ਵਿਚ ਚੰਗਾ ਲੈਣ-ਦੇਣ ਹੈ। ਵਿਆਹ ਸ਼ਾਦੀ ਵਿਚ ਅਤੇ ਹੋਰ ਨਿੱਕੇ ਮੋਟੇ ਕੰਮ ਧੰਦੇ ਇਕ ਦੂਜੇ ਦੇ ਆਉਂਦੇ ਜਾਂਦੇ ਹਨ। ਇਨ੍ਹਾਂ ਤਿੰਨਾਂ ਘਰਾਂ ਦੀ ਆਪਣੀ ਇਕ ਅਲੱਗ ਹੀ ਦੁਨੀਆਂ ਹੈ। ਜਦੋਂ ਇਨ੍ਹਾਂ ਦੇ ਵੱਡੇ ਪੁਰਖੇ ਇਥੇ ਆਏ ਸੀ ਤਾਂ ਉਨ੍ਹਾਂ ਦੀ ਪੰਜਾਬੀ ਬੋਲੀ ਇਧਰਲੀ ਪੰਜਾਬੀ ਬੋਲੀ ਨਾਲੋਂ ਅਲੱਗ ਤਰ੍ਹਾਂ ਦੀ ਸੀ। ਪਾਕਿਸਤਾਨੀ ਰੰਗ ਚੜ੍ਹਿਆ ਹੋਇਆ ਪਰ ਹੁਣ ਦੀ ਪਨੀਰੀ ਤਾਂ ਬਿਲਕੁਲ ਇਧਰਲੀ ਬੋਲੀ ਹੀ ਬੋਲਣ ਲੱਗ ਪਏ ਹਨ ਪਰ ਉਨ੍ਹਾਂ ਦੇ ਮਾਂ-ਬਾਪ ਅਜੇ ਵੀ 'ਆਟੇ ਵਿਚ ਲੂਣ' ਜਿੰਨੇ ਫ਼ਰਕ ਨਾਲ ਕੁਝ ਅਲੱਗ ਤਰ੍ਹਾਂ ਦੀ ਬੋਲੀ ਬੋਲਦੇ ਹਨ।

ਤੇਜੀ ਕਿਰਨਾ ਨੂੰ ਮਿਲਣ ਲਈ ਪਪੀਹੇ ਵਾਂਗ ਤੜਫ਼ ਰਿਹਾ ਸੀ। ਕਿਰਨਾ ਦੀ ਯਾਦ ਉਸਨੂੰ ਹਰ ਸਮੇਂ ਬੇਚੈਨ ਕਰੀਂ ਰੱਖਦੀ। ਚਾਹੇ ਉਹ ਕਈ ਵਾਰ ਕਿਰਨਾ ਦੇ ਘਰ ਜਾ ਆਇਆ ਸੀ ਪਰ ਕਦੇ ਉਸਦੀ ਕਿਰਨਾ ਨਾਲ ਖੁੱਲ੍ਹ ਕੇ ਗੱਲ ਨਾ ਹੋਈ। ਕੱਲ੍ਹ ਉਸਨੇ ਸੁਖਪਾਲ ਨੂੰ ਵੀ ਸੁਨੇਹਾ ਲਾਇਆ ਸੀ ਪਰ ਉਸਨੇ ਵੀ ਅਜੇ ਤੱਕ ਉਸਨੂੰ ਕੁਝ ਨਹੀਂ ਸੀ ਦੱਸਿਆ। ਉਹ ਜੰਗ 'ਚ ਲੜਦੇ ਫੌਜੀ ਦੀ ਘਰਵਾਲੀ ਮੁਟਿਆਰ ਵਾਂਗ ਸੁਨੇਹੇ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ। ਉਹ ਵਾਰ-ਵਾਰ ਅੱਡੀਆਂ ਚੁੱਕ ਸੁਖਪਾਲ ਦੇ ਘਰ ਵੱਲ ਵੇਖਦਾ ਕਿ ਸ਼ਾਇਦ ਹੁਣ ਆ ਜਾਵੇ ਪਰ ਉਸਦੀ ਹਰ ਵਾਰ ਜੂਏ 'ਚ ਖੇਡਦੇ ਮਾੜੇ ਕਰਮਾਂ ਵਾਲੇ ਖਿਡਾਰੀ ਵਾਂਗ ਹਾਰ ਹੋ ਜਾਂਦੀ। ਉਹ ਢੇਰੀ ਜਿਹੀ ਢਾਹ ਕੇ ਬੈਠ ਜਾਂਦਾ। ਕੱਲ੍ਹ ਵੀ ਉਸਦਾ ਸਾਰਾ ਦਿਨ ਇਸੇ ਤਰ੍ਹਾਂ ਉਡੀਕਦੇ ਦਾ ਲੰਘ ਗਿਆ ਸੀ। ਤੇਜੀ ਨੂੰ ਇਧਰ-ਉਧਰ ਗੇੜੇ ਦਿੰਦੇ ਨੂੰ ਵੇਖ ਕੇ ਉਸਦੀ ਮਾਂ ਬੋਲੀ, ''ਬੇਟਾ ਤੇਜੀ ਉਂ ਵੀ ਇਥੇ ਫਾਲਤੂ ਗੇੜੇ ਦਿੰਦਾ ਫਿਰਦੈਂ ਤੇ ਜਾ ਕੇ ਸ਼ਾਂਤਪੁਰ ਤੋਂ ਆਟਾ ਪਿਹਾ ਲਿਆ।''

''ਲਿਆਉਨਾ ਮੰਮੀ।'' ਫਿਰ ਕੁਝ ਰੁਕ ਕੇ ਬੋਲਿਆ, 'ਮੰਮੀ ਚਰਨੇ ਕੇ ਪੁੱਛ ਕੇ ਆਮਾਂ, ਜੇ ਉਨ੍ਹਾਂ ਨੇ ਵੀ ਪਿਹਾਉਣਾ ਹੋਇਆ ਤਾਂ 'ਕੱਠੇ ਰੇਹੜੇ 'ਤੇ ਲੈਜਾਂਗੇ।''

''ਮਰਜ਼ੀ ਐ ਤੇਰੀ, ਜੇਕਰ ਪੁੱਛ ਆਉਣੈ ਤਾਂ ਪੁੱਛ ਆ।''

ਆਪਣੀ ਮਾਂ ਦੀ 'ਹਾਂ' ਸੁਣ ਕੇ ਤੇਜੀ ਨੂੰ ਚਾਅ ਜਿਹਾ ਚੜ੍ਹ ਗਿਆ। ਉਹ ਸੁਖਪਾਲ ਕੇ ਘਰ ਨੂੰ ਜਾਂਦੀ ਸਿੱਧੀ ਵੱਟ ਪੈ ਗਿਆ। ਤਿੰਨਾਂ ਘਰਾਂ ਦਾ ਇਧਰੋਂ-ਉਧਰ ਆਉਣਾ-ਜਾਣਾ ਇਸ ਵੱਟ ਰਾਹੀਂ ਹੀ ਹੁੰਦਾ ਸੀ। ਇਸੇ ਕਰਕੇ ਇਸ ਵੱਟ ਨੂੰ ਪੋਚ ਕੇ ਮਿੱਟੀ ਲਾ ਕੇ ਹਰ ਛੇ ਮਹੀਨਿਆਂ ਬਾਅਦ ਚੌੜੀ ਕਰ ਲਿਆ ਜਾਂਦਾ ਸੀ। ਅਜੇ ਵੀ ਜੀਰੀ ਤੋਂ ਤਰੇਲ ਪੂਰੀ ਤਰ੍ਹਾਂ ਉਤਰੀ ਨਹੀਂ ਸੀ। ਤਰੇਲ ਦੇ ਬਚੇ ਟਾਵੇਂ-ਟਾਵੇਂ ਤੁਪਕੇ ਨੇ ਵੀ ਸੁਖਪਾਲ ਦੇ ਘਰ ਤੱਕ ਪਹੁੰਚਦਿਆਂ ਤੇਜੀ ਦੀ ਪੈਂਟ ਅੱਧ-ਪਚੱਧ ਗਿੱਲੀ ਕਰ ਦਿੱਤੀ ਸੀ। ਤੇਜੀ ਨੇ ਸੁਖਪਾਲ ਦੇ ਘਰ ਜਾ ਕੇ ਪੁਲਸੀਆਂ ਦੇ ਤਲਾਸ਼ੀ ਲੈਣ ਵਾਂਗ ਸਾਰੇ ਵਿਹੜੇ ਵਿਚ ਨਜ਼ਰ ਘੁਮਾ ਦਿੱਤੀ, ਉਸਦੀ ਕਾਹਲੀ ਨਜ਼ਰ ਵਿਹੜੇ ਨੂੰ ਛਾਣਦੀ ਓਟੇ ਕੋਲ ਆ ਟਿਕੀ। ਸੁਖਪਾਲ ਓਟੇ ਕੋਲ ਬੈਠੀ ਭਾਂਡੇ ਮਾਂਜ ਰਹੀ ਸੀ। ਤੇਜੀ ਹਵਾ ਦੇ ਝੌਂਕੇ ਵਾਂਗ ਸੁਖਪਾਲ ਕੋਲ ਜਾ ਖੜ੍ਹਿਆ।

''ਅੱਜ ਬੁਲਾਇਐ ਉਹਨੇ।'' ਤੇਜੀ ਦੇ ਬੋਲ ਅਜੇ ਮੂੰਹ ਵਿਚ ਹੀ ਸਨ ਕਿ ਸੁਖਪਾਲ ਨੇ ਪਹਿਲਾਂ ਹੀ ਅਜਿਹੀ ਖ਼ਬਰ ਸੁਣਾ ਕੇ ਉਸਨੂੰ ਅਸਮਾਨੀ ਚਾੜ੍ਹ ਦਿੱਤਾ। ਤੇਜੀ ਖੁਸ਼ੀ ਵਿਚ ਝੂਟੇ ਲੈ ਗਿਆ। ਉਸਨੂੰ ਸੁਖਪਾਲ ਦੇਵੀ ਦਾ ਰੂਪ ਜਾਪੀ।

''ਕਦੋਂ ਬੁਲਾਇਐ,'' ਤੇਜੀ ਉਭੜਵਾਹਿਆਂ ਵਾਂਗ ਬੋਲਿਆ।

''ਅੱਜ ਗਿਆਰਾਂ ਵਜੇ ਰਾਤ ਨੂੰ।'' ਕੁੜੀ ਤੇਜੀ ਦੇ ਚਿਹਰੇ ਦੇ ਹਾਵ-ਭਾਵ ਬਦਲਦੇ ਵੇਖ ਕੇ ਮੁਸਕਰਾ ਪਈ।

''ਸਹੁੰ ਖਾ ਬਈ।'' ਮੁੰਡਾ ਇਸਨੂੰ ਯਕੀਨ ਵਿਚ ਬਦਲਣਾ ਚਾਹੁੰਦਾ ਸੀ।

''ਤੇਰੀ ਸਹੁੰ, ਮੈਂ ਤੈਨੂੰ ਹੁਣੇ ਕਹਿਣ ਆਉਂਦੀ ਸੀ, ਐਨੇ ਤੂੰ ਆ ਗਿਆ।''

''ਘਰੇ ਨੀਂ ਕੋਈ।'' ਤੇਜੀ ਨੇ ਇਕ ਵਾਰ ਫਿਰ ਆਲੇ-ਦੁਆਲੇ ਵਿਹੜੇ ਵਿਚ ਨਿਗ੍ਹਾ ਫੇਰੀ।

''ਮਾਂ ਵਾੜੇ ਗਈ ਏ ਗੋਹਾ ਪੱਥਣ।''

''ਮੈਂ ਤਾਂ ਆਟਾ ਪੁੱਛਣ ਆਇਆ ਸੀ, ਵੀ ਜੇ ਤੁਸੀ ਪਿਹਾਉਣੈਂ। ਅਸੀਂ ਰੇਹੜਾ ਲੈ ਕੇ ਜਾਨੇ ਆ, ਫੇਰ ਤਾਂ 'ਕੱਠੇ ਪਿਹਾ ਲਿਆਉਂਦੇ।''

''ਹਾਂ ਕਹਿੰਦੀ ਤੀ ਬੇਬੇ, ਅਸੀਂ ਵੀ ਪਿਹਾਉਣੈ।''

''ਲਿਆ ਚਕਾ ਫੇਰ ਬੋਰੀ।'' ਤੇਜੀ ਨੇ ਬੋਰੀ ਆਪਣੇ ਸਿਰ ਉਪਰ ਰਖਾ ਲਈ। ਘਰੇ ਆ ਕੇ ਮੁੰਡੇ ਨੇ ਬੋਰੀ ਰੇਹੜੇ ਵਿਚ ਰੱਖ ਦਿੱਤੀ ਤੇ ਫਿਰ ਦੋ ਬੋਰੀਆਂ ਆਪਣੀਆਂ ਰੱਖ ਲਈਆਂ। ਕੱਖਾਂ ਨੂੰ ਮੂੰਹ ਮਾਰਦਾ ਕੁੰਢਾ ਝੋਟਾ ਰੇਹੜੇ ਵਿਚ ਬੋਰੀਆਂ ਸੁੱਟਣ ਦਾ ਖੜਾਕ ਸੁਣ ਕੇ ਰੇਹੜੇ ਵੱਲ ਝਾਕਿਆ ਤੇ ਫਿਰ ਕਾਹਲੀ-ਕਾਹਲੀ ਕੱਖਾਂ ਨੂੰ ਮੂੰਹ ਮਾਰਨ ਲੱਗ ਪਿਆ ਤਾਂ ਕਿ ਮਾਲਕ ਦੇ ਕੋਲੇ

ਪਹੁੰਚਣ ਤੱਕ ਉਹ ਆਪਣੀ ਥੋੜ੍ਹੀ ਰਹਿੰਦੀ ਭੁੱਖ ਵੀ ਮਿਟਾ ਲਵੇ। ਤੇਜੀ ਨੇ ਮੂਹਰਿਓਂ ਫੜ ਕੇ ਝੋਟੇ ਨੂੰ ਰੇਹੜੇ ਵਿਚ ਜੋੜ ਲਿਆ ਤੇ ਫਿਰ ਓਹੀ ਵਿੰਗੀ-ਟੇਢੀ ਪਹੀ ਪਾ ਲਿਆ। ਪਹੀ ਦੀ ਵਾਟ ਮੁਕਦੀ ਕਰਕੇ ਸੜਕ ਉਪਰ ਜਾ ਚੜ੍ਹਿਆ। ਝੋਟੇ ਦੇ ਕਦਮ ਹੌਲੀ ਹੁੰਦੇ ਵੇਖ ਕੇ ਮੁੰਡੇ ਨੇ ਤੂਤ ਦੀ ਕੂਲੀ ਛਟੀ ਉਸਦੀ ਢੂਹੀ ਵਿਚ ਦੇ ਮਾਰੀ, ਝੋਟਾ ਇਕ ਦਮ ਤੇਜ ਹੋ ਗਿਆ। ਸੜਕ ਉਪਰ ਵੱਜਦੇ ਉਸਦੇ ਪੈਰ ਤੇਜੀ ਨਾਲ ਟੱਕ-ਟੱਕ ਵੱਜਣ ਲੱਗ ਪਏ। ਜਦੋਂ ਵੀ ਝੋਟੇ ਦੀ ਚਾਲ ਹੌਲੀ ਹੁੰਦੀ, ਮੁੰਡੇ ਦੀ ਕੂਲੀ ਛਟੀ ਉਸਦੀ ਪਿੱਠ ਵਿਚ ਆ ਵਜਦੀ ਜਾਂ ਫਿਰ ਰੇਹੜੇ ਨਾਲ ਖੜਾਕ ਦੇ ਕੇ ਵੱਜਦੀ, ਜਾਨਵਰ ਮਾਲਕ ਦਾ ਇਸ਼ਾਰਾ ਸਮਝ ਕੇ ਹੋਰ ਤੇਜ ਹੋ ਜਾਂਦਾ। ਤੇਜੀ ਨੇ ਅੱਜ ਸਮੇਂ ਨੂੰ ਪਿੱਛੇ ਛੱਡਣ ਦੀ ਜਿੱਦ ਕਰ ਰੱਖੀ ਸੀ। ਉਹ ਹਵਾ ਨਾਲ ਘੁਲ ਕੇ ਹਵਾ ਜਿੰਨਾਂ ਤੇਜ਼ ਹੋ ਜਾਣਾ ਚਾਹੁੰਦਾ ਸੀ। ਕਿਰਨਾ ਦੇ ਘਰ ਦੇ ਬਰਾਬਰ ਆ ਕੇ ਉਸਨੇ ਕਿਰਨਾ ਨੂੰ ਸੁਣਾਉਣ ਲਈ ਝੋਟੇ ਨੂੰ ਤੇਜ ਹੋਣ ਲਈ ਲਲਕਾਰਾ ਮਾਰਿਆ ਪਰ ਘਰੋਂ ਕੋਈ ਵੀ ਬਾਹਰ ਨਾ ਆਇਆ।

ਚੱਕੀ 'ਤੇ ਉਸ ਤੋਂ ਪਹਿਲਾਂ ਹੀ ਕਈ ਪੀਹਣ ਪਏ ਸਨ ਪਰ ਤੇਜੀ ਨੇ ਜ਼ਿੱਦ ਕਰਕੇ ਤਿੰਨ ਪੀਹਣਿਆਂ ਬਾਅਦ ਆਪਣੀ ਵਾਰੀ ਲੈ ਲਈ, ਫੇਰ ਵੀ ਮੁੜਦੇ ਨੂੰ ਇਕ ਵੱਜ ਗਿਆ। ਉਹ ਕਿਰਨਾ ਦੇ ਘਰ ਬਰਾਬਰ ਆਇਆ ਤਾਂ ਕਿਰਨਾ ਤੇ ਉਸਦੀ ਮਾਂ ਬਾਹਰ ਫਿਰਦੀਆਂ ਸਨ। ਉਸਨੇ ਰੇਹੜਾ ਬਿਲਕੁਲ ਹੌਲੀ ਕਰ ਲਿਆ। ਜਦੋਂ ਕਿਰਨਾ ਦੀ ਮਾਂ ਨੇ ਪਿੱਠ ਭੁਆਈ ਤਾਂ ਮੁੰਡੇ ਨੇ ਆਪਣਾ ਹੱਥ ਛਾਤੀ ਉਪਰ ਰੱਖ ਕੇ ਹਵਾ ਵਿਚ ਖੜ੍ਹਾ ਕਰ ਦਿੱਤਾ, ਜਿਸਦਾ ਮਤਲਬ ਸੀ ਕਿ ਮੈਨੂੰ ਤੇਰਾ ਸੁਨੇਹਾ ਮਿਲ ਗਿਆ ਹੈ। ਅੱਗੋਂ ਕੁੜੀ ਨੇ ਸਹਿਮਤੀ ਵਿਚ ਥੋੜ੍ਹਾ ਬੁੱਲਾਂ ਵਿਚ ਮੁਸਕਰਾ ਦਿੱਤਾ।

ਘਰ ਆ ਕੇ ਤੇਜੀ ਸੁਖਪਾਲ ਕਾ ਪੀਹਣਾ ਉਨ੍ਹਾਂ ਦੇ ਘਰ ਸੁੱਟ ਆਇਆ ਤੇ ਫਿਰ ਨਹਾ ਕੇ ਚੁਬਾਰੇ ਚੜ੍ਹ ਗਿਆ। ਉਸਦੀ ਖੁਸ਼ੀ ਬੁੱਲ੍ਹਾਂ ਉਪਰ ਆ-ਆ ਨੱਚ ਰਹੀ ਸੀ। ਉਸਦਾ ਮਨ ਪਿਆਰ ਦੇ ਨਸ਼ੇ ਵਿਚ ਨਸ਼ਿਆਇਆ ਬੇਕਾਬੂ ਹੁੰਦਾ ਜਾਪਦਾ ਸੀ। ਉਸਦਾ ਦਿਲ ਕਰਦਾ ਸੀ ਕਿ ਸਾਰੀ ਪ੍ਰਕਿਰਤੀ ਨੂੰ ਕਲਾਵੇ ਵਿਚ ਲੈ ਕੇ ਚੁੰਮ ਲਵਾਂ। ਉਸਨੇ ਕੰਧ ਉਪਰ ਟੰਗਿਆ ਸ਼ੀਸ਼ਾ ਲਾਹ ਲਿਆ ਤੇ ਫਿਰ ਉਸ ਵਿਚ ਆਪਣੇ ਨਕਸ਼ ਜਾਚਣ ਲੱਗ ਪਿਆ। ਮੁਸ਼ਕੀ ਜਿਹਾ ਰੰਗ, ਤਿੱਖੇ ਨੈਣ ਨਕਸ਼, ਸਿਰ ਉਪਰ ਡੇਢ ਕੁ ਇੰਚ ਦੀਆਂ ਬੋਦੀਆਂ। ਪਰ ਨੱਕ ਥੋੜ੍ਹਾ ਵੱਡਾ ਜਾਪਦਾ ਸੀ।

'ਲੈ ਮੇਰੇ 'ਚ ਕੀ ਘਾਟ ਹੈ? ਕਿਰਨਾ ਕਿਉਂ ਨਾ ਫਸਦੀ। ਨਾਲੇ ਉਹ ਭਾਗੂ ਕਿਹੜਾ ਅੱਡ ਈ ਅਸਮਾਨੋਂ ਉਤਰਿਐ।' ਫੇਰ ਅਚਾਨਕ ਉਸਦੇ ਮਨ ਵਿਚ ਪਛਤਾਵਾ ਉਪਜਿਆ, 'ਮੈਂ ਤਾਂ ਭਾਗੂ ਨਾਲ ਧੋਖਾ ਕਰਿਐ। ਮੈਂ ਕਦੋਂ ਧੋਖਾ ਕਰਿਐ? ਇਹ ਤਾਂ ਕਿਰਨਾ ਦਾ ਖੋਟ ਐ।' ਉਸਦੇ ਮਨ ਵਿਚ ਆਪਾ ਵਿਰੋਧੀ ਪੈਦਾ ਹੋਏ ਵਿਚਾਰਾਂ ਨੂੰ ਉਸਨੇ ਗਿੱਚੀਉਂ ਫੜ ਕੇ ਫਿਰ ਆਪਣੇ ਪੱਖ ਵਿਚ ਕਰ ਲਿਆ। ਉਸਨੇ ਸ਼ੀਸ਼ਾ ਉਸੇ ਕੰਧ ਉਪਰ ਟੰਗ ਦਿੱਤਾ ਤੇ ਮੰਜੇ ਉਪਰ ਲੰਮਾ ਪੈ ਗਿਆ। ਵਿਚਾਰਾਂ ਦੀ ਹੁੰਦੀ ਉਥਲ-ਪੁਥਲ ਉਸਦੇ ਦਿਮਾਗ ਨੂੰ ਕੁਝ ਸਮੇਂ ਲਈ ਵਿਹਲਾ ਛੱਡ ਗਈ। ਕਮਰੇ ਦੀ ਸ਼ਾਂਤੀ ਵਿਚ ਉਸਨੂੰ ਟਾਈਮ-ਪੀਸ ਦੀ ਟਿਕ-ਟਿਕ ਸੁਣਾਈ ਦਿੱਤੀ। ਉਸਨੇ ਉਠ ਕੇ ਵੇਖਿਆ, ਪੌਣੇ ਤਿੰਨ ਵੱਜ ਗਏ ਸੀ। ਉਹ ਮੱਝਾਂ ਨੂੰ ਸੰਨ੍ਹੀ ਕਰਨ ਹੇਠਾਂ ਉਤਰ ਗਿਆ।

ਅੱਜ ਜਿਵੇਂ ਤੇਜੀ ਲਈ ਸਮਾਂ ਰੁਕ ਗਿਆ ਹੋਵੇ। ਉਸਦੀ ਸੋਚ ਸਮੇਂ ਦੇ ਨੱਥ ਪਾਈ ਅੱਗੇ ਖਿੱਚ ਰਹੀ ਸੀ ਪਰ ਸਮਾਂ ਲੱਤਾਂ ਅੜਾਈ ਉਥੇ ਹੀ ਅੜਿਆ ਖੜ੍ਹਾ ਸੀ। ਉਸਨੂੰ ਮਿੰਟ-ਮਿੰਟ ਗਿਣਦੇ ਨੂੰ ਰਾਤ ਦੇ ਨੌਂ ਵੱਜ ਗਏ। ਉਹ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਚੁਬਾਰੇ ਤੋਂ ਬਾਹਰ ਨਿਕਲਦਾ, ਕੋਠੇ ਉਪਰ ਗੇੜਾ ਦੇ ਕੇ ਫਿਰ ਅੰਦਰ ਜਾ ਪੈਂਦਾ। ਸਮਾਂ ਬੀਤਿਆ, ਸਾਢੇ ਨੌਂ ਹੋ ਗਏ। ਫਿਰ ਦਸ ਅਤੇ ਫਿਰ ਸੂਈ ਸਵਾ ਦਸ 'ਤੇ ਆ ਗਈ। ਉਸਦੇ ਬੁੱਲ੍ਹ, ਗੁੱਝੀ ਮੁਸਕਾਨ ਨਾਲ ਚੌੜੇ ਹੋ ਗਏ। ਉਹ ਮੰਜੇ ਤੋਂ ਉਠਿਆ, ਹੌਲੀ-ਹੌਲੀ ਪੌੜੀਆਂ ਉਤਰਦਾ ਵਿਹੜੇ ਵਿਚ ਆ ਗਿਆ। ਵਿਹੜੇ ਵਿਚ ਆਉਂਦੇ ਨੂੰ ਵੇਖ ਕੇ ਮੱਝ ਰਿੰਗੀ। ਤੇਜੀ ਨੇ ਉਸਨੂੰ ਮਨ ਵਿਚ ਗਾਲ ਕੱਢੀ। ਗੇਟ ਕੋਲ ਆ ਕੇ ਉਸਨੇ ਪਿੱਛੇ ਮੁੜ ਕੇ ਵੇਖਿਆ, ਵਿਹੜੇ ਵਿਚ ਕੋਈ ਨਹੀਂ ਸੀ। ਉਸਨੇ ਹੌਲੀ-ਹੌਲੀ ਗੇਟ ਖੋਲ੍ਹਣਾ ਸ਼ੁਰੂ ਕਰ ਦਿੱਤਾ ਫਿਰ ਮੱਧਮ ਜਿਹੀ 'ਟਿਕ' ਦੀ ਅਵਾਜ਼ ਨਾਲ ਗੇਟ ਦਾ 'ਘਰਿੱਲ' ਖੁੱਲ੍ਹ ਗਿਆ। ਗੇਟ ਤੋਂ

ਬਾਹਰ ਹੋਣ ਲੱਗਿਆਂ ਉਸਨੇ ਫਿਰ ਵਿਹੜੇ ਵਿਚ ਨਜ਼ਰ ਮਾਰੀ। ਉਸਨੂੰ ਕੋਈ ਖ਼ਤਰਾ ਮਹਿਸੂਸ ਨਾ ਹੋਇਆ। ਵਿਹੜੇ ਤੋਂ ਬਿਨਾਂ ਬਾਕੀ ਸਾਰੇ ਕਮਰਿਆਂ ਦੇ ਬੱਲਬ ਬੁਝੇ ਹੋਏ ਸਨ। ਉਹ ਬਾਹਰ ਨਿਕਲਿਆ ਤੇ ਬਾਹਰੋਂ ਗੇਟ ਦੀ ਅਰਲ ਲਾ ਦਿੱਤਾ। ਬਾਹਰ ਆਉਂਦਿਆਂ ਖੁੱਲ੍ਹੇ ਖੇਤਾਂ 'ਚੋਂ ਠੰਢੀ ਸੀਤ ਹਵਾ ਦਾ ਅਵਾਰਾ ਬੁੱਲਾ ਤੇਜੀ ਦੇ ਜਵਾਨ ਜਿਸਮ ਨਾਲ ਖਹਿ ਕੇ ਲੰਘਦਿਆਂ ਧੁੜਧੜੀ ਚਾੜ੍ਹ ਗਿਆ। ਉਸਨੇ ਦੋਵੇਂ ਬਾਹਾਂ ਦੀ ਬੁੱਕਲ ਮਾਰ ਲਈ। ਮਸ਼ੀਨ ਕੋਲ ਖੜ੍ਹੇ ਤੂਤ 'ਤੇ ਕਿਸੇ ਪੰਛੀ ਦੇ ਬਿੜਕ ਲੇੈਣ ਵਾਂਗ ਹਿਲ-ਜੁਲ ਹੋਈ। ਸਾਹਮਣੇ ਪਹੀ 'ਤੇ ਬੈਠੀ ਟਟਹਿਰੀ 'ਟਰੀ..ਟਰੀ..ਈ' ਕਰਦੀ ਖੌਰੂ ਪਾਉਣ ਲੱਗ ਪਈ। ਦੂਰ ਪਿੰਡ ਵਿਚੋਂ ਟਾਵੇਂ-ਟਾਵੇਂ ਕੁੱਤੇ ਦੇ ਭੌਂਕਣ ਦੀ ਆਵਾਜ਼ ਕਾਲੀ ਰਾਤ ਨੂੰ ਚੀਰਦੀ ਕੰਨਾਂ ਤੱਕ ਅਪੜਦੀ ਸੀ। ਪਹਿਲਾਂ ਉਸਨੇ ਸਿੱਧਾ ਵੱਟੇ-ਵੱਟ ਜਾਣ ਦੀ ਸੋਚੀ ਪਰ ਤਰੇਲ ਦਾ ਖਿਆਲ ਆ ਜਾਣ 'ਤੇ ਉਹ ਪਹੀ ਪੈ ਗਿਆ। ਚਾਨਣੀ ਰਾਤ ਵਿਚ ਲੰਬੇ ਸਫ਼ੈਦਿਆਂ ਦੀ ਲੰਬੀ ਛਾਂ ਨੇ ਸਾਰੀ ਪਹੀ ਨੂੰ ਢੱਕ ਰੱਖਿਆ ਸੀ। ਪਹੀ ਦੇ ਨਾਲ-ਨਾਲ ਜਾਂਦੇ ਕੱਸੀ ਦੇ ਖਾਲ ਵਿਚ ਪਾਣੀ ਨਹੀਂ ਸੀ। ਖਾਲ ਵਿਚੋਂ ਬੀਂਡਿਆਂ ਦੀ 'ਟਰੀਂ..ਈ..ਈ..' ਦੀ ਆਵਾਜ਼ ਟਿਕੀ ਰਾਤ ਵਿਚ ਬੋਲੀਆਂ ਪਾ ਰਹੀ ਜਾਪਦੀ ਸੀ। ਉਹ ਸੜਕ 'ਤੇ ਆ ਕੇ ਥੋੜ੍ਹਾ ਤੇਜ ਹੋ ਗਿਆ। ਕਿਤੇ ਉਹ ਬਾਹਰ ਦੇਖ ਕੇ ਹੀ ਨਾ ਮੁੜ ਜਾਵੇ। ਘਰ ਕੋਲ ਆ ਕੇ ਉਹ ਥੋੜ੍ਹਾ ਝਿਜਕਿਆ ਤੇ ਫਿਰ ਹੌਲੀ-ਹੌਲੀ ਗੇਟ ਕੋਲ ਜਾ ਖੜ੍ਹਿਆ। ਬਾਹਰ ਮੋਟਰ ਦੇ ਕੋਠੇ ਵਾਲਾ ਬੱਲਬ ਜਗ ਰਿਹਾ ਸੀ ਪਰ ਘਰ ਦੇ ਸਾਰੇ ਬੱਲਬ ਬੰਦ ਸਨ। ਉਸਨੇ ਮਨ ਵਿਚ ਸ਼ੁਕਰ ਮਨਾਇਆ। ਤੇਜੀ ਨੇ ਗੇਟ ਨੂੰ ਪੋਲੀ ਜਿਹੀ ਅੰਦਰ ਨੂੰ ਧੱਕ ਕੇ ਵੇਖਿਆ, ਗੇਟ ਅੰਦਰੋਂ ਅੜਿਆ ਹੋਇਆ ਸੀ। ਉਹ ਗੇਟ ਦੇ ਖੱਬੇ ਕੌਲੇ ਨਾਲ ਲੱਗ ਕੇ ਖੜ੍ਹ ਗਿਆ। ਟਾਈਮ ਵੇਖਣ ਲਈ ਉਸਨੇ ਆਪਣੇ ਗੁੱਟ ਉਤੇ ਹੱਥ ਮਾਰਿਆ ਪਰ ਗੁੱਟ ਘੜੀ ਵੱਲੋਂ ਸੱਖਣਾ ਸੀ। ਸ਼ਾਇਦ ਉਹ ਘੜੀ ਘਰ ਹੀ ਭੁੱਲ ਆਇਆ ਸੀ। ਉਸਨੇ ਸੋਚਿਆ ਕਿ ਚਲੋ ਪੰਦਰਾਂ ਕੁ ਮਿੰਟ ਹੋਰ ਉਡੀਕ ਲੈਂਦੇ ਹਾਂ।

ਅਜੇ ਪੰਜ ਕੁ ਮਿੰਟ ਹੀ ਬੀਤੇ ਸਨ ਕਿ ਗੇਟ ਹੌਲੀ ਦੇਣੇ ਖੜਕਿਆ। ਤੇਜੀ ਦਾ ਦਿਲ ਧੜਕਿਆ, ਮਖਿਆ ਕਿਤੇ ਕੋਈ ਹੋਰ ਹੀ ਨਾ ਹੋਵੇ। ਉਸਨੇ ਕਿਧਰੇ ਹੋਰ ਲੁਕਣ ਦੀ ਸੋਚੀ ਪਰ ਫਿਰ ਉਹ ਕੌਲ਼ੇ ਓਹਲੇ ਖੜ੍ਹ ਕੇ ਹੀ ਵੇਖਣ ਲੱਗਾ। ਔਰਤ ਦਾ ਅਕਾਰ ਬਾਰ ਤੋਂ ਬਾਹਰ ਆ ਗਿਆ। ਤੇਜੀ ਨੇ ਕਿਰਨਾ ਨੂੰ ਝੱਟ ਪਹਿਚਾਣ ਲਿਆ। ਉਹ ਕੌਲੇ ਓਹਲੇ ਤੋਂ ਕਿਰਨਾ ਦੇ ਸਾਹਮਣੇ ਆ ਗਿਆ, ''ਐਨਾ ਚਿਰ ਲਾ ਤਾ।''

''ਅਜੇ ਤਾਂ ਸਹੀ ਗਿਆਰਾਂ ਵੀ ਨੀ ਵੱਜੇ।''

''ਮੈਂ ਤਾਂ ਕਦੋਂ ਦਾ ਉਡੀਕੀ ਜਾਨਾਂ।''

''ਤੇਰਾ ਕੀ ਐ ਪਾਗਲ ਦਾ, ਆਥਣੇ ਈ ਆ ਕੇ ਬੈਠ ਗਿਆ ਹੋਮੇਂਗਾ।''

ਤੇਜੀ ਆਪਣੇ ਪਾਗ਼ਲਪਣ ਉਤੇ ਮੁਸਕਰਾ ਪਿਆ।

''ਚੱਲ ਓਧਰ ਚਲਦੇ ਆਂ।'' ਕਿਰਨਾ ਤੇਜੀ ਨੂੰ ਇਸ਼ਾਰਾ ਕਰਕੇ ਮੋਟਰ ਕੋਲ ਡੱਠੇ ਮੰਜੇ ਵੱਲ ਤੁਰ ਪਈ, ਜੋ ਅਕਸਰ ਹੀ ਉਥੇ ਪਿਆ ਰਹਿੰਦਾ ਸੀ।

'ਨਹੀਂ ਇਥੇ ਕੋਈ ਦੇਖ ਨਾ ਲਵੇ।'' ਤੇਜੀ ਖੜ੍ਹ ਗਿਆ।

''ਕਿਧਰੇ ਨੀ ਦੇਖਦਾ ਕੋਈ, ਆਪਾਂ ਮੰਜਾ ਹੀ ਕੋਠੇ ਤੋਂ ਪਰ੍ਹਾਂ ਲੈ ਜਾਨੇ ਆਂ।'' ਕਿਰਨਾ ਦੇ ਇੰਨਾ ਕਹਿਣ 'ਤੇ ਉਹ ਉਸਦੇ ਪਿੱਛੇ ਹੀ ਕੋਠੇ ਵੱਲ ਨੂੰ ਤੁਰ ਪਿਆ। ਉਹਨਾਂ ਨੇ ਉਥੋਂ ਮੰਜਾ ਚੁੱਕ ਕੇ ਹਨ੍ਹੇਰੇ ਜਿਹੇ ਵਿਚ ਡਾਹ ਲਿਆ ਤਾਂ ਕਿ ਕੋਠੇ ਦੀ ਲਾਇਟ ਦਾ ਚਾਨਣ ਉਨ੍ਹਾਂ ਉਪਰ ਨਾ ਪਵੇ। ਦੋਵੇਂ ਮੰਜੇ ਉਪਰ ਨੇੜੇ-ਨੇੜੇ ਹੋ ਕੇ ਬਹਿ ਗਏ।

''ਸੁਨੇਹਾ ਲੱਗ ਗਿਆ ਤੀ।'' ਕਿਰਨਾ ਬੋਲੀ।

''ਤਾਂ ਹੀ ਤਾਂ ਹੁਣ ਇਥੇ ਬੈਠਾਂ।'' ਤੇਜੀ ਨੇ ਕੁੜੀ ਦੀ ਕਮਰ ਉਪਰ ਦੀ ਆਪਣੀ ਬਾਂਹ ਵਲ ਲਈ ਅਤੇ ਉਸਦੇ ਗਲ ਵਿਚ ਪਾਈ ਸੋਨੇ ਦੀ ਚੈਨੀ ਨੂੰ ਟੋਹਣ ਲੱਗ ਪਿਆ।

''ਕਿਉਂ ਦੁਬਾਰਾ ਲੈ ਕੇ ਜਾਣ ਦੀ ਸਲਾਹ ਐ।''

''ਨਾ ਚੈਨੀ ਤਾਂ ਕਾਹਨੂੰ, ਤੈਨੂੰ ਲੈ ਕੇ ਜਾਣ ਨੂੰ ਜਰੂਰ ਦਿਲ ਕਰੀ ਜਾਂਦੈ। ਕਿਰਨਾ ਤੇਰਾ ਐਨਾ ਪਿਆਰ ਕਾਹਤੋਂ ਆਉਂਦੈ ਮੈਨੂੰ, ਦਿਲ ਤੈਨੂੰ ਬਹੁਤ ਚਾਹੁੰਦੈ, ਬਹੁਤ ਹੀ ਜ਼ਿਆਦਾ।'' ਤੇਜੀ ਨੇ ਕਿਰਨਾ ਨੂੰ ਆਪਣੇ ਨਾਲ ਘੁੱਟ ਲਿਆ ਤੇ ਉਸਦੇ ਚਿਹਰੇ ਨੂੰ ਚੰਗੀ ਤਰ੍ਹਾਂ ਨਿਹਾਰਨ ਲੱਗ ਪਿਆ, ਜਿਵੇਂ ਉਹ ਅੱਖਾਂ ਰਾਹੀਂ ਉਸਨੂੰ ਪੀ ਜਾਣਾ ਚਾਹੁੰਦਾ ਹੋਵੇ ਜਾਂ ਫਿਰ ਉਸਦੀਆਂ ਅੱਖਾਂ ਰਾਹੀਂ ਆਪ ਪਿਘਲ-ਪਿਘਲ ਉਸਦੇ ਅੰਦਰ ਸਮਾ ਜਾਵੇ।

''ਛੱਡ ਪਰਾਂ ਮੈਂ ਜਾਣੈ ਹੁਣ।'' ਕਿਰਨਾ ਆਪਣੀ ਨੀਮ ਰਜ਼ਾਮੰਦੀ ਵਿਚ ਉਸਦੀਆਂ ਬਾਹਵਾਂ ਦੀ ਜਕੜ ਤੋੜਨ ਲੱਗੀ।

''ਕੀ? ਹੁਣ ਤਾਂ ਤੂੰ ਅਜੇ ਆ ਕੇ ਬੈਠੀ ਐਂ।'' ਤੇਜੀ ਕਿਰਨਾ ਦੇ ਜਾਣ ਦੀ ਗੱਲ ਸੁਣ ਕੇ ਹੈਰਾਨ ਹੋ ਗਿਆ।

''ਕਾਹਨੂੰ ਮੈਂ ਤਾਂ ਉਈਂ ਕਰਦੀ ਆਂ, ਕਿਮੇਂ ਅੱਖਾਂ ਕੱਢਦੈ।''

ਤੇਜੀ ਨੂੰ ਕਿਰਨਾ 'ਤੇ ਥੋੜ੍ਹਾ ਗੁੱਸਾ ਵੀ ਆਇਆ ਸੀ ਜੋ 'ਮੈਂ ਤਾਂ ਉਈਂ'' ਸੁਣ ਕੇ ਪਲ ਵਿਚ ਹੀ ਗਾਇਬ ਹੋ ਕੇ ਮੁਸਕਾਨ ਵਿਚ ਬਦਲ ਗਿਆ। ਦੋਵੇਂ ਉਥੇ ਹੀ ਬੈਠੇ ਘੰਟੇ ਦੋ ਘੰਟੇ ਗੱਲਾਂ ਕਰਦੇ ਰਹੇ। ਜਦੋਂ ਦੋਵਾਂ ਦੇ ਦਿਲ ਦਾ ਗੁਭਾਰ ਨਿਕਲ ਗਿਆ ਤਾਂ ਕਿਰਨਾ ਨੇ ਜਾਣ ਦੀ ਆਗਿਆ ਮੰਗੀ। ਤੇਜੀ ਨਾ ਚਾਹੁੰਦਾ ਹੋਇਆ ਵੀ ਉਠ ਕੇ ਖੜ੍ਹਾ ਹੋ ਗਿਆ। ਉਸਨੇ ਸੜਕ 'ਤੇ ਆ ਕੇ ਬਾਰ ਵਿਚ ਖੜ੍ਹੀ ਕਿਰਨਾ ਨੂੰ ਹੱਥ ਖੜ੍ਹਾ ਕੀਤਾ ਤੇ ਫਿਰ ਅੱਗੇ ਤੁਰ ਪਿਆ। ਕਿਰਨਾ ਬਾਰ ਵਿਚ ਹੀ ਖੜ੍ਹੀ ਉਸਨੂੰ ਵੇਖਦੀ ਰਹੀ। ਸੜਕ 'ਤੇ ਜਾਂਦੇ ਤੇਜੀ ਦਾ ਆਕਾਰ ਧੁੰਦਲਾ ਹੁੰਦਾ-ਹੁੰਦਾ ਰਾਤ ਦੇ ਹਨ੍ਹੇਰੇ ਵਿਚ ਕਿਧਰੇ ਗੁਆਚ ਗਿਆ।

## 16.

ਸਮੇਂ ਦਾ ਚੱਕਰ, ਚੱਕਰ ਖਾਂਦਾ ਰਿਹਾ। ਉਸ ਉਪਰ ਲਿਖੀਆਂ ਤਾਰੀਖ਼ਾਂ ਬਦਲਦੀਆਂ ਗਈਆਂ। ਦਿਨ ਬਦਲਦੇ ਗਏ। ਮਹੀਨੇ ਬਦਲਦੇ ਗਏ। ਮੌਸਮ ਬਦਲਦੇ ਗਏ। ਜੇਠ ਮਹੀਨੇ ਨੇ ਆ ਦਸਤਕ ਦਿੱਤੀ। ਕਿਸਾਨਾਂ ਤੇ ਕਾਮਿਆਂ ਨੇ ਜੀਰੀ ਦੀ ਫਸਲ ਲਾਉਣ ਲਈ ਕਮਰ ਕਸ ਲਈ ਸੀ। ਮਜ਼ਦੂਰਾਂ ਨੇ ਪਹਿਲਾਂ ਹੀ ਆਪਣੇ-ਆਪਣੇ ਮੇਲ ਬਹਿੰਦੀਆਂ ਟੋਲੀਆਂ ਬਣਾ ਲਈਆਂ। ਨਿਰਦਈ ਪੇਟ ਦੀ ਭੁੱਖ ਨੇ ਬਿਹਾਰੀਆਂ ਨੂੰ ਆਪਣੀਆਂ ਤੰਦਾਂ ਨਾਲ ਜਕੜ ਕੇ ਪੰਜਾਬ ਲਿਆ ਸੁੱਟਿਆ। ਉਹ ਕਈ ਮਹੀਨਿਆਂ ਲਈ ਆਪਣੇ ਟੱਬਰ-ਟੀਹਰ ਨੂੰ, ਆਪਣੇ ਪਿੰਡ ਨੂੰ, ਆਪਣੀ ਮਿੱਟੀ ਨੂੰ ਅਲਵਿਦਾ ਕਹਿ ਆਏ।

ਅੱਜ ਭਾਗੂ ਸਾਰੀ ਜ਼ਮੀਨ ਜੀਰੀ ਲਾਉਣ ਲਈ ਤਿਆਰ ਕਰ ਆਇਆ। ਉਸਨੇ ਪਿਛਲੇ ਤਿੰਨ ਦਿਨਾਂ ਤੋਂ ਰਾਤ -ਦਿਨ ਇਕ ਕਰ ਦਿੱਤਾ ਸੀ। ਉਸਨੇ ਖੇਤੋਂ ਆਉਂਦਿਆਂ ਹੀ ਕਾਹਲੀ-ਕਾਹਲੀ ਨਹਾ ਕੇ ਰੋਟੀ ਖਾ ਲਈ ਕਿ ਕਿਤੇ ਤਿੰਨ ਦਿਨਾਂ ਦਾ ਥਕੇਵਾਂ ਉਸ 'ਤੇ ਭਾਰੂ ਨਾ ਹੋ ਜਾਵੇ ਤੇ ਉਸਨੂੰ ਬਿਨਾਂ ਨਹਾਇਆਂ ਹੀ ਪੈਣਾ ਪੈ ਜਾਵੇ। ਰੋਟੀ ਖਾ ਕੇ ਉਹ ਕੋਠੇ ਉਪਰ ਡੱਠੇ ਮੰਜੇ ਉਪਰ ਕੱਪੜਾ ਵਿਛਾ ਕੇ ਲੰਬਾ ਪੈ ਗਿਆ। ਸਾਰਾ ਪਿੰਡ ਨੀਂਦ ਨੂੰ ਗਲਵੱਕੜੀ ਪਾਈ ਸੁੱਤਾ ਪਿਆ ਸੀ। ਕਿਸੇ ਟਾਵੇਂ-ਟਾਵੇਂ ਘਰ ਵਿਚ ਬੱਲਬ ਜਗ ਰਿਹਾ ਸੀ। ਦੂਰ ਗੁਰਦੁਆਰੇ ਦੇ ਨਿਸ਼ਾਨ ਸਾਹਿਬ 'ਤੇ ਲੱਗਿਆ ਵੱਡਾ ਬੱਲਬ ਅੱਗ ਦੇ ਕਿਸੇ ਨਿੱਕੇ ਗੋਲੇ ਵਾਂਗ ਅਸਮਾਨ ਵਿਚ ਤੈਰ ਰਿਹਾ ਜਾਪਦਾ ਸੀ। ਅਸਮਾਨ ਵਿਚ ਧੂੰਏਂ ਦੇ ਥੱਬਿਆਂ ਵਰਗੇ ਨਿੱਕੇ-ਨਿੱਕੇ ਬੱਦਲ ਕਾਲੀ ਰਾਤ ਵਿਚ ਬਿਨਾਂ ਪੈੜ-ਚਾਲ ਕਰੇ ਚੋਰਾਂ ਵਾਂਗ ਤੁਰ ਰਹੇ ਸਨ। ਕੋਠੇ ਤੋਂ ਆਲੇ-ਦੁਆਲੇ ਖੜ੍ਹੇ ਦਿਸਦੇ ਦਰੱਖ਼ਤ ਹਨ੍ਹੇਰੇ ਵਿਚ ਇਸ ਤਰ੍ਹਾਂ ਜਾਪ ਰਹੇ ਸਨ। ਜਿਵੇਂ ਕਿਸੇ ਨੇ ਵੱਡੇ ਦਿਉਆਂ ਨੂੰ ਫਾਂਸੀ ਦੇਣ ਲਈ ਉਨ੍ਹਾਂ ਦੇ ਚਿਹਰਿਆਂ 'ਤੇ ਕਾਲੇ ਨਕਾਬ ਚਾੜ੍ਹ ਦਿੱਤੇ ਹੋਣ। ਦੱਖਣ ਵੱਲ ਚਾਰ-ਪੰਜ ਕਿੱਲਿਆਂ ਦੀ ਵਾਹੀ 'ਤੇ ਚੋਏ ਦੀਆਂ ਦੋਵਾਂ ਪਟੜੀਆਂ 'ਤੇ ਕਿੱਕਰਾਂ ਦੀਆਂ ਖੜ੍ਹੀਆਂ ਲੰਬੀਆਂ ਲਾਈਨਾਂ ਕਿਸੇ ਮੋਟੇ ਕਾਲੇ ਸਕੈੱਚ ਨਾਲ ਖਿੱਚੀਆਂ ਦੋ ਕਾਲੀਆਂ ਲਾਈਨਾਂ ਜਾਪੀਆਂ।

ਭਗਵਾਨ ਨੂੰ ਅੱਜ ਨੀਂਦ ਨਹੀਂ ਆ ਰਹੀ ਸੀ, ਜਿਵੇਂ ਉਸਦੇ ਦਿਮਾਗ ਵਿਚ ਕੋਈ ਖਲਬਲੀਆਂ ਮਚਾ ਰਿਹਾ ਹੋਵੇ। ਉਹ ਪਲ-ਪਲ ਪਾਸੇ ਪਰਤਦਾ ਰਿਹਾ। ਭਗਵਾਨ ਦੀ ਨਜ਼ਰ ਅਸਮਾਨ ਵਿਚਲੇ ਕਾਲੇ ਬੱਦਲ ਉਪਰ ਜਾ ਟਿਕੀ। ਕਾਲਾ ਬੱਦਲ ਉਸਨੂੰ ਕਿਰਨਾ ਦੇ ਬੇਗ਼ੈਰਤੇ ਕਾਲੇ ਚਿਹਰੇ ਵਾਂਗ ਜਾਪਿਆ, ਜਿਸਨੇ ਉਸਦੀ ਜ਼ਿੰਦਗੀ ਵਿਚ ਇਕ ਖਲਾਅ ਪੈਦਾ ਕਰ ਦਿੱਤਾ। ਉਸਦੀ ਪੜ੍ਹਾਈ ਵਿਚੋਂ ਛੁੱਟ ਗਈ ਤੇ ਸਰੀਰ ਪਹਿਲਾਂ ਨਾਲੋਂ ਅੱਧਾ ਰਹਿ ਗਿਆ। ਉਸਨੇ ਕਿਰਨਾਂ ਦੀ ਬੇਵਫ਼ਾਈ ਦਾ ਦਰਦ ਆਪਣੀਆਂ ਹੱਡੀਆਂ ਉਪਰ ਜਰਿਆ। ਇਕ ਕਿਰਨਾ ਦੀ ਬੇਵਫ਼ਾਈ ਤੇ ਦੂਜਾ ਕਰਮੀ ਭੈਣ ਦਾ ਵਿਛੋੜਾ, ਦੋਵਾਂ ਨੇ ਭਾਗੂ ਨੂੰ ਚੱਕੀ ਦੇ ਦੋ ਪੁੜਾਂ ਵਿਚਲੇ ਅਨਾਜ ਵਾਂਗ ਪੀਸਿਆ। ਉਸਨੂੰ ਸਾਰੀ ਖਲਕਤ ਰੁੱਖੀ-ਰੁੱਖੀ ਜਾਪਣ ਲੱਗ ਪਈ। ਦੋਸਤਾਂ-ਮਿੱਤਰਾਂ ਦੇ ਕਹਿਣ ਤੇ ਵੀ ਉਸਨੇ ਅੱਗੇ ਦਾਖਲਾ ਨਹੀਂ ਸੀ ਲਿਆ। ਪੰਜ ਛੇ ਮਹੀਨੇ ਬੀਤਣ ਤੋਂ ਬਾਅਦ ਉਸਨੂੰ ਅਹਿਸਾਸ ਹੋਣ ਲੱਗ ਪਿਆ ਸੀ ਜਿਵੇਂ ਉਸਨੇ ਦਾਖ਼ਲਾ ਨਾ ਭਰ ਕੇ ਖੁਦ ਆਪਣੀ ਜ਼ਿੰਦਗੀ ਦੀ ਨੀਰਸ਼ਤਾ ਵਿਚ ਹੋਰ ਵਾਧਾ ਕਰ ਲਿਆ ਹੋਵੇ। ਉਸਨੂੰ ਜਾਪਿਆ ਸੀ ਕਿ ਜਿਨ੍ਹਾਂ ਲਈ ਉਸਨੇ ਆਪਣੇ ਸਰੀਰ ਨੂੰ ਦੁੱਖਾਂ ਦੀ ਭੱਠੀ ਵਿਚ ਝੋਕਿਆ। ਜਿਨ੍ਹਾਂ ਲਈ ਉਹ ਆਪਣੇ ਹੱਡ ਖੋਰਦਾ ਰਿਹਾ, ਉਹ ਉਸਦੀ ਹਾਲਤ 'ਤੇ ਹਸਦੇ ਰਹੇ, ਉਸਦੀਆਂ ਭਾਵਨਾਵਾਂ ਨੂੰ ਮਖੌਲਾਂ ਕਰਦੇ ਰਹੇ। ਉਸਨੂੰ ਜ਼ਿੰਦਗੀ ਦੀ ਪਟੜੀ ਦੁਬਾਰਾ ਦਿਖਾਈ ਦੇਣ ਲੱਗ ਪਈ ਸੀ, ਜਿਸ ਉਪਰ ਚੱਲ ਕੇ ਉਸਨੇ ਜ਼ਿੰਦਗੀ ਦੇ ਅੰਤ ਤੱਕ ਪਹੁੰਚਣਾ ਸੀ ਅਤੇ ਜੋ ਪਹਿਲਾਂ ਕਿਰਨਾ ਦੀ ਬੇਵਫ਼ਾਈ ਦੇ ਹਨ੍ਹੇਰੇ ਵਿਚ ਉਸਨੂੰ ਦਿਖਾਈ ਦੇਣੋਂ ਹਟ ਗਈ ਸੀ। ਕੁਝ ਦੋਸਤਾਂ ਦੇ ਕਹਿਣ 'ਤੇ ਅਤੇ ਕੁਝ ਆਪਣੇ ਮਨ ਦੀ ਰਜ਼ਾਮੰਦੀ ਨਾਲ ਉਸਨੇ ਇਸ ਵਾਰ ਕਾਲਜ ਦਾਖ਼ਲਾ ਲੈਣ ਦਾ ਮਨ ਬਣਾ ਲਿਆ ਸੀ।

ਭਗਵਾਨ ਨੂੰ ਸਵੇਰੇ ਦਾਖ਼ਲਾ ਭਰਨ ਜਾਣ ਦੀ ਗੱਲ ਚੇਤੇ ਆਈ। ਉਸਦੀਆਂ ਅੱਖਾਂ ਅੱਗੇ ਕਾਲਜ ਦਾ ਇਕ ਧੁੰਦਲਾ ਜਿਹਾ ਦ੍ਰਿਸ਼ ਆ ਘੁੰਮਿਆ। ਉੱਚੀ ਲੰਬੀ ਬਿਲਡਿੰਗ, ਜੀਨਾਂ ਪਾਈ ਫਿਰਦੇ ਮੁੰਡੇ, ਹਿਰਨੀਆਂ ਵਰਗੀਆਂ ਅੱਖਾਂ ਵਾਲੀਆਂ, ਮੋਰਨੀ ਦੀ ਚਾਲ ਤੁਰਦੀਆਂ, ਮਖਣੀ ਵਰਗੀਆਂ ਮੁਲਾਇਮ ਕੁੜੀਆਂ। ਉਸਦੇ ਬੁੱਲ੍ਹਾਂ ਉਤੇ ਖੁਸ਼ੀ ਦੀ ਇਕ ਮੁਸਕਾਨ ਜਿਹੀ ਆ ਟਪਕੀ। ਫਿਰ ਉਸਨੂੰ ਪਤਾ ਹੀ ਨਾ ਲੱਗਾ ਕਿ ਉਹ ਇਹ ਗੱਲਾਂ ਸੋਚਦਾ-ਸੋਚਦਾ ਕਦੋਂ ਨੀਂਦ ਵਿਚ ਜਾ ਡੁੱਬਿਆ।

ਜਦੋਂ ਸਵੇਰੇ ਅੱਖ ਖੁੱਲ੍ਹੀ, ਹਨ੍ਹੇਰਾ ਵਿਹੜਿਆਂ ਵਿਚੋਂ ਉਡਾਰੀ ਮਾਰਨ ਲਈ ਪਰ ਫੜ-ਫੜਾ ਰਿਹਾ ਸੀ। ਆਲੇ-ਦੁਆਲੇ ਦਰਖ਼ਤਾਂ 'ਤੇ ਪੰਛੀਆਂ ਦੀ ਹਿਲਜੁਲ ਹੋਣ ਲੱਗ ਪਈ ਸੀ। ਅਸਮਾਨ ਵਿਚ ਇਕ-ਦੋ ਤਾਰੇ ਰਹਿ ਗਏ ਸਨ। ਬਾਕੀ ਦੇ ਆਪਣਾ ਕੰਮ ਨਿਬੜਦਾ ਕਰਕੇ ਕਦੋਂ ਦੇ ਤੁਰ ਗਏ ਸੀ। ਭਗਵਾਨ ਮੰਜੇ ਤੋਂ ਖੜ੍ਹਾ ਹੋਇਆ। ਆਪਣੇ ਸਿਰਹਾਣੇ ਕੋਲੋਂ ਪਾਣੀ ਦੀ ਗੜਵੀ ਚੁੱਕੀ ਤੇ ਮੂੰਹ ਧੋ ਲਿਆ। ਫਿਰ ਆਪਣੀਆਂ ਦੋਵੇਂ ਬਾਹਾਂ ਉਪਰ ਕਰਕੇ ਪੰਜਿਆਂ ਦੇ ਭਾਰ ਖੜ੍ਹਾ ਹੋ ਕੇ ਅੰਗੜਾਈ ਭੰਨੀ। ਇਕ ਵਾਰ ਆਲੇ-ਦੁਆਲੇ ਭਰਵੀਂ ਨਜ਼ਰ ਫੇਰੀ ਤੇ ਪੌੜੀਓਂ ਥੱਲੇ ਉਤਰ ਗਿਆ। ਉਸਦੀ ਮਾਂ ਚਾਹ ਦੀ ਪਤੀਲੀ ਥੱਲੇ ਅੱਗ ਬਾਲ਼ ਰਹੀ ਸੀ। ਛਟੀਆਂ ਦਾ ਜ਼ਿਆਦਾ ਝੋਕਾ ਹੋਣ ਕਰਕੇ ਸੋਨੇ ਰੰਗੀ ਅੱਗ ਨੇ ਚੁੱਲ੍ਹੇ ਉਤੇ ਪਈ ਪਤੀਲੀ ਦੇ ਆਲੇ-ਦੁਆਲੇ ਕੰਧ ਜਿਹੀ ਬਣਾ ਰੱਖੀ ਸੀ। ਮਾਂ ਦੇ ਚਿਹਰੇ 'ਤੇ ਮੁੜ੍ਹਕੇ ਦੀਆਂ ਬੂੰਦਾਂ ਮੌਕਿਆਂ ਵਾਂਗ ਚਿੰਬੜੀਆਂ ਹੋਈਆਂ ਸਨ। ਨੇੜੇ ਮੰਜੇ 'ਤੇ ਬੈਠਾ ਚੰਨਣ ਚਾਹ ਦੀ ਉਡੀਕ ਵਿਚ ਚੁੱਲ੍ਹੇ ਵੱਲ ਟਿਕਟਿਕੀ ਲਾਈ ਵੇਖ ਰਿਹਾ ਸੀ। ਭਗਵਾਨ ਆਪਣੇ ਪਿਤਾ ਕੋਲ ਮੰਜੇ 'ਤੇ ਜਾ ਬੈਠਿਆ।

''ਅੱਜ ਦਾਖ਼ਲਾ ਭਰਨ ਜਾਮੇਂਗਾ?'' ਚੰਨਣ ਨੇ ਪੁੱਛਿਆ।

''ਹਾਂ।''

''ਕਿੰਨੀ ਤਰੀਖ਼ ਤੱਕ ਭਰਨੈ?''

''ਅਜੇ ਤਾਂ ਚਾਰ-ਪੰਜ ਦਿਨ ਪਏ ਨੇ।''

''ਫੇਰ ਸਵੇਰੇ ਭਰ ਆਈਂ। ਅੱਜ ਉਰੇ ਰਹਿ ਜਾ। ਵੀਹੀ ਜੀ ਦਾ ਨਿਬੇੜ ਦੀਏ ਪਰ੍ਹਾਂ। ਤੂੰ ਬੱਸ ਚਾਹ-ਪਾਣੀ ਦਾ ਕਰਾ ਦੀ ਮਾੜਾ-ਮੋਟਾ।''

''ਚੰਗਾ!''

-0-

ਭਗਵਾਨ ਆਪਣੇ ਬਾਪੂ ਦੇ ਕਹਿਣ 'ਤੇ ਅੱਜ ਕਾਲਜ ਜਾਣ ਦਾ ਪ੍ਰੋਗਰਾਮ ਰੱਦ ਕਰਕੇ ਪਿੰਡ ਹੀ ਰਹਿ ਪਿਆ। ਨੌਂ ਵਜਦੇ ਤੱਕ ਗੁਰਦਿਆਲ ਦੇ ਖੁੱਲ੍ਹੇ ਵਿਹੜੇ ਵਿਚ ਇਕੱਠ ਹੋਣਾ ਸ਼ੁਰੂ ਹੋ ਗਿਆ। ਪਿੰਡ ਦੇ ਸਿਆਣੇ-ਸਿਆਣੇ ਬੰਦੇ ਡੱਠੇ ਮੰਜਿਆਂ ਉਤੇ ਆ ਬੈਠੇ। ਭਗਵਾਨ ਤੇ ਜੀਤੇ ਨੇ ਸਾਰਿਆਂ ਨੂੰ ਪਾਣੀ ਲਿਆ ਫੜਾਇਆ। ਥੋੜ੍ਹੇ ਸਮੇਂ ਬਾਅਦ ਥਾਣੇਦਾਰ ਤੇ ਉਸ ਨਾਲ ਦੋ ਪੁਲਿਸ ਵਾਲੇ ਆ ਗਏ। ਗੁਰਦੀਪ ਸਰਪੰਚ ਨੇ ਕੋਈ ਅਣ-ਸੁਖਾਵੀਂ ਘਟਨਾ ਵਾਪਰਨ ਦੇ ਡਰੋਂ ਥਾਣੇਦਾਰ ਨੂੰ ਕੱਲ੍ਹ ਹੀ ਸੁਨੇਹਾ ਭੇਜ ਦਿੱਤਾ ਸੀ। ਜਦੋਂ ਚੰਗਾ ਇਕੱਠ ਹੋ ਗਿਆ ਤਾਂ ਇਕ ਪੁਲਸੀਆ ਤੇ ਦੋ ਹੋਰ ਆਦਮੀ ਜਾ ਕੇ ਮੁਖਤਿਆਰ ਸਰਪੰਚ ਹੋਰਾਂ ਨੂੰ ਲੈ ਆਏ। ਮੁਖਤਿਆਰ ਨਾਲ ਵੀ ਅੱਠ-ਦਸ ਬੰਦੇ ਮੰਜਿਆਂ 'ਤੇ ਆ ਬੈਠੇ। ਜੀਤੇ ਨੇ ਉਨ੍ਹਾਂ ਨੂੰ ਪਾਣੀ ਲਿਆ ਫੜਾਇਆ। ਥਾਣੇਦਾਰ ਨੇ ਸਾਰਿਆਂ ਨੂੰ ਚੁੱਪ ਕਰਵਾ ਕੇ ਕਹਿਣਾ ਸ਼ੁਰੂ ਕੀਤਾ, ''ਲੈ ਭਾਈ ਗੁਰਦਿਆਲ ਸਿਆਂ, ਹੁਣ ਆਪਾਂ ਸਾਰੇ ਸੁਣਦੇ ਆਂ, ਬੋਲੋ ਕਿਮੇਂ ਕਰਨੈ।''

''ਆਪਾਂ ਤਾਂ ਜੀ ਪਹਿਲਾਂ ਵੀ ਸਿੱਧੇ ਤੀ, ਹੁਣ ਵੀ ਸਿੱਧੇ ਆਂ। ਜਿਮੇਂ ਤੁਸੀਂ ਕਹਿਦੋਂ ਗੇ ਓਮੇਂ ਕਰਲਾਂਗੇ।'' ਗੁਰਦਿਆਲ ਆਪਣੀ ਸਿਆਣਪ ਦਾ ਪ੍ਰਭਾਵ ਪਾਉਣ ਲਈ ਬੜੇ ਠਰ੍ਹੰਮੇ ਨਾਲ ਬੋਲਿਆ।

''ਕਿਉਂ ਭਾਈ ਮੁਖਤਿਆਰ ਸਿਆਂ?'' ਥਾਣੇਦਾਰ ਨੇ ਆਪਣੀਆਂ ਮੋਟੀਆਂ ਅੱਖਾਂ ਮੁਖਤਿਆਰ ਦੀ ਟੋਕਰੇ ਵਰਗੀ ਚਿੱਟੀ ਪੱਗ 'ਤੇ ਗੱਡ ਦਿੱਤੀਆਂ।

''ਦੇਖੋ ਜੀ ਇਹ ਤਾਂ ਥੋਨੂੰ ਵੀ ਪਤੈ ਵੀ ਸਰਕਾਰੀ ਵੀਹੀ ਕੌਣ ਬੰਦ ਕਰਲੂ, ਨਾਲੇ ਪਾਣੀ....।''

''ਓਹ ਹੋ! ਅਖੇ ਸੌ ਹੱਥ ਰੱਸਾ ਸਿਰੇ 'ਤੇ ਗੰਢ, ਇਹ ਲੜਾਈਆਂ ਆਲ਼ੀਆਂ ਗੱਲਾਂ ਤਾਂ ਆਪਾਂ ਨੂੰ ਪਹਿਲਾਂ ਦੋ ਸਾਲ ਹੋ ਗਏ ਕਰਦਿਆਂ ਨੂੰ। ਕੀ ਨਿਕਲਿਆ ਇਨ੍ਹਾਂ 'ਚੋਂ? ਖੱਜਲ-ਖੁਆਰ ਹੋ ਕੇ ਪੈਸੇ ਖਰਚ ਕੇ ਤੁਸੀਂ ਮੁੜੇ ਆਉਂਦੇ ਓਂ। ਉਧਰੋਂ ਇਹ ਮੁੜ ਆਉਂਦੇ ਨੇ। ਜਿਹੜਾ ਕੰਮ ਛੁਟਦੈ ਉਹ ਵੱਖ। ਇਨ੍ਹਾਂ ਗੱਲਾਂ ਨੂੰ ਹੁਣ ਛੱਡੋ ਕੋਈ ਨਿਬੇੜਨ ਦੀ ਗੱਲ ਕਰੋ।'' ਹਰਭਜਨ ਗਿਆਨੀ ਨੇ ਦੋਵਾਂ ਧਿਰਾਂ ਨੂੰ ਸਮਝਾਉਂਦਿਆਂ ਕਿਹਾ।

''ਗਿਆਨੀ ਜੀ, ਤੁਸੀਂ ਓਂ ਨਬੇੜੋ ਪਰਾਂ।'' ਥਾਣੇਦਾਰ ਨੇ ਫੈਸਲੇ ਦੀ ਡੋਰ ਗਿਆਨੀ ਦੇ ਹੱਥ ਫੜਾ ਦਿੱਤੀ।

''ਮੈਂ ਤਾਂ ਦੇਖ ਨਾ ਇਨ੍ਹਾਂ ਦੀ ਕਰਾਂ, ਨਾ ਉਨ੍ਹਾਂ ਦੀ ਕਰਾਂ। ਗੱਲ ਆਪਾਂ ਕਰਾਂਗੇ ਵਿਹਾਰ ਦੀ, ਡੰਡੇ ਵਰਗੀ। ਚਾਹੇ ਕਿਸੇ ਨੂੰ ਕੌੜੀ ਲੱਗੇ, ਚਾਹੇ ਕਿਸੇ ਨੂੰ ਮਿੱਠੀ। ਜਿਮੇਂ ਫੈਸਲਾ ਕਰਤਾ ਫੇਰ ਮੰਨਣਾ ਪਊ। ਕਿਉਂ ਭਾਈ?'' ਹਰਭਜਨ ਗਿਆਨੀ ਸਾਰਿਆਂ ਦੇ ਚਿਹਰੇ 'ਤੇ ਸਹਿਮਤੀ ਦੇ ਸ਼ਬਦ ਲੱਭਣ ਵਿਚ ਰੁੱਝ ਗਿਆ। ਅਸਲ ਵਿਚ ਦੋਵੇਂ ਧਿਰਾਂ ਦੇ ਪੇਸ਼ੀਆਂ 'ਤੇ ਚੱਕਰ ਮਾਰ-ਮਾਰ ਮੂੰਹ ਮੁੜੇ ਪਏ ਸੀ। ਦਿਲੋਂ ਸਾਰੇ ਚਾਹੁੰਦੇ ਸਨ ਕਿ ਫੈਸਲਾ ਹੋ ਜਾਵੇ। ਸੋ ਸਾਰਿਆਂ ਨੇ ਸਿਰ ਹਿਲਾ ਕੇ ਸਹਿਮਤੀ ਦੇ ਦਿੱਤੀ।

''ਐਂ ਕਰੋ, ਲਾਂਘਾ ਤਾਂ ਕਰੋ ਗੁਰਦਿਆਲ ਕੀ ਵੀਹੀ ਵਿਚ ਦੀ ਤੇ ਪਾਣੀ ਓਧਰ ਕੱਢ ਦਿੰਨੇ ਆਂ। ਕਿਉਂ ਠੀਕ ਐ?'' ਗਿਆਨੀ ਨੇ ਸਾਰਿਆਂ ਵੱਲ ਵੇਖਿਆ।

''ਹਾਂ ਠੀਕ ਐ....ਠੀਕ ਐ।'' ਥਾਣੇਦਾਰ ਨੇ ਝੱਟ ਹੀ ਸਾਰਿਆਂ ਵੱਲੋਂ ਸਹਿਮਤੀ ਦੇ ਦਿੱਤੀ। ਉਹ ਸੋਚਦਾ ਸੀ ਕਿ ਕਿਤੇ ਕੋਈ ਉਲਟ ਹੀ ਨਾ ਬੋਲ ਪਵੇ। ਥਾਣੇਦਾਰ ਤੋਂ ਬਾਅਦ ਕੋਈ ਉਸਦੇ ਵਿਰੋਧ ਵਿਚ ਨਹੀਂ ਬੋਲਿਆ, ਜਿਸਦਾ ਮਤਲਬ ਸੀ ਕਿ ਸਾਰਿਆਂ ਨੇ ਫੈਸਲਾ ਮੰਨ ਲਿਆ ਹੈ। ਗੁਰਦਿਆਲ ਨੇ ਸਾਰਿਆਂ ਨੂੰ ਓਥੇ ਹੀ ਬੈਠੇ ਰਹਿਣ ਲਈ ਕਿਹਾ ਤੇ ਚਾਹ ਧਰਾ ਲਈ। ਚਾਹ ਬਣਨ ਤੱਕ ਸਾਰੇ ਆਪਸ ਵਿਚ ਗੱਲੀਂ ਰੁੱਝੇ ਰਹੇ। ਚਾਹ ਬਣਨ 'ਤੇ ਭਗਵਾਨ ਅਤੇ ਜੀਤੇ ਨੇ ਸਾਰਿਆਂ ਨੂੰ ਪਾ-ਪਾ ਫੜਾ ਦਿੱਤੀ। ਚਾਹ ਪੀ ਕੇ ਮੁਖਤਿਆਰ ਹੋਰੀਂ ਆਪਣੇ ਘਰਾਂ ਨੂੰ ਚਲੇ ਗਏ ਪਰ ਕੁਝ ਲਾਲ ਪਰੀ ਦੇ ਲਾਲਚੀ ਅਤੇ ਥਾਣੇਦਾਰ ਨੇ ਗੁਰਦਿਆਲ ਦੇ ਘਰੇ ਹੀ ਪੀਣ ਦਾ ਵਿੱਢ ਲਾ ਲਿਆ। ਦੁਪਹਿਰ ਤੋਂ ਲੈ ਕੇ ਸ਼ਾਮ ਤੱਕ ਕਈ ਬੋਤਲਾਂ ਖਾਲੀ ਕਰ ਦਿੱਤੀਆਂ।

ਜਦੋਂ ਸਾਰਿਆਂ ਦੀਆਂ ਅੱਖਾਂ ਅੰਗਾਰਿਆਂ ਵਾਂਗ ਦਗਣ ਲੱਗ ਪਈਆਂ, ਧਰਤੀ ਘੁੰਮਦੀ ਜਾਪਣ ਲੱਗੀ, ਜ਼ੁਬਾਨ ਲੀਹ ਤੋਂ ਤਿਲ੍ਹਕਣ ਲੱਗ ਪਈ ਤਾਂ ਸਾਰੇ ਹੌਲੀ-ਹੌਲੀ ਰਾਤ ਨੂੰ ਟੋਇਆਂ ਵਿਚ ਤੁਰਨ ਵਾਂਗ ਲੜਖੜਾਉਂਦੇ ਘਰਾਂ ਨੂੰ ਚੱਲ ਪਏ। ਥਾਣੇਦਾਰ ਨੇ ਗੁਰਦਿਆਲ ਹੋਰਾਂ ਨਾਲ ਘੁੱਟ ਕੇ ਹੱਥ ਮਿਲਾਇਆ ਤੇ ਆਪਣੇ ਦੋ ਸਿਪਾਹੀਆਂ ਨੂੰ ਲੈ ਕੇ ਚੀਮਿਆ ਨੂੰ ਚਾਲੇ ਪਾ ਦਿੱਤੇ।

-0-

ਅਗਲੇ ਦਿਨ ਭਗਵਾਨ ਦਾਖ਼ਲਾ ਭਰਨ ਲਈ ਗੁਰਨੈਬ ਨੂੰ ਸੀਗੇ ਵਜੋਂ ਨਾਲ ਲੈ ਗਿਆ। ਉਹ ਪਿੰਡੋਂ ਗਿਆਰਾਂ ਵਜੇ ਬੱਸ ਚੜ੍ਹ ਕੇ ਬਾਰਾਂ ਵਜਦੇ ਨੂੰ ਬੁਢਲਾਡੇ ਜਾ ਪਹੁੰਚੇ। ਅੱਡੇ ਵਿਚ ਉਤਰ ਕੇ ਉਨ੍ਹਾਂ ਆਲੇ-ਦੁਆਲੇ ਨਿਗ੍ਹਾ ਮਾਰੀ। ਸ਼ਾਇਦ ਕੋਈ ਜਾਣ-ਪਹਿਚਾਣ ਵਾਲਾ ਮਿਲ ਜਾਵੇ ਪਰ ਉਨ੍ਹਾ ਨੂੰ ਕੋਈ ਵੀ ਜਾਣ-ਪਹਿਚਾਣ ਵਾਲਾ ਚਿਹਰਾ ਨਜ਼ਰ ਨਾ ਪਿਆ। ਸਾਰੇ ਓਪਰੇ-ਓਪਰੇ ਚਿਹਰੇ ਖੰਡ ਦੀ ਬੋਰੀ 'ਤੇ ਗੇੜੇ ਦਿੰਦੇ ਕੀੜਿਆਂ ਵਾਂਗ ਇਧਰ-ਉਧਰ ਭੱਜੇ ਫਿਰਦੇ ਸਨ। ਜਿਵੇਂ ਸਾਰਾ ਮੁਲਕ ਹੀ ਕਿਸੇ ਗੁਆਚੇ ਨੂੰ ਭਾਲਣ ਤੁਰ ਪਿਆ ਹੋਵੇ। ਬੱਸਾਂ ਦੇ ਹਾਰਨਾਂ ਨੇ ਸ਼ੋਰ ਮਚਾ ਰੱਖਿਆ ਸੀ। ਕੰਡਕਟਰ ਸੰਘ ਪਾੜ-ਪਾੜ ਅਲੱਗ-ਅਲੱਗ ਪਿੰਡ ਸ਼ਹਿਰ ਜਾਣ ਦੇ ਹੋਕੇ ਦੇ ਰਹੇ ਸਨ। ਰੰਗ-ਬਿਰੰਗੀਆਂ ਬੱਸਾਂ, ਸੱਪਣੀਆਂ ਵਾਂਗ ਅੱਡੇ ਵਿਚ ਮੇਲ੍ਹਦੀਆਂ ਫਿਰਦੀਆਂ ਸਨ। ਭਗਵਾਨ ਹੋਰੀਂ ਇਕ ਖੋਖੇ ਤੋਂ ਅਖ਼ਬਾਰ ਲੈ ਕੇ ਰੌਲ਼ੇ ਤੋਂ ਬਚਣ ਲਈ ਅੱਡੇ ਤੋਂ ਬਾਹਰ ਆ ਗਏ।

''ਕਿੱਧਰ ਐ ਤੇਰਾ ਕਾਲਜ?'' ਗੁਰਨੈਬ ਨੇ ਕੁਝ ਸੋਚ ਰਹੇ ਭਗਵਾਨ ਨੂੰ ਪੁੱਛਿਆ।

''ਮੈਨੂੰ ਤਾਂ ਆਪ ਨੀ ਪਤਾ, ਮੈਂ ਸੋਚਦਾ ਤੀ ਵੀ ਜੇ ਰਿਕਸ਼ਾ ਕਰਵਾ ਲਈਏ ਆਪੇ ਛੱਡ ਆਊ।''

''ਐਂ ਵੀ ਠੀਕ ਐ।'' ਗੁਰਨੈਬ ਨੇ ਸਹਿਮਤੀ ਪ੍ਰਗਟਾਈ।

ਭਗਵਾਨ ਹੋਰਾਂ ਨੇ ਦਸ ਰੁਪਿਆਂ ਵਿਚ ਰਿਕਸ਼ਾ ਕਰਵਾ ਲਿਆ। ਰਿਕਸ਼ਾ ਚਾਲਕ ਨੇ ਦੋਵਾਂ ਨੂੰ ਰਿਕਸ਼ੇ ਉਪਰ ਬਿਠਾ ਕੇ ਪਹਿਲਾਂ ਥੋੜ੍ਹੀ ਦੂਰੀ ਤੱਕ ਪੈਦਲ ਭੱਜ ਕੇ ਰੇੜ੍ਹਿਆ। ਜਦੋਂ ਰਿਕਸ਼ਾ ਪੂਰੇ ਰੇੜ੍ਹੇ ਪੈ ਗਿਆ ਤਾਂ ਖੱਬਾ ਪੈਰ ਖੱਬੇ ਪੈਡਲ ਉਪਰ ਰੱਖ ਕੇ ਦੂਸਰਾ ਪੈਰ ਸੱਜੇ ਪੈਡਲ ਉਪਰ ਟਿਕਾ ਲਿਆ। ਫਿਰ ਉਪਰਲੇ ਪੈਡਲ ਉਪਰ ਸਾਰੇ ਸਰੀਰ ਦਾ ਭਾਰ ਦੇ ਕੇ ਰਿਕਸ਼ੇ ਦੀ ਰਫ਼ਤਾਰ ਤੇਜ ਕਰ ਲਈ। ਰਿਕਸ਼ਾ ਅੱਡੇ ਤੋਂ ਹੁਣ ਚੌੜੇ ਬਾਜ਼ਾਰ ਪਾ ਲਿਆ। ਬਾਜ਼ਾਰ ਦੇ ਦੋਵੇਂ ਪਾਸੇ ਦੁਕਾਨਾਂ ਦੀ ਲੰਬੀ ਕਤਾਰ, ਜਿਨ੍ਹਾਂ ਉਪਰ ਵੱਖ-ਵੱਖ ਬੋਰਡ ਲਮਕ ਰਹੇ ਸੀ, ਕੱਪੜੇ ਦਾ ਸਸਤਾ ਡਿਪੂ, ਪੱਪੂ ਦੀ ਹੱਟੀ, ਇੰਜਣ ਦਾ ਸਾਮਾਨ ਇਥੇ ਮਿਲਦਾ ਹੈ, ਚੂੜੀਆਂ ਹੀ ਚੂੜੀਆਂ ਤੇ ਬੁੱਕ ਸਟਾਲ। ਬੁੱਕ ਸਟਾਲ 'ਤੇ ਨਜ਼ਰ ਪੈਂਦਿਆਂ ਹੀ ਭਗਵਾਨ ਨੇ ਰਿਕਸ਼ਾ ਰੁਕਵਾ ਲਿਆ।

''ਕਿਉਂ ਕੀ ਹੋ ਗਿਆ?'' ਭਗਵਾਨ ਦੇ ਅਚਾਨਕ ਰਿਕਸ਼ਾ ਰੁਕਵਾਉਣ 'ਤੇ ਗੁਰਨੈਬ ਹੈਰਾਨ ਹੋ ਗਿਆ।

''ਕੋਈ ਕਿਤਾਬ ਦੇਖ ਲਈਏ।'' ਭਗਵਾਨ ਨੇ ਕਿਹਾ।

ਦੋਵੇਂ ਦੁਕਾਨ ਵਿਚ ਜਾ ਵੜੇ। ਦੁਕਾਨਦਾਰ ਨੇ ਗਾਹਕ ਨੂੰ ਆਉਂਦਿਆਂ ਵੇਖ ਕੇ ਬਨਾਉਟੀ ਜਿਹੀ ਹਾਸੀ ਹਸਦਿਆਂ 'ਆਓ ਜੀ' ਕਿਹਾ। ਭਗਵਾਨ ਨੇ ਦੁਕਾਨ ਉਪਰ ਸਜਾਈਆਂ ਕਿਤਾਬਾਂ ਉਪਰ ਕਾਹਲੀ-ਕਾਹਲੀ ਨਜ਼ਰ ਫੇਰੀ ਤੇ ਫਿਰ ਇਕ ਸ਼ੀਸ਼ੇ ਅੰਦਰ ਸਜਾਏ ਦੋ ਨਾਵਲ ਨਾਨਕ ਸਿੰਘ ਦਾ 'ਚਿੱਟਾ ਲਹੂ' ਤੇ ਜਸਵੰਤ ਸਿੰਘ ਕੰਵਲ ਦਾ 'ਪੂਰਨਮਾਸ਼ੀ' ਕੱਢ ਲਏ। ਕਿਤਾਬਾਂ ਖਰੀਦ ਕੇ ਉਹ ਦੁਬਾਰਾ ਰਿਕਸ਼ੇ ਵਿਚ ਆ ਬੈਠੇ। ਰਿਕਸ਼ਾ ਚਾਲਕ ਨੇ ਰਿਕਸ਼ਾ ਦੁਬਾਰਾ ਫਿਰ ਉਸੇ ਰਫ਼ਤਾਰ ਵਿਚ ਲੈ ਆਂਦਾ। ਉਹ ਦੁਕਾਨਾਂ ਨੂੰ 'ਹਟ ਪਿੱਛੇ' ਕਹਿੰਦਾ ਆਪਣੀ ਮੰਜ਼ਿਲ ਵੱਲ ਸਰਪਟ ਦੌੜਿਆ ਜਾ ਰਿਹਾ ਸੀ। ਰਿਕਸ਼ੇ ਦੇ ਤਿੰਨੋਂ ਟਾਇਰ ਤੇਜ ਰਫ਼ਤਾਰ ਵਿਚ ਹੋਣ ਕਰਕੇ ਤਾਰਾਂ ਤੋਂ ਸੱਖਣੇ ਜਾਪਦੇ ਸੀ। ਰਿਕਸ਼ਾ ਚਾਲਕ ਦੇ ਸਿਰ ਵਿਚੋਂ ਮੁੜ੍ਹਕੇ ਦੀਆਂ ਧਾਰਾਂ ਥੱਲੇ ਨੂੰ ਵਹਿ ਤੁਰੀਆਂ। ਪਿੱਠ ਪਿੱਛੋਂ ਉਸਦਾ ਕੁੜਤਾ ਮੁੜ੍ਹਕੇ ਨਾਲ ਚਿਪਕ ਗਿਆ। ਸਿਰ ਦੀ ਸੇਧ ਨੂੰ ਹੋਏ ਤਪਦੇ ਸੂਰਜ ਦੀਆਂ ਕਿਰਨਾਂ ਤੱਤੇ ਤੱਕਲਿਆਂ ਵਾਂਗ ਪਿੰਡੇ 'ਤੇ ਚੁਭ ਰਹੀਆਂ ਸਨ। ਅੱਗੇ ਇਕ ਉੱਚੀ ਬਿਲਡਿੰਗ ਨੇ ਸੜਕ ਨੂੰ ਦੋ ਹਿੱਸਿਆਂ ਵਿਚ

ਵੰਡ ਦਿੱਤਾ। ਰਿਕਸ਼ਾ ਸੱਜੇ ਪਾਸੇ ਜਾਂਦੀ ਸੜਕ ਪੈ ਗਿਆ। ਥੋੜ੍ਹੀ ਦੂਰ ਜਾ ਕੇ ਰਿਕਸ਼ਾ ਇਕ ਚੌੜੇ ਗੇਟ ਅੱਗੇ ਜਾ ਰੁਕਿਆ। ਕਾਲਜ ਆ ਗਿਆ ਸੀ।

''ਕਿਤੇ ਊਈਂ ਨਾ ਕੋਈ ਊਟ-ਪਟਾਂਗ ਮਾਰਦੀਂ ਇਥੇ।'' ਭਗਵਾਨ ਨੇ ਕਾਲਜ ਵਿਚ ਆਉਂਦੇ-ਜਾਂਦੇ ਮੁੰਡੇ-ਕੁੜੀਆਂ ਵੱਲ ਵੇਖਦਿਆਂ ਕਿਹਾ।

''ਭਾਗੂ ਤੂੰ ਕਿਉਂ ਡਰਦੈਂ?'' ਗੁਰਨੈਬ ਨੇ ਭਗਵਾਨ ਦੇ ਮੋਢੇ 'ਤੇ ਪੋਲਾ ਜਿਹਾ ਧੱਫਾ ਮਾਰਿਆ।

ਦੋਵੇਂ ਗੇਟੋਂ ਅੰਦਰ ਆ ਗਏ। ਸਾਹਮਣਿਉਂ ਦੋ ਸੁਨਹਿਰੀ ਸੂਟਾਂ ਵਿਚ ਸਜੀਆਂ ਕੁੜੀਆਂ ਮਟਕ-ਮਟਕ ਤੁਰੀਆਂ ਆ ਰਹੀਆਂ ਸੀ। ਗੁਰਨੈਬ ਤੋਂ ਦੇਖ ਕੇ ਰਿਹਾ ਨਾ ਗਿਆ। ਉਸਨੇ ਕੁੜੀਆਂ ਦੇ ਬਰਾਬਰ ਆਉਣ 'ਤੇ ਸੁਰਲੀ ਛੱਡ ਦਿੱਤੀ, ''ਆਏ ਹਾਏ ਪਰਸਿੰਨੀਏ, ਮਰ ਜਾਂ ਪੂਛ ਤੜਾ ਕੇ।''

''ਓਏ ਮਰਵਾਏਂਗਾ ਸਾਲਿਆ।'' ਭਗਵਾਨ ਨੇ ਉਸਦੀ ਵੱਖੀ ਵਿਚ ਚੂੰਢੀ ਭਰ ਲਈ।

''ਤੈਨੂੰ ਕੀ ਹੁੰਦੈ ਯਰ, ਪੈਣਗੀਆਂ ਮੇਰੇ ਪੈਣਗੀਆਂ।''

''ਨਾਂਹ ਮੈਂ ਕੀ ਉਨ੍ਹਾਂ ਦੀ ਭੂਆ ਦਾ ਪੁੱਤ ਹੋਊਂ, ਮੈਨੂੰ ਵੀ ਨਾਲ ਈ ਰਗੜਨਗੇ।''

''ਚੰਗਾ, ਹੁਣ ਨੀ ਛੇੜਦਾ ਬੱਸ।'' ਗੁਰਨੈਬ ਨੇ ਤਸੱਲੀ ਵਜੋਂ ਉਸਦਾ ਮੋਢਾ ਪਲੋਸਿਆ।

''ਬਾਈ ਜੀ ਪ੍ਰਾਸਪੈਕਟ ਕਿੱਥੋਂ ਮਿਲਦੈ?'' ਭਗਵਾਨ ਨੇ ਸਾਹਮਣੇ ਪਾਰਕ ਵਿਚ ਖੜ੍ਹੇ ਦੋ ਮੁੰਡਿਆਂ ਨੂੰ ਪੁੱਛਿਆ।

''ਜਿਹੜਾ ਬਾਈ ਓਹ ਸਾਹਮਣੇ ਸ਼ਟਰ ਦੀਂਹਦੈ, ਓਥੇ ਤਾਕੀ 'ਚ ਕਲਰਕ ਬੈਠੈ। ਓਥੋਂ ਮਿਲਦੇ ਨੇ।'' ਉਨ੍ਹਾਂ ਵਿਚੋਂ ਪੱਗ ਵਾਲੇ ਮੁੰਡੇ ਨੇ ਇਕ ਕਮਰੇ ਅੱਗੇ ਲੱਗੇ ਲੋਹੇ ਦੇ ਸ਼ਟਰ ਵੱਲ ਇਸ਼ਾਰਾ ਕਰ ਦਿੱਤਾ, ਜਿਥੇ ਇਕ ਦੋ ਮੁੰਡੇ-ਕੁੜੀਆਂ ਪ੍ਰਾਸਪੈਕਟ ਲੈਣ ਲਈ ਖੜ੍ਹੇ ਸਨ।

''ਤੂੰ ਇਥੇ ਬੈਠ, ਮੈਂ ਲੈ ਕੇ ਆਉਨਾਂ।'' ਭਗਵਾਨ ਨੇ ਪਾਰਕ ਵਿਚ ਬਣੀ ਸੀਮਿੰਟ ਦੀ ਕੰਧੋਲੀ ਵੱਲ ਇਸ਼ਾਰਾ ਕਰ ਦਿੱਤਾ ਅਤੇ ਆਪ ਪ੍ਰਾਸਪੈਕਟ ਲੈਣ ਤੁਰ ਗਿਆ। ਗੁਰਨੈਬ ਉਸ ਉਪਰ ਬੈਠਣ ਦੀ ਬਜਾਏ ਉਸ ਉਪਰ ਸੱਜਾ ਪੈਰ ਰੱਖ ਕੇ ਖੜ੍ਹ ਗਿਆ। ਪਾਰਕ ਵਿਚ ਕੱਟਿਆ ਅੰਗਰੇਜ਼ੀ ਘਾਹ ਕਿਸੇ ਦੀ ਸੱਜਰੀ ਕੱਟੀ ਸੰਘਣੀ ਦਾੜ੍ਹੀ ਵਾਂਗ ਆਪਸ ਵਿਚ ਫਸਿਆ ਖੜ੍ਹਾ ਸੀ। ਪਾਰਕ ਦੇ ਆਲੇ-ਦੁਆਲੇ ਬਣੀਆਂ ਪਤਲੀਆਂ-ਪਤਲੀਆਂ ਖਾਲ਼ੀਆਂ ਵਿਚ ਖਿੜੇ ਰੰਗ-ਬਿਰੰਗੇ ਕੋਮਲ ਫੁੱਲ, ਕਾਲਜ ਵਿਚ ਰੰਗ-ਬਿਰੰਗੇ ਸੂਟਾਂ ਵਿਚ ਸਜੀਆਂ ਕੋਮਲ ਸਰੀਰਾਂ ਵਾਲੀਆਂ ਕੁੜੀਆਂ ਵਾਂਗ ਹੱਸ ਰਹੇ ਸਨ। ਖਾਲ਼ੀ ਵਿਚਲੇ ਫੁੱਲਾਂ ਨੂੰ ਮਾਲੀ ਖੁਰਪੀ ਨਾਲ ਗੁਡਦਿਆਂ ਉਸ ਵਿਚਲੀਆਂ ਖੱਬਲ ਦੀਆਂ ਤਿੜਾਂ ਨੂੰ ਬਾਹਰ ਸੁੱਟ ਰਿਹਾ ਸੀ ਤੇ ਬਾਹਰ ਖੜ੍ਹੀਆਂ 'ਚਿਰ-ਚਿਰ' ਕਰਦੀਆਂ ਗੁਟਾਰਾਂ ਉਨ੍ਹਾਂ ਤਿੜਾਂ ਵਿਚੋਂ ਆਪਣਾ ਭੋਜਨ ਲੱਭਣ ਦੀ ਕੋਸ਼ਿਸ਼ ਵਿਚ ਜੁਟੀਆਂ ਸਨ। ਗੁਰਨੈਬ ਨੇ ਪੈਂਟ ਦੀ ਜੇਬ ਵਿਚੋਂ ਰੁਮਾਲ ਕੱਢ ਕੇ ਚਿਹਰੇ 'ਤੇ ਆਈਆਂ ਮੁੜ੍ਹਕੇ ਦੀਆਂ ਬੂੰਦਾਂ ਪੂੰਝ ਲਈਆਂ ਤੇ ਫਿਰ ਆਪਣੀ ਕਮੀਜ਼ ਦਾ ਉਪਰਲਾ ਬਟਨ ਖੋਲ੍ਹ ਕੇ ਰੁਮਾਲ ਨਾਲ ਝੱਲ ਮਾਰਨ ਲੱਗ ਪਿਆ। ਪਾਰਕ ਦੇ ਨੇੜਲੀ ਪਗਡੰਡੀ ਉਪਰ ਬਾਜਰੇ ਦੇ ਸਿੱਟੇ ਵਰਗੀ ਇਕਹਿਰੀ ਜਿਹੀ ਕੁੜੀ ਨੂੰ ਆਉਂਦਿਆਂ ਵੇਖ ਕੇ ਗੁਰਨੈਬ ਦੀਆਂ ਅੱਖਾਂ ਵਿਚ ਇਕ ਚਮਕ ਜਿਹੀ ਆ ਗਈ। ਉਹ ਆਪਣੇ ਆਪ ਨੂੰ ਕੁਝ ਕਹਿਣ ਲਈ ਤਿਆਰ ਕਰਨ ਲੱਗ ਪਿਆ।

''ਆਏ ਹਾਏ ਰੱਬਾ! ਛੁੱਟੀਆਂ 'ਚ ਵਿਹਲੇ ਬਹਿ ਕੇ ਬਣਾਇਆ ਲਗਦੈ।'' ਗੁਰਨੈਬ ਨੇ ਕੁੜੀ ਦੇ ਨੇੜੇ ਆਉਣ 'ਤੇ ਹਿੰਮਤ ਜਿਹੀ ਕਰਕੇ ਕਹਿ ਦਿੱਤਾ ਪਰ ਕੁੜੀ ਬਿਨਾਂ ਕੁਝ ਬੋਲੇ ਉੱਚੀ ਹੀਲ ਦੇ ਸੈਂਡਲਾਂ ਨਾਲ 'ਟੱਕ-ਟੱਕ' ਕਰਦੀ ਕੋਲੋਂ ਲੰਘਣ ਲੱਗ ਪਈ।

''ਨਹੀਂ ਕੁਛ ਬੋਲਣਾ, ਗਾਲ਼ ਈ ਕੱਢਜੋ, ਐਂ ਤਾਂ ਹੋਜੂ ਵੀ ਬੋਲਪੀ।'' ਉਸਨੇ ਤੁਰੀ ਜਾਂਦੀ ਕੁੜੀ ਨੂੰ ਪਿੱਛੋਂ ਕਹਿ ਦਿੱਤਾ।

ਕੁੜੀ ਕੁਝ ਪਲ ਲਈ ਰੁਕ ਗਈ। ਗੁਰਨੈਬ ਦੇ ਦਿਲ ਦੀ ਧੜਕਣ ਦੋ ਵੀਲ੍ਹੇ ਇੰਜਣ ਵਾਂਗ 'ਠੱਕ-ਠੱਕ-ਠੱਕ' ਵੱਜਣ ਲੱਗੀ। ਸਰੀਰ ਕੰਬ ਗਿਆ। ਮੱਥੇ 'ਤੇ ਪਸੀਨਾ ਉਭਰ ਆਇਆ। ਅੱਖਾਂ ਤਾੜੇ ਜਾ ਲੱਗੀਆਂ 'ਮਿੱਤਰਾ ਚੜ੍ਹਿਆ ਰਗੜਾ' ਗੁਰਨੈਬ ਝੱਟ ਸੋਚ ਗਿਆ। ਕੁੜੀ ਨੇ ਪਿੱਛੇ ਮੁੜ ਕੇ ਵੇਖਿਆ। ਉਸਦੇ ਮੁਸਕਾਨ ਨਾਲ ਪਤਲੇ ਗੁਲਾਬੀ ਬੁੱਲ੍ਹ ਚੌੜੇ ਹੋ ਗਏ ਤੇ ਉਨ੍ਹਾਂ ਬੁੱਲ੍ਹਾਂ ਹੇਠੋਂ ਮੋਤੀਆਂ ਵਰਗੇ ਚਿੱਟੇ ਦੰਦ ਗੁਰਨੈਬ ਦੇ ਦਿਲ ਵਿਚ ਆ ਖੁਭੇ। ਕੁੜੀ ਸੁਗੰਧੀਆਂ ਵਰਗੇ ਹਾਸੇ ਦੀ ਝਲਕ ਜਿਹੀ ਦੇ ਕੇ ਅੱਗੇ ਤੁਰ ਗਈ ਪਰ ਗੁਰਨੈਬ ਦੇ ਹੋਸ਼ ਟਿਕਾਣਿਓਂ ਹਿੱਲ ਗਏ। ਉਸਨੇ ਲੋਰ ਵਿਚ ਆ ਕੇ ਦੋਵੇਂ ਹੱਥਾਂ ਦੀਆਂ ਉਂਗਲੀਆਂ ਆਪਸ ਵਿਚ ਪਾ ਕੇ ਘੁੱਟ ਲਈਆਂ।

''ਹਟਿਆ ਨੀ ਕਾਰਸਤਾਨੀ ਕਰਨੋਂ।'' ਆਉਂਦੇ ਭਗਵਾਨ ਨੇ ਕੁੜੀ ਨੂੰ ਹਸਦੀ ਵੇਖ ਲਿਆ ਸੀ।

''ਬਾਈ ਜਾਨ ਕੱਢ ਕੇ ਲੈ ਗੀ ਕੰਜਰ ਦੀ। ਮੈਂ ਤਾਂ ਕਹਿੰਨਾਂ ਮੈਨੂੰ ਤਾਂ ਇਥੇਈ ਦਾਖ਼ਲਾ ਦਵਾ ਦੇ।'' ਗੁਰਨੈਬ ਅੰਦਰ ਪਿਆਰ ਤਰੰਗਾਂ ਦਾ ਭੂਚਾਲ ਆਇਆ ਖੜ੍ਹਾਸੀ।

''ਦਸਵੀਂ 'ਚੋਂ ਤਾਂ ਚਾਰ ਵਾਰੀ ਫੇਲ੍ਹ ਹੋ ਗਿਆ। ਦਾਖ਼ਲਾ ਕਾਅਦੇ 'ਚ ਦਵਾਵਾਂ ਤੈਨੂੰ।''

''ਹੋਰ ਨੀ ਮਾਲੀ ਈ ਰਖਾ ਦੇ। ਪੁਰਜਿਆਂ ਦੇ ਦਰਸ਼ਨ ਕਰਕੇ ਤਾਂ ਨਿਹਾਲ ਹੋ ਜਿਆ ਕਰੂੰ।''

''ਤੈਨੂੰ ਤਾਂ ਇਹੀ ਸੁਪਨੇ, ਚੱਲ ਛੱਡ। ਆ ਫਾਰਮ ਭਰੀਏ।'' ਭਗਵਾਨ ਛੋਟੀ ਟਾਹਲੀ ਦੀ ਸੰਘਣੀ ਛਾਂ ਥੱਲੇ ਅੰਗਰੇਜ਼ੀ ਘਾਹ ਉਤੇ ਪਲਾਥੀ ਮਾਰ ਕੇ ਫਾਰਮ ਭਾਰਨ ਲੱਗ ਪਿਆ। ਗੁਰਨੈਬ ਦੀਆਂ ਨਜ਼ਰਾਂ ਪਿਆਸੇ ਮਿਰਗ ਵਾਂਗ, ਕੁੜੀਆਂ ਨੂੰ ਲਭਦੀਆਂ ਚਾਰੇ ਪਾਸੇ ਘੁਮੇਰੀਆਂ ਖਾਂਦੀਆਂ ਰਹੀਆਂ। ਉਸਦੀਆਂ ਨਜ਼ਰਾਂ ਓਨਾ ਚਿਰ ਕਿਸੇ ਕੁੜੀ ਦੇ ਪਿੱਛੋਂ ਨਾ ਲਹਿੰਦੀਆਂ, ਜਿੰਨੀ ਦੇਰ ਉਹ ਨਜ਼ਰ ਆਉਣੋਂ ਨਾ ਹਟ ਜਾਂਦੀ।

ਭਗਵਾਨ ਆਪਣਾ ਫਾਰਮ ਭਰਨ ਵਿਚ ਮਗਨ ਸੀ ਤਾਂ ਕਿ ਕੰਮ ਛੇਤੀ ਨਿਪਟਾ ਕੇ ਵੇਲੇ ਸਿਰ ਘਰ ਪਹੁੰਚ ਜਾਈਏ। ਇਨ੍ਹਾਂ ਦੇ ਪਿੱਛੇ ਦੋ ਕੁੜੀਆਂ ਹੋਰ ਫਾਰਮ ਲੈ ਕੇ ਆ ਬੈਠੀਆਂ। ਥੋੜ੍ਹੇ ਸਮੇਂ ਬਾਅਦ ਉਨ੍ਹਾਂ ਵਿਚੋਂ ਇਕ ਕੁੜੀ ਨੇ ਫਾਰਮ ਦੇ ਇਕ ਕੋਨੇ ਉਪਰ ਪੈੱਨ ਦੀ ਨੋਕ ਰੱਖ ਕੇ ਗੁਰਨੈਬ ਦੇ ਅੱਗੇ ਲਿਆ ਕਰਿਆ।

''ਆਹ ਜੀ, ਜਰਾ ਕੁ ਦੱਸਿਓ ਇਥੇ ਕੀ ਭਰਨੈ?'' ਕਿਸੇ ਕੁੜੀ ਦੇ ਅਚਾਨਕ ਬੋਲ ਸੁਣ ਕੇ ਭਗਵਾਨ ਦਾ ਫਾਰਮ ਤੋਂ ਧਿਆਨ ਤਿਲ੍ਹਕ ਗਿਆ। ਉਸਨੇ ਉਸੇ ਤਰ੍ਹਾਂ ਬੈਠੇ ਨੇ ਅੱਗੇ ਨਿਗ੍ਹਾ ਮਾਰੀ। ਮੱਖਣ ਦੇ ਪੇੜਿਆਂ ਵਰਗੇ ਗੋਰੇ ਤੇ ਮੁਲਾਇਮ ਦੋ ਪੈਰ ਉਸਦੇ ਸਾਹਮਣੇ ਕਾਲੇ ਸੈਂਡਲਾਂ ਵਿਚ ਸਜੇ ਖੜ੍ਹੇ ਸਨ। ''ਇੰਨੇ ਸੋਹਣੇ ਪੈਰ! ਹਾਏ ਓਏ ਰੱਬਾ, ਧੰਨ ਐ ਤੂੰ ਬਣਾਉਣ ਆਲ਼ਾ।' ਭਗਵਾਨ ਦੇ ਤਾਰ-ਤਾਰ ਹੋਏ ਦਿਲੋਂ ਨਿਕਲੇ ਸ਼ਬਦ ਦਿਲ ਅੰਦਰ ਹੀ ਖੁਭ ਗਏ। ਉਸਨੇ ਗਰਦਨ ਉਪਰ ਚੁੱਕੀ, ਲਗਰ ਵਰਗੀ ਕੁੜੀ, ਫੁੱਲਾਂ ਦੇ ਭਾਰ ਨਾਲ ਝੁਕੀ ਟਾਹਣੀ ਵਾਂਗ ਗੁਰਨੈਬ ਉਪਰ ਝੁਕੀ ਖੜ੍ਹੀ ਸੀ। ਉਸਦੇ ਵਾਲ਼ਾਂ ਦੀਆਂ ਦੋ ਲਿਟਾਂ ਝੁਕੀ ਹੋਣ ਕਰਕੇ ਉਸਦੇ ਚਿਹਰੇ 'ਤੇ ਲਟਕ ਰਹੀਆਂ ਸਨ। ਇਨ੍ਹਾਂ ਜ਼ੁਲਫ਼ਾਂ ਵਿਚਕਾਰ ਉਸਦਾ ਚਿਹਰਾ ਹਨ੍ਹੇਰੀ ਰਾਤ ਵਿਚ ਚਮਕਦੇ ਪੂਰੇ ਚੰਨ ਵਾਂਗ ਲਿਸ਼ਕਾਂ ਮਾਰ ਰਿਹਾ ਸੀ। ਲੰਬੀ ਗੁੱਤ ਉਸਦੀ ਪਤਲੀ ਕਮਰ ਉਤੇ ਸੁੱਤੇ ਕਾਲੇ ਨਾਗ ਵਾਂਗ ਅਹਿੱਲ ਪਈ ਸੀ। ਰੇਸ਼ਮ ਵਰਗੀਆਂ ਪਤਲੀਆਂ ਉਂਗਲਾਂ ਵਿਚ ਪੈੱਨ ਮਾਣ ਵਿਚ ਦੂਣਾ ਹੋਇਆ ਖੜ੍ਹਾ ਸੀ। ਭਗਵਾਨ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਕੋਈ ਇੰਨਾ ਸੋਹਣਾ ਵੀ ਹੋ ਸਕਦੈ? ਉਸਨੂੰ ਯਾਦ ਆਇਆ। ਕਦੇ ਉਸਦੀ ਦਾਦੀ, ਨਿੱਕੇ ਹੁੰਦਿਆਂ ਉਸਨੂੰ ਪਰੀ ਦੀਆਂ ਕਹਾਣੀਆਂ ਸੁਣਾਉਂਦੀ ਹੁੰਦੀ ਸੀ ਪਰ ਅੱਜ ਤਾਂ ਉਸਨੇ ਪ੍ਰਤੱਖ ਰੂਪ ਵਿਚ ਪਰੀ ਨੂੰ ਵੇਖ ਲਿਆ।

''ਭਾਗੂ, ਉਹ ਭਾਗੂ।'' ਗੁਰਨੈਬ ਨੇ ਭਗਵਾਨ ਦੇ ਪੱਟ 'ਤੇ ਪੋਲਾ ਜਿਹਾ ਧੱਫਾ ਮਾਰਿਆ, ''ਯਾਰ ਆਹ ਭਰੀਂ ਮਾੜਾ ਜਾ।'' ਉਸਨੇ ਕੁੜੀ ਤੋਂ ਫਾਰਮ ਫੜ ਕੇ ਭਗਵਾਨ ਨੂੰ ਫੜਾ ਦਿੱਤਾ। ਭਗਵਾਨ ਨੇ ਫਾਰਮ ਫੜ ਲਿਆ। ਉਸਨੇ ਉਪਰ ਇਕ ਡੱਬੀ ਵਿਚ ਵੇਖਿਆ ਬੜੇ ਹੀ ਸੋਹਣੇ ਸ਼ਬਦਾਂ ਵਿਚ ਲਿਖਿਆ ਹੋਇਆ ਸੀ 'ਗੁਰਮੀਤ ਕੌਰ'। ਫਾਰਮ ਪੂਰੀ ਤਰ੍ਹਾਂ ਮੁਕੰਮਲ ਸੀ। ਬੱਸ ਕੁਝ ਕੁ ਥਾਵਾਂ ਭਰਨ ਵਾਲੀਆਂ ਰਹਿੰਦੀਆਂ ਸਨ। ਭਗਵਾਨ ਨੇ ਉਹ ਰਹਿੰਦੀਆਂ ਥਾਵਾਂ ਵੀ ਮੁਕੰਮਲ ਕਰਵਾ ਦਿੱਤੀਆਂ।

''ਬਹੁਤ-ਬਹੁਤ ਮਿਹਰਬਾਨੀ ਜੀ।'' ਕੁੜੀ ਨੇ ਸ਼ੁਕਰੀਆ ਅਦਾ ਕੀਤਾ।

''ਨਹੀਂ ਜੀ, ਇਹ ਤਾਂ ਸਾਡਾ ਫ਼ਰਜ਼ ਬਣਦਾ ਸੀ।'' ਭਗਵਾਨ ਪੇਂਡੂ 'ਤੀ' ਛੱਡ ਕੇ ਪੜ੍ਹਿਆਂ-ਲਿਖਿਆਂ ਵਾਲੀ 'ਸੀ' 'ਤੇ ਆ ਗਿਆ। ਉਸਨੂੰ ਕੁੜੀ ਦਾ ਪੰਜਾਬੀ ਵਿਚ 'ਧੰਨਵਾਦ' ਕਰਨ ਦਾ ਢੰਗ ਬੜਾ ਚੰਗਾ ਲੱਗਿਆ।

ਗੁਰਮੀਤ ਫਾਰਮ ਲੈ ਕੇ ਆਪਣੀ ਸਹੇਲੀ ਕੋਲ ਚਲੀ ਗਈ। ਭਗਵਾਨ ਆਪਣਾ ਰਹਿੰਦਾ ਫਾਰਮ ਮੁਕੰਮਲ ਕਰਨ ਲੱਗ ਪਿਆ। ਕੁੜੀ ਨੇ ਨੇੜੇ ਬੈਠੇ ਭਗਵਾਨ ਵੱਲ ਅਪਣੱਤ ਭਰੀਆਂ ਨਜ਼ਰਾਂ ਨਾਲ ਦੋ-ਤਿੰਨ ਵਾਰ ਵੇਖਿਆ, 'ਕਿੰਨਾ ਸਾਊ, ਸ਼ਰੀਫ਼ ਤੇ ਆਪਣਾ ਜਿਹਾ' ਕੁੜੀ ਦੇ ਜਿਸਮ ਦੀ ਕਿਸੇ ਚੋਰ ਮੋਰੀ ਰਾਹੀਂ ਇਹ ਸ਼ਬਦ ਉਸਦੇ ਦਿਲ ਵਿਚ ਬਿਨਾਂ ਪੈੜ-ਚਾਲ ਕਰੇ ਜਾ ਉਤਰੇ ਪਰ ਭਗਵਾਨ ਅਜੇ ਵੀ ਆਪਣਾ ਫਾਰਮ ਭਰਨ ਵਿਚ ਮਗਨ ਸੀ। ਉਸਨੂੰ ਪਤਾ ਨਹੀਂ ਸੀ ਕਿ ਉਹ ਕੁਝ ਪਲ ਲਈ ਕਿਸੇ ਦੇ ਦਿਲ ਵਿਚੋਂ ਹੋ ਆਇਆ ਹੈ।

## 17.

ਬੁਢਲਾਡੇ ਤੋਂ ਚੜ੍ਹਦੇ ਵੱਲ ਇਕ ਕਾਲੇ ਨਾਗ ਵਰਗੀ ਪਤਲੀ ਸੜਕ ਕਿੱਕਰਾਂ ਦੀ ਖੁੱਡ ਵਿਚ ਜਾ ਵੜਦੀ ਹੈ। ਉਸਦੇ ਆਲੇ-ਦੁਆਲੇ ਵਡੇਰੀਆਂ ਕਿੱਕਰਾਂ ਵਕਤ ਦੇ ਮਾਰੇ ਮਨੁੱਖ ਵਾਂਗ ਝੁਕੀਆਂ ਖੜ੍ਹੀਆਂ ਹਨ। ਇਨ੍ਹਾਂ ਤੋਂ ਹਟਵੇਂ ਦੂਰ ਤੱਕ ਟਾਵੇਂ-ਟਾਵੇਂ ਟਿੱਬੇ ਵਿਖਾਈ ਦਿੰਦੇ ਹਨ, ਜਿਨ੍ਹਾਂ ਉਪਰ ਦੱਭ ਖੜ੍ਹੀ ਹੈ ਅਤੇ ਕੁਝ ਉਪਰ ਟਾਵਾਂ-ਟਾਵਾਂ ਨਰਮੇ ਦਾ ਬੂਟਾ ਕੁਮਲਾਇਆ ਖੜ੍ਹਾ, ਖੁਸ਼ਕ ਮੌਸਮ ਨੂੰ ਗਾਲ਼ਾਂ ਦਿੰਦਾ ਜਾਪਦਾ ਹੈ। ਕਦੇ ਕਿਸੇ ਟਿੱਬੇ 'ਤੇ ਬੇਰੀਆਂ ਥੱਲੇ ਬੈਠੇ ਰੋਝ ਖੇਤ ਦੇ ਮਾਲਕ ਬਣੇ ਬੈਠੇ ਹਨ। ਇਨ੍ਹਾਂ ਟਿੱਬਿਆਂ ਨੂੰ ਚੀਰਦੀ ਸੜਕ ਸੇਖ਼ਗੜ੍ਹ ਫਾਟਕ 'ਤੇ ਆ ਜਾਂਦੀ ਹੈ। ਫਾਟਕ ਟੱਪ ਕੇ ਫਾਟਕ ਦੀ ਕੋਠੀ ਹੈ। ਉਸਦੇ ਨਾਲ ਇਕ ਉੱਚਾ ਦਿਓ ਵਰਗਾ ਬੋਹੜ ਖੜ੍ਹਾ ਹੈ, ਜਿਸਦੇ ਆਲੇ-ਦੁਆਲੇ ਇੱਟਾਂ ਦਾ ਚੌਂਤਰਾ ਬਣਾ ਕੇ ਅੱਡੇ ਦਾ ਕੰਮ ਲਿਆ ਜਾਂਦਾ ਹੈ। ਇਸ ਤੋਂ ਸੱਜੇ ਪਾਸੇ ਝੀਲ ਵਰਗਾ ਟੋਭਾ ਹੈ ਤੇ ਖੱਬੇ ਪਾਸੇ ਪਿੰਡ ਵਸਿਆ ਹੋਇਆ ਹੈ। ਰੇਲ ਦੀ ਪਟੜੀ ਤੋਂ ਥੋੜ੍ਹਾ ਹਟਵਾਂ, ਇਕ ਚੌੜਾ ਪਹਾ ਪਿੰਡ ਉਪਰ ਦੀ ਗੇੜਾ ਦਿੰਦਾ ਦੁਬਾਰਾ ਇਸ ਅੱਡੇ 'ਤੇ ਆ ਜਾਂਦਾ ਹੈ। ਅੱਡੇ ਤੋਂ ਦਸ ਕੁ ਘਰ ਛੱਡ ਕੇ ਇਕ ਲੋਹੇ ਦੇ ਗੇਟਾਂ ਵਾਲੀ ਸ਼ਾਨਦਾਰ ਕੋਠੀ ਹੈ। ਗੇਟ ਦੀ ਇਕ ਨੁੱਕਰੇ ਪੱਥਰ ਦੀ ਸਲੈਬ ਲੱਗੀ ਹੈ, ਜਿਸ 'ਤੇ ਸੁਨਹਿਰੀ ਅੱਖਰਾਂ ਵਿਚ ਉਕਰਿਆ ਹੋਇਆ ਹੈ, 'ਸੂਬੇਦਾਰ ਹਰਬਖ਼ਸ਼ ਸਿੰਘ ਸੇਖ਼ਗੜ੍ਹ' ਕੋਠੀ ਦੇ ਅੰਦਰ ਜਾਂਦਿਆਂ ਇਕ ਨੁੱਕਰੇ ਲੰਬੀ ਖੁਰਲੀ 'ਤੇ ਝੋਟਿਆਂ ਵਰਗੀਆਂ ਮੱਝਾਂ ਖੜ੍ਹੀਆਂ ਹਨ। ਵਿਹੜੇ ਵਿਚ ਇਕ ਮੰਜਾ ਡੱਠਿਆ ਪਿਆ ਹੈ, ਜਿਸ ਉਪਰ ਗੁਰਮੀਤ ਲੰਬੀ ਪਈ ਹੈ। ਉਸਦੀਆਂ ਨਜ਼ਰਾਂ ਚੁਬਾਰੇ ਦੇ ਬਨੇਰੇ ਉਪਰ ਬੈਠੇ ਘੁੱਗੀਆਂ ਦੇ ਜੋੜੇ ਉਪਰ ਟਿਕੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਇਕ ਨਰ ਸੀ ਅਤੇ ਇਕ ਮਾਦਾ। ਕਦੇ ਇਹ ਜੋੜਾ ਕਿਸੇ ਅਗੰਮੀ ਲੋਰ 'ਚ ਆਪਣੀਆਂ ਚੁੰਝਾਂ ਟਕਰਾਉਣ ਲੱਗ ਪੈਂਦਾ ਅਤੇ ਕਦੇ ਇਕ-ਅੱਗੇ ਤੁਰ ਪੈਂਦਾ ਤੇ ਦੂਸਰਾ ਉਸਦੇ ਪਿੱਛੇ-ਪਿੱਛੇ। ਫਿਰ ਇਹ ਦੋਵੇਂ ਬੱਸ ਸਟੈਂਡ ਦੇ ਵੱਡੇ ਬੋਹੜ ਵੱਲ ਉਡਾਰੀ ਮਾਰ ਗਏ ਪਰ ਗੁਰਮੀਤ ਦੀ ਨਜ਼ਰ ਅਜੇ ਵੀ ਬਨੇਰੇ ਉਪਰ ਟਿਕੀ ਹੋਈ ਸੀ। ਸ਼ਾਇਦ ਉਸਨੂੰ ਅੱਜ ਵੀ ਪਹਿਲਾਂ ਵਾਂਗ ਕਿਸੇ ਦਾ ਧੁੰਦਲਾ ਜਿਹਾ ਚਿਹਰਾ ਨਜ਼ਰ ਆਉਣ ਲੱਗ ਪਿਆ ਸੀ, ਜੋ ਹੌਲੀ-ਹੌਲੀ ਕਿਸੇ ਜਾਣੇ-ਪਹਿਚਾਣੇ ਨਕਸ਼ਾਂ ਵਿਚ ਬਦਲ ਜਾਂਦਾ। ਗੁਰਮੀਤ ਨੂੰ ਖ਼ੁਦ ਨੂੰ ਨਹੀਂ ਪਤਾ ਸੀ ਕਿ ਇਹ ਚਿਹਰਾ ਉਸਦੀਆਂ ਅੱਖਾਂ ਅੱਗੇ ਕਿਉਂ ਆ ਜਾਂਦਾ ਹੈ? ਸ਼ਾਇਦ ਕੋਈ ਅਦਮੀ ਉਸਦੀ ਇਜਾਜ਼ਤ ਲਏ ਬਿਨਾਂ ਚੋਰ ਮੋਰੀ ਰਾਹੀਂ ਉਸਦੇ ਦਿਲ ਵਿਚ ਉਤਰ ਰਿਹਾ ਸੀ। ਉਹ ਆਪਣੇ ਦਿਲ ਦੇ ਉਲਟ ਇਸ ਚਿਹਰੇ ਨੂੰ ਪਹਿਚਾਣਨ ਤੋਂ ਇਨਕਾਰ ਕਰਕੇ ਕਿਸੇ ਹੋਰ ਕੰਮ ਵਿਚ

ਰੁੱਝ ਜਾਂਦੀ। ਇਸੇ ਤਰ੍ਹਾਂ ਅੱਜ ਵੀ ਗੁਰਮੀਤ ਆਪਣੇ ਦਿਲ ਦੀਆਂ ਹੇਠਲੀਆਂ ਪਰਤਾਂ ਵਿਚ ਉਤਰ ਗਏ ਇਸ ਚਿਹਰੇ ਨੂੰ ਅੱਖੋਂ-ਪਰੋਖੇ ਕਰਦੀ ਕਾਲਜ ਜਾਣ ਲਈ ਮੰਜੇ ਤੋਂ ਉਠ ਕੇ ਨਹਾਉਣ ਚਲੀ ਗਈ।

ਗੁਰਮੀਤ ਦਾ ਕਾਲਜ ਵਿਚ ਅੱਜ ਦਸਵਾਂ ਦਿਨ ਸੀ। ਇਨ੍ਹਾਂ ਦਸਾਂ ਦਿਨਾਂ ਵਿਚ ਉਹ ਥੋੜ੍ਹੀ-ਥੋੜ੍ਹੀ ਕਿਸੇ ਦੇ ਸੁਹੱਪਣ ਵੱਲ, ਸਾਊਪੁਣੇ ਵੱਲ ਖਿੱਚੀ ਜਾ ਰਹੀ ਸੀ। ਉਸਦੀਆਂ ਨਜ਼ਰਾਂ ਲੁਕ-ਲੁਕ ਕੇ ਰੋਜ਼ ਕਿਸੇ ਦੀ ਉਡੀਕ ਕਰਦੀਆਂ। ਕਿਸੇ ਦੇ ਆਉਣ 'ਤੇ ਖੁਸ਼ ਹੁੰਦੀਆਂ ਤੇ ਨਾ ਆਉਣ 'ਤੇ ਉਦਾਸੀ ਵਿਚ ਮੁਰਝਾ ਜਾਂਦੀਆਂ। ਅੱਜ ਕਿੰਨਾ ਚਿਰ ਉਹ ਚੋਰੀ-ਚੋਰੀ ਆਪਣੇ ਮਹਿਰਮ ਨੂੰ ਉਡੀਕਦੀ ਰਹੀ ਸੀ। ਉਸਦੀਆਂ ਮਸੋਸੀਆਂ ਨਜ਼ਰਾਂ ਨੇ ਸਾਰਾ ਕਾਲਜ ਗਾਹ ਮਾਰਿਆ ਪਰ ਉਸਦੀ ਝਲਕ ਸਾਰੇ ਕਾਲਜ ਵਿਚ ਕਿਤੇ ਨਾ ਲੱਭੀ। ਉਹ ਉਦਾਸੀ ਦੀ ਦਲਦਲ ਵਿਚੋਂ ਪੈਰ ਘਸੀਟਦੀ ਕੰਟੀਨ ਵੱਲ ਤੁਰ ਪਈ। ਕੰਟੀਨ ਅੰਦਰ ਜਾਣ ਸਾਰ ਉਸਨੇ ਸਾਰੇ ਮੁੰਡੇ ਕੁੜੀਆਂ ਉਪਰ ਤਰਦੀ ਨਜ਼ਰ ਫੇਰੀ ਪਰ ਉਸਦੀਆਂ ਅੱਖਾਂ ਇਥੇ ਵੀ ਉਦਾਸੀ ਵਿਚ ਗੋਤੇ ਖਾ ਗਈਆਂ। ਉਹ ਇਕ ਕੱਪ ਚਾਹ ਦਾ ਆਰਡਰ ਕਰਕੇ ਖੂੰਜੇ ਵਿਚ ਖਾਲੀ ਪਏ ਡੈਕਸ ਉਪਰ ਜਾ ਬੈਠੀ ਅਤੇ ਲਾਇਬਰੇਰੀ 'ਚੋਂ ਕਢਵਾਈ ਕਿਤਾਬ ਦੇ ਪੇਜ਼ ਬਿਨਾਂ ਪੜ੍ਹੇ ਹੀ ਪਲਟ-ਪਲਟ ਵੇਖਣ ਲੱਗ ਪਈ।

''ਗੁਰਮੀਤ ਸਾਇਡ ਦਿਓਂਗੇ ਥੋੜ੍ਹਾ ਜਾ?'' ਕਿਸੇ ਨੇ ਬੇਧਿਆਨ ਪੇਜ਼ ਫਰੋਲ ਰਹੀ ਗੁਰਮੀਤ ਨੂੰ ਕਿਹਾ।

''ਓਹ ਤੁਸੀਂ! ਆਓ ਬੈਠੋ।'' ਗੁਰਮੀਤ ਭਗਵਾਨ ਨੂੰ ਵੇਖ ਕੇ ਖਿੜ ਉਠੀ। ''ਤੁਸੀਂ ਮੇਰਾ ਨਾਮ ਕਿਵੇਂ ਜਾਣਦੇ ਓਂ?'' ਉਸਨੇ ਇਕ ਪਾਸੇ ਹੋ ਕੇ ਭਗਵਾਨ ਨੂੰ ਬੈਠਣ ਲਈ ਥਾਂ ਦੇ ਦਿੱਤੀ।

''ਜਿਸ ਦਿਨ ਆਪਾਂ ਫਾਰਮ ਭਰਨ ਆਏ ਸੀ, ਉਸ ਦਿਨ ਦੇਖਿਆ ਸੀ ਤੇਰੇ ਫਾਰਮ ਤੋਂ।'' ਭਗਵਾਨ ਗੁਰਮੀਤ ਨਾਲ ਬੈਠ ਗਿਆ।

''ਅੱਛਿਆ! ਯਾਦ ਐ ਓਦੋਂ ਦਾ?'' ਗੁਰਮੀਤ ਨੂੰ ਖ਼ੁਸ਼ੀ ਤੇ ਹੈਰਾਨੀ ਹੋਈ ਕਿ ਇੰਨੇ ਸਮੇਂ ਤੋਂ ਉਹ ਮੇਰਾ ਨਾਮ ਨਹੀਂ ਭੁੱਲਿਆ, ''ਤੁਸੀਂ ਆਪਣਾ ਨਾਮ ਦੱਸਿਆ ਨੀ ਫੇਰ।''

''ਤੁਸੀਂ ਕਿਹੜਾ ਪੁੱਛਿਐ।''

''ਹੁਣ ਪੁੱਛ ਲੈਨੇ ਆਂ ਜੀ।'' ਗੁਰਮੀਤ ਦੇ ਕਹਿਣ 'ਤੇ ਦੋਵੇਂ ਹਲਕਾ ਜਿਹਾ ਮੁਸਕਰਾ ਪਏ। ਕੰਟੀਨ ਵਾਲਾ ਦੋਵਾਂ ਦੀ ਚਾਹ ਰੱਖ ਗਿਆ।

''ਮੇਰਾ ਨਾਮ ਐ ਭਗਵਾਨ। ਵੈਸੇ ਭਾਗੂ ਕਹਿੰਦੇ ਨੇ ਤੇ ਪਿੰਡ ਮੇਰਾ ਸ਼ਾਂਤਪੁਰ ਐ। ਗੁਰਮੀਤ ਤੁਹਾਡਾ ਕਿਹੜਾ ਪਿੰਡ ਐ?'' ਭਗਵਾਨ ਨੂੰ ਆਪਣਾ ਪਿੰਡ ਦੱਸਣ 'ਤੇ ਗੁਰਮੀਤ ਦੇ ਪਿੰਡ ਦਾ ਚੇਤਾ ਆ ਗਿਆ।

''ਮੇਰਾ ਪਿੰਡ ਐ ਸੇਖ਼ਗੜ੍ਹ।'' ਕੁੜੀ ਨੇ ਕਿਹਾ।

''ਸੇਖ਼ਗੜ੍ਹ!'' ਖ਼ੁਸ਼ੀ ਅਤੇ ਹੈਰਾਨੀ ਦੀਆਂ ਤਿਊੜੀਆਂ ਨੇ ਭਗਵਾਨ ਦਾ ਮੱਥਾ ਘੁੱਟ ਲਿਆ, ''ਉਥੇ ਤਾਂ ਮੇਰੇ ਦੋਸਤ ਦੀ ਭੂਆ ਐ। ਮੈਂ ਵੀ ਜਾ ਕੇ ਆਇਆਂ ਇਕ-ਦੋ ਵਾਰੀ।''

''ਹੁਣ ਆ ਜਾਇਓ।''

''ਜੇ ਬੁਲਾਉਂਗੇ ਜ਼ਰੂਰ ਆਵਾਂਗੇ।''

''ਅਸੀਂ ਤਾਂ ਬੁਲਾ ਲਵਾਂਗੇ, ਤੁਸੀਂ ਨੀ ਆਉਣਾ ਫੇਰ।'' ਗੁਰਮੀਤ ਭਗਵਾਨ ਨੂੰ ਭਾਂਡੇ ਵਾਂਗ ਠਕੋਰ-ਠਕੋਰ ਵੇਖ ਰਹੀ ਸੀ, ਕਿਤੇ ਕੱਚਾ ਈ ਨਾ ਹੋਵੇ।

''ਹੁਣੇ ਲੈ ਚੱਲ ਬੇਸ਼ੱਕ।'' ਭਗਵਾਨ ਆਪਣੀ ਕਹਿਣੀ ਤੇ ਕਰਨੀ ਦਾ ਸਬੂਤ ਦੇ ਗਿਆ।

''ਚਲੋ ਮੰਨਿਆ ਤੁਹਾਨੂੰ, ਜਿਸ ਦਿਨ ਮੌਕਾ ਆਇਆ ਵੇਖਾਂਗੇ।'' ਗੁਰਮੀਤ ਨੂੰ ਭਗਵਾਨ ਉਪਰ ਸੱਚਮੁੱਚ ਹੀ ਯਕੀਨ ਆ ਗਿਆ ਸੀ। ਦੋਵਾਂ ਨੇ ਚਾਹ ਪੀ ਲਈ। ਭਗਵਾਨ ਨੇ ਘੜੀ ਉਪਰ ਨਜ਼ਰ ਮਾਰੀ। ''ਚੰਗਾ ਆ ਚੱਲੀਏ, ਪੰਜਾਬੀ ਦੇ ਪੀਰੀਅਡ ਦਾ ਟਾਈਮ ਹੋ ਗਿਆ।'' ਗੁਰਮੀਤ ਨੇ ਮੱਲੋ-ਮੱਲੀ ਚਾਹ ਦੇ ਪੈਸੇ ਆਪ ਦੇ ਦਿੱਤੇ। ਦੋਵੇਂ ਪੀਰੀਅਡ ਲਾਉਣ ਚੱਲ ਪਏ।

-0-

ਅੱਜ ਕਾਲਜ ਵਿਚ ਕਾਫ਼ੀ ਰੌਣਕ ਸੀ। ਆਡੋਟੋਰੀਅਮ ਨੂੰ ਦੁਲਹਨ ਵਾਂਗ ਸਜਾਇਆ ਗਿਆ। ਹੇਠਾਂ ਦਰੀਆਂ ਵਿਛਾਈਆਂ ਗਈਆਂ। ਆਲੇ-ਦੁਆਲੇ ਲੈਕਚਰਾਰਾਂ ਲਈ ਕੁਰਸੀਆਂ ਸਜਾ ਦਿੱਤੀਆਂ ਅਤੇ ਕੁਝ ਕੁਰਸੀਆਂ ਖਾਸ ਮਹਿਮਾਨਾਂ ਲਈ ਸਟੇਜ ਉਪਰ ਰੱਖ ਦਿੱਤੀਆਂ। ਜੱਜਾਂ ਦੀਆਂ ਕੁਰਸੀਆਂ ਸਟੇਜ ਦੇ ਸਾਹਮਣੇ ਇਕ ਪਾਸੇ ਇਸ ਤਰ੍ਹਾਂ ਕਰਕੇ ਲਗਾ ਦਿੱਤੀਆਂ, ਜਿਥੋਂ ਉਹ ਭਾਗ ਲੈਣ ਵਾਲਿਆਂ ਦੀ ਪੇਸ਼ਕਾਰੀ ਵੀ ਵੇਖ ਸਕਣ ਅਤੇ ਦਰਸ਼ਕਾਂ ਨੂੰ ਵੇਖਣ ਵਿਚ ਵੀ ਕੋਈ ਅੜਚਣ ਨਾ ਆਵੇ। ਸਾਰੇ ਆਡੋਟੋਰੀਅਮ ਦੀਆਂ ਅੰਦਰਲੀਆਂ ਕੰਧਾਂ ਦੇ ਆਲੇ-ਦੁਆਲੇ ਵੀ ਚੰਗੀ ਸਜਾਵਟ ਕੀਤੀ ਗਈ। ਕਾਲਜ ਪੜ੍ਹਦੇ ਮੁੰਡੇ-ਕੁੜੀਆਂ ਬਗੀਚੇ 'ਚ ਖਿੜੇ ਰੰਗ-ਬਿਰੰਗੇ ਫੁੱਲਾਂ ਵਰਗੇ ਕੱਪੜਿਆਂ 'ਚ ਸਜੇ ਤਿਤਲੀਆਂ ਵਾਂਗ ਘੁੰਮ ਰਹੇ ਸਨ। ਕਵਿਤਾ ਗਾਇਨ ਮੁਕਾਬਲੇ ਦਾ ਸਮਾਂ ਦਸ ਵਜੇ ਰੱਖਿਆ ਗਿਆ ਸੀ ਪਰ ਜੱਜ ਕਿਤੇ ਸਾਢੇ ਦਸ ਵਜੇ ਆਏ। ਉਨ੍ਹਾਂ ਦੇ ਆਉਂਦਿਆਂ ਹੀ ਮੁੰਡੇ-ਕੁੜੀਆਂ ਵਿਛੀਆਂ ਦਰੀਆਂ ਉਪਰ ਆ ਕੇ ਬੈਠਣ ਲੱਗ ਪਏ।

ਆਡੋਟੋਰੀਅਮ ਦੇ ਗੇਟ ਅੱਗੇ ਭਗਵਾਨ ਨੂੰ ਗੁਰਮੀਤ ਮਿਲ ਪਈ।

''ਤੁਸੀਂ ਲਓਗੇ ਭਾਗ ਮੁਕਾਬਲੇ 'ਚ?'' ਗੁਰਮੀਤ ਨੇ ਭਗਵਾਨ ਦੇ ਨੇੜੇ ਜਾ ਕੇ ਪੁੱਛਿਆ।

''ਲਈਏ?''

''ਜ਼ਰੂਰ ਲਓ।''

''ਜੇ ਤੁਸੀਂ ਕਹਿੰਦੇ ਓਂ ਤਾਂ ਜ਼ਰੂਰ ਭਾਗ ਲਵਾਂਗੇ।''

''ਸਾਡੇ ਕਹੇ ਤੋਂ ਕੌਣ ਲੈਂਦੈ, ਨਾਮ ਤਾਂ ਤੁਸੀਂ ਸਾਰਿਆਂ ਤੋਂ ਪਹਿਲਾਂ ਲਿਖਵਾਈ ਫਿਰਦੇ ਓ।''

''ਤੁਹਾਨੂੰ ਕਿਵੇਂ ਪਤੈ?'' ਭਗਵਾਨ ਨੂੰ ਖੁਸ਼ੀ ਭਰੀ ਹੈਰਾਨੀ ਹੋਈ ਕਿ ਉਸਦੇ ਭਾਗ ਲੈਣ ਬਾਰੇ ਗੁਰਮੀਤ ਨੂੰ ਪਤਾ ਹੈ।

''ਮੈਂ ਮੇਰੀ ਸਹੇਲੀ ਅਮਨ ਤੋਂ ਪੁੱਛਿਆ ਸੀ ਸਾਰੇ ਭਾਗ ਲੈਣ ਵਾਲਿਆਂ ਦੇ ਨਾਮ।''

''ਓਹ ਵੀ ਲਊ ਭਾਗ?''

''ਹਾਂ।''

''ਚਲੋ ਦੇਖਦੇ ਆਂ ਫੇਰ ਕੀ ਬਣਦੈ।'' ਭਗਵਾਨ ਤੇ ਗੁਰਮੀਤ ਅੰਦਰ ਦਰੀਆਂ ਉਪਰ ਜਾ ਬੈਠੇ।

ਸਟੇਜ ਸੈਕਟਰੀ ਨੇ ਸਟੇਜ ਸੰਭਾਲਦਿਆਂ ਕਹਿਣਾ ਸ਼ੁਰੂ ਕੀਤਾ, ''ਸਭ ਤੋਂ ਪਹਿਲਾਂ ਮੈਂ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਇਥੇ ਪਹੁੰਚੇ ਜੱਜ ਸਹਿਬਾਨਾਂ, ਪ੍ਰਿੰਸੀਪਲ ਡਾ: ਹਰਨਾਮ ਸਿੰਘ, ਸਮੂਹ ਸਟਾਫ਼ ਅਤੇ ਬਹੁਤ ਹੀ ਪਿਆਰੇ ਵਿਦਿਆਰਥੀਆਂ ਦਾ ਧੰਨਵਾਦ ਕਰਦਾ ਹਾਂ। ਆਪਾਂ ਜੋ ਹਰ ਸਾਲ ਕਵਿਤਾ ਗਾਇਨ ਮੁਕਾਬਲਾ ਕਰਵਾਉਂਦੇ ਹਾਂ, ਉਹ ਸ਼ੁਭ ਦਿਨ ਅੱਜ ਫਿਰ ਆਇਆ ਹੈ। ਇਸ ਵਾਰ ਇਸ ਮੁਕਾਬਲੇ ਵਿਚ ਵੀਹ ਵਿਦਿਆਰਥੀ ਭਾਗ ਲੈ ਰਹੇ ਹਨ। ਵਿਦਿਆਰਥੀਆਂ ਨੂੰ ਦੱਸ ਦੇਈਏ ਕਿ ਜੋ ਵਿਦਿਆਰਥੀ ਆਪਣੀ ਮੌਲਿਕ ਕਵਿਤਾ ਬੋਲੇਗਾ, ਉਸਦੇ ਅਲੱਗ ਨੰਬਰ ਦਿੱਤੇ ਜਾਣਗੇ। ਸਮਾਂ ਬਹੁਤ ਹੋ ਗਿਆ ਹੈ। ਇਸ ਲਈ ਮੈਂ ਹੋਰ ਸਮਾਂ ਨਾ ਲੈਂਦਾ ਹੋਇਆ ਸਭ ਤੋਂ ਪਹਿਲਾਂ ਸੱਦਾ ਦਿੰਦਾ ਹਾਂ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਅਮਨਦੀਪ ਕੌਰ ਨੂੰ ਕਿ ਉਹ ਆਪਣੀ ਰਚਨਾ ਲੈ ਕੇ ਸਟੇਜ 'ਤੇ ਆਵੇ।''

ਅਮਨਦੀਪ ਨੇ ਪਹਿਲਾਂ ਕਵਿਤਾ ਦੀ ਚੰਗੀ ਭੂਮਿਕਾ ਬੰਨ੍ਹੀ ਤੇ ਫਿਰ ਬੜੀ ਹੀ ਸੁਰੀਲੀ ਆਵਾਜ਼ ਵਿਚ ਕਵਿਤਾ ਬੋਲੀ। ਕਵਿਤਾ ਖ਼ਤਮ ਹੁੰਦਿਆਂ ਹੀ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਸ ਤੋਂ ਬਾਅਦ ਸੁਖਜੀਤ ਦੀ ਵਾਰੀ ਆਈ। ਫਿਰ

ਡਿੰਪਲ, ਮਹਿੰਦਰ, ਰੇਨੂੰ, ਕਰਮਜੀਤ ਤੇ ਬਲਜੀਤ। ਬਲਜੀਤ ਤੋਂ ਬਾਅਦ ਫਿਰ ਸਟੇਜ ਸੈਕਟਰੀ ਨੇ ਸਟੇਜ ਸੰਭਾਲੀ, ''ਦੋਸਤੋ, ਸਭ ਨੂੰ ਆਪਣਾ ਸੱਜਣ ਅਰਸ਼ੋਂ ਉਤਰਿਆ ਲਗਦਾ ਹੈ। ਕੋਈ ਆਪਣੇ ਸੱਜਣ ਦੀ ਤੁਲਨਾ ਫੁੱਲਾਂ ਨਾਲ ਕਰਦਾ ਹੈ। ਕੋਈ ਚੰਨ-ਤਾਰਿਆਂ ਨਾਲ ਤੇ ਕਿਸੇ ਨੂੰ ਉਹ ਸੂਰਜਾਂ ਦਾ ਜਾਇਆ ਮਹਿਸੂਸ ਹੁੰਦਾ ਹੈ। ਕਿਸੇ ਦਾ ਸੱਜਣ ਚਾਹੇ ਕਿਹੋ ਜਿਹਾ ਵੀ ਹੋਵੇ ਪਰ ਉਸਨੂੰ ਉਹ ਸਾਰੇ ਜੱਗ ਤੋਂ ਨਿਆਰਾ ਹੀ ਲੱਗੇਗਾ। ਕਹਿੰਦੇ ਹਨ ਕਿ ਇਕ ਵਾਰੀ ਮਜਨੂੰ ਨੂੰ ਕਿਸੇ ਨੇ ਮਿਹਣਾ ਮਾਰ ਦਿੱਤਾ ਕਿ ਤੇਰੀ ਲੈਲਾ ਸੋਹਣੀ ਨਹੀਂ ਤਾਂ ਉਸਨੇ ਜਵਾਬ ਦਿੱਤਾ ਕਿ ਤੁਸੀਂ ਮੇਰੀਆਂ ਅੱਖਾਂ ਨਾਲ ਵੇਖ ਕੇ ਵੇਖੋ, ਸਾਰੇ ਜਹਾਨ ਤੋਂ ਸੋਹਣੀ ਲੱਗੇਗੀ। ਸੋ ਦੋਸਤੋ, ਆਪਣੇ ਸੱਜਣ ਦੇ ਹੁਸਨ, ਸਾਦਗੀ ਦੀ ਮਹਿਮਾ ਗਾਉਂਦੀ ਆਪਣੀ ਮੌਲਿਕ ਰਚਨਾ ਲੈ ਕੇ ਆ ਰਹੇ ਨੇ ਭਗਵਾਨ ਸਿੰਘ।'' ਜਦੋਂ ਭਗਵਾਨ ਸਟੇਜ 'ਤੇ ਚੜ੍ਹਿਆ ਤਾਂ ਗੁਰਮੀਤ ਨੇ ਜ਼ੋਰ-ਜ਼ੋਰ ਦੀ ਤਾੜੀਆਂ ਮਾਰੀਆਂ। ਭਗਵਾਨ ਨੇ ਸਟੇਜ ਉਪਰ ਜਾ ਕੇ ਸਭ ਤੋਂ ਪਹਿਲਾਂ ਸਾਰੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਫਿਰ ਪੂਰੀ ਲੈਅ-ਤਾਲ ਵਿਚ ਆਪਣੀ ਕਵਿਤਾ ਗਾਉਣ ਲੱਗਿਆ,

'ਸੱਜਣ ਸਾਡੇ ਹੁਸਨ ਪਟਾਰੀ,<br>
ਪਰੀਆਂ ਦੀ ਉਹ ਜਾਈ<br>
ਤੱਕ ਹੁਸਨ ਨੂੰ ਚੰਨ-ਚਾਨਣੀ<br>
ਹੇਠੀ ਵਿਚ ਸ਼ਰਮਾਈ....।<br>
ਸੱਜਣ ਸਾਡੇ ਫੁੱਲ ਸੁਗੰਧੀਆਂ,<br>
ਸਭ ਕੂਟੀਂ ਮਹਿਕਾਈ<br>
ਭੌਰੇ ਆਏ ਝਲਕੀ ਵੇਖਣ,<br>
ਬਾਗੀਂ ਪਈ ਦੁਹਾਈ....।<br>
......

ਭਗਵਾਨ ਅੱਖਾਂ ਮੀਚੀ ਦਿਲੋਂ ਉਚਾਰਨ ਕਰਦਾ ਰਿਹਾ। ਸਾਰਾ ਹਾਲ ਸੁੰਨ ਹੋਇਆ ਉਸਦੇ ਬੋਲਾਂ ਨਾਲ ਹੀ ਵਹਿ ਤੁਰਿਆ ਸੀ। ਜਦੋਂ ਕਵਿਤਾ ਖ਼ਤਮ ਹੋਈ ਤਾਂ ਸਾਰੇ ਇਸ ਤਰ੍ਹਾਂ ਤ੍ਰਭਕ ਪਏ, ਜਿਵੇਂ ਸੁਪਨੇ ਵਿਚੋਂ ਜਾਗ ਪਏ ਹੋਣ। ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ।

ਵਾਰੀ-ਵਾਰੀ ਸਾਰੇ ਵਿਦਿਆਰਥੀ ਆਪਣੀ-ਆਪਣੀ ਕਵਿਤਾ ਬੋਲ ਕੇ ਚਲੇ ਗਏ। ਸਟੇਜ ਸੈਕਟਰੀ ਜੱਜਾਂ ਤੋਂ ਨਤੀਜਾ ਲੈ ਕੇ ਸਟੇਜ 'ਤੇ ਆਇਆ, ''ਦੋਸਤੋ, ਜਿਸਦਾ ਤੁਸੀਂ ਹੁਣ ਤੱਕ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹੋ, ਉਹ ਨਤੀਜਾ ਤੁਹਾਡੇ ਸਾਹਮਣੇ ਲੈ ਕੇ ਆਉਣਗੇ ਸਾਡੇ ਜੱਜ ਸਹਿਬਾਨ ਗੁਰਕੀਰਤ ਸਿੰਘ ਖਹਿਰਾ ਜੀ।''

ਖਹਿਰੇ ਨੇ ਆ ਕੇ ਸਟੇਜ ਸੰਭਾਲੀ, ''ਵਿਦਿਆਰਥੀਓ ਮੈਨੂੰ ਬੜੀ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਕਵਿਤਾ ਗਾਇਨ ਮੁਕਾਬਲਾ ਕਰਵਾਉਣ ਦੀ ਪਰੰਪਰਾ ਹਰ ਸਾਲ ਨਿਭਾਉਂਦੇ ਆ ਰਹੇ ਹੋ। ਜੋ ਅੱਜ ਇਥੇ ਕਵਿਤਾਵਾਂ ਬੋਲੀਆਂ ਗਈਆਂ, ਉਹ ਤੁਹਾਡਾ ਇਕ ਚੰਗੇ ਲੇਖਕ ਬਣਨ ਦਾ ਸੁਨੇਹਾ ਦਿੰਦੀਆਂ ਹਨ। ਪਿਆਰੇ ਵਿਦਿਆਰਥੀਓ! ਅਸਲ ਵਿਚ ਤਾਂ ਸਭ ਤੋਂ ਵੱਡੇ ਜੱਜ ਦਰਸ਼ਕ ਹੁੰਦੇ ਹਨ, ਜਿਹੜੇ ਆਪਣੀਆਂ ਤਾੜੀਆਂ ਨਾਲ ਫੈਸਲਾ ਕਰ ਦਿੰਦੇ ਹਨ ਪਰ ਫਿਰ ਵੀ ਕਵਿਤਾ ਦੇ ਕੁਝ ਨਿਯਮ ਹਨ, ਜਿਨ੍ਹਾਂ ਨੂੰ ਮੁੱਖ ਰੱਖ ਕੇ ਨਤੀਜਾ ਤਿਆਰ ਕਰਨਾ ਪੈਂਦਾ ਹੈ। ਸਾਨੂੰ ਇਥੇ ਨਤੀਜਾ ਤਿਆਰ ਕਰਨ ਵਿਚ ਬੜੀ ਮੁਸ਼ਕਿਲ ਆਈ ਕਿਉਂਕਿ ਤੁਹਾਡੇ ਵਿਚ ਬਹੁਤ ਹੀ ਚੰਗੀ ਕਵਿਤਾ ਲਿਖੀ ਤੇ ਬੋਲੀ ਗਈ ਪਰ ਫਿਰ ਵੀ ਕੁਝ ਫ਼ਰਕ ਕੱਢ ਕੇ ਨਤੀਜਾ ਤਿਆਰ ਹੈ। ਤੀਸਰੇ ਸਥਾਨ 'ਤੇ ਸਾਨੂੰ ਤਿੰਨ ਵਿਦਿਆਰਥੀ ਰੱਖਣੇ ਪਏ, ਜਿਨ੍ਹਾਂ ਵਿਚ ਰੇਨੂੰ, ਕਰਮਾ ਤੇ ਬਲਵਿੰਦਰ ਹਨ।''

ਸਾਰੇ ਹਾਲ ਵਿਚੋਂ ਜੋਰ ਦੀਆਂ ਤਾੜੀਆਂ ਵੱਜੀਆਂ। ਤਿੰਨੋਂ ਵਿਦਿਆਰਥੀ ਆਪਣਾ ਇਨਾਮ ਲੈ ਕੇ ਬੈਠ ਗਏ।

''ਦੂਸਰੇ ਨੰਬਰ 'ਤੇ ਰਿਹਾ ਹੈ ਤਰਸੇਮ ਸਿੰਘ। ਤੇ ਹੁਣ ਪਹਿਲੇ ਨੰਬਰ ਦੀ ਵਾਰੀ। ਪਹਿਲੇ ਨੰਬਰ 'ਤੇ ਵੀ ਸਾਨੂੰ ਦੋ ਵਿਦਿਆਰਥੀ ਚੁਣਨੇ ਪਏ। ਪਹਿਲਾ ਨਾਮ ਹੈ ਅਮਨਦੀਪ ਕੌਰ ਤੇ ਅਗਲਾ ਨਾਮ ਹੈ ਭਗਵਾਨ ਸਿੰਘ।'' ਤਾੜੀਆਂ ਦੇ ਸ਼ੋਰ ਵਿਚ ਦੋਵਾਂ ਨੇ ਆਪਣੇ-ਆਪਣੇ ਇਨਾਮ ਪ੍ਰਾਪਤ ਕੀਤੇ। ਗੁਰਮੀਤ ਨੇ ਤਾੜੀਆਂ ਮਾਰ-ਮਾਰ ਆਪਣੇ ਹੱਥ ਲਾਲ ਕਰ ਲਏ। ਸਾਰੇ ਵਿਦਿਆਰਥੀ ਆਪਣੇ ਜੇਤੂ ਦੋਸਤਾਂ ਨੂੰ ਵਧਾਈ ਦੇਣ ਲੱਗ ਪਏ। ਤਿੰਨ ਵਜੇ ਤੱਕ ਪ੍ਰੋਗਰਾਮ ਖ਼ਤਮ ਹੋ ਗਿਆ। ਭਗਵਾਨ ਆਪਣਾ ਇਨਾਮ ਲੈ ਕੇ ਆਡੋਟੋਰੀਅਮ ਤੋਂ ਬਾਹਰ ਆ ਗਿਆ।

''ਵਧਾਈਆਂ ਭਾਗੂ।'' ਗੁਰਮੀਤ ਤੇ ਅਮਨ ਨੇ ਦੋ ਮੁੰਡਿਆਂ ਨਾਲ ਤੁਰੇ ਜਾਂਦੇ ਭਗਵਾਨ ਨੂੰ ਪਿੱਛੋਂ ਆ ਕਿਹਾ।

''ਤੁਹਾਨੂੰ ਵੀ ਬਹੁਤ-ਬਹੁਤ ਵਧਾਈਆਂ, ਕਮਾਲ ਕਰਤੀ ਅਮਨ ਜੀ ਤੁਸੀਂ।'' ਭਗਵਾਨ ਨੇ ਸਤਿਕਾਰ ਵਜੋਂ ਅਮਨਦੀਪ ਦੀ ਤਾਰੀਫ਼ ਕੀਤੀ।

''ਅਸੀਂ ਕਿਹੜਾ ਕਿਸੇ ਦੇ ਧੀ-ਪੁੱਤ ਤੋਂ ਘੱਟ ਆਂ।'' ਅਮਨਦੀਪ ਨੇ ਖੁਸ਼ੀ ਵਿਚ ਛਾਤੀ ਤਾਣ ਲਈ ਤੇ ਸ਼ਰਾਰਤੀ ਅੱਖਾਂ ਭਗਵਾਨ ਦੇ ਚਿਹਰੇ 'ਤੇ ਗੱਡ ਦਿੱਤੀਆਂ।

''ਭਾਗੂ ਜੀ, ਅੱਜ ਮੈਂ ਤੁਹਾਨੂੰ ਇਕ ਹੋਰ ਤੋਹਫ਼ਾ ਦੇਣੈ।'' ਗੁਰਮੀਤ ਕੰਬਦੇ ਜਿਹੇ ਦਿਲ ਨਾਲ ਕਹਿ ਗਈ। ਉਸਨੂੰ ਯਕੀਨ ਸੀ ਕਿ ਭਗਵਾਨ ਉਸਦਾ ਤੋਹਫ਼ਾ ਮਨਜ਼ੂਰ ਕਰ ਲਵੇਗਾ।

''ਲਿਆਓ ਜਲਦੀ ਦਿਓ ਜੀ ਫੇਰ।'' ਭਗਵਾਨ ਨੇ ਆਪਣਾ ਇਕ ਹੱਥ ਗੁਰਮੀਤ ਅੱਗੇ ਵਧਾ ਦਿੱਤਾ।

''ਇਥੇ ਨੀ ਮਿਲਦਾ ਤੋਹਫ਼ਾ, ਕੀ ਪਤੈ ਸਭ ਦੇ ਸਾਹਮਣੇ ਲੈਣ ਤੋਂ ਇਨਕਾਰ ਕਰ ਦੇਂ। ਚੱਲ ਇਧਰ ਚਲਦੇ ਆਂ।'' ਗੁਰਮੀਤ ਭਗਵਾਨ ਤੇ ਅਮਨ ਨੂੰ ਸਫੈਦਿਆਂ ਵਿਚਕਾਰ ਬਣੀ ਚੌਕੜੀ ਵੱਲ ਲੈ ਗਈ।

''ਅਜਿਹਾ ਕਿਹੜਾ ਤੋਹਫ਼ੈ, ਜਿਹੜਾ ਇਥੇ ਦਿੱਤਾ ਜਾਵੇਗਾ?'' ਭਗਵਾਨ ਹੈਰਾਨ ਸੀ।

''ਮੈਂ....ਮੈਂ....ਮੈਂ....ਤੈਨੂੰ ਪਿਆਰ ਕਰਦੀ ਆਂ।'' ਗੁਰਮੀਤ ਨੇ ਬਿਨਾਂ ਹੋਰ ਕੁਝ ਬੋਲੇ ਕਾਹਲੀ ਨਾਲ ਕਹਿ ਦਿੱਤਾ।

''ਕੀ?'' ਭਗਵਾਨ ਦੀਆਂ ਹੈਰਾਨੀ ਵਿਚ ਪ੍ਰਸ਼ਨ ਚਿੰਨ੍ਹ ਬਣੀਆਂ ਅੱਖਾਂ ਗੁਰਮੀਤ ਦੇ ਚਿਹਰੇ ਤੋਂ ਸੱਚ ਭਾਲਣ ਲੱਗ ਪਈਆਂ।

''ਹਾਂ ਭਾਗੂ, ਮੈਂ ਤੁਹਾਨੂੰ ਬਹੁਤ ਚਾਹੁੰਨੀ ਆਂ। ਮਾਰ ਭਾਵੇਂ ਛੱਡ।'' ਗੁਰਮੀਤ ਨੇ ਚਿਹਰਾ ਦਰਵੇਸ਼ਾਂ ਵਾਂਗ ਬਣਾ ਲਿਆ।

''ਪਰ ਮੈਂ ਤਾਂ ਤੁਹਾਨੂੰ ਆਪਣੀ ਦੋਸਤ ਸਮਝਿਆ ਸੀ।''

''ਮੈਂ ਤੁਹਾਨੂੰ ਆਪਣਾ ਰੱਬ ਮੰਨਿਐ।'' ਗੁਰਮੀਤ ਨੇ ਭਗਵਾਨ ਦਾ ਹੱਥ ਫੜ ਲਿਆ।

''ਮੇਰੇ ਨਾਲ ਪਹਿਲਾਂ ਧੋਖਾ ਹੋ ਚੁੱਕਿਐ। ਮੈਂ ਨੀ ਚਾਹੁੰਦਾ ਵਾਰ-ਵਾਰ ਮੇਰੇ ਨਾਲ ਇਹੀ ਹੋਵੇ।'' ਭਗਵਾਨ ਦੀਆਂ ਅੱਖਾਂ ਅੱਗੇ ਕਿਰਨਾ ਦਾ ਬੇਵਫ਼ਾ ਚਿਹਰਾ ਘੁੰਮ ਗਿਆ।

''ਯਕੀਨ ਨੀ ਤਾਂ ਹੁਣੇ ਲੈ ਚੱਲ ਨਾਲ। ਮੈਂ ਤਾਂ ਤੇਰੇ ਬਿਨਾਂ ਮਰਜੂੰ ਭਾਗੂ। ਭ....ਭਾਗੂ ਜੇ ਪਿਆਰ ਨੀ ਦੇਣਾ ਤਾਂ ਆਪਣੀ ਬੁ....ਬੁੱਕਲ 'ਚ ਬਿਠਾ ਕੇ ਮਾ....ਅ....ਰਦੇ ਮੈਨੂੰ।'' ਗੁਰਮੀਤ ਪਲਾਂ ਵਿਚ ਭਾਵੁਕ ਹੋ ਗਈ। ਉਸਦੀਆਂ ਝੀਲ ਵਰਗੀਆਂ ਅੱਖਾਂ ਭਰ ਆਈਆਂ। ਉਨ੍ਹਾਂ ਵਿਚੋਂ ਦੋ ਗਰਮ ਹੰਝੂ ਉਸਦੀਆਂ ਗੁਲਾਬੀ ਗੱਲ੍ਹਾਂ ਉਪਰੋਂ ਹੁੰਦੇ ਹੋਏ ਹੇਠਾਂ ਨੂੰ ਵਹਿ ਤੁਰੇ।

''ਹੈ ਪਗਲੀ! ਮੈਂ ਤਾਂ ਹਸਦਾ ਸੀ, ਮੈਂ ਵੀ ਚਾਹੁੰਨਾਂ ਤੈਨੂੰ।'' ਭਗਵਾਨ ਗੁਰਮੀਤ ਅੱਗੇ ਪਿਘਲ ਕੇ ਮੋਮ ਹੋ ਗਿਆ। ਭਗਵਾਨ ਦੀ 'ਹਾਂ' ਸੁਣ ਕੇ ਗੁਰਮੀਤ ਦੀਆਂ ਗੁਲਾਬੀ ਗੱਲ੍ਹਾਂ ਮੁਸਕਾਨ ਨਾਲ ਹੋਰ ਗੂੜ੍ਹੀਆਂ ਹੋ ਗਈਆਂ।

''ਹੁਣ ਤਾਂ ਫੇਰ ਪਾਰਟੀ ਹੋ ਗਈ ਗੁਰਮੀਤ ਵੱਲ।'' ਅਮਨ ਸ਼ਰਾਰਤ ਨਾਲ ਗੁਰਮੀਤ ਦੀ ਵੱਖੀ ਵਿਚ ਚੂੰਢੀ ਭਰ ਗਈ।

''ਚੱਲ ਚੱਲੀਏ ਫੇਰ।'' ਭਗਵਾਨ ਦੇ ਕਹਿਣ 'ਤੇ ਤਿੰਨੋਂ ਓਥੋਂ ਉਠ ਕੇ ਤੁਰ ਪਏ। ਗੁਰਮੀਤ ਅੱਜ ਬਹੁਤ ਖੁਸ਼ ਸੀ। ਉਸਦਾ ਖੁਸ਼ੀ ਨਾਲ ਅੰਦਰ ਭਰਿਆ ਪਿਆ ਸੀ। ਸਾਰਾ ਕਾਲਜ ਹੀ ਹੁਣ ਉਸਨੂੰ ਆਪਣਾ-ਆਪਣਾ ਲੱਗਣ ਲੱਗ ਪਿਆ ਸੀ। ਉਹ ਖੁਸ਼ੀ ਵਿਚ ਹੁਲਾਰੇ ਲੈਂਦੀ ਭਗਵਾਨ ਨਾਲ ਹਿੱਕ ਤਾਣ ਕੇ ਬਰਾਬਰ ਤੁਰ ਰਹੀ ਸੀ। ਉਹ ਦੱਸ ਦੇਣਾ ਚਾਹੁੰਦੀ ਸੀ ਕਿ

ਭਗਵਾਨ ਅੱਜ ਉਸਦਾ ਆਪਣਾ ਹੋ ਗਿਆ ਹੈ। ਉਹ ਹਰ ਟੱਕਰਨ ਵਾਲੇ ਨੂੰ ਲੁਕਵੀਆਂ ਨਜ਼ਰਾਂ ਨਾਲ ਵੇਖਦੀ। ਉਹ ਚਾਹੁੰਦੀ ਸੀ ਕਿ ਹਰ ਲੰਘਣ ਵਾਲਾ ਉਸ ਨਾਲ ਤੁਰੇ ਜਾਂਦੇ ਨੌਜਵਾਨ ਵੱਲ ਜ਼ਰੂਰ ਵੇਖੇ ਤੇ ਉਨ੍ਹਾਂ ਦੀ ਜੋੜੀ ਦੀ ਤਾਰੀਫ਼ ਕਰੇ। ਗੁਰਮੀਤ ਕਦੇ-ਕਦੇ ਜਾਣ ਕੇ ਤੁਰੇ ਜਾਂਦੇ ਭਾਗੂ ਨਾਲ ਖਹਿ ਕੇ ਆਨੰਦ ਲੈ ਜਾਂਦੀ। ਚੌਕ ਵਿਚ ਆ ਕੇ ਤਿੰਨੋਂ 'ਸੰਗਮ ਸਵੀਟ ਹਾਊਸ' ਵਿਚ ਜਾ ਵੜੇ। ਗੁਰਮੀਤ ਨੇ ਮੱਲੋ-ਮੱਲੀ ਉਨ੍ਹਾਂ ਨੂੰ ਚਾਹ ਨਾਲ ਬਰਫ਼ੀ ਖਵਾਈ। ਫਿਰ ਉਥੋਂ ਇਹ ਬੱਸ ਸਟੈਂਡ ਆ ਗਏ। ਭਗਵਾਨ ਦੀ ਬੱਸ ਤੁਰ ਰਹੀ ਸੀ। ਉਸਨੇ ਕਾਹਲੀ-ਕਾਹਲੀ ਦੋਵਾਂ ਤੋਂ ਜਾਣ ਦੀ ਇਜਾਜ਼ਤ ਮੰਗੀ। ਗੁਰਮੀਤ ਦਾ ਦਿਲ ਕੀਤਾ ਕਿ ਉਹ ਜਾਣ ਲੱਗੇ ਭਗਵਾਨ ਨੂੰ ਬਾਹਾਂ ਵਿਚ ਲੈ ਕੇ ਘੁੱਟ ਲਵੇ ਪਰ ਉਹ ਭਰੇ ਅੱਡੇ ਵਿਚ ਅਜਿਹਾ ਕਿਵੇਂ ਕਰ ਸਕਦੀ ਸੀ? ਉਸਨੇ ਆਪਣੇ ਅੰਦਰੋਂ ਉਠੇ ਇਸ ਵਲਵਲੇ ਨੂੰ ਦਿਲ ਵਿਚ ਹੀ ਦਬਾ ਲਿਆ। ਬੱਸ ਚੜ੍ਹਦੇ ਭਗਵਾਨ ਨੇ ਤਾਕੀ ਵਿਚ ਖੜ੍ਹ ਕੇ ਦੋਵਾਂ ਵੱਲ ਵੇਖਿਆ। ਕੁੜੀਆਂ ਖੁਸ਼ੀ ਵਿਚ ਮੁਸਕਰਾ ਪਈਆਂ। ਬੱਸ ਤੁਰ ਪਈ। ਗੁਰਮੀਤ ਨੂੰ ਤੁਰੀ ਜਾਂਦੀ ਬੱਸ 'ਤੇ ਗੁੱਸਾ ਆਇਆ ਪਰ ਦੂਜੇ ਹੀ ਪਲ ਉਸਨੂੰ ਇਹ ਬੱਸ ਬੜੀ ਪਿਆਰੀ ਲੱਗੀ ਕਿ ਇਹ ਬੱਸ ਹੀ ਕੱਲ੍ਹ ਨੂੰ ਉਸਦੇ ਭਗਵਾਨ ਨੂੰ ਦੁਬਾਰਾ ਲੈ ਕੇ ਆਵੇਗੀ। ਉਸਦਾ ਦਿਲ ਕੀਤਾ ਕਿ ਉਹ ਤੁਰੀ ਜਾਂਦੀ ਬੱਸ ਨੂੰ ਚੁੰਮ ਲਵੇ ਪਰ ਬੱਸ 'ਡਰ....ਰ....ਰ....' ਕਰਦੀ ਬੱਸ ਅੱਡੇ 'ਚੋਂ ਨਿਕਲ ਕੇ ਸੜਕ ਪੈ ਗਈ। ਪਿਛਲੀ ਧੂੜ ਨੇ ਬੱਸ ਨੂੰ ਢਕ ਲਿਆ ਤੇ ਉਹ ਧੂੜ ਵਿਚ ਗੁਆਚਦੀ-ਗੁਆਚਦੀ ਅਲੋਪ ਹੋ ਗਈ।

## 18.

ਸ਼ਾਮ ਦਾ ਘਸਮੈਲਾ ਜਿਹਾ ਹੋ ਗਿਆ ਸੀ। ਬਾਬੇ ਰਮਾਣੇ ਦੀ ਮਟੀਲ ਕੋਲ ਅੱਗ ਦੇ ਅੰਗਿਆਰ ਵਰਗਾ ਸੂਰਜ ਹੇਠਾਂ ਨੂੰ ਸਰਕਦਾ ਅਲੋਪ ਹੋ ਗਿਆ। ਅਸਮਾਨ ਵਿਚ ਉਡਦੀਆਂ ਪੰਛੀਆਂ ਦੀਆਂ ਡਾਰਾਂ ਨੇ ਆਪਣੇ-ਆਪਣੇ ਆਲ੍ਹਣਿਆਂ ਵੱਲ ਵਹੀਰਾਂ ਘੱਤ ਦਿੱਤੀਆਂ। ਸ਼ਾਮ ਨੂੰ ਧਾਰਾਂ ਕੱਢਣ ਦਾ ਟਾਈਮ ਦੇਖਦਿਆਂ ਭਗਵਾਨ ਨੇ ਸਾਰੀਆਂ ਮੱਝਾਂ ਨੂੰ ਮਸ਼ੀਨ ਅੱਗੋਂ ਟੋਕਰੇ ਭਰ-ਭਰ ਹਰਾ ਪਾ ਦਿੱਤਾ। ਕੱਖ ਪਾ ਕੇ ਟੋਕਰਾ ਮਸ਼ੀਨ ਅੱਗੇ ਰੱਖ ਦਿੱਤਾ ਤੇ ਨਲਕੇ 'ਤੇ ਹੱਥ ਧੋਣ ਲੱਗ ਪਿਆ। ਹੱਥ ਧੋਂਦਿਆਂ ਉਸਨੇ ਵੇਖਿਆ ਕਿ ਬੂਹੇ ਵਿਚ ਰਾਜਾ ਅਤੇ ਇਕ ਉਸ ਨਾਲ ਚੌਦਾਂ-ਪੰਦਰਾਂ ਸਾਲ ਦਾ ਮੁੰਡਾ ਆ ਰਿਹਾ ਸੀ। ਨੇੜੇ ਆਉਣ 'ਤੇ ਭਗਵਾਨ ਨੇ ਉਸਨੂੰ ਪਹਿਚਾਣ ਲਿਆ। ਇਹ ਰਾਜੇ ਦੀ ਸੇਖ਼ਗੜ੍ਹ ਵਾਲੀ ਭੂਆ ਦਾ ਮੁੰਡਾ ਸੀ। ਭਗਵਾਨ ਨੇ ਗੁਸਲਖਾਨੇ ਵਿਚੋਂ ਤੌਲੀਆ ਚੁੱਕ ਕੇ ਆਪਣੇ ਗਿੱਲੇ ਹੱਥ ਪੂੰਝ ਲਏ ਅਤੇ ਦੋਵਾਂ ਨਾਲ ਹੱਥ ਮਿਲਾ ਕੇ ਦਰ੍ਹੇ 'ਤੇ ਬਣੀ ਬੈਠਕ ਵਿਚ ਲੈ ਗਿਆ।

''ਹੋਰ ਦੱਸੋ ਕੀ ਹਾਲ-ਚਾਲ ਨੇ?''

''ਬੱਸ ਠੀਕ ਐ। ਕੇਵਲ ਨਾਲੋਂ ਪਹਿਲਾਂ ਰਾਜਾ ਬੋਲ ਪਿਆ।

''ਤੁਸੀਂ ਬੈਠੋ ਮੈਂ ਦੁੱਧ ਬਣਾ ਕੇ ਲਿਆਉਨਾਂ।'' ਭਗਵਾਨ ਮੰਜੇ ਤੋਂ ਖੜ੍ਹਾ ਹੋ ਕੇ ਤੁਰ ਪਿਆ।

''ਨਹੀਂ ਬਾਈ, ਦੁੱਧ ਦੀ ਤਾਂ ਕੋਈ ਲੋੜ ਨੀ।'' ਕੇਵਲ ਨੇ ਕਾਹਲੀ 'ਚ ਕਿਹਾ।

''ਤੁਸੀਂ ਨਾ ਪਿਆਇਓ ਯਰ, ਸਾਡਾ ਤਾਂ ਪੀ ਲਓ।'' ਭਗਵਾਨ ਤੁਰਿਆ ਜਾਂਦਾ ਕਹਿ ਗਿਆ। ਭਗਵਾਨ ਦੇ ਜਾਣ ਤੋਂ ਬਾਅਦ ਰਾਜਾ ਤੇ ਕੇਵਲ ਘੁਸਰ-ਮੁਸਰ ਜਿਹੀ ਕਰਨ ਲੱਗ ਪਏ ਤੇ ਫੇਰ ਰਾਜਾ ਉੱਚੀ ਦੇਣੇ ਹੱਸਿਆ। ਭਗਵਾਨ ਦੁੱਧ ਬਣਾ ਲਿਆਇਆ ਤੇ ਗਿਲਾਸਾਂ ਵਿਚ ਪਾ-ਪਾ ਫੜਾ ਦਿੱਤਾ। ਤਿੰਨੋਂ ਤੱਤੇ ਦੁੱਧ ਨੂੰ ਫੂਕਾਂ ਮਾਰ-ਮਾਰ ਠਾਰ ਕੇ ਪੀਣ ਲੱਗ ਪਏ।

''ਹੋਰ ਬਾਈ ਤੇਰੇ ਪਿੰਡ ਸਭ ਠੀਕ ਨੇ ਭੂਆ ਹੋਰੀਂ।'' ਭਗਵਾਨ ਨੇ ਗੱਲ ਅੱਗੇ ਤੋਰਦਿਆਂ ਪਹਿਲਾਂ ਕੇਵਲ ਦੇ ਘਰ ਦੀ ਸੁੱਖ-ਸਾਂਦ ਪੁੱਛੀ।

''ਹਾਂ ਬਾਈ ਸਭ ਠੀਕ ਨੇ।''

''ਸਾਲ਼ਿਆ ਓਧਰ ਤਾਂ ਪੁੱਛ ਲੈ ਠੀਕ ਐ ਜਾਂ ਨਾ। ਤੂੰ ਤਾਂ ਇਥੇ ਫਿਰਦੈਂ ਕਤਾੜੀਆਂ ਮਾਰਦਾ, ਉਹ ਵਿਚਾਰੀ ਮੱਛੀ ਮਾਂਗੂੰ ਤੜਫੀ ਜਾਂਦੀ ਐ।''

ਭਗਵਾਨ ਰਾਜੇ ਦੀ ਕਹੀ ਇਸ ਗੱਲ 'ਤੇ ਥੋੜ੍ਹਾ ਝੇਪਰ ਗਿਆ। ਮਖਿਆ ਕਿਤੇ ਜੇ ਇਸ ਗੱਲ ਦਾ ਕੇਵਲ ਨੂੰ ਪਤਾ ਲੱਗ ਗਿਆ ਤਾਂ ਉਹ ਮੇਰੇ ਬਾਰੇ ਕੀ ਸੋਚੇਗਾ।

''ਕਿਉਂ ਵਿਉਲੀਆਂ ਮਾਂਗੂੰ ਸੰਗੀ ਜਾਨੈਂ। ਤੇਰੇ ਨਾਲੋਂ ਤਾਂ ਉਹ ਦਲੇਰ ਰਹੀ। ਤੂੰ ਮੁੰਡਾ ਹੋ ਕੇ ਮੁੰਡੇ ਨਾਲ ਆੜੀ ਨੀ ਕੱਢ ਸਕਿਆ। ਉਹ ਕੁੜੀ ਹੋ ਕੇ ਮੁੰਡੇ ਨਾਲ ਆੜੀ ਕੱਢ ਗਈ।'' ਰਾਜਾ ਗੁਰਮੀਤ ਦੀ ਹਿੰਮਤ ਦੀ ਤਾਰੀਫ਼ ਕਰ ਗਿਆ।

''ਕਿਉਂ ਕੀ ਹੋ ਗਿਆ?'' ਭਗਵਾਨ ਨੂੰ ਚਾਹੇ ਗੱਲ ਦਾ ਥੋੜ੍ਹਾ-ਥੋੜ੍ਹਾ ਝਉਲ਼ਾ ਜਿਹਾ ਪੈ ਗਿਆ ਪਰ ਉਹ ਚਾਹੁੰਦਾ ਸੀ ਕਿ ਗੱਲ ਉਸਦੇ ਸਾਹਮਣੇ ਚੰਗੀ ਤਰ੍ਹਾਂ ਸਾਫ਼ ਹੋ ਜਾਵੇ।

''ਬਾਈ ਜੀ, ਆਹ ਫੜਾਇਐ ਸੋਨੂੰ।'' ਕੇਵਲ ਨੇ ਕਾਗਜ਼ ਦਾ ਟੁਕੜਾ ਕੱਢ ਕੇ ਭਗਵਾਨ ਦੇ ਅੱਗੇ ਕਰ ਦਿੱਤਾ।

''ਤੁਹਾਨੂੰ ਦੱਸ ਤਾ ਓਹਨੇ!'' ਭਗਵਾਨ ਝੱਟ ਸਾਰੀ ਗੱਲ ਸਮਝ ਗਿਆ। ਖ਼ੁਸ਼ੀ ਉਸਦੇ ਰੋਮ-ਰੋਮ ਵਿਚ ਨੱਚ ਉਠੀ। ਉਸਦੇ ਦਿਲ ਵਿਚ ਉਮਡੇ ਪਿਆਰ ਦੇ ਵਲਵਲੇ ਲਹਿਰਾਂ ਤੋਂ ਛੱਲਾਂ ਬਣ ਗਏ। ਉਸਨੇ ਕੇਵਲ ਨਾਲ ਦੁਬਾਰਾ ਘੁੱਟ ਕੇ ਹੱਥ ਮਿਲਾਇਆ ਤੇ ਫਿਰ ਹੱਥ ਵਿਚਲੇ ਕਾਗਜ਼ ਦੇ ਟੁਕੜੇ ਦੀ ਤਹਿ ਖੋਲ੍ਹੀ ਤੇ ਪੜ੍ਹਨਾ ਸ਼ੁਰੂ ਕਰ ਦਿੱਤਾ :

''ਪਿਆਰੇ ਭਾਗੂ!

ਮੇਰੇ ਜੀਵਨ ਦੀ ਇਕੋ-ਇਕ ਸੁਨਹਿਰੀ ਕਿਰਨ। ਜਿਉਂ-ਜਿਉਂ ਖ਼ਤ ਲਿਖ ਰਹੀ ਹਾਂ, ਤੁਹਾਡਾ ਚਿਹਰਾ ਹਰ ਸ਼ਬਦ 'ਤੇ ਦੌੜਦਾ ਚਲਾ ਜਾ ਰਿਹਾ ਹੈ। ਮੇਰੇ ਮਹਿਰਮ, ਕੱਲ੍ਹ ਸੋਲਾਂ ਤਾਰੀਖ਼ ਦਿਨ ਸੋਮਵਾਰ ਕਰਵਾ ਚੌਥ ਦਾ ਵਰਤ ਹੈ। ਭਾਰਤ ਦੀ ਹਰ ਨਾਰੀ ਇਸ ਦਿਨ ਆਪਣੇ ਮਹਿਰਮ ਦੀ ਸੁੱਖ-ਸਾਂਦ ਦੀ ਪ੍ਰਾਰਥਨਾ ਕਰਦੀ ਹੈ। ਮੈਂ ਤੁਹਾਡੀ ਸੁੱਖ-ਸਾਂਦ ਲਈ ਇਹ ਕਰਵਾ ਚੌਥ ਦਾ ਵਰਤ ਰੱਖ ਰਹੀ ਹਾਂ ਅਤੇ ਤੁਹਾਨੂੰ ਵੇਖ ਕੇ ਹੀ ਰੋਟੀ ਖਾਣੀ ਹੈ। ਤੁਸੀਂ ਕੱਲ੍ਹ ਨੂੰ ਜ਼ਰੂਰ ਆਉਣਾ। ਜੇਕਰ ਤੁਸੀਂ ਨਾ ਆਏ ਤਾਂ ਮੈਂ ਇਹ ਵਰਤ ਤੁਹਾਨੂੰ ਵੇਖੇ ਬਿਨਾਂ ਨਹੀਂ ਖੋਲ੍ਹਣਾ। ਕਾਹਲੀ ਵਿਚ ਲਿਖ ਰਹੀ ਹਾਂ। ਸਮਾਂ ਬਹੁਤ ਘੱਟ ਹੈ। ਕੋਈ ਨਾ ਕੋਈ ਗਲਤੀ ਜ਼ਰੂਰ ਰਹਿ ਗਈ ਹੋਵੇਗੀ। ਆਪਣੀ ਜਿੰਦ ਸਮਝ ਕੇ ਗਲਤੀ ਮਾਫ਼ ਕਰਨਾ। ਤੇਰੀ ਉਡੀਕ ਵਿਚ, ਤੇਰੇ ਰਾਹਾਂ 'ਚ ਨਜ਼ਰਾਂ ਵਿਛਾਈ ਬੈਠੀ

*....ਤੇਰੀ ਮੀਤ!*

''ਕਿਉਂ, ਕੀ ਸਲਾਹ ਐ?'' ਭਗਵਾਨ ਨੇ ਖ਼ਤ ਪੜ੍ਹ ਕੇ ਰਾਜੇ ਵੱਲ ਇਸ਼ਾਰਾ ਕੀਤਾ ਕਿ ਹੁਣ ਕੀ ਕੀਤਾ ਜਾਵੇ। ਅਸਲ ਵਿਚ ਭਗਵਾਨ ਦਾ ਦਿਲ ਬਿਜਲੀ ਦੀ ਤੇਜੀ ਜਿੰਨਾ ਕਾਹਲਾ ਪਿਆ ਹੋਇਆ ਸੀ ਕਿ ਕਦੋਂ ਉਹ ਹਵਾ ਦੇ ਬੁੱਲੇ ਵਾਂਗ ਉਡ ਕੇ ਆਪਣੀ ਮੀਤੀ ਕੋਲ ਜਾ ਰਹੇ ਪਰ ਜਾਣਾ ਤਾਂ ਰਾਜੇ ਦੇ ਆਸਰੇ ਹੀ ਸੀ। ਰਾਜੇ ਬਿਨਾਂ ਉਹ ਉਥੇ ਕਿਵੇਂ ਜਾ ਸਕਦਾ ਸੀ? ਉਹ ਚਾਹੁੰਦਾ ਸੀ ਕਿ ਜੇਕਰ ਰਾਜਾ ਉਸਨੂੰ ਜਾਣ ਲਈ ਆਪ ਕਹਿ ਦੇਵੇ ਤਾਂ ਚੰਗਾ ਹੈ।

''ਸੋਚਦਾ ਕੀ ਐਂ, ਕੀ ਰੋਜ਼-ਰੋਜ਼ ਆਉਂਦੇ ਨੇ ਇਹੋ ਜਿਹੇ ਦਿਨ। ਖਿੱਚ ਲੈ ਤਿਆਰੀ ਸਵੇਰੇ, ਫੇਰ ਚੱਲੀਏ ਨੱਢੀ ਕੋਲ।'' ਰਾਜੇ ਨੇ 'ਹਾਂ-ਪੱਖੀ' ਗੱਲ ਕਰਦਿਆਂ ਦੋਵੇਂ ਸੇਲ੍ਹੀਆਂ ਚੁੱਕ ਦਿੱਤੀਆਂ। ਤਿੰਨਾਂ ਨੇ ਕੱਲ੍ਹ ਤਿੰਨ ਵਾਲੀ ਬੱਸ 'ਤੇ ਜਾਣ ਦਾ ਸਮਾਂ ਨਿਸ਼ਚਿਤ ਕਰ ਲਿਆ। ਰਾਜੇ ਨੇ ਜਾਣ ਦੀ ਇਜਾਜ਼ਤ ਮੰਗੀ ਪਰ ਭਗਵਾਨ ਨੇ ਉਨ੍ਹਾਂ ਨੂੰ ਮੱਲੋ-ਮੱਲੀ ਬਿਠਾਉਂਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਰੋਟੀ ਖਵਾਏ ਬਿਨਾਂ ਨਹੀਂ ਜਾਣ ਦੇਵੇਗਾ। ਉਸਨੇ ਆਪਣੀ ਮਾਂ ਤੋਂ ਦੁੱਧ ਵਿਚ ਸੇਵੀਆਂ ਬਣਵਾਈਆਂ ਅਤੇ ਸਬਜ਼ੀ ਦੇਸੀ ਘਿਉ ਵਿਚ ਡੁਬਦੀ ਕਰਕੇ ਰੋਟੀ ਖਵਾਈ। ਉਹ ਚਾਹੁੰਦਾ ਸੀ ਕਿ ਉਹ ਕੇਵਲ ਦੀ ਪੂਰੀ ਸੇਵਾ ਕਰਕੇ ਉਸਨੂੰ ਖ਼ੁਸ਼ ਕਰ ਦੇਵੇ ਤਾਂ ਕਿ ਉਹ ਜਾ ਕੇ ਉਸਦੀ ਮੀਤੀ ਨੂੰ ਦੱਸੇ। ਉਸਨੂੰ ਜਾਪਦਾ ਸੀ ਕਿ ਉਹ ਕੇਵਲ ਦੀ ਨਹੀਂ, ਸਗੋਂ ਆਪਣੀ

ਮੀਤੀ ਦੀ ਰੀਝਾਂ ਨਾਲ ਸੇਵਾ ਕਰ ਰਿਹਾ ਹੈ। ਰੋਟੀ ਖਾ ਕੇ ਕੇਵਲ ਤੇ ਰਾਜਾ ਇਜਾਜ਼ਤ ਲੈ ਕੇ ਘਰ ਚਲੇ ਗਏ। ਭਗਵਾਨ ਨੇ ਉਹ ਖ਼ਤ ਦੁਬਾਰਾ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਖ਼ਤ ਵਿਚ ਗੁਰਮੀਤ ਦਾ ਗੁਲਾਬ ਦੇ ਫੁੱਲ ਵਰਗਾ ਚਿਹਰਾ ਉਘੜ ਆਇਆ। ਉਹੀ ਗੁਲਾਬੀ ਬੁੱਲ੍ਹ, ਬੁੱਲ੍ਹਾਂ ਵਿਚੋਂ ਚਮਕਦੇ ਮੋਤੀਆਂ ਵਰਗੇ ਚਿੱਟੇ ਦੰਦ, ਜਾਦੂ ਭਰੀਆਂ ਅੱਖਾਂ, ਕਾਲੇ ਨਾਗ ਵਾਂਗ ਵਲ਼ ਖਾਂਦੀ ਗੁੱਤ ਤੇ ਕਾਲੇ ਸੈਂਡਲਾਂ ਵਿਚ ਸਜੇ ਗੁਲਾਬੀ ਪੈਰ। ਭਗਵਾਨ ਨੂੰ ਸੁੱਧ-ਬੁੱਧ ਹੀ ਨਾ ਰਹੀ ਕਿ ਉਹ ਕਿੱਥੇ ਪੜ੍ਹ ਰਿਹਾ ਹੈ। ਉਸਨੇ ਖ਼ਤ ਆਪਣੀ ਛਾਤੀ 'ਤੇ ਰੱਖ ਕੇ ਘੁੱਟ ਲਿਆ। ਪਿਆਰ ਦੇ ਨਸ਼ੇ ਵਿਚ ਲਹਿਰੀਆਂ ਲੈਂਦਾ ਦਿਲ ਤੇਜ-ਤੇਜ ਧੜਕਣ ਲੱਗ ਪਿਆ।

-0-

ਅੱਜ ਦਾ ਦਿਨ ਗੁਰਮੀਤ ਲਈ ਭਾਗਾਂ ਵਾਲਾ ਸੀ। ਅੱਜ ਉਸਦੇ ਪਿਆਰ ਨੇ ਉਸਦੇ ਪਿੰਡ ਫੇਰੀ ਪਾਉਣੀ ਸੀ। ਉਹ ਸਵੇਰੇ ਉਠ ਕੇ ਰੀਝਾਂ ਨਾਲ ਮਲ-ਮਲ ਕੇ ਨਹਾਈ। ਗੁਲਾਬੀ ਨਰਮ ਅੱਡੀਆਂ ਝਾਵੇਂ ਨਾਲ ਕੂਚੀਆਂ। ਹਰਾ ਕਢਾਈਦਾਰ ਸੂਟ ਪਹਿਨਿਆ ਤੇ ਅੱਖਾਂ ਵਿਚ ਮਿੰਨਾ-ਮਿੰਨਾ ਸੁਰਮਾ ਜਚਾ ਲਿਆ। ਉਹ ਕਿੰਨਾ ਚਿਰ ਸ਼ੀਸ਼ੇ ਮੂਹਰੇ ਖੜ੍ਹੀ ਆਪਣੇ ਚੰਨ ਵਰਗੇ ਚਿਹਰੇ ਨੂੰ ਨਿਹਾਰਦੀ ਰਹੀ। ਕੋਈ ਨਵੀਂ ਖੁਸ਼ੀ ਉਸਦੇ ਬੁੱਲ੍ਹਾਂ ਉਤੇ ਟਪਕ ਰਹੀ ਸੀ। ਉਸਦੀਆਂ ਸੰਧੂਰੀ ਗੱਲ੍ਹਾਂ ਕਿਸੇ ਅਜੀਬ ਖੁਸ਼ੀ ਵਿਚ ਦੂਣੀਆਂ ਲਾਲ ਹੋ ਗਈਆਂ। ਉਹ ਕੁਝ ਗੁਣ-ਗੁਣਾਉਂਦੀ ਵਿਹੜੇ ਵਿਚ, ਮਿਰਗਾਈ ਵਾਂਗ ਤਰ ਰਹੀ ਸੀ। ਭਗਵਾਨ ਨੂੰ ਅੱਜ ਆਪਣੇ ਚੰਨ ਦੇ ਰੂਪ ਵਿਚ ਵੇਖਣ ਦੀ ਖੁਸ਼ੀ ਉਸਦੇ ਅੰਦਰ ਤੂਫ਼ਾਨ ਬਣ ਮਚਲ ਰਹੀ ਸੀ। ਗੁਰਮੀਤ ਚੁਬਾਰੇ ਚੜ੍ਹ ਗਈ। ਉਸਨੇ ਅਲਮਾਰੀ ਵਿਚੋਂ ਇਕ ਕਿਤਾਬ ਕੱਢ ਲਈ ਤੇ ਚੁਬਾਰੇ ਵਿਚੋਂ ਬਾਹਰ ਆ ਕੇ ਕੋਠੇ ਤੋਂ ਝੁਕ ਕੇ ਪਿਛਲੀ ਗਲੀ ਵਿਚ ਨਿਗ੍ਹਾ ਮਾਰੀ। ਉਨ੍ਹਾਂ ਦੇ ਘਰ ਪਿੱਛੋਂ ਇਕ ਚੌੜੀ ਗਲੀ ਲੰਘਦੀ ਹੈ। ਇਸੇ ਗਲੀ ਦੀ ਸਾਹਮਣੇ ਵਾਲੀ ਕਤਾਰ ਵਿਚ ਖੱਬੇ ਪਾਸੇ ਚਾਰ-ਪੰਜ ਘਰ ਛੱਡ ਕੇ ਕੇਵਲ ਕਾ ਘਰ ਹੈ। ਕੇਵਲ ਦੀ ਭੈਣ ਰਾਣੀ ਗੁਰਮੀਤ ਨਾਲ ਦਸਵੀਂ ਕਲਾਸ ਤੱਕ ਪੜ੍ਹਦੀ ਰਹੀ ਸੀ। ਸਕੂਲ ਦੇ ਟਾਈਮ 'ਤੇ ਦੋਵਾਂ ਦਾ ਆਪਸ ਵਿਚ ਗੂੜ੍ਹਾ ਸਲੇਹਪੁਣਾ ਸੀ। ਦੋਵੇਂ ਚੰਗੇ ਨੰਬਰ ਲੈ ਕੇ ਦਸਵੀਂ ਕਲਾਸ ਵਿਚੋਂ ਪਾਸ ਹੋਈਆਂ। ਗੁਰਮੀਤ ਗਿਆਰਵੀਂ ਵਿਚ ਬੁਢਲਾਡੇ ਪੜ੍ਹਨ ਲੱਗ ਗਈ ਪਰ ਰਾਣੀ ਦੇ ਘਰਦਿਆਂ ਨੇ ਉਸਨੂੰ ਪੜ੍ਹਨ ਲਈ ਪਿੰਡੋਂ ਬਾਹਰ ਨਾ ਭੇਜਿਆ ਤੇ ਉਹ ਦਸਵੀਂ ਕਰਕੇ ਘਰ ਹੀ ਬੈਠ ਗਈ। ਇਨ੍ਹਾਂ ਦੋਵਾਂ ਦਾ ਪਿਆਰ ਹੁਣ ਵੀ ਆਪਸ ਵਿਚ ਚੰਗਾ ਹੈ। ਕਦੇ-ਕਦੇ ਗੁਰਮੀਤ ਉਨ੍ਹਾਂ ਦੇ ਘਰ ਜਾ ਆਉਂਦੀ ਹੈ ਤੇ ਕਦੇ ਉਹ ਇਸਨੂੰ ਮਿਲਣ ਇੱਥੇ ਆ ਜਾਂਦੀ ਹੈ ਪਰ ਅੱਜ ਗੁਰਮੀਤ ਕਿਸੇ ਖਾਸ ਮੌਕੇ 'ਤੇ ਜਾਣਾ ਚਾਹੁੰਦੀ ਸੀ, ਜਿਸ ਮੌਕੇ ਦੀ ਉਡੀਕ ਵਿਚ ਉਹ ਬਿੰਦੇ-ਝੱਟੇ ਵੀਹੀ ਵੱਲ ਨਿਗ੍ਹਾ ਮਾਰਦੀ ਤੇ ਕਦੇ ਘੜੀ ਵੱਲ ਵੇਖਦੀ ਸੀ। ਉਸਨੇ ਚੁਬਾਰੇ ਦੀ ਪਿਛਲੀ ਤਾਕੀ, ਜਿਸ ਵਿਚੋਂ ਵੀਹੀ ਵਿਚ ਤੁਰਿਆ ਜਾਂਦਾ ਆਦਮੀ ਆਮ ਦਿਸ ਪੈਂਦਾ ਹੈ, ਖੋਲ੍ਹ ਲਈ। ਕੁਰਸੀ ਖਿੱਚ ਕੇ ਖਿੜਕੀ ਕੋਲ ਕਰ ਲਈ ਤੇ ਹੱਥ ਵਿਚਲੀ ਕਿਤਾਬ ਜਿਥੋਂ ਖੁੱਲ੍ਹੀ, ਖੋਲ੍ਹ ਕੇ ਬੈਠ ਗਈ। ਉਸਨੇ ਕਿਤਾਬ ਵਿਚਲੀਆਂ ਸਤਰਾਂ ਉਪਰ ਨਿਗ੍ਹਾ ਮਾਰੀ ਪਰ ਝੱਟ ਹੀ ਨਿਗ੍ਹਾ ਫਿਸਲ ਕੇ ਦੁਬਾਰਾ ਵੀਹੀ ਵਿਚ ਜਾ ਟਿਕੀ, ਜਿਥੋਂ ਉਸਦੇ ਭਾਗੂ ਨੇ ਲੰਘਣਾ ਸੀ ਪਰ ਵੀਹੀ ਖਾਲੀ ਸੀ।

ਘੜੀ ਦੀ ਸੂਈ ਟਿਕ-ਟਿਕ ਕਰਦੀ ਚੱਕਰ ਲਾਉਂਦੀ ਗਈ, ਉਸਦੇ ਪਿੱਛੇ ਮਿੰਟਾਂ ਵਾਲੀ ਸੂਈ ਤੇ ਫਿਰ ਘੰਟਿਆਂ ਵਾਲੀ ਸੂਈ ਵਕਤ ਨੂੰ ਪਿੱਛੇ ਧਕਦੀ ਰਹੀ। ਗੁਰਮੀਤ ਦੀ ਉਡੀਕ ਲੰਬੀ ਹੁੰਦੀ ਗਈ। ਪਰਛਾਵੇਂ ਢਲ਼ਣੇ ਸ਼ੁਰੂ ਹੋ ਗਏ। ਖਿੜਿਆ ਚਿਹਰਾ ਉਦਾਸੀ ਵਿਚ ਬਦਲਣ ਲੱਗਾ ਪਰ ਜਿਸਦੀ ਉਡੀਕ ਸੀ, ਉਸਦੀ ਝਲਕ ਵੀ ਨਾ ਦਿਸੀ। ਸਾਢੇ ਤਿੰਨ ਵਾਲੀ ਬੱਸ ਨੇ ਹਾਰਨ ਮਾਰਿਆ। ਗੁਰਮੀਤ ਭੱਜ ਕੇ ਬਾਹਰ ਆਈ। ਬੱਸ ਆ ਕੇ ਬੋਹੜ ਕੋਲ ਰੁਕੀ। ਸਵਾਰੀਆਂ ਉਤਰਨੀਆਂ ਸ਼ੁਰੂ ਹੋ ਗਈਆਂ। ਉਤਰ ਗਈਆਂ, ਪਹਿਲਾਂ ਤੋਂ ਬੋਹੜ ਕੋਲ ਖੜ੍ਹੀਆਂ ਦੋ ਜਨਾਨੀਆਂ ਬੱਸ ਵਿਚ ਚੜ੍ਹ ਗਈਆਂ। ਕੰਡਕਟਰ ਨੇ ਸੀਟੀ ਮਾਰੀ ਤੇ ਬੱਸ ਫਾਟਕ ਟੱਪ ਕੇ ਧੂੜ ਵਿਚ ਗੁਆਚ ਗਈ ਪਰ ਉਡੀਕ ਕਰਵਾਉਣ ਵਾਲਾ ਨਾ ਪਹੁੰਚਿਆ। ਗੁਰਮੀਤ ਦੀਆਂ ਉਮੀਦਾਂ ਭੁਰਨੀਆਂ ਸ਼ੁਰੂ ਹੋ ਗਈਆਂ। ਉਸਦਾ ਅੰਦਰ ਹਾਉਂਕਿਆਂ ਨਾਲ ਭਰ ਗਿਆ। ਉਹ ਮਣ-ਮਣ ਦੇ ਪੈਰ ਘੜੀਸਦੀ ਕੁਰਸੀ

ਉਪਰ ਢਹਿ ਪਈ। ਉਸਦਾ ਅੰਦਰਲਾ ਹਾਉਂਕਾ ਫੁੱਟ ਕੇ ਅੱਖਾਂ ਰਾਹੀਂ ਬਾਹਰ ਆ ਗਿਆ। ਅੱਖੋਂ ਛਲਕੇ ਪਾਣੀ ਨੇ ਰੀਝਾਂ ਨਾਲ ਪਾਇਆ ਸੁਰਮਾ ਕੱਢ ਸੁੱਟਿਆ। ਉਹ ਅਧ-ਮੋਈ ਕੁਰਸੀ 'ਤੇ ਪਈ ਰਹੀ। ਪਏ-ਪਏ ਉਸਦੇ ਦਿਲ ਵਿਚ ਆਇਆ ਕਿ ਉਹ ਕਿੰਨੀ ਪਾਗਲ ਹੈ। ਅਜੇ ਤਾਂ ਕਿੰਨਾ ਦਿਨ ਪਿਆ ਹੈ ਪਰ ਉਹ ਪਹਿਲਾਂ ਹੀ ਉਮੀਦ ਖੋ ਬੈਠੀ ਹੈ। ਉਸਦਾ ਭਾਗੂ ਵੀ ਤਾਂ ਅਜਿਹਾ ਨਹੀਂ, ਜੋ ਵਾਅਦਾ ਕਰਕੇ ਮੁੱਕਰ ਜਾਵੇ। ਉਸਨੇ ਖਿੰਡੀਆਂ ਉਮੀਦਾਂ ਨੂੰ ਦੁਬਾਰਾ ਜੋੜ ਲਿਆ ਤੇ ਫਿਰ ਉਡੀਕ ਕਰਨ ਲੱਗ ਪਈ। ਇਕ ਬੱਸ ਹੋਰ ਲੰਘ ਗਈ ਪਰ ਉਸ 'ਤੇ ਵੀ ਕੋਈ ਨਾ ਬਹੁੜਿਆ। ਫਿਰ ਸਾਢੇ ਚਾਰ ਵਾਲੀ ਬੱਸ ਨੇ ਹਾਰਨ ਮਾਰਿਆ। ਮੀਤੀ ਭੱਜ ਕੇ ਚੁਬਾਰੇ ਵਿਚੋਂ ਬਾਹਰ ਆਈ। ਬੱਸ ਆ ਕੇ ਬੋਹੜ ਕੋਲ ਰੁਕੀ। ਸਵਾਰੀਆਂ ਉਤਰਨੀਆਂ ਸ਼ੁਰੂ ਹੋ ਗਈਆਂ। ਫਿਰ ਤਿੰਨ ਮੁੰਡੇ ਉਤਰ ਆਏ। ਗੁਰਮੀਤ ਨੇ ਵੇਖਿਆ, ਇਨ੍ਹਾਂ ਵਿਚੋਂ ਇਕ ਤਾਂ ਕੇਵਲ ਹੈ। 'ਦੂਜਾ?' 'ਦੂਜਾ ਭਾਗੂ! ਮੇਰਾ ਭਾਗੂ!' ਗੁਰਮੀਤ ਦੀ ਖੁਸ਼ੀ ਅਸਮਾਨੀਂ ਚੜ੍ਹ ਗਈ। ਉਸਦੀਆਂ ਅੱਖਾਂ ਵਿਚ ਪਿਆਰ ਲਿਸ਼ਕਾਂ ਮਾਰਨ ਲੱਗ ਪਿਆ।

ਕੇਵਲ, ਭਗਵਾਨ ਤੇ ਰਾਜਾ ਬੱਸੋਂ ਉਤਰ ਕੇ ਗੁਰਮੀਤ ਦੇ ਘਰ ਪਿਛਲੀ ਵੀਹੀ ਪੈ ਗਏ। ਜਦੋਂ ਗੁਰਮੀਤ ਦਾ ਘਰ ਚਾਰ-ਪੰਜ ਕਰਮਾਂ 'ਤੇ ਰਹਿ ਗਿਆ ਤਾਂ ਕੇਵਲ ਨੇ ਭਾਗੂ ਦੇ ਕੂਹਣੀ ਮਾਰਦਿਆਂ ਸਾਹਮਣੇ ਕੋਠੇ ਵੱਲ ਇਸ਼ਾਰਾ ਕਰ ਦਿੱਤਾ। ਕੋਠੇ 'ਤੇ ਖੜ੍ਹੀ ਗੁਰਮੀਤ ਹਰੇ ਸੂਟ ਵਿਚ ਸਜੀ, ਹਰੀ ਟਾਹਣੀ 'ਤੇ ਖਿੜਿਆ ਗੁਲਾਬ ਦਾ ਫੁੱਲ ਜਾਪਦੀ ਸੀ। ਭਗਵਾਨ ਕੋਠੇ 'ਤੇ ਖੜ੍ਹੀ ਗੁਰਮੀਤ ਵੱਲ ਵੇਖਦਾ ਤੁਰਿਆ ਗਿਆ। ਵੀਹੀ ਵਿਚ ਲੱਗੀ ਉਘੜ-ਦੁਗੜ ਇੱਟ ਉਸਦੇ ਪੈਰ ਨਾਲ ਟਕਰਾ ਗਈ। ਉਹ ਡਿਗਦਾ-ਡਿਗਦਾ ਮਸਾਂ ਬਚਿਆ। ਕੁੜੀ ਭਗਵਾਨ ਨੂੰ ਅੰਗੂਠਾ ਦਿਖਾਉਂਦੀ ਖਿੜ-ਖਿੜਾ ਕੇ ਹੱਸ ਪਈ। ਤਿੰਨੋਂ ਮੁਸਕਰਾਉਂਦੇ ਅੱਗੇ ਲੰਘ ਗਏ।

ਕੇਵਲ ਦਾ ਘਰ ਆਮ ਜ਼ਿਮੀਂਦਾਰਾਂ ਵਾਂਗ ਚੰਗਾ ਖੁੱਲ੍ਹਾ ਡੁੱਲ੍ਹਾ ਹੈ। ਸਾਹਮਣੇ ਚਾਰ ਕਮਰੇ ਇਕ ਕਤਾਰ ਵਿਚ ਪਾਏ ਹੋਏ ਹਨ। ਖੱਬੇ ਪਾਸੇ ਨਾਲ ਲਗਦੀ ਇਕ ਰਸੋਈ ਹੈ ਤੇ ਰਸੋਈ ਨਾਲ ਓਟਾ ਬਣਿਆ ਹੋਇਆ। ਓਟੇ ਕੋਲੋਂ ਕੋਠੇ ਨੂੰ ਪੌੜੀ ਚੜ੍ਹਦੀ ਹੈ। ਉਸਤੋਂ ਅੱਗੇ ਪਹੇ ਨਾਲ ਲੱਗਵੀਂ ਤੂੜੀ ਵਾਲੀ ਸਬਾਤ ਹੈ, ਜੋ ਤਖ਼ਤਿਆਂ ਤੋਂ ਸੱਖਣੀ ਖੜ੍ਹੀ ਹੈ। ਖੱਬੇ ਪਾਸੇ ਮੱਝਾਂ ਦੀ ਖੁਰਲੀ ਹੈ। ਖੁਰਲੀ ਉਪਰ ਤਿੰਨ ਮੱਝਾਂ ਇਕ ਝੋਟੀ ਬੂਥਾਂ ਮਾਰ-ਮਾਰ ਸੰਨ੍ਹੀ ਖਾ ਰਹੀਆਂ ਹਨ। ਕੁਝ ਸੰਨ੍ਹੀ ਖੁਰਲੀ ਤੋਂ ਹੇਠਾਂ ਡੁੱਲ੍ਹੀ ਪਈ ਹੈ। ਪਿਛਲੇ ਪਾਸੇ ਦੋ ਕੱਟਰੂ ਖੜ੍ਹੇ ਹਨ। ਸਾਹਮਣੀ ਬੈਠਕ ਵਿਚ ਰਾਣੀ ਸਲਾਈਆਂ ਨਾਲ ਕੁਝ ਬੁਣ ਰਹੀ ਹੈ। ਕੇਵਲ ਹੋਰੀਂ ਜਾ ਕੇ ਮੰਜਿਆਂ 'ਤੇ ਬੈਠ ਗਏ। ਰਾਣੀ ਪਾਣੀ ਲੈਣ ਬਾਹਰ ਚਲੀ ਗਈ।

''ਬੇਬੇ ਹੋਰੀਆਂ ਅੱਜ?'' ਕੇਵਲ ਨੇ ਰਾਣੀ ਦੇ ਪਾਣੀ ਲੈ ਆਉਣ 'ਤੇ ਪੁੱਛਿਆ।

''ਉਹ ਤਾਂ ਕਪਾਹ ਚੁਗਣ ਗਈਆਂ ਨੇ।'' ਰਾਣੀ ਨੇ ਸਾਰਿਆਂ ਨੂੰ ਪਾਣੀ ਪਾ ਕੇ ਫੜਾ ਦਿੱਤਾ।

''ਰਾਣੀ।'' ਬਾਹਰੋਂ ਕਿਸੇ ਨੇ ਅਵਾਜ਼ ਮਾਰੀ। ਭਗਵਾਨ ਨੂੰ ਅਵਾਜ਼ ਜਾਣੀ-ਪਹਿਚਾਣੀ ਲੱਗੀ। ਉਸਨੇ ਕੰਨ ਚੁੱਕ ਲਏ।

''ਆਜਾ ਗੁਰਮੀਤ ਇਧਰੇ।'' ਰਾਣੀ ਨੇ ਸਬਾਤ ਦੇ ਬੂਹੇ ਅੱਗੇ ਆ ਕੇ ਕਿਹਾ। ਉਸਨੇ ਅਵਾਜ਼ ਪਹਿਚਾਣ ਲਈ ਸੀ। ਭਗਵਾਨ 'ਆਜਾ ਗੁਰਮੀਤ' ਨਾਮ ਸੁਣ ਕੇ ਰਾਜੇ ਵੱਲ ਵੇਖ ਕੇ ਬੁੱਲ੍ਹਾਂ ਵਿਚ ਮੁਸਕਰਾ ਪਿਆ। ਗੁਰਮੀਤ ਬੈਠਕ ਵਿਚ ਲੰਘ ਆਈ।

''ਗੁਰਮੀਤ ਇਹ ਵੀਰਾ ਪੜ੍ਹਦੈ ਤੇਰੇ ਨਾਲ?'' ਰਾਣੀ ਨੇ ਭਗਵਾਨ ਵੱਲ ਹੱਥ ਕਰਕੇ ਗੁਰਮੀਤ ਨੂੰ ਪੁੱਛਿਆ।

''ਹਾਂ।'' ਗੁਰਮੀਤ ਹਲਕਾ ਜਿਹਾ ਮੁਸਕਰਾ ਪਈ।

''ਤੁਸੀਂ ਬੈਠੋ ਮੈਂ ਚਾਹ ਬਣਾ ਕੇ ਲਿਆਉਨੀ ਆਂ।'' ਰਾਣੀ ਕਹਿ ਕੇ ਬਾਹਰ ਚਲੀ ਗਈ।

''ਅਸੀਂ ਜਾਈਏ ਭਰਜਾਈ ਜੇ ਗੱਲਾਂ ਕਰਨੀਆਂ ਨੇ?'' ਰਾਜਾ ਮਸ਼ਕਰੀ ਵਿਚ ਬੋਲਿਆ।

''ਨਾਂਹ ਬੈਠੇ ਰਹੋ।'' ਗੁਰਮੀਤ ਨੀਵੀਂ ਪਾ ਕੇ ਮੁਸਕਰਾ ਪਈ। ਉਸਦੀਆਂ ਅੱਖਾਂ ਨੇ ਰਾਜੇ ਦਾ ਧੰਨਵਾਦ ਕੀਤਾ ਕਿ ਉਹ ਉਸਦੇ ਭਾਗੂ ਨੂੰ ਲੈ ਆਇਆ ਹੈ। ਉਂਝ ਗੁਰਮੀਤ ਦਿਲੋਂ ਚਾਹੁੰਦੀ ਸੀ ਕਿ ਜੇਕਰ ਕੁਝ ਦੇਰ ਉਨ੍ਹਾਂ ਨੂੰ ਇਕੱਲਿਆਂ ਛੱਡ ਦਿੱਤਾ ਜਾਵੇ ਤਾਂ ਉਹ ਖੁੱਲ੍ਹ ਕੇ ਗੱਲਾਂ ਕਰ ਲੈਣ।

''ਚੰਗਾ ਭਾਗੂ, ਤੁਸੀਂ ਬੈਠੋ। ਅਸੀਂ ਭੈਣ ਨਾਲ ਕਰ ਲਈਏ ਦੋ ਗੱਲਾਂ।'' ਰਾਜਾ ਤੇ ਕੇਵਲ ਚਾਹ ਧਰਦੀ ਰਾਣੀ ਕੋਲ ਆ ਗਏ। ਭਗਵਾਨ ਤੇ ਗੁਰਮੀਤ ਕਿਸੇ ਲੁਕਵੀਂ ਖੁਸ਼ੀ ਵਿਚ ਮੁਸਕਰਾ ਪਏ।

''ਹੋਰ ਸੁਣਾਓ ਕੀ ਹਾਲ ਐ?'' ਭਗਵਾਨ ਕੁੜੀ ਦੇ ਗੋਰੇ ਚਿਹਰੇ ਨੂੰ ਨਿਹਾਰਦਾ ਬੋਲਿਆ।

''ਹਾਲ ਤਾਂ ਤੁਹਾਡੇ ਨਾਲ ਈ ਐ, ਜੇ ਤੁਸੀਂ ਠੀਕ ਓਂ ਤਾਂ ਅਸੀਂ ਠੀਕ ਆਂ। ਜੇ ਤੁਹਾਨੂੰ ਦੁੱਖ ਐ ਤਾਂ ਅਸੀਂ ਤੁਹਾਡੇ ਤੋਂ ਪਹਿਲਾਂ ਦੁਖੀ ਆਂ।'' ਕੁੜੀ ਨੇ ਆਪਣੇ ਆਪ ਨੂੰ ਮੁੰਡੇ ਅੱਗੇ ਸਮਰਪਿਤ ਕਰ ਦਿੱਤਾ।

''ਨਾਂਹ ਸਾਡੀ ਕਿਉਂ ਭਾਜੜ ਪਾਉਣੀ ਸੀ ਅੱਜ।'' ਭਗਵਾਨ ਨੂੰ ਅੱਜ ਆਉਣ ਦਾ ਮਕਸਦ ਚੇਤੇ ਆ ਗਿਆ।

''ਜੇ ਨਾ ਆਉਂਦੇ ਮੈਂ ਨੀ ਰੋਟੀ ਖਾਣੀ ਸੀ। ਬੇਸ਼ੱਕ ਮਰ ਜਾਂਦੀ।'' ਕੁੜੀ ਗੰਭੀਰ ਹੋ ਗਈ।

''ਅਸੀਂ ਵੀ ਆਪਣੀ ਗੁਰਮੀਤ ਦੇ ਫੁੱਲ ਦੀ ਲੱਗੀ ਨੀ ਸਹਾਰਦੇ ਸੀ। ਚਾਹੇ ਲੱਖ ਹਨ੍ਹੇਰੀਆਂ ਝੱਲ ਕੇ ਆਉਣਾ ਪੈਂਦਾ।'' ਭਗਵਾਨ ਜਜ਼ਬਾਤ ਵਿਚ ਆ ਗਿਆ।

''ਅੱਜ ਇਸ ਤਰ੍ਹਾਂ ਕਰਿਓ ਭਾਗੂ ਜੀ, ਮੂੰਹ ਹਨ੍ਹੇਰੇ ਜਿਹੇ ਕੋਠੇ 'ਤੇ ਚੜ੍ਹ ਜਾਇਓ।''

''ਕਿਉਂ ਧੱਕਾ ਦੇਣੈ?'' ਭਗਵਾਨ ਦੀ ਗੱਲ 'ਤੇ ਦੋਵੇਂ ਖਿੜ-ਖਿੜ ਕੇ ਹੱਸ ਪਏ।

''ਨਹੀਂ, ਤੁਹਾਨੂੰ ਵੇਖ ਕੇ ਪੂਜਾ ਕਰਕੇ ਫੇਰ ਰੋਟੀ ਖਾਣੀ ਐ।'' ਗੁਰਮੀਤ ਨੂੰ ਭਗਵਾਨ ਇਕੋ ਸਮੇਂ ਆਪਣਾ ਹਾਣੀ, ਮਹਿਰਮ ਤੇ ਰੱਬ ਜਾਪਿਆ।

''ਕਿਉਂ ਕੀਹਨੇ ਖਾਣੀ ਐਂ ਰੋਟੀ?'' ਰਾਜੇ ਨੂੰ ਅੰਦਰ ਆਉਂਦੇ ਨੂੰ ਟੁੱਟੇ-ਫੁੱਟੇ ਸ਼ਬਦਾਂ ਦੀ ਸਮਝ ਆ ਗਈ।

''ਕਿਸੇ ਨੇ ਵੀ ਨੀ। ਇਹ ਤਾਂ ਹੋਰ ਗੱਲ ਸੀ।'' ਭਗਵਾਨ ਨੇ ਰਾਜੇ ਦੇ ਪਿੱਛੇ ਹੀ ਚਾਹ ਲਈ ਆਉਂਦੀ ਰਾਣੀ ਤੇ ਕੇਵਲ ਨੂੰ ਵੇਖ ਕੇ ਗੱਲ ਟਾਲ਼ ਦਿੱਤੀ।

''ਬਾਈ ਚਾਹ ਜ਼ਿਆਦਾ ਐ, ਮੈਂ ਘੱਟ ਪੀਨਾਂ।'' ਭਗਵਾਨ ਨੇ ਗਿਲਾਸ ਚੁੱਕ ਕੇ ਰਾਣੀ ਵੱਲ ਵਧਾ ਦਿੱਤਾ।

''ਪੀ ਲੈ ਪੀ ਲੈ। ਹਵਾ ਕਰਦੈਂ, ਘਰੇ ਤਾਂ ਦੋ ਕੌਲਿਆਂ ਨਾਲ ਅੱਖਾਂ ਖੋਲ੍ਹਦੈਂ।'' ਰਾਜੇ ਦੀ ਮਸ਼ਕਰੀ 'ਤੇ ਸਾਰੇ ਹੱਸ ਪਏ।

''ਵੀਰ ਜੀ, ਚਾਹ ਤਾਂ ਥੋੜ੍ਹੀ ਹੀ ਸੀ।'' ਰਾਣੀ ਨੇ ਚਾਹ ਵਾਲਾ ਜੱਗ ਭਗਵਾਨ ਵੱਲ ਵਧਾ ਦਿੱਤਾ। ਭਗਵਾਨ ਨੇ ਅੱਧੀ ਚਾਹ ਜੱਗ ਵਿਚ ਕੱਢ ਦਿੱਤੀ। ਚਾਹ ਪੀਣ ਤੋਂ ਬਾਅਦ ਰਾਣੀ ਭਾਂਡੇ ਇਕੱਠੇ ਕਰਕੇ ਬਾਹਰ ਲੈ ਗਈ। ਉਸਦੇ ਪਿੱਛੇ ਗੁਰਮੀਤ ਚਲੀ ਗਈ। ਦੋਵੇਂ ਕਾਫ਼ੀ ਦੇਰ ਓਟੇ ਕੋਲ ਬੈਠੀਆਂ ਗੱਲਾਂ ਕਰਦੀਆਂ ਰਹੀਆਂ। ਫਿਰ ਗੁਰਮੀਤ ਆਪਣੇ ਘਰ ਚਲੀ ਗਈ।

ਰਾਜਾ, ਗੁਰਨੈਬ ਤੇ ਕੇਵਲ ਤਿੰਨੋਂ ਸੰਦੇਹਾਂ ਹੀ ਰੋਟੀ ਖਾ ਕੇ ਕੋਠੇ ਉਪਰ ਆ ਬੈਠੇ ਸਨ। ਉਹ ਗੁਰਮੀਤ ਕੇ ਚੁਬਾਰੇ ਵੱਲ ਮੂੰਹ ਕਰੀਂ ਗੱਲਾਂ ਕਰਦੇ ਰਹੇ। ਗੁਰਮੀਤ ਵੀ ਇਕ ਦੋ ਵਾਰ ਕੋਠੇ ਚੜ੍ਹੀ ਤੇ ਦਿਖਾਈ ਜਿਹੀ ਦੇ ਕੇ ਥੱਲੇ ਉਤਰ ਗਈ। ਹੌਲੀ-ਹੌਲੀ ਸਾਰਾ ਪਿੰਡ ਹਨ੍ਹੇਰੇ ਵਿਚ ਡੁਬਦਾ ਗਿਆ। ਕਾਫ਼ੀ ਹਨ੍ਹੇਰਾ ਹੋਏ ਤੋਂ ਗੁਰਮੀਤ ਕੇ ਚੁਬਾਰੇ ਦੇ ਮੱਥੇ 'ਤੇ ਲੱਗਿਆ ਬੱਲਬ ਜਗ ਪਿਆ। ਬੱਲਬ ਦੇ ਚਾਨਣ ਵਿਚ ਫਿਰਦੀ ਗੁਰਮੀਤ ਨੇ ਖੜ੍ਹ ਕੇ ਕੇਵਲ ਕੇ ਕੋਠੇ ਵੱਲ ਵੇਖਿਆ। ਚਾਹੇ ਹਨ੍ਹੇਰਾ ਕਾਫ਼ੀ ਸੀ ਪਰ ਗੁਰਮੀਤ ਕਾ ਘਰ ਕੇਵਲ ਕੇ ਘਰ ਤੋਂ ਬਹੁਤੀ ਦੂਰ ਨਾ ਹੋਣ ਕਰਕੇ ਧਿਆਨ ਲਾਇਆਂ ਕੋਠੇ 'ਤੇ ਤੁਰਦਾ-ਫਿਰਦਾ ਬੰਦਾ ਪਹਿਚਾਣਿਆ ਜਾ ਸਕਦਾ ਸੀ। ਗੁਰਮੀਤ ਨੂੰ ਖੜ੍ਹੀ ਵੇਖ ਕੇ ਭਗਵਾਨ ਨੇ ਹੱਥ ਖੜ੍ਹਾ ਕਰਕੇ ਹਵਾ ਵਿਚ ਹਿਲਾਇਆ, ਅੱਗੋਂ ਗੁਰਮੀਤ ਨੇ ਵੀ ਉਸਦਾ ਜਵਾਬ ਹੱਥ ਖੜ੍ਹਾ ਕਰਕੇ ਮੋੜ ਦਿੱਤਾ। ਫਿਰ ਗੁਰਮੀਤ ਨੇ ਗਿਲਾਸ ਵਿਚ ਪਾਇਆ ਪਾਣੀ ਭਗਵਾਨ ਵੱਲ ਸੱਤ ਵਾਰ ਉਛਾਲਿਆ ਤੇ ਹੱਥ ਜੋੜ ਦਿੱਤੇ। ਉਹ ਹੱਥ ਖੜ੍ਹਾ ਕਰਕੇ ਹਿਲਾਉਂਦੀ ਕੋਠੇ ਤੋਂ ਹੇਠਾਂ ਉਤਰ ਗਈ। ਜਦੋਂ ਰੋਟੀ-ਟੁੱਕ ਖਾ ਕੇ ਘੰਟੇ ਬਾਅਦ ਚੰਨ ਨੂੰ ਅਰਘ ਦੇਣ ਵਾਲੀਆਂ ਸੁਹਾਗਣਾਂ ਨਾਲ ਗੁਰਮੀਤ ਕੋਠੇ ਚੜ੍ਹੀ ਤਾਂ ਉਸਨੇ ਵੇਖਿਆ, ਭਗਵਾਨ ਹੋਰੀਂ ਅਜੇ ਵੀ ਕੋਠੇ 'ਤੇ ਬੈਠੇ ਗੱਲਾਂ ਕਰ ਰਹੇ ਸਨ। ''ਓਹ ਵੇ ਬੁੱਧੂਓ! ਹੁਣ ਤਾਂ ਉਤਰ ਜੋ, ਹੁਣ ਤਾਂ ਰੋਟੀ ਖਾਧੀ ਨੂੰ ਵੀ ਘੰਟਾ ਹੋ ਗਿਆ।'' ਗੁਰਮੀਤ ਨੇ ਮਨ ਵਿਚ ਬੁੜ-ਬੁੜ ਕਰਦੀ ਨੇ ਮੱਥੇ 'ਤੇ ਹੱਥ ਮਾਰਿਆ। ਸਾਰੀਆਂ

ਸੁਹਾਗਣਾਂ ਨੇ ਪੰਡਤਾਣੀ ਤੋਂ ਕਹਾਣੀ ਸੁਣਨ ਵੇਲੇ ਪੱਲੇ ਬੰਨ੍ਹੇ ਦਾਣੇ ਪਾਣੀ ਦੀ ਭਰੀ ਬਾਲਟੀ ਵਿਚ ਪਾ ਲਏ। ਫਿਰ ਉਸ ਵਿਚ ਸਾਰੀਆਂ ਨੇ ਖਿੱਲਾਂ ਅਤੇ ਸੇਬ ਦੀਆਂ ਫਾੜੀਆਂ ਪਾਈਆਂ। ਗੁਰਮੀਤ ਹੋਰੀਂ ਖੜ੍ਹੀਆਂ ਸਾਰਾ ਕੁਝ ਵੇਖਦੀਆਂ ਰਹੀਆਂ। ਸਾਰੀਆਂ ਨੇ ਇਕ-ਇਕ ਹੱਥ ਲਾ ਕੇ ਬਾਲਟੀ ਚੁੱਕੀ ਤੇ ਚੰਨ ਵੱਲ ਕਰਕੇ ਪਾਣੀ ਉਛਾਲਦਿਆਂ ਅਰਘ ਦੇਣਾ ਸ਼ੁਰੂ ਕੀਤਾ।

ਸੋਹਣੀਆਂ ਪਰਸੋਹਣੀਆਂ

ਸੋਹਣੀਆਂ ਘਰ ਬਾਰ।

ਬਾਲੇ ਚੰਦਾ ਅਰਘ ਲੈ,

ਦੇ ਲੋੜੇ ਘਰ ਬਾਰ।

ਹੱਥ ਕੜੀ, ਪੈਰ ਕੜੀ

ਸੁਹਾਗਣ ਭਾਗਣ

ਅਰਘ ਦੇਣ ਚੁਬਾਰੇ ਚੜ੍ਹੀ।

ਅਰਘ ਦੇਣ ਤੋਂ ਬਾਅਦ ਸਾਰੀਆਂ ਨੇ ਭੋਗ ਵੰਡਿਆ ਤੇ ਫਿਰ ਹੌਲੀ-ਹੌਲੀ ਕੋਠੇ ਤੋਂ ਥੱਲੇ ਉਤਰ ਗਈਆਂ।

''ਬਾਬਿਓ, ਹੁਣ ਤਾਂ ਹੇਠਾਂ ਚਰਨ ਪਾ ਲਓ।'' ਗੁਰਮੀਤ ਨੇ ਪਹਿਲਾਂ ਹੱਥ ਜੋੜੇ ਤੇ ਫਿਰ ਥੋੜ੍ਹਾ ਝੁਕ ਕੇ ਅਦਬ ਨਾਲ ਇਕ ਹੱਥ ਛਾਤੀ ਕੋਲੋਂ ਅੱਗੇ ਨੂੰ ਕਰਦਿਆਂ ਜਾਣ ਦਾ ਹੁਕਮ ਦੇ ਦਿੱਤਾ। ਜਦੋਂ ਭਗਵਾਨ ਹੋਰੀਂ ਹੇਠਾਂ ਉਤਰ ਗਏ ਤਾਂ ਗੁਰਮੀਤ ਨੇ ਚੁਬਾਰੇ ਦਾ ਬਾਹਰਲਾ ਬੱਲਬ ਬੁਝਾ ਦਿੱਤਾ ਤੇ ਸੁਰਮਈ ਹਨ੍ਹੇਰੇ ਵਿਚ ਹਾਸੇ ਦੀ ਮਹਿਕ ਖਿਲਾਰਦੀ ਹੇਠਾਂ ਉਤਰ ਗਈ।

19.

ਜੋ ਪਿਆਰ ਨੂੰ ਪੈਸਿਆਂ ਨਾਲ ਤੋਲਣ ਲੱਗ ਜਾਵੇ, ਉਹ ਕਦੇ ਤੋੜ ਨਹੀਂ ਨਿਭਾ ਸਕਦਾ। ਪੈਸਿਆਂ ਦੀ ਮੋਟੀ ਪਰਤ ਥੱਲੇ ਪਿਆਰ ਦਮ ਘੁੱਟ ਕੇ ਮਰ ਜਾਂਦਾ ਹੈ। ਜੇਕਰ ਪਿਆਰ ਨੂੰ ਲਾਲਚ ਦਾ ਘੁਣ ਲੱਗ ਜਾਵੇ ਤਾਂ ਉਹ ਅੰਦਰੋਂ ਖੋਖਲਾ ਹੁੰਦਾ-ਹੁੰਦਾ ਇਕ ਦਿਨ ਮਰ ਮੁੱਕ ਜਾਂਦਾ ਹੈ। ਇਹੀ ਕੁਝ ਹੋਇਆ ਸੀ ਭਗਵਾਨ ਦੇ ਪਿਆਰ ਨਾਲ। ਲਾਲਚ ਵਿਚ ਆ ਕੇ ਕਿਰਨਾ ਨੇ ਭਗਵਾਨ ਦਾ ਪਿਆਰ ਅਸਮਾਨੋਂ ਧਰਤੀ ਉਪਰ ਪਟਕਾ ਮਾਰਿਆ ਸੀ ਤੇ ਲਾਲਚ ਪਿੱਛੇ ਲੱਗ ਕਿਸੇ ਹੋਰ ਦੀ ਹਿੱਕ ਨਾਲ ਜਾ ਲੱਗੀ, ਜਿਸਨੂੰ ਰੱਸੇ ਚੱਬਣ ਦੀ ਆਦਤ ਪੈ ਜਾਵੇ, ਉਹ ਹਟਾਇਆਂ ਨਹੀਂ ਹਟਦੀ, ਸਗੋਂ ਵਧਦੀ ਹੀ ਜਾਂਦੀ ਹੈ। ਹੁਣ ਕਿਰਨਾ ਨੂੰ ਤੇਜੀ ਦੇ ਤਿਲ੍ਹਾਂ ਵਿਚੋਂ ਤੇਲ ਨਿਕਲ ਗਿਆ ਜਾਪਦਾ ਸੀ ਜਾਂ ਕਿਰਨਾ ਨੂੰ ਕਿਤੋਂ ਵੱਡਾ ਸ਼ਿਕਾਰ ਲੱਭ ਗਿਆ ਸੀ। ਉਹ ਤੇਜੀ ਨੂੰ ਬਦਲੀ-ਬਦਲੀ ਜਾਪੀ, ਜਦੋਂ ਦੀ ਉਹ ਆਪਣੀ ਭੈਣ ਕੋਲ ਹੀਰੋਂ ਖੁਰਦ ਚਾਰ-ਪੰਜ ਦਿਨ ਲਾ ਕੇ ਆਈ ਸੀ।

ਉਸਦੀ ਭੈਣ ਦਾ ਪ੍ਰਾਹੁਣਾ ਹਰਮੇਸ਼ ਕਿਰਨਾ ਉਪਰ ਹਨ੍ਹੇਰੀ ਵਾਂਗ ਚੜ੍ਹਿਆ ਰੂਪ ਵੇਖ ਕੇ ਆਪਣੀ ਅੱਖ ਮੈਲ਼ੀ ਕਰ ਬੈਠਾ। ਉਸਦੇ ਅੰਦਰਲਾ ਸ਼ੈਤਾਨ ਕੁੰਭਕਰਨ ਦੀ ਨੀਂਦ ਵਿਚੋਂ ਜਾਗ ਪਿਆ। ਹਰਮੇਸ਼ ਨੇ ਆਪਣੇ ਦਿਲੋਂ ਦਿਮਾਗੋਂ ਮੜ੍ਹਿਆ ਜਾਲ ਕਿਰਨਾ ਉਪਰ ਸੁੱਟਣਾ ਸ਼ੁਰੂ ਕਰ ਦਿੱਤਾ। ਕਿਰਨਾ ਵੀ ਹੁਣ ਪਹਿਲਾਂ ਵਾਲੀ ਨਹੀਂ ਰਹੀ ਸੀ। ਹੁਣ ਉਸਦੇ ਦਿਮਾਗ ਵਿਚ ਪੈਸੇ ਦੀ ਲਾਲਸਾ ਵਧਦੀ ਹੀ ਜਾਂਦੀ ਸੀ। ਉਹ ਦਿਨੋਂ-ਦਿਨ ਬੇਗ਼ੈਰਤ, ਬੇਸ਼ਰਮ ਹੁੰਦੀ ਜਾ ਰਹੀ ਸੀ। ਕਿਰਨਾ ਆਪਣਾ ਪ੍ਰਭਾਵ ਪਾਉਣ ਲਈ ਪਹਿਲਾਂ ਇਕ ਦੋ ਦਿਨ ਤਾਂ ਹਰਮੇਸ਼ ਨੂੰ ਉਂਗਲਾਂ 'ਤੇ ਨਚਾਉਂਦੀ ਰਹੀ ਪਰ ਫਿਰ ਉਸਨੂੰ ਖੁੱਲ੍ਹੀਆਂ ਬਾਹਾਂ ਲੈ ਕੇ ਆ ਮਿਲੀ। ਕਿਰਨਾ ਨੂੰ ਪਾ ਕੇ ਹਰਮੇਸ਼ ਨੂੰ ਆਪਣਾ ਆਪ ਹਵਾ ਵਿਚ ਉਡਦਾ ਜਾਪਿਆ। ਜਦੋਂ ਤੋਂ ਕਿਰਨਾ ਹੀਰੋਂ ਰਹਿ ਕੇ ਸ਼ਾਂਤਪੁਰ ਆਈ, ਹਰਮੇਸ਼ ਦੇ ਫੇਰੇ ਸ਼ਾਂਤਪੁਰ ਨੂੰ ਵਧਣ ਲੱਗ ਪਏ। ਉਹ ਇਕ ਦੋ ਦਿਨਾਂ ਬਾਅਦ ਕੋਈ ਨਾ ਕੋਈ ਬਹਾਨਾ ਲਾ ਕੇ ਗੇੜਾ ਮਾਰ ਜਾਂਦਾ। ਚੋਰ ਨੂੰ ਚੋਰ ਅਤੇ ਆਸ਼ਕ ਨੂੰ ਆਸ਼ਕ ਦੂਰੋਂ ਪਹਿਚਾਣ ਲੈਂਦਾ ਹੈ। ਤੇਜੀ ਨੂੰ ਵੀ ਗੱਲ ਸਮਝਣ ਵਿਚ

ਬਹੁਤਾ ਚਿਰ ਨਾ ਲੱਗਿਆ। ਪਹਿਲਾਂ ਕਿਰਨਾ ਦਸ-ਪੰਦਰਾਂ ਦਿਨਾਂ ਬਾਅਦ ਕਿਵੇਂ ਨਾ ਕਿਵੇਂ ਤੇਜੀ ਦੇ ਘਰ ਆ ਜਾਂਦੀ ਜਾਂ ਸੁਖਪਾਲ ਕੇ ਘਰ ਆ ਜਾਂਦੀ ਸੀ ਪਰ ਹੁਣ ਉਸਦਾ ਕਿਰਨਾ ਨੂੰ ਸੁਨੇਹਾ ਮਿਲਣ ਦੇ ਬਾਵਜੂਦ ਵੀ ਮਿਲਣ ਨਾ ਆਉਣਾ ਤੇ ਉਤੋਂ ਉਪਰੋਥਲੀ ਹਰਮੇਸ਼ ਦੇ ਉਨ੍ਹਾਂ ਦੇ ਘਰ ਵਜਦੇ ਗੇੜੇ ਕਿਸੇ ਅਣਹੋਣੀ ਦਾ ਸੂਚਕ ਸਨ। ਤੇਜੀ ਨੂੰ ਆਪਣੀ ਬੇੜੀ ਸਮੁੰਦਰ ਵਿਚਕਾਰ ਡੁੱਬਦੀ ਜਾਪੀ। ਉਹ ਕੁਝ ਨਾ ਕਰ ਸਕਿਆ। ਬੱਸ ਬੇਵਸ ਹੋਇਆ ਅੱਖਾਂ ਸਾਹਮਣੇ ਬਦਲਦੇ ਹਾਲਾਤਾਂ ਨੂੰ ਵੇਖਦਾ ਰਿਹਾ। ਕਦੇ ਉਹ ਆਪਣਾ ਪਿੱਛਾ ਘੋਖਣ ਲੱਗ ਪੈਂਦਾ ਕਿ 'ਮੇਰੇ ਤੋਂ ਕਿੱਥੇ ਢਿੱਲ ਰਹਿ ਗਈ, ਜਿਸ ਕਰਕੇ ਕਿਰਨਾ ਨੇ ਮੇਰੇ ਤੋਂ ਮੁੱਖ ਮੋੜਿਆ।'' ਉਹ ਚਾਰੇ ਪਾਸੇ ਸੋਚਾਂ ਦੇ ਘੋੜੇ ਦੜਾਉਂਦਾ ਪਰ ਕੁਝ ਹੱਥ ਪੱਲੇ ਨਾ ਲੱਗਦਾ ਕਦੇ ਉਹ ਸੋਚਦਾ ਕਿ 'ਭਗਵਾਨ ਵਰਗੇ ਦਰਵੇਸ਼ ਮੁੰਡੇ ਤੋਂ ਉਸਦਾ ਪਿਆਰ ਖੋਹ ਕੇ ਮੈਂ ਖੁਦ ਪਾਪ ਖੱਟ ਲਿਆ ਹੈ। ਹੁਣ ਓਹੀ ਮੈਨੂੰ ਭੁਗਤਣੀਆਂ ਪੈ ਗਈਆਂ।' ਕਦੇ ਉਹ ਆਪਣੇ ਆਪ ਹੀ ਮਨ 'ਚ ਆਏ ਇਨ੍ਹਾਂ ਵਿਚਾਰਾਂ ਨੂੰ ਰੱਦ ਕਰ ਦਿੰਦਾ। 'ਇਸ ਤਰ੍ਹਾਂ ਕੌਣ ਕਿਸੇ ਦਾ ਪਿਆਰ ਖੋਹ ਸਕਦਾ ਹੈ? ਜੇ ਇਸ ਤਰ੍ਹਾਂ ਪਿਆਰ ਖੋਹਿਆ ਜਾਂਦਾ ਤਾਂ ਹੁਣ ਤੱਕ ਸਾਰੇ ਪੈਸੇ ਵਾਲੇ ਪਿਆਰ ਦੀਆਂ ਕੋਠੀਆਂ ਭਰ ਲੈਂਦੇ। ਅਸਲ ਵਿਚ ਕਿਰਨਾ ਨੇ ਪਿਆਰ ਕੀਤਾ ਨਹੀਂ, ਉਹ ਤਾਂ ਆਪਣਾ ਮੁੱਲ ਪਾਉਂਦੀ ਰਹੀ ਹੈ, ਜੋ ਪਹਿਲਾਂ ਮੇਰੇ ਕੋਲ ਆਈ। ਫਿਰ ਉਸਤੋਂ ਵੱਡੇ ਵਪਾਰੀ ਬੋਲੀ ਲਾ ਕੇ ਲੈ ਗਏ। ਉਹ ਸਭ ਕੁਝ ਸਮਝ ਜਾਂਦਾ ਹੈ।

ਹੁਣ ਕਈ ਦਿਨਾਂ ਤੋਂ ਤੇਜੀ ਨੂੰ ਕੁਝ ਨਹੀਂ ਸੁੱਝ ਰਿਹਾ ਸੀ ਕਿ ਉਹ ਕੀ ਕਰੇ। ਉਸਦੀ ਹਾਲਤ ਪਲ-ਪਲ ਪਤਲੀ ਪੈਂਦੀ ਜਾ ਰਹੀ ਸੀ। ਉਸਦੇ ਅੰਦਰ ਆਪਣੇ-ਆਪ ਪ੍ਰਤੀ ਪਛਤਾਵਾ ਤੇ ਕਿਸੇ ਲਈ ਗੁੱਸੇ ਦੇ ਭਾਂਬੜਾਂ ਦਾ ਸੰਘਰਸ਼ ਚੱਲ ਰਿਹਾ ਸੀ। ਉਹ ਮੁਰਦਾ ਲਾਸ਼ ਵਾਂਗ ਵਿਹੜੇ ਵਿਚ ਇਧਰ-ਉਧਰ ਗੇੇੜੇ ਦੇਣ ਲੱਗ ਪਿਆ, ਫਿਰ ਉਹ ਡਿਗਦਾ-ਢਹਿੰਦਾ ਚੁਬਾਰੇ ਜਾ ਚੜ੍ਹਿਆ। ਉਹ ਸਾਹ ਸਤ ਸੁੱਟ ਕੇ ਮੰਜੇ ਉਪਰ ਜਾ ਡਿੱਗਿਆ। ਛੱਤ ਵੱਲ ਨਿਗ੍ਹਾ ਟਿਕਾਈ ਕਿੰਨਾ ਚਿਰ ਵਿੱਡਰਿਆਂ ਵਾਂਗ ਵੇਖਦਾ ਉਥੇ ਹੀ ਪਿਆ ਰਿਹਾ। ਉਸਦੀ ਸੋਚ ਭਟਕੇ ਰਾਹੀ ਵਾਂਗ ਇਧਰ-ਉਧਰ ਭਟਕਦੀ ਰਹੀ। ਫਿਰ ਉਸਨੂੰ ਕਿਰਨਾ ਦੀ ਸਹੇਲੀ ਦਾ ਚੇਤਾ ਆਇਆ। 'ਕਿਉਂ ਨਾ ਸੁਖਪਾਲ ਜਰੀਏ ਕਿਰਨਾ ਨੂੰ ਬੁਲਾ ਕੇ ਉਸ ਨਾਲ ਇਕ ਵਾਰੀ ਗੱਲ ਕਰਕੇ ਵੇਖੀ ਜਾਵੇੇ' ਤੇਜੀ ਬਿਮਾਰਾਂ ਵਾਂਗ ਮੰਜੇ ਤੋਂ ਉਠਿਆ ਤੇ ਸੁਖਪਾਲ ਦੇ ਘਰ ਨੂੰ ਚੱਲ ਪਿਆ। ਸੁਖਪਾਲ ਬਾਹਰ ਹੀ ਗੋਹਾ ਪੱਥ ਰਹੀ ਸੀ। ਉਹ ਤੇਜੀ ਨੂੰ ਆਉਂਦਿਆਂ ਵੇਖ ਕੇ ਬੁੱਲ੍ਹਾਂ ਵਿਚ ਮੁਸਕਾ ਪਈ। ਤੇਜੀ ਨੇ ਢਿੱਲੇ ਜਿਹੇ ਮੂੰਹ ਨਾਲ ਸੁਖਪਾਲ ਕੋਲ ਜਾ ਕਿਹਾ, ''ਭੈਣ ਇਕ ਕੰਮ ਕਰੇਂਗੀ?''

''ਕੀ?'' ਸੁਖਪਾਲ ਨੇ ਪੁੱਛਿਆ।

''ਕਿਮੇਂ ਮਰਜੀ ਕਰ, ਇਕ ਵਾਰ ਕਿਰਨਾ ਨਾਲ ਮਿਲਾ ਦੇ।'' ਤੇਜੀ ਨੇ ਦਿਲੋਂ ਤਰਲਾ ਕੀਤਾ। ਉਸਦਾ ਮਨ ਅਜੇ ਵੀ ਕਿਰਨਾ ਦੀ ਚਾਹਤ ਵਿਚ ਗੋਤੇ ਖਾ ਰਿਹਾ ਸੀ।

''ਪਹਿਲਾਂ ਕਿੰਨੇ ਸੁਨੇਹੇ ਲਾ ਤੇ, ਆਉਂਦੀ ਤਾਂ ਹੈ ਨੀ।''

''ਮੇਰੇ ਬਾਰੇ ਨਾ ਦੱਸੀਂ ਉਹਨੂੰ, ਤੂੰ ਕੋਈ ਹੋਰ ਬਹਾਨਾ ਲਾ ਕੇ ਬੁਲਾ ਲਿਆਈਂ। ਮੈਂ ਤਾਂ ਚਾਰ ਗੱਲਾਂ ਈ ਕਰਨੀਆਂ ਨੇ ਉਹਦੇ ਨਾਲ।''

''ਚੰਗਾ ਜਿੱਦੇਂ ਸਾਡੇ ਘਰ ਨਾ ਹੋਇਆ ਕੋਈ, ਓਦੇਂ ਬੁਲਾ ਲਿਆਊਂ, ਤੂੰ ਆਜੀ।'' ਸੁਖਪਾਲ ਨੇ ਸਕੀਮ ਦੱਸੀ।

''ਫੇਰ ਮੈਨੂੰ ਕਿਮੇਂ ਪਤਾ ਲੱਗੂ?'' ਤੇਜੀ ਨੂੰ ਆਸ ਦੀ ਕਿਰਨ ਦੇ ਨਾਲ ਹੀ ਇਕ ਮੁਸ਼ਕਿਲ ਦਿਖਾਈ ਦੇ ਗਈ।

''ਮੈਂ ਸੋਡੇ ਘਰ ਮੂਹਰਦੀ ਜਾਊਂ ਵੱਟੇ ਵੱਟ। ਨਾਲੇ ਜਾਂਦੀ ਹੋਈ ਸੋਡੇ ਘਰ ਆ ਕੇ ਜਾਊਂ।''

''ਚੰਗਾ।'' ਤੇਜੀ ਦਾ ਮੁਰਝਾਇਆ ਚਿਹਰਾ ਖਿੜ ਗਿਆ। ਉਹ ਵਾੜੇ 'ਚੋਂ ਸੁਖਪਾਲ ਦੇ ਘਰ ਨੂੰ ਤੁਰ ਪਏ। ਗੇਟਾਂ ਕੋਲ ਜਾ ਕੇ ਸਤਗੁਰ ਨੂੰ ਵੇਖਦਿਆਂ ਤੇਜੀ ਨੇ ਆਵਾਜ਼ ਮਾਰੀ, ''ਵੀਰ ਘਰੀਂ ਐਂ?''

''ਹਾਂ ਆਜਾ-ਆਜਾ।'' ਸਤਗੁਰ ਮੱਝਾਂ ਨੂੰ ਪਾਣੀ ਪਿਲਾ ਰਿਹਾ ਸੀ। ਤੇਜੀ ਨੇ ਉਸ ਨਾਲ ਹੱਥ ਮਿਲਾਇਆ ਤੇ ਫਿਰ ਗੱਲੀਂ ਲੱਗ ਗਏ। ਅੱਧੇ ਘੰਟੇ ਬਾਅਦ ਤੇਜੀ ਓਥੋਂ ਘਰ ਨੂੰ ਤੁਰ ਪਿਆ।

-0-

ਸੁਖਪਾਲ ਤਿੰਨ-ਚਾਰ ਦਿਨ ਉਡੀਕਦੀ ਰਹੀ ਪਰ ਉਸਨੂੰ ਕਦੇ ਇਕੱਲੀ ਰਹਿਣ ਦਾ ਸਬੱਬ ਪ੍ਰਾਪਤ ਨਾ ਹੋਇਆ। ਛੇਵੇਂ ਦਿਨ ਸੁਖਪਾਲ ਦਾ ਬਾਪੂ ਤੇ ਉਸਦਾ ਭਰਾ ਪੰਜ ਤਾਰੀਖ਼ ਦੀ ਮੰਡੀ 'ਤੇ ਸੁਨਾਮ ਮੱਝ ਵੇਚਣ ਲਈ ਚਲੇ ਗਏ। ਉਸਦੀ ਮਾਂ ਨੇ ਚੀਮਿਆਂ ਤੋਂ ਕੱਪੜਾ ਲੈ ਕੇ ਆਉਣਾ ਸੀ। ਉਹ ਚਾਹੁੰਦੀ ਸੀ ਕਿ ਸੁਖਪਾਲ ਘਰੇ ਇਕੱਲੀ ਰਹਿ ਜਾਵੇਗੀ। ਇਸ ਲਈ ਉਹ ਵੀ ਉਸਦੇ ਨਾਲ ਹੀ ਚਲੀ ਜਾਵੇ ਪਰ ਸੁਖਪਾਲ ਨੇ ਕਹਿ ਦਿੱਤਾ ਕਿ ਉਹ ਕਿਰਨਾ ਨੂੰ ਇਥੇ ਬੁਲਾ ਲਵੇਗੀ। ਨਾਲੇ 'ਕੱਠੀਆਂ ਸਿਰਹਾਣੇ ਕੱਢ ਲੈਣਗੀਆਂ। ਆਪਣੀ ਮਾਂ ਦੇ ਜਾਣ ਤੋਂ ਬਾਅਦ ਸੁਖਪਾਲ ਬਾਰ ਨੂੰ ਬਾਹਰੋਂ ਕੁੰਡਾ ਲਾ ਕੇ ਕਿਰਨਾ ਨੂੰ ਬੁਲਾਉਣ ਤੁਰ ਪਈ। ਜਾਂਦੀ ਹੋਈ ਉਹ ਤੇਜੀ ਕੇ ਘਰ ਹੋ ਕੇ ਗਈ। ਫੇਰ ਉਥੋਂ ਸਿੱਧੀ ਜੀਰੀ ਵਿਚੋਂ ਦੀ ਵੱਟੇ-ਵੱਟ ਹੋ ਗਈ।

ਸੋਨੇ ਰੰਗੀ ਜੀਰੀ ਦੀ ਫਸਲ ਆਪਣੀ ਜਵਾਨੀ ਵਿਚ ਝੂਲ ਰਹੀ ਸੀ। ਕਿਤੇ-ਕਿਤੇ ਕੰਬਾਈਨ ਦੀ ਵੱਢੀ ਫਸਲ ਦੇ ਕਰਚੇ ਤਾਜ਼ੀ ਮੁੰਨੀ ਦਾੜ੍ਹੀ ਵਾਂਗ ਖੜ੍ਹੇ ਸਨ। ਟਾਵੇਂ-ਟਾਵੇਂ ਤਾਜ਼ੇ ਵੱਢ ਵਿਚ ਮੱਝਾਂ ਚਰ ਰਹੀਆਂ ਸਨ। ਲਹਿੰਦੇ ਵੱਲ ਉੱਚੀ ਟਿੱਬੀ ਉਪਰ ਹਰੀ-ਕਚਾਰ ਕਪਾਹ ਵਿਚ ਖਿੜੇ ਚਿੱਟੇ ਫੁੱਲ, ਹਰੇ ਸੂਟ ਵਿਚ ਕੱਢੀ ਚਾਂਦੀ ਰੰਗੀ ਕਢਾਈ ਵਾਂਗ ਜਾਪਦੇ ਸਨ। ਪੂਰਬ ਦੀ ਗੁੱਠੇ ਉੱਚੇ ਹੋਏ ਸੂਰਜ ਦੀਆਂ ਤਿੱਖੀਆਂ ਕਿਰਨਾਂ ਨੇ ਸੁਨਹਿਰੀ ਫੁੱਲਾਂ ਨੂੰ ਹੋਰ ਚਮਕਾਂ ਮਾਰਨ ਲਾ ਦਿੱਤਾ ਸੀ। ਸੁਖਪਾਲ ਕਿਰਨਾ ਨੂੰ ਲੈ ਕੇ ਮੁੜ ਪਈ। ਦੋਵੇਂ ਕੁੜੀਆਂ ਜਵਾਨੀ ਦੇ ਲੋਰ ਵਿਚ ਝੂਲਦੀਆਂ, ਜਵਾਨ ਜੀਰੀ ਦੀ ਫਸਲ ਵਿਚ ਮਹਿਕਾਂ ਖਿਲਾਰਦੀਆਂ ਆ ਰਹੀਆਂ ਸਨ। ਕਦੇ-ਕਦੇ ਕਿਰਨਾ ਦਾ ਧਾਰੀਦਾਰ ਦੁਪੱਟਾ ਹਵਾ ਵਿਚ ਵਲੇਵੇਂ ਖਾਂਦਾ ਜੀਰੀ ਦੀਆਂ ਬੋਦੀਆਂ ਵਿਚ ਕੁਤ-ਕੁਤਾਰੀਆਂ ਕਰ ਜਾਂਦਾ। ਤੇਜੀ ਕੋਠੇ ਉਪਰ ਖੜ੍ਹਾ ਇਨ੍ਹਾਂ ਨੂੰ ਆਉਂਦੀਆਂ ਵੇਖ ਰਿਹਾ ਸੀ। ਉਸਦਾ ਸਰੀਰ ਕਿਰਨਾ ਦੀ ਬੇਵਫ਼ਾਈ ਕਾਰਨ ਗੁੱਸੇ ਨਾਲ ਤਪ ਰਿਹਾ ਸੀ। ਉਹ ਕਿਰਨਾ ਦੀ ਬੇਵਫ਼ਾਈ 'ਤੇ ਲਾਹਣਤਾਂ ਪਾ ਕੇ ਆਪਣਾ ਦਿਲ ਹੌਲ਼ਾ ਕਰਨਾ ਚਾਹੁੰਦਾ ਸੀ। ਕਦੇ-ਕਦੇ ਉਹ ਆਪਣੇ ਆਪ ਨੂੰ ਦੋਸ਼ ਦੇਣ ਲੱਗ ਪੈਂਦਾ ਕਿ ਉਹ ਕਿਉਂ ਨਹੀਂ ਸਮਝ ਸਕਿਆ ਕਿ ਕਿਰਨਾ ਇੰਨੇ ਸ਼ਰੀਫ਼ ਭਗਵਾਨ ਨੂੰ ਛੱਡ ਕੇ ਉਸ ਨਾਲ ਆ ਜੁੜੀ ਸੀ ਤਾਂ ਕਦੇ ਉਸਨੂੰ ਵੀ ਛੱਡ ਸਕਦੀ ਐ। ਉਸਤੋਂ ਵਫ਼ਾ ਦੀ ਆਸ ਕਰਨਾ ਉਸਦੀ ਆਪਣੀ ਬੇਵਕੂਫ਼ੀ ਸੀ। ਜਦੋਂ ਦੋਵੇਂ ਕੁੜੀਆਂ ਘਰੇ ਚਲੀਆਂ ਗਈਆਂ ਤਾਂ ਤੇਜੀ ਕੋਠਿਓਂ ਉਤਰ ਕੇ ਉਨ੍ਹਾਂ ਦੇ ਪਿੱਛੇ ਹੀ ਤੁਰ ਪਿਆ। ਉਸਦੇ ਜਾਂਦੇ ਨੂੰ ਸੁਖਪਾਲ ਰਸੋਈ ਵਿਚ ਚਾਹ ਬਣਾਉਣ ਚਲੀ ਗਈ ਸੀ ਤੇ ਕਿਰਨਾ ਵਿਹੜੇ ਵਿਚ ਡੱਠੇ ਮੰਜੇ ਉਤੇ ਬਾਂਹ ਦੇ ਭਾਰ ਅੱਧੀ ਕੁ ਲੇਟੀ ਹੋਈ ਪਈ ਸੀ। ਤੇਜੀ ਨੂੰ ਆਉਂਦਿਆਂ ਵੇਖ ਕੇ ਉਹ ਬੁੱਲ੍ਹਾਂ ਵਿਚ ਝੂਠੀ-ਮੂਠੀ ਜਿਹਾ ਮੁਸਕਰਾਈ ਤੇ ਮੰਜੇ ਉਤੇ ਠੀਕ ਹੋ ਕੇ ਬੈਠ ਗਈ।

''ਕੀ ਹਾਲ ਐ ਤੇਰੇ ਨਵੇਂ ਹਾਣੀ ਦਾ?'' ਤੇਜੀ ਨੇ ਜਾਂਦਿਆਂ ਹੀ ਸੱਚੀ ਗੱਲ ਕਿਰਨਾ ਦੇ ਮੱਥੇ ਵਿਚ ਜਾ ਮਾਰੀ।

''ਕਿਹੜਾ ਹਾਣੀ?'' ਕਿਰਨਾ ਨੇ ਸਭ ਕੁਝ ਜਾਣਦਿਆਂ ਵੀ ਇਹੀ ਪ੍ਰਸ਼ਨ ਤੇਜੀ ਉਪਰ ਸੁੱਟ ਦਿੱਤਾ।

''ਐਨਾ ਛੇਤੀ ਉਹਨੂੰ ਵੀ ਭੁੱਲ ਗੀ?''

''ਕੀਹਨੂੰ?''

''ਜਿਹੜਾ ਨਮਾਂ ਬਣਾਇਐ ਹੀਰੋਂ ਆਲਾ।''

ਤੇਜੀ ਦੇ ਸਹੀ ਨਿਸ਼ਾਨਾ ਮਾਰਨ 'ਤੇ ਕਿਰਨਾ ਦਾ ਚਿਹਰਾ ਉਤਰ ਗਿਆ। ਉਸਦੀਆਂ ਖੁੱਲ੍ਹੀਆਂ ਅੱਖਾਂ ਸ਼ਰਮ ਨਾਲ ਝੁਕ ਗਈਆਂ। ਫਿਰ ਉਸਨੇ ਆਪਣੇ ਆਪ ਨੂੰ ਸੰਭਾਲਦਿਆਂ ਕਿਹਾ, ''ਤੈਨੂੰ ਕੀਹਨੇ ਪਾ 'ਤਾ ਵਹਿਮ।''

''ਵਹਿਮ?'' ਪਹਿਲਾਂ ਚੌਥੇ-ਪੰਜਵੇਂ ਦਿਨ ਆਪਣੇ ਆਪ ਆ ਜਾਂਦੀ ਤੀ ਮਿਲਣ, ਹੁਣ ਕਦੇ ਸੁਨੇਹਾ ਲਾਉਣ ਦੇ ਬਾਵਜੂਦ ਵੀ ਨੀ ਆਈ। ਜੇ ਘਰੇ ਜਾਨੇ ਆਂ ਤਾਂ ਮੱਥੇ 'ਤੇ ਐਡੀ ਤਿਊੜੀ ਪੈ ਜਾਂਦੀ ਐ। ਨਾਲੇ ਤੇਰੇ ਉਹ ਨਮੇਂ ਯਾਰ ਦੇ ਹਰ-ਰੋਜ਼ ਵਜਦੇ ਗੇੜੇ, ਕੀ ਇਹ ਵਹਿਮ ਐ ਸਾਰਾ ਕੁਛ?''

ਤੇਜੀ ਦਾ ਕੜਕਦਾ ਸੱਚ ਸੁਣ ਕੇ ਕਿਰਨਾ ਭਮੱਤਰ ਗਈ।

''ਮ....ਮੈਂ....ਕੀ ਕਰਿਐ।'' ਕਿਰਨਾ ਨੂੰ ਕੋਈ ਚੰਗਾ ਜਵਾਬ ਨਾ ਸੁੱਝਿਆ। ਉਸਦੇ ਝੂਠੇ ਤੀਰ ਚੱਲਣੋ ਜਵਾਬ ਦੇ ਗਏ।

''ਅਜੇ ਮੈਨੂੰ ਪੁਛਦੀ ਐ ਬਈ ਮੈਂ ਕੀ ਕਰਿਐ। ਇਹੀ ਆਪਣੇ-ਆਪ ਨੂੰ ਪੁੱਛ ਬਈ ਮੈਂ ਕੀ ਕਰਿਐ?'' ਤੇਜੀ ਦੀ ਆਵਾਜ਼ ਉੱਚੀ ਹੋ ਗਈ।

''ਕਿਉਂ ਸੌਕਣਾਂ ਮਾਂਗੂ ਲੜਨ ਲੱਗੇ ਓਂ। ਆਹ ਲਓ ਚਾਹ ਪੀਓ ਪਹਿਲਾਂ।'' ਸੁਖਪਾਲ ਨੇ ਚਾਹ ਦਾ ਜੱਗ ਅਤੇ ਤਿੰਨ ਗਿਲਾਸ ਮੰਜੇ ਕੋਲ ਲਿਆ ਰੱਖੇ। ਫਿਰ ਤਿੰਨਾਂ ਵਿਚ ਚਾਹ ਪਾ ਦਿੱਤੀ।

''ਸੁਖਪਾਲ ਆਹ ਦੇਖ ਅਜੇ ਕਹਿੰਦੀ ਮੈਂ ਕੀ ਕਰਿਐ?''

ਤੇਜੀ ਨੇ ਬੱਚਿਆਂ ਵਾਂਗ ਕਿਰਨਾ ਦੀ ਸ਼ਿਕਾਇਤ ਸੁਖਪਾਲ ਕੋਲ ਲਾ ਦਿੱਤੀ।

''ਕਿਰਨਾ ਤੂੰ ਚਾਹੇ ਗੁੱਸਾ ਮੰਨ, ਚਾਹੇ ਗਿਲਾ ਮੰਨ, ਤੇਰਾ ਇਹ ਮਾੜਾ ਕੰਮ ਐ।'' ਸੁਖਪਾਲ ਸੱਚ ਦੇ ਪਲੜੇ ਵਿਚ ਆ ਚੜ੍ਹੀ।

''ਸੁਖਪਾਲ ਇਹ ਤਾਂ ਮੇਰੇ ਨਾਲ ਧੱਕਾ ਹੋਇਐ।'' ਕਿਰਨਾ ਅਜੇ ਵੀ ਸੱਚਾਈ ਤੋਂ ਭੱਜ ਰਹੀ ਸੀ।

''ਧੱਕਾ ਵੀ ਤਾਂ ਹੁੰਦੈ, ਜੇ ਅੱਗੋਂ ਕੋਈ ਕਰਵਾਉਣ ਚਾਹੁੰਦਾ ਹੋਵੇ।'' ਤੇਜੀ ਨੇ ਕਿਰਨਾ ਦੀ ਗੱਲ ਰੋਕ ਲਈ।

''ਫੇਰ ਤੁਸੀਂ ਕਿਹੜਾ ਇਕ ਨਾਲ ਈ ਰਹਿੰਨੇ ਓਂ।'' ਕਿਰਨਾ ਆਪਣੇ ਅਸਲੀ ਰੂਪ ਵਿਚ ਆਉਣੀ ਸ਼ੁਰੂ ਹੋ ਗਈ।

''ਕਹਾ ਕਿਸੇ ਤੋਂ, ਜੇ ਸੱਚਾਈ ਹੋਈ ਤਾਂ ਗਲ ਕਟਾਦੂੰ।'' ਤੇਜੀ ਦਾ ਗੁੱਸਾ ਦਿਮਾਗ ਨੂੰ ਜਾ ਚੜ੍ਹਿਆ।

''ਮੈਥੋਂ ਨੀ ਤੇਰੇ ਨਾਲ ਭਕਾਈ ਵਜਦੀ, ਤੂੰ ਕਰਲੀਂ ਕੀ ਕਰਨੈ।'' ਕਿਰਨਾ ਨੇ ਆਪਣਾ ਨਕਲੀ ਨਕਾਬ ਅਸਲੋਂ ਲਾਹ ਦਿੱਤਾ।

''ਮਖਿਆ ਚੱਲ ਕੀ ਗੰਦੇ ਨਾਲ ਗੰਦਾ ਹੋਣੈ, ਕਰ ਤਾਂ ਮੈਂ ਬਥੇਰਾ ਕੁਛ ਦੇਊਂ।''

''ਤੇਜੀ ਉਰੇ ਆ! ਬੈਠ ਕੇ ਗੱਲ ਕਰ ਸ਼ਾਂਤੀ ਨਾਲ।'' ਸੁਖਪਾਲ ਨੇ ਤੇਜੀ ਨੂੰ ਅੱਖਾਂ ਨਾਲ ਘੂਰਦਿਆਂ ਮੰਜੇ ਵੱਲ ਇਸ਼ਾਰਾ ਕਰ ਦਿੱਤਾ।

''ਨਹੀਂ ਸੁਖਪਾਲ ਮੈਂ ਜਾਨਾਂ।'' ਤੇਜੀ ਕਹਿ ਕੇ ਤੁਰ ਪਿਆ।

''ਓਹ ਗੱਲ ਤਾਂ ਸੁਣ....।'' ਸੁਖਪਾਲ ਦੇ ਬੋਲ ਰਸਤੇ ਵਿਚ ਹੀ ਗੁੰਮ ਹੋ ਗਏ। ਤੇਜੀ ਗੇਟੋਂ ਬਾਹਰ ਆ ਗਿਆ।

ਤੇਜੀ ਨੇ ਚਾਹੇ ਆਪਣੇ ਦਿਲ ਦੀ ਭੜਾਸ ਕੱਢ ਲਈ ਸੀ ਪਰ ਉਸਦਾ ਅੰਦਰਲਾ ਦੁੱਖ ਅਜੇ ਵੀ ਸਲ੍ਹਾਭੀ ਧੂਣੀ ਵਾਂਗ ਧੁਖੀ ਜਾ ਰਿਹਾ ਸੀ। ਉਸਦੇ ਅੰਦਰ ਹਾਉਕੇ ਦੀ ਗੰਢ ਜਿਹੀ ਬੱਝ ਗਈ ਸੀ। ਉਸਦਾ ਸਰੀਰ ਗੁੱਸੇ ਅਤੇ ਪਛਤਾਵੇ ਦੇ ਰਲਵੇਂ ਦਰਦ ਨਾਲ ਸੁੰਨ ਹੁੰਦਾ ਜਾ ਰਿਹਾ ਸੀ। ਉਹ ਬਿਮਾਰਾਂ ਵਾਂਗ ਡਿੱਕ-ਡੋਲੇ ਖਾਂਦਾ ਆਪਣੇ ਘਰ ਦੇ ਬਾਰ ਮੂਹਰੇ ਆ ਗਿਆ। ਉਸਦੇ ਕਦਮ ਰੁਕਦੇ-ਰੁਕਦੇ ਫਿਰ ਤੁਰ ਪਏ ਤੇ ਉਹ ਸੜਕ ਨੂੰ ਜਾਂਦੀ ਪਹੀ ਪੈ ਗਿਆ। ਅੱਜ ਉਹ ਆਪਣਾ ਪੀੜਾਂ ਲੱਦਿਆ ਦਿਲ ਭਗਵਾਨ ਅੱਗੇ ਖੋਲ੍ਹਣਾ ਚਾਹੁੰਦਾ ਸੀ। ਉਸਨੂੰ ਜਾਪਿਆ ਸੀ ਕਿ ਉਸਦੇ ਬਿਨਾਂ ਉਸਦੇ ਦਰਦ ਨੂੰ ਕੋਈ ਨਹੀਂ ਸਮਝੇਗਾ। ਉਹ ਪਹੀ ਦਾ ਪਹਿਲਾ ਮੋੜ ਮੁੜ ਗਿਆ। ਨਾਲ ਲਗਦੇ ਵਾਹਣ ਵਿਚੋਂ ਤਾਜ਼ੇ ਮਚਾਏ ਕਰਚਿਆਂ ਦੀ ਸੁਆਹ ਦੀਆਂ ਬੱਤੀਆਂ ਹਵਾ ਨਾਲ ਉਡ ਕੇ ਪਹੀ ਵਿਚ ਆ ਖਿੱਲਰੀਆਂ ਸੀ। ਪਹੀ ਦੀ ਵੱਟ 'ਤੇ ਖੜ੍ਹੇ ਬੇਰੀ ਦੇ ਨਿੱਕੇ-ਨਿੱਕੇ ਚਾਰ-ਪੰਜ ਦਰਖ਼ਤ ਅੱਗ ਦੇ ਸੇਕ ਨੇ ਝੁਲਸ ਦਿੱਤੇ ਸਨ। ਜਦੋਂ ਕੋਈ ਹਵਾ ਦਾ ਬੁੱਲ੍ਹਾ ਇਨ੍ਹਾਂ ਬੇਰੀਆਂ ਦੇ ਸੁੱਕੇ ਹੋਏ ਪੱਤਿਆਂ ਨਾਲ ਛੇੜਖਾਨੀ ਕਰਦਾ ਲੰਘ ਜਾਂਦਾ, ਉਹ ਕਿਸੇ ਡਰਾਉਣੇ ਸੰਗੀਤ ਵਿਚ ਚੀਕਾਂ ਮਾਰਦੇ ਜਾਪਦੇ। ਤੇਜੀ ਸਫ਼ੈਦਿਆਂ ਦੀ ਲੰਬੀ ਕਤਾਰ ਦੇ ਬਰਾਬਰ ਆ ਗਿਆ। ਉਸਨੇ ਅਸਮਾਨ ਨੂੰ ਛੂੰਹਦੇ ਸਫ਼ੈਦਿਆਂ ਵੱਲ ਨਿਗ੍ਹਾ ਮਾਰੀ, 'ਸ਼ਾਇਦ ਕਿਰਨਾ ਦਾ ਕੱਦ ਵੀ ਹੁਣ ਇਨ੍ਹਾਂ ਸਫ਼ੈਦਿਆਂ

ਵਾਂਗ ਉੱਚਾ ਹੋ ਗਿਆ ਹੈ, ਜਿਥੇ ਮੈਂ ਯਤਨ ਕਰਨ 'ਤੇ ਵੀ ਨਹੀਂ ਪਹੁੰਚ ਸਕਦਾ।'' ਉਸਨੇ ਲਾਗਲੇ ਕੱਸੀ ਦੇ ਖਾਲ਼ ਵਿਚ ਡੱਡੂ ਦੀ ਕੁਰਲਾਉਂਦੀ 'ਟਰੈਂਅ...ਟਰੈਂਅ...' ਸੁਣੀ। ਉਸਨੇ ਭੱਜ ਕੇ ਖਾਲ ਵਿਚ ਝੁਕਦਿਆਂ ਵੇਖਿਆ। ਸੱਪ ਨੇ ਡੱਡੂ ਨੂੰ ਗਲੋਂ ਫੜਿਆ ਹੋਇਆ ਸੀ। ਤੇਜੀ ਨੇ ਕੋਈ ਚੀਜ਼ ਚੁੱਕ ਕੇ ਮਾਰਨ ਲਈ ਆਸੇ-ਪਾਸੇ ਨਿਗ੍ਹਾ ਮਾਰੀ। ਐਨੇ ਨੂੰ ਸੱਪ ਡੱਡੂ ਨੂੰ ਲੈ ਕੇ ਵੱਢੇ ਕਰਚਿਆਂ ਵਿਚ ਗੁਆਚ ਗਿਆ। ਛੋਟੇ ਨੂੰ ਅਕਸਰ ਵੱਡਾ ਜਾਨਵਰ ਮਾਰਦਾ ਹੈ। ਇਹ ਕਿਉਂ ਹੁੰਦਾ ਹੈ? ਉਸਨੂੰ ਕੋਈ ਉਤਰ ਨਾ ਸੁੱਝਿਆ। ਉਹ ਪਹੀ ਤੋਂ ਸੜਕ ਪੈ ਗਿਆ। ਸੜਕ 'ਤੇ ਜਾ ਕੇ ਉਸਦੇ ਕਦਮ ਰੁਕ ਗਏ। 'ਮੈਂ ਜਾ ਕੇ ਭਗਵਾਨ ਨੂੰ ਕੀ ਕਹਾਂਗਾ? ਬਈ ਕਿਰਨਾ ਮੈਨੂੰ ਛੱਡ ਗਈ! ਨਹੀਂ....ਨਹੀਂ! ਉਹਦੇ ਲਵੇ ਇਹਦਾ ਕੀ 'ਲਾਜ ਐ। ਨਾਲੇ ਮੈਂ ਵੀ ਤਾਂ ਉਸਦਾ ਦੋਸ਼ੀ ਆਂ। ਉਸਦੇ ਖਰੀਂਢ ਆਏ ਜ਼ਖ਼ਮ ਦੁਬਾਰਾ ਉਚੇੜਾਂ? ਨਹੀਂ....ਨਹੀਂ....ਮੈਨੂੰ ਉਸ ਕੋਲ ਨਹੀਂ ਜਾਣਾ ਚਾਹੀਦਾ।' ਉਹ ਉਥੋਂ ਹੀ ਵਾਪਿਸ ਹੋ ਗਿਆ।

-0-

ਹੌਲੀ-ਹੌਲੀ ਕਿਰਨਾ ਤੇ ਪ੍ਰਾਹੁਣੇ ਦੇ ਸਬੰਧਾਂ ਦੀ ਘਰ ਵਿਚ ਭਿਣਕ ਪੈਣ ਲੱਗ ਪਈ। ਖ਼ਾਸ ਕਰ ਉਸਦੇ ਦੋਵੇਂ ਭਰਾਵਾਂ ਨੂੰ। ਉਹ ਪਿੰਡ ਦੇ ਲੋਕਾਂ ਜਾਂ ਹੋਰ ਮੁੰਡੇ-ਖੁੰਡਿਆਂ ਤੋਂ ਸੁਣੀ ਗੱਲ ਦੀ ਔਸਤ ਲਾਉਣ ਲੱਗ ਪਏ ਸਨ। ਹੁਣ ਤਾਂ ਮੇਵੀ ਨੇ ਵੀ ਕਿੰਨੀ ਵਾਰ ਆਪ ਕਿਰਨਾ ਨੂੰ ਪ੍ਰਾਹੁਣੇ ਨਾਲ ਗੱਲਾਂ ਕਰਦਿਆਂ ਵੇਖ ਲਿਆ ਸੀ। ਉਸਨੇ ਅੱਖਾਂ ਦੀ ਘੂਰੀ ਨਾਲ ਕਿਰਨਾ ਤੇ ਪ੍ਰਾਹੁਣੇ ਨੂੰ ਘੂਰਿਆ ਵੀ ਸੀ। ਕਿਰਨਾ ਵੇਖ ਕੇ ਨੀਵੀਂ ਪਾ ਲੈਂਦੀ ਪਰ ਪ੍ਰਾਹੁਣੇ 'ਤੇ ਗਿੱਦੜ ਭਬਕੀਆਂ ਦਾ ਕੋਈ ਅਸਰ ਨਾ ਹੋਇਆ। ਮੇਵੀ ਅੰਦਰੇ-ਅੰਦਰ ਵਿਹੁ ਘੋਲ ਕੇ ਰਹਿ ਜਾਂਦਾ। ਉਸ ਸੋਚਿਆ ਸੀ ਕਿ ਜੇਕਰ ਇਹ ਰੌਲਾ ਘਰੇ ਪਾਇਆ ਤਾਂ ਵਧਦਾ-ਵਧਦਾ ਲੋਕਾਂ ਦੇ ਕੰਨਾਂ ਤੱਕ ਅੱਪੜ ਜਾਵੇਗਾ। ਅਸੀਂ ਲੋਕਾਂ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿਣੇ। ਇਸ ਲਈ ਉਸਦਾ ਅੰਦਰੋਂ ਤੂਫ਼ਾਨ ਬਣ ਕੇ ਉਠਿਆ ਗੁੱਸਾ, ਬੁੱਲ੍ਹਾਂ ਉਤੇ ਆ ਕੇ ਖ਼ੁਦਕੁਸ਼ੀ ਕਰ ਲੈਂਦਾ ਪਰ ਜਦੋਂ ਗੱਲ ਹੱਦਾਂ ਟੱਪਣ ਲੱਗ ਪਈ ਤਾਂ ਬਰਦਾਸ਼ਤ ਕਰਨੀ ਔਖੀ ਹੋ ਗਈ। ਇਕ ਦਿਨ ਮੇਵੀ ਨੇ ਪ੍ਰਾਹੁਣੇ ਦੇ ਮੁੜ ਜਾਣ ਤੋਂ ਬਾਅਦ ਗੁੱਸੇ ਵਿਚ ਤਪੇ ਨੇ ਆਪਣੀ ਮਾਂ ਨੂੰ ਕਹਿ ਦਿੱਤਾ, ''ਬੇਬੇ ਏਹਨੂੰ ਕਹਿਦੀਂ ਬਈ ਉਰੇ ਨਾ ਆਇਆ ਕਰੇ।''

''ਕੀਹਨੂੰ?'' ਮਾਂ ਉਸਦੀ ਗੱਲ ਸਮਝੀ ਨਹੀਂ ਸੀ।

''ਏਹਨੂੰ ਪ੍ਰਾਹੁਣੇ ਜੇ ਨੂੰ ਸਾਲ਼ੇ ਢੇਡ ਨੂੰ।'' ਮੇਵੀ ਦਾ ਗੁੱਸਾ ਅੱਖਾਂ ਵਿਚ ਸੁਲਗ ਪਿਆ।

''ਕਿਉਂ ਏਹਨੇ ਕੀ ਤੇਰੀਆਂ ਵਾਲੀਆਂ ਚੱਕ ਲਈਆਂ। ਘਰ ਦੇ ਜਵਾਕਾਂ ਵਰਗੈ ਵਿਚਾਰਾ। ਆ ਕੇ ਮੁੜ ਜਾਂਦੈ। ਤੇਰੇ ਦੱਸ ਪੈਰ ਲਤੜਦੈ?'' ਗੇਜੋ ਮੇਵੀ ਦੇ ਪ੍ਰਾਹੁਣੇ ਬਾਰੇ ਅਜਿਹਾ ਬੋਲਣ 'ਤੇ ਔਖੀ ਹੋ ਗਈ।

''ਪੈਰ ਲਤੜਦਿਆਂ ਦੀ ਸੋਨੂੰ ਅਜੇ ਕਾਹਨੂੰ ਸੁਰਤ ਐ। ਸਾਰੇ ਪਿੰਡ 'ਚ ਭੈਣ ਚੋ....ਢੋਲ ਵੱਜ ਗਏ ਨੇ।'' ਮੇਵੀ ਦਾ ਗੁੱਸਾ ਜੇਠ-ਹਾੜ੍ਹ ਦੀ ਸਿਖ਼ਰ ਦੁਪਹਿਰ ਵਾਂਗ ਤਪ ਗਿਆ।

''ਲੋਕਾਂ ਦਾ ਕੀ ਐ, ਲੋਕ ਤਾਂ ਸੌ-ਸੌ ਗੱਲਾਂ ਬਣਾਉਂਦੇ ਨੇ।'' ਗੇਜੋ ਨੂੰ ਚਾਹੇ ਕੁਝ-ਕੁਝ ਗੱਲ ਸਮਝ ਪੈ ਗਈ ਪਰ ਉਸਨੇ ਗੱਲ ਨੂੰ ਟਾਲਣਾ ਚਾਹਿਆ। ਉਸਨੂੰ ਡਰ ਸੀ ਕਿ ਕਿਤੇ ਮੁੰਡਾ ਤੇ ਪ੍ਰਾਹੁਣਾ ਆਪਸ ਵਿਚ ਕਟ-ਵਢੀ ਨਾ ਹੋ ਜਾਣ।

ਕੋਲ ਬੈਠੇ ਕਿਰਨਾ ਦੇ ਬਾਪ ਤੇ ਚਾਚੇ ਨੂੰ ਵੀ ਇਹ ਗੱਲ ਸੋਚਾਂ ਵਿਚ ਪਾ ਗਈ। ਉਨ੍ਹਾਂ ਦੀ ਸੋਚਣ ਸ਼ਕਤੀ ਦਾ ਚੋਰ-ਮੋਰੀ ਦਰਵਾਜ਼ਾ ਵੀ ਖੁੱਲ੍ਹ ਗਿਆ, ਜਿਸਨੂੰ ਉਨ੍ਹਾਂ ਨੇ ਕਦੇ ਖੋਲ੍ਹ ਕੇ ਨਹੀਂ ਵੇਖਿਆ ਸੀ। ਮੇਵੀ ਦੀ ਕਹੀ ਗੱਲ ਉਸਦੇ ਪਿਤਾ ਦੇ ਦਿਮਾਗ ਵਿਚ ਸੂਈ ਵਾਂਗ ਆ ਖੁਭੀ। ਸੱਟ ਲੱਗਣ 'ਤੇ ਦਿਮਾਗ ਹਵਾ ਦੇ ਬੁੱਲੇ ਵਾਂਗ ਹਰਕਤ ਵਿਚ ਆ ਗਿਆ। ਉਸਨੇ ਸੋਚਿਆ, ''ਪ੍ਰਾਹੁਣਾ ਪਹਿਲਾਂ ਕਦੇ ਪੰਜ-ਛੇ ਮਹੀਨਿਆਂ ਬਾਅਦ ਗੇੜਾ ਮਾਰਦਾ ਸੀ ਪਰ ਹੁਣ ਦੂਜੇ ਤੀਜੇ ਦਿਨ ਈ....। ਗੱਲ ਤਾਂ ਹੋਊ।'' ਉਸਦੀਆਂ ਅੱਖਾਂ ਅੱਗੇ ਪ੍ਰਾਹੁਣੇ ਤੇ ਕਿਰਨਾ ਦਾ ਹੌਲੀ-ਹੌਲੀ ਹੱਸ-ਹੱਸ ਗੱਲਾਂ ਕਰਨ ਦਾ ਦ੍ਰਿਸ਼ ਆ ਘੁੰਮਿਆ, ਜਿਸਨੂੰ ਪਹਿਲਾਂ ਉਸਨੇ ਡੂੰਘਾਈ ਤੱਕ ਨਾ ਸੋਚਣ ਕਰਕੇ ਅੱਖੋਂ-ਪਰੋਖੇ ਕਰ ਛੱਡਿਆ ਸੀ। ਉਸਨੂੰ ਪ੍ਰਾਹੁਣਾ ਆਪਣੀਆਂ ਲੱਤਾਂ

ਖਿਚਦਾ ਜਾਪਿਆ। ਉਸਨੂੰ ਜਾਪਿਆ, ਜਿਵੇਂ ਉਸਦੀ ਚਿੱਟੀ ਪੱਗ ਮਿੱਟੀ ਵਿਚ ਮਲੀਆ-ਮੇਟ ਹੋ ਗਈ ਹੋਵੇ। ਇਕ ਗੁੱਸੇ ਦੀ ਚੰਗਿਆੜੀ ਉਸਦੇ ਬੁੱਢੇ ਸਰੀਰ ਵਿਚ ਧੁਖ ਪਈ। ਉਸਦਾ ਜੀਅ ਕੀਤਾ, ਕਿਰਨਾ ਨੂੰ ਗਲੋਂ ਫੜ ਕੇ ਮਰੋੜ ਦੇਵੇ ਪਰ ਕੋਠੇ ਜਿੱਡੀ ਹੋਈ ਧੀ ਉਤੇ ਹੱਥ ਕਿਵੇਂ ਚੁੱਕੇ? ''ਹੁਣ ਕੀ ਕਰਾਂ?'' ਉਸਨੇ ਆਪਣੇ ਆਪ ਨੂੰ ਪੁੱਛਿਆ। ਫਿਰ ਉਹ ਕਿੰਨਾ ਚਿਰ ਸੋਚਾਂ ਵਿਚ ਡੁੱਬਿਆ ਰਿਹਾ।

-0-

ਜਿਉਂ-ਜਿਉਂ ਦਿਨ ਬੀਤਦੇ ਜਾ ਰਹੇ ਸਨ, ਰੁਲਦੂ ਸੋਚਾਂ ਦੇ ਜਾਲ਼ ਵਿਚ ਹੋਰ ਗਹਿਰਾ ਫਸਦਾ ਜਾ ਰਿਹਾ ਸੀ। ਉਸਨੂੰ ਕੁਝ ਨਹੀਂ ਸੁੱਝ ਰਿਹਾ ਸੀ ਕਿ ਉਹ ਹੁਣ ਕੀ ਕਰੇ? ਕਿਸ ਅੱਗੇ ਆਪਣੇ ਦੁੱਖ ਦਾ ਪੁਲੰਦਾ ਖੋਲ੍ਹੇ? ਇਕ ਦਿਨ ਹਰਨਾਮ ਤੋਲਾਵਾਲ ਤੋਂ ਪਿੰਡ ਨੂੰ ਤੁਰਿਆ ਆ ਰਿਹਾ ਸੀ। ਜਦ ਉਹ ਰੁਲਦੂ ਕੇ ਘਰ ਕੋਲ ਆਇਆ ਤਾਂ ਰੁਲਦੂ ਨੇ ਉਸਨੂੰ ਆਵਾਜ਼ ਮਾਰ ਲਈ, ''ਆ ਬਈ ਹਰਨਾਮ ਸਿਆਂ, ਆਜਾ ਦੋ ਮਿੰਟ ਦਮ ਲੈ ਕੇ ਵਗ ਜੀਂ।''

''ਬੱਸ ਦਮ ਨੂੰ ਤਾਂ ਕੀ ਐ, ਆਹ ਰਹਿ ਗਿਆ ਦੋ ਪਲਾਂਘਾਂ।'' ਹਰਨਾਮ ਨੇ ਪੈਰ ਮਲ਼ ਲਏ ਤੇ ਰੁਲਦੂ ਵੱਲ ਤੁਰ ਪਿਆ।

''ਚੀਮਿਆਂ ਤੋਂ ਕਹਿੰਦੇ ਵੀ ਆਪਣੇ ਪਿੰਡ ਆਲੀ ਬੱਸ ਅਜੇ ਘੰਟਾ ਨੀ ਆਉਂਦੀ। ਮਖਾਂ ਚੱਲ ਤੋਲਾਵਾਲ ਤੱਕ ਤਾਂ ਫੇਰ ਬੱਸ ਚੜ੍ਹ ਚਲਦੇ ਆਂ। ਅੱਗੇ ਦੋ ਮਿੰਟ ਦਾ ਰਸਤਾ ਤੁਰ ਕੇ ਵਗ ਜਾਂਗੇ।''

''ਹਾਂ ਤੋਲਾਵਾਲ ਤੋਂ ਤਾਂ ਹੈ ਵੀ ਨੀ ਆਪਣਾ ਪਿੰਡ ਕੁਛ।'' ਰੁਲਦੂ ਨੇ ਹਾਮੀ ਭਰੀ।

ਕੁਝ ਚਿਰ ਦੋਵੇਂ ਚੁੱਪ ਬੈਠੇ ਰਹੇ ਜਾਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹੇ ਪਰ ਰੁਲਦੂ ਨੇ ਜਿਸ ਮਕਸਦ ਲਈ ਹਰਨਾਮ ਨੂੰ ਆਵਾਜ਼ ਮਾਰੀ ਸੀ, ਉਹ ਅਜੇ ਤੱਕ ਨਹੀਂ ਕਹਿ ਸਕਿਆ ਸੀ। ਅਖ਼ੀਰ ਆਪਣੇ ਦਿਮਾਗ ਦੀ ਉਲਝੀ ਗੰਢ ਹਰਨਾਮ ਅੱਗੇ ਖੋਲ੍ਹ ਦਿੱਤੀ, ''ਹਰਨਾਮ ਸਿਆਂ, ਕੋਈ ਆਪਣੀ ਗੁੱਡੀ ਦੇ ਰਿਸ਼ਤੇ ਬਾਰੇ ਦੱਸ ਪਾ।''

''ਕੀ ਕੁਛ ਭਾਲਦੇ ਓਂ?'' ਹਰਨਾਮ ਆਪਣੀਆਂ ਬਾਜ ਅੱਖਾਂ ਰੁਲਦੂ ਦੇ ਚਿਹਰੇ 'ਤੇ ਟਿਕਾ ਕੇ ਉਸਦੇ ਅੰਦਰ ਨੂੰ ਤੋਲਣ ਲੱਗ ਪਿਆ।

''ਮਾਂ ਬਾਪ ਤਾਂ ਚਾਹੁੰਦੇ ਈ ਨੇ ਵੀ ਸਾਡੇ ਜਵਾਕ ਨੂੰ ਵਧੀਆ ਟਿਕਾਣਾ ਮਿਲੇ ਪਰ ਅਗਲਾ ਵੀ ਹੁਣ ਓਡੀ ਮੂੰਹ ਟੱਡਦੈ ਭਾਈ।'' ਰੁਲਦੂ ਨੇ ਇੰਨੀ ਕੁ ਗੱਲ ਕਹਿ ਕੇ ਆਪਣੀ ਆਰਥਿਕ ਹਾਲਤ ਵੱਲ ਹਰਨਾਮ ਦੀ ਨਜ਼ਰ ਮਰਵਾ ਦਿੱਤੀ।

''ਉਹ ਤਾਂ ਹੁਣ ਰੁਲਦੂ ਤੈਨੂੰ ਪਤਾ ਈ ਐ ਅੱਜ ਕੱਲ੍ਹ ਕੀ ਹੁੰਦੈ। ਫੇਰ ਵੀ ਆਪਾਂ ਟੇਕ ਲਾਉਨੇ ਆਂ ਬਈ ਜੇ ਇਥੇ ਕ ਤੱਕ ਮਿਲ ਜੇ ਤਾਂ ਠੀਕ ਐ।''

''ਬੱਸ ਚਾਰ ਪੰਜ ਕਿੱਲੇ ਹੋਣ ਬਹੁਤ ਨੇ। ਲੈਣ-ਦੇਣ ਤਾਂ ਭਾਈ ਹੁਣ ਤੈਨੂੰ ਪਤਾ ਈ ਐ ਜਿੰਨੀ ਕੁ ਪਹੁੰਚ ਐ ਦੇਮਾਂਗੇ।'' ਰੁਲਦੂ ਦੀਆਂ ਸਵਾਲੀਆ ਨਜ਼ਰਾਂ ਹਰਨਾਮ ਦੀਆਂ ਕੁਤਰੀਆਂ ਮੁੱਛਾਂ ਉਤੇ ਜਾ ਟਿਕੀਆਂ, ਜਿਨ੍ਹਾਂ ਨੂੰ ਉਹ ਵਾਰ-ਵਾਰ ਵਟਾ ਦੇ ਰਿਹਾ ਸੀ।

ਹਰਨਾਮ ਕੁਝ ਚਿਰ ਸੋਚਦਾ ਇਧਰ-ਉਧਰ ਵੇਖਦਾ ਰਿਹਾ। ਫਿਰ ਉਸਨੇ ਆਪਣੇ ਸਿਰ 'ਤੇ ਰੱਖੀ ਢਿਲਕੀ ਪੱਗ ਨੂੰ ਦੋਵੇਂ ਹੱਥਾਂ ਨਾਲ ਹਿਲਾਇਆ, ਜਿਵੇਂ ਕਿਸੇ ਗੱਲ ਨੂੰ ਕਹਿਣ ਲਈ ਆਪਣੀ ਪੱਗ ਹੇਠਲੀ ਖੋਪੜੀ ਵਿਚ ਪਈ ਗੱਲ ਨੂੰ ਠੀਕ ਕਰ ਰਿਹਾ ਹੋਵੇ। ਫੇਰ ਮੁੱਛਾਂ 'ਤੇ ਹੱਥ ਫੇਰਦਾ ਬੋਲਿਆ, ''ਰੁਲਦੂ ਸਿਆਂ ਰਿਸ਼ਤਾ ਤਾਂ ਹੈਗਾ ਇਕ ਆਪਣੀ ਨਿਗ੍ਹਾ 'ਚ, ਮੇਰੇ ਸਾਲੇ ਦੇ ਸਾਲੇ ਦਾ ਮੁੰਡੈ ਗੰਢੂਆਂ ਤੋਂ। ਕਿੱਲੇ ਆਉਂਦੇ ਨੇ ਚਾਰ। ਜ਼ਮੀਨ ਐ ਝੋਟੇ ਦੇ ਸਿਰ ਵਰਗੀ। ਜੇ ਦੇਖਣੈ ਤਾਂ ਚੱਲਿਆ ਆਮਾਂਗੇ ਕਦੇ।''

''ਮੈਂ ਤਾਂ ਤਿਆਰ ਆਂ। ਤੈਨੂੰ ਦੇਖ ਕਿੱਦੇਂ ਵਿਹਲ ਐ, ਆਪਾਂ ਤਾਂ ਓਦੀਂ ਵਗ ਚੱਲਾਂਗੇ।'' ਕੋਈ ਮਿੱਠੀ ਜਿਹੀ ਖੁਸ਼ੀ ਰੁਲਦੂ ਦੇ ਬੁੱਢੇ ਸਰੀਰ ਨੂੰ ਹੁਲਾਰਾ ਦੇ ਗਈ।

''ਕੱਲ੍ਹ ਨੂੰ ਤਾਂ ਅਸੀਂ ਕਣਕ ਬੀਜਣੀ ਐ। ਦੋ ਕੁ ਕਿੱਲੇ ਰਹਿ ਗੇ ਤੀ। ਤੂੰ ਪਰਸੋਂ ਨੂੰ ਤਿਆਰ ਰਹੀਂ।'' ਕੁਝ ਸੋਚਦਿਆਂ ਹਰਨਾਮ ਫਿਰ ਬੋਲਿਆ, ''ਤੂੰ ਐਂ ਕਰੀਂ, ਪਰਸੋਂ ਨੂੰ ਪਿੰਡ ਆਜੀਂ ਮੇਰੇ ਕੋਲ। ਓਥੋਂ 'ਕੱਠੇ ਚੜ੍ਹ ਚੱਲਾਂਗੇ।''

''ਚੰਗਾ ਐਂ ਕਰਲਾਂਗੇ ਫੇਰ।''

''ਚੰਗਾ ਫੇਰ ਹੁਣ ਚਲਦਾਂ ਮੈਂ।'' ਹਰਨਾਮ ਜਾਣ ਲਈ ਮੰਜੇ ਤੋਂ ਖੜ੍ਹਾ ਹੋ ਗਿਆ। ਇੰਨੇ ਨੂੰ ਗੇਜੋ ਚਾਹ ਦੀ ਗੜਵੀ ਤੇ ਦੋ ਗਿਲਾਸ ਲੈ ਆਈ, ''ਵੇ ਭਾਈ ਚਾਹ ਤਾਂ ਪੀ ਕੇ ਜਾਈਂ।''

''ਏਹ ਕਾਹਨੂੰ ਖੇਚਲ ਕਰਨੀ ਤੀ ਭਾਈ।'' ਹਰਨਾਮ ਦੁਬਾਰਾ ਮੰਜੇ 'ਤੇ ਬੈਠ ਗਿਆ।

''ਲੈ ਭਾਈ ਖੇਚਲ ਕਾਹਦੀ ਐ ਇਹੇ, ਕੀ ਪਤੈ ਅੱਜ ਕਿਮੇਂ ਆ ਗਿਆ।'' ਗੇਜੋ ਦੋਵਾਂ ਗਿਲਾਸਾਂ ਵਿਚ ਚਾਹ ਪਾ ਕੇ ਅੰਦਰ ਚਲੀ ਗਈ। ਹਰਨਾਮ ਅਤੇ ਰੁਲਦੂ ਚਾਹ ਪੀਣ ਤੋਂ ਬਾਅਦ ਵੀ ਕਿੰਨਾ ਚਿਰ ਗੱਲਾਂ ਕਰਦੇ ਰਹੇ। ਫਿਰ ਪਰਸੋਂ ਨੂੰ ਗੰਢੂਏ ਜਾਣ ਦੀ ਸਲਾਹ ਕਰਕੇ ਹਰਨਾਮ ਪਿੰਡ ਨੂੰ ਤੁਰ ਪਿਆ।

ਰੁਲਦੂ ਪਰਸੋਂ ਤੋਂ ਆਪਣੇ ਮਨ ਅੰਦਰ ਕਿਸੇ ਗੁੱਝੀ ਖੁਸ਼ੀ ਦੇ ਲੱਡੂ ਭੋਰ ਰਿਹਾ ਸੀ। ਉਸਨੂੰ ਜਾਪਦਾ ਸੀ, ਜਿਵੇਂ ਉਸਦੇ ਸਿਰ ਤੋਂ ਮਣਾ-ਮੂੰਹੀਂ ਭਾਰ ਬੱਸ ਲਹਿਣ ਹੀ ਵਾਲਾ ਹੈ। ਉਹ ਨਵੇਂ ਬਣਨ ਵਾਲੇ ਰਿਸ਼ਤੇਦਾਰਾਂ ਦੇ ਘਰ ਨੂੰ ਆਪਣੇ ਮਨ ਵਿਚ ਕਿੰਨੇ ਵਾਰ ਚਿਤਰ ਚੁੱਕਿਆ ਸੀ। ਮੁੰਡੇ ਦੀ ਅਣਦੇਖੀ ਸ਼ਕਲ ਵੀ ਉਸਦੀਆਂ ਅੱਖਾਂ ਅੱਗੇ ਭੇਸ ਬਦਲ-ਬਦਲ ਆ ਰਹੀ ਸੀ। ਅੱਜ ਉਸਨੇ ਗੰਢੂਆਂ ਜਾਣ ਲਈ ਪੂਰੀ ਤਿਆਰੀ ਖਿੱਚੀ ਸੀ। ਮੋਢੇ ਉਪਰ ਚਾਰ-ਖਾਨੇ ਦਾ ਪਰਨਾ ਰੱਖਿਆ ਤੇ ਸਾਈਕਲ ਨੂੰ ਅੱਡੀ ਮਾਰ ਕੇ ਪਿੰਡ ਹਰਨਾਮ ਕੋਲ ਆ ਗਿਆ। ਉਸਦੇ ਆਉਂਦੇ ਨੂੰ ਹਰਨਾਮ ਤਿਆਰ ਹੋਇਆ ਚੁੱਲ੍ਹੇ ਕੋਲ ਬੈਠਾ ਸੀ। ਉਸਦੀ ਘਰਵਾਲੀ ਨੇ ਪਤੀਲੀ ਵਿਚ ਚਾਹ ਧਰ ਰੱਖੀ ਸੀ। ਦੋਵਾਂ ਨੇ ਘੁੱਟ-ਘੁੱਟ ਚਾਹ ਪੀਤੀ ਤੇ ਫਿਰ ਪਿੰਡੋਂ ਹੀ ਲਹਿਰੇ ਵਾਲੀ ਬੱਸ ਚੜ੍ਹ ਗਏ। ਗਿਆਰਾਂ ਵਜਦੇ ਨੂੰ ਉਹ ਸੰਗਤਪੁਰੇ ਪਹੁੰਚ ਗਏ। ਉਥੋਂ ਮਿੰਨੀ ਬੱਸ ਸਾਢੇ ਗਿਆਰਾਂ ਵਜੇ ਗੰਢੂਆਂ ਨੂੰ ਜਾਣੀ ਸੀ। ਬੱਸ ਆਉਣ ਤੱਕ ਉਹ ਅੱਡੇ 'ਤੇ ਬੈਠੇ ਨਵੇਂ ਟਿਕਾਣੇ ਬਾਰੇ ਗੱਲਾਂ ਕਰਦੇ ਰਹੇ। ਜਦੋਂ ਬੱਸ ਆਈ ਤਾਂ ਉਹ ਗੰਢੂਆਂ ਨੂੰ ਚੜ੍ਹ ਗਏ।

ਗੰਢੂਆਂ ਬੱਸ ਸਟੈਂਡ 'ਤੇ ਉਤਰ ਕੇ ਉਹ ਪਿੰਡ ਦੀ ਫਿਰਨੀ ਪੈ ਗਏ। ਪਹਿਲੀ ਵੀਹੀ ਛੱਡ ਕੇ ਅਗਲੀ ਵੀਹੀ ਮੁੜ ਗਏ। ਅੱਗੇ ਸੱਜੇ ਹੱਥ ਦੋ-ਤਿੰਨ ਘਰ ਛੱਡ ਕੇ ਲੱਕੜ ਦੇ ਤਖ਼ਤਿਆਂ ਵਾਲੇ ਘਰ ਅੱਗੇ ਜਾ ਖੜ੍ਹੇ। ਹਰਨਾਮ ਨੇ ਰੁਲਦੂ ਨੂੰ ਇਸ਼ਾਰੇ ਨਾਲ ਸਮਝਾ ਦਿੱਤਾ। ਫਿਰ ਹਰਨਾਮ ਨੇ ਬਾਰ ਅੱਗੋਂ ਹੀ ਆਵਾਜ਼ ਮਾਰੀ, ''ਧੰਨਾ ਸਿਉਂ ਘਰੀਂ ਐਂ?''

''ਆਜਾ ਭਾਈ ਹਰਨਾਮ ਸਿਆਂ ਲੰਘ ਆ।'' ਵਿਹੜੇ ਵਿਚ ਮੰਜੇ ਉਤੇ ਬੈਠਾ ਅਧਖੜ ਉਮਰ ਦਾ ਆਦਮੀ ਪਰਨਾ ਝਾੜਦਾ ਖੜ੍ਹਾ ਹੋ ਕੇ ਉਨ੍ਹਾਂ ਵੱਲ ਤੁਰ ਪਿਆ। ਤਿੰਨਾਂ ਨੇ ਆਪਸ ਵਿਚ ਹੱਥ ਮਿਲਾਏ ਤੇ ਵਿਹੜੇ ਵਿਚ ਡੱਠੇ ਮੰਜੇ ਉਪਰ ਹੀ ਆ ਕੇ ਬੈਠ ਗਏ।

''ਆਹ ਇਥੋਂ ਤਿੰਨ ਗਲਾਸ ਚਾਹ ਦੇ ਬਣਾ ਦੇ।'' ਧੰਨੇ ਨੇ ਉਥੇ ਬੈਠੇ ਨੇ ਹੀ ਆਪਣੀ ਘਰਵਾਲੀ ਨੂੰ ਆਵਾਜ਼ ਮਾਰ ਦਿੱਤੀ।

'ਬਣਾਉਣੀ ਆਂ।'' ਜਨਾਨੀ ਨੇ ਸਬਾਤ ਵਿਚੋਂ ਨਿਕਲ ਕੇ ਹਰਨਾਮ ਅਤੇ ਉਸਦੇ ਨਾਲ ਆਏ ਓਪਰੇ ਬੰਦੇ ਵੱਲ ਗੁੱਝੀ ਨਜ਼ਰ ਨਾਲ ਵੇਖਿਆ ਤੇ ਫੇਰ ਚਾਹ ਬਣਾਉਣ ਰਸੋਈ ਵਿਚ ਚਲੀ ਗਈ। ਚਾਹ ਬਣਾਉਂਦਿਆਂ ਉਸਦੇ ਦਿਮਾਗ ਵਿਚ ਕਈ ਦਿਨ ਪਹਿਲਾਂ ਹਰਨਾਮ ਨੂੰ ਕਹੀ ਗੱਲ ਚੇਤੇ ਆ ਗਈ, ''ਭਾਈ ਸਾਡੇ ਮੁੰਡੇ ਦਾ ਵੀ ਕੋਈ ਓਹੜ-ਪੋਹੜ ਕਰ ਦੇ।'' ਗੱਲ ਚੇਤੇ ਆਉਂਦਿਆਂ ਹੀ ਉਸਦੇ ਪੱਕੇ ਰੰਗ ਵਿਚ ਖੁਸ਼ੀ ਦੀ ਲਾਲੀ ਝਲਕ ਪਈ। ਉਹ ਕੁਝ ਪਲ ਲਈ ਚਾਹ ਬਣਾਉਣਾ ਛੱਡ ਕੇ ਰਸੋਈ ਦੇ ਆਲ਼ੇ ਵਿਚੋਂ ਕੁੜੀ ਦੇ ਬਾਪ ਨੂੰ ਵੇਖ ਕੇ ਕੁੜੀ ਦੇ ਰੂਪ ਦਾ ਅੰਦਾਜ਼ਾ ਲਾਉਣ ਲੱਗ ਪਈ। ਗੋਰਾ ਨਿਛੋਹ ਰੰਗ, ਵਿਚ ਮੱਠੀ-ਮੱਠੀ ਝਲਕਦੀ ਲਾਲੀ ਤੇ ਅੱਖਾਂ ਵਿਚ ਕੋਈ ਅਦੁੱਤੀ ਖਿੱਚ। ਫਿਰ ਉਸਨੇ ਬਾਪ ਦੇ ਬੁਢੇਪੇ ਤੇ ਕੁੜੀ ਦੀ ਜਵਾਨੀ ਨੂੰ ਤੋਲਿਆ। ਉਸਦੀ ਕਲਪਨਾ ਵਿਚ ਪਰੀਆਂ ਵਰਗੀ ਕੁੜੀ ਆ ਘੁੰਮੀ, ਜਿਸਦਾ ਰੂਪ ਝੱਲਿਆ ਨਹੀਂ ਸੀ ਜਾਂਦਾ। ਫਿਰ ਉਸਦੀ

ਸੋਚ ਨੇ ਪਾਸਾ ਪਲਟਿਆ, ਕਿਤੇ ਇਹ ਕੁੜੀ ਦਾ ਚਾਚਾ-ਤਾਇਆ ਨਾ ਹੋਵੇ? ਚਲੋ ਕਿਹੋ ਜਿਹੀ ਹੋਵੇ, ਮੁੰਡੇ ਦੀ ਰੋਟੀ ਪਕਦੀ ਹੋ ਜੇ।'' ਉਹ ਕਾਹਲੀ ਨਾਲ ਚਾਹ ਬਣਾਉਣ ਲੱਗ ਪਈ।

ਰੁਲਦੂ ਨੇ ਬੈਠੇ-ਬੈਠੇ ਨੇ ਸਾਰੇ ਘਰ ਨੂੰ ਡੂੰਘੀਆਂ ਨਜ਼ਰਾਂ ਨਾਲ ਘੋਖਿਆ। ਉਨ੍ਹਾਂ ਦੇ ਪਿਛਲੇ ਪਾਸੇ ਦੋ ਸਬਾਤਾਂ, ਜਿਨ੍ਹਾਂ ਨੂੰ ਬਾਹਰਲੇ ਪਾਸਿਉਂ ਪਲੱਸਤਰ ਕੀਤਾ ਹੋਇਆ ਸੀ। ਉਨ੍ਹਾਂ ਵਿਚੋਂ ਇਕ ਵਿਚ ਤੂੜੀ ਪਾਈ ਹੋਈ ਸੀ ਤੇ ਦੂਸਰੀ ਵਰਤਣ ਵਾਲੀ ਸੀ। ਤੂੜੀ ਵਾਲੀ ਸਬਾਤ ਦੇ ਤਖ਼ਤੇ ਨਹੀਂ ਸਨ। ਉਨ੍ਹਾਂ ਦੇ ਸੱਜੇ ਪਾਸੇ ਰਸੋਈ ਸੀ, ਉਸਤੋਂ ਅੱਗੇ ਵੱਡਾ ਨਿੰਮ ਦਾ ਦਰਖ਼ਤ ਅਤੇ ਅੱਗੇ ਫਿਰਨੀ ਨਾਲ ਲੱਗਵੀਂ ਇਕ ਬੈਠਕ, ਜਿਸਦੀ ਅਜੇ ਲਿਪਾਈ ਕਰਨੀ ਰਹਿੰਦੀ ਸੀ। ਉਨ੍ਹਾਂ ਦੇ ਖੱਬੇ ਪਾਸੇ ਮੱਝਾਂ ਦੀ ਖੁਰਲੀ ਸੀ, ਜਿਸ ਉਪਰ ਦੋ ਮੱਝਾਂ ਤੇ ਇਕ ਡੇਢ ਕੁ ਸਾਲ ਦੀ ਝੋਟੀ ਬੰਨ੍ਹੀ ਖੜ੍ਹੀ ਸੀ। ਝੋਟੀ ਦੇ ਪਿਛਲੇ ਪਾਸੇ ਦੋ ਮਹੀਨਿਆਂ ਦੀ ਕੱਟੀ ਬੈਠੀ ਸੀ। ਉਸਤੋਂ ਅੱਗੇ ਨਲਕਾ ਤੇ ਫਿਰ ਫਿਰਨੀ ਨਾਲ ਲਗਦਾ ਨਹਾਉਣ ਵਾਲਾ ਬਣਾਇਆ ਹੋਇਆ ਸੀ, ਜਿਸਦੇ ਬਾਰ ਦਾ ਕੰਮ ਚਿੱਟੀ ਪੱਲੀ ਸਾਰਦੀ ਸੀ। ਰੁਲਦੂ ਨੂੰ ਹਰਨਾਮ ਨੇ ਰਸਤੇ ਵਿਚ ਦੱਸਿਆ ਸੀ ਕਿ ਉਹ ਦੋ ਭਰਾ ਹੀ ਨੇ, ਕੁੜੀ ਕੋਈ ਨਹੀਂ। ਛੋਟਾ ਭਰਾ ਗੱਡੀ ਚਲਾਉਂਦਾ ਹੈ ਤੇ ਹਰ ਮਹੀਨੇ ਦੋ ਹਜ਼ਾਰ ਰੁਪਈਆ ਲਿਆਉਂਦਾ ਹੈ। ਰੁਲਦੂ ਨੇ ਨਜ਼ਰਾਂ ਨਾਲ ਘਰ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵੇਖਿਆ, ਉਸਦਾ ਮਨ ਤਿੜਕ ਗਿਆ ਪਰ ਕਿਰਨਾ ਤੇ ਪ੍ਰਾਹੁਣੇ ਦੇ ਮੇਲ ਨਾਲ ਪੈਦਾ ਹੋਣ ਵਾਲਾ ਖ਼ਤਰਾ ਅਤੇ ਕਿਰਨਾ ਦੀ ਦਿਨੋ-ਦਿਨ ਵਧਦੀ ਉਮਰ ਦੀ ਚਿੰਤਾ, ਮੱਲ੍ਹਮ ਬਣ ਕੇ ਉਸਦੇ ਮਨ ਦੀ ਤ੍ਰੇੜ ਵਿਚ ਭਰਨ ਲੱਗ ਪਈ। ਰਹਿੰਦੀ ਕਸਰ ਹਰਨਾਮ, ਧੰਨੇ 'ਤੇ ਉਸਦੀ ਜਨਾਨੀ ਨੇ ਕੱਢ ਦਿੱਤੀ। ਉਨ੍ਹਾਂ ਨੇ ਮਿੱਠੀਆਂ ਮਾਰ-ਮਾਰ ਕੇ ਕੁੱਲੀ ਵਿਚ ਲਾਲ ਕਿਲਾ ਦਿਸਣ ਲਾ ਦਿੱਤਾ। ਹੁਣ ਬੱਸ ਕੰਮ ਰਹਿ ਗਿਆ ਸੀ ਮੁੰਡਾ ਦਿਖਾਉਣ ਦਾ। ਧੰਨੇ ਨੇ ਮੌਕਾ ਸੰਭਾਲਦਿਆਂ ਸਾਈਕਲ ਨੂੰ ਅੱਡੀ ਮਾਰੀ ਤੇ ਖੇਤੋਂ ਮੁੰਡੇ ਨੂੰ ਬੁਲਾ ਲਿਆਇਆ। ਮੁੰਡੇ ਨੇ ਆ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਮੰਜੇ 'ਤੇ ਨਾਲ ਹੀ ਬੈਠ ਗਿਆ। ਰੁਲਦੂ ਨੇ ਡੂੰਘੀ ਨਜ਼ਰ ਨਾਲ ਮੁੰਡੇ ਦਾ ਸਰੀਰ ਤੇ ਰੰਗ-ਰੂਪ ਘੋਖਿਆ। ਸਰੀਰ ਗੁੰਦਵਾਂ, ਚੌੜੀ ਛਾਤੀ ਤੇ ਰੰਗ ਪੱਕਾ ਸੀ ਪਰ ਮੁੰਡੇ ਦੇ ਤਿੱਖੇ ਤੇ ਸੋਹਣੇ ਨੈਣ-ਨਕਸ਼ ਬਦਸੂਰਤ ਕਹਿਣ ਵਾਲੇ ਵੱਲ ਅੱਖਾਂ ਕੱਢਦੇ ਸਨ। ਰੁਲਦੂ ਦੇ ਮੁੰਡਾ ਪਸੰਦ ਆ ਗਿਆ। ਉਸਨੇ ਇਸ਼ਾਰੇ ਨਾਲ ਹਰਨਾਮ ਨੂੰ ਆਪਣੀ ਪਸੰਦ ਬਾਰੇ ਦੱਸ ਦਿੱਤਾ। ਫਿਰ ਹਰਨਾਮ, ਧੰਨੇ ਅਤੇ ਉਸਦੀ ਜਨਾਨੀ ਨੂੰ ਅੰਦਰ ਲੈ ਗਿਆ। ਉਹ ਕਾਫ਼ੀ ਚਿਰ ਘੁਸਰ-ਮੁਸਰ ਕਰਦੇ ਰਹੇ। ਮੁੰਡਾ ਤੇ ਰੁਲਦੂ ਬਾਹਰ ਗੱਲਾਂ ਕਰਦੇ ਰਹੇ।

ਫਿਰ ਕੁਝ ਚਿਰ ਬਾਅਦ ਹਰਨਾਮ ਤੇ ਰੁਲਦੂ ਬੱਸ ਅੱਡੇ ਉਤੇ ਖੜ੍ਹੇ ਸਨ। ਮੁੰਡਾ ਉਨ੍ਹਾਂ ਨੂੰ ਬੱਸ ਅੱਡੇ ਉਤੇ ਚੜ੍ਹਾਉਣ ਆਇਆ ਸੀ। ਜਦੋਂ ਬੱਸ ਆਈ ਤਾਂ ਮੁੰਡੇ ਨੇ ਦੋਵਾਂ ਨੂੰ ਦੁਬਾਰਾ 'ਸਤਿ ਸ੍ਰੀ ਅਕਾਲ' ਬੁਲਾਈ ਤੇ ਕਿਸੇ ਅਦਭੁਤ ਖੁਸ਼ੀ ਨਾਲ ਭਰਿਆ ਵਾਪਿਸ ਘਰ ਨੂੰ ਮੁੜ ਗਿਆ।

## 20.

ਕਣਕਾਂ ਹੁਣ ਮਧਰੇ ਬੰਦੇ ਦੇ ਗੋਡਿਆਂ ਨੂੰ ਛੂੰਹਣ ਲੱਗ ਪਈਆਂ ਸਨ। ਦੂਰ ਤੱਕ ਪਸਰੀ ਹਰਿਆਵਲ ਇਸ ਤਰ੍ਹਾਂ ਲੱਗਦੀ ਸੀ, ਜਿਵੇਂ ਕਿਸੇ ਨੇ ਧਰਤੀ ਉਪਰ ਹਰੀ ਚਾਦਰ ਵਿਛਾ ਦਿੱਤੀ ਹੋਵੇ। ਕਣਕ ਦੀਆਂ ਵੱਟਾਂ ਨਾਲ ਕੱਢੀਆਂ ਸਰ੍ਹੋਂ ਦੀਆਂ ਆਡਾਂ ਨੇ ਹੁਣ ਫੁੱਲ ਚੁੱਕ ਲਏ ਸਨ। ਪੀਲੇ-ਪੀਲੇ ਫੁੱਲ ਹਰਿਆਵਲ ਦੀ ਚਾਦਰ ਉਪਰ ਕਿਸੇ ਰਕਾਨ ਜੱਟੀ ਦੀ ਰੀਝਾਂ ਨਾਲ ਕੱਢੀ ਕਢਾਈ ਵਾਂਗ ਜਾਪਦੇ ਸਨ। ਸਰ੍ਹੋਂ ਦੇ ਫੁੱਲਾਂ ਨੇ ਸਾਰੀ ਕਾਇਨਾਤ ਮਿੰਨ੍ਹੀ-ਮਿੰਨ੍ਹੀ ਖ਼ੁਸ਼ਬੋ ਨਾਲ ਭਰ ਰੱਖੀ ਸੀ। ਹਵਾ ਦਾ ਕੋਈ ਭਟਕਿਆ ਬੁੱਲਾ, ਫੁੱਲਾਂ ਲੱਦੀ ਸਰ੍ਹੋਂ ਨਾਲ ਟਕਰਾ ਜਾਂਦਾ, ਉਥੋਂ ਖ਼ੁਸ਼ਬੋਆਂ ਦੇ ਬੁੱਕ ਭਰ ਕੇ ਹਰੀ ਕਣਕ ਵਿਚ ਛਾਣਾਂ ਦੇ ਜਾਂਦਾ। ਖ਼ੁਸ਼ਬੋ ਨਾਲ ਖੀਵੀ ਹੋਈ ਕਣਕ ਆਪਣਾ ਸਿਰ ਹਿਲਾਉਣ ਲੱਗ ਜਾਂਦੀ, ਬੁੱਲਾ ਲੰਘ ਜਾਣ 'ਤੇ ਪਹਿਲਾਂ ਦੀ ਤਰ੍ਹਾਂ

ਸ਼ਾਂਤ ਹੋ ਜਾਂਦੀ, ਜਿਵੇਂ ਅਗਲੇ ਖ਼ੁਸ਼ਬੋਆਂ ਲੱਦੇ ਬੁੱਲੇ ਦੀ ਉਡੀਕ ਵਿਚ ਸਭ ਕੁਝ ਭੁੱਲ ਕੇ ਅਹਿਲ ਖੜ੍ਹ ਗਈ ਹੋਵੇ, ਕਿਸੇ ਮੀਤ ਨੂੰ ਉਡੀਕਦੀ ਪ੍ਰੇਮਿਕਾ ਵਾਂਗ।

ਇਕ ਤਾਂ ਇਸ ਰੁੱਤੇ ਪੰਜਾਬ ਦੀ ਧਰਤੀ 'ਤੇ ਸਵਰਗ ਉਤਰਿਆ ਹੁੰਦਾ ਹੈ। ਦੂਸਰਾ ਇਸ ਰੁੱਤੇ ਪੰਜਾਬ ਦੇ ਲੋਕ ਖ਼ਾਸ ਕਰਕੇ ਪਿੰਡਾਂ ਵਿਚ ਰਹਿਣ ਵਾਲੇ ਖੇਤੀਬਾੜੀ ਦੇ ਕੰਮੋਂ ਵਿਹਲੇ ਹੁੰਦੇ ਹਨ। ਉਹ ਇਸ ਰੁੱਤ ਦਾ ਲਾਭ ਉਠਾਉਂਦੇ ਖ਼ੁਸ਼ੀਆਂ ਦੇ ਕਾਜ-ਵਿਹਾਰ ਇਸ ਰੁੱਤ ਦੀ ਝੋਲੀ ਪਾ ਦਿੰਦੇ ਹਨ। ਪਿੰਡ ਵਿਚ ਹਰ ਰੋਜ਼ ਇਕ ਦੋ ਵਿਆਹ ਜਾਂ ਅਖੰਡ ਪਾਠ ਅਕਸਰ ਹੁੰਦੇ ਰਹਿੰਦੇ ਹਨ। ਰੁਲਦੂ ਨੇ ਵੀ ਇਸ ਮਹੀਨੇ ਨੂੰ ਵਿਆਹ ਲਈ ਠੀਕ ਚੁਣਿਆ ਸੀ। ਫੇਰ ਗੰਢੂਆਂ ਵਾਲਿਆਂ ਵੱਲੋਂ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿ ਉਹ ਜਵਾਬ ਦੇ ਦਿੰਦੇ। ਉਨ੍ਹਾਂ ਲਈ ਤਾਂ 'ਬਿੱਲੀ ਭਾਣੇ ਛਿੱਕਾ ਟੁੱਟਾ' ਵਾਲੀ ਗੱਲ ਸੀ। ਉਨ੍ਹਾਂ ਨੇ ਝੱਟ ਹਾਂ ਕਰ ਦਿੱਤੀ। ਰੁਲਦੂ ਨੇ ਮਹੀਨੇ ਦਾ ਵਿਆਹ ਕਢਵਾਇਆ ਸੀ। ਕੁੜੀ ਦਾ ਘਰੋਂ ਦੇਣ ਵਾਲਾ ਸਾਰਾ ਸਾਮਾਨ ਪਹਿਲਾਂ ਹੀ ਤਿਆਰ ਸੀ, ਬਾਕੀ ਦੋ ਤਿੰਨਾਂ ਦਿਨ 'ਚ ਸ਼ਹਿਰੋਂ ਲਿਆਉਣ ਵਾਲੀ ਚੀਜ਼ ਵਸਤੂ ਵੀ ਲੈ ਆਂਦੀ। ਕੜਾਹੀ ਦਾ ਸਾਮਾਨ ਦੋ ਚਾਰ ਦਿਨ ਰਹਿੰਦੇ ਲੈ ਆਂਦਾ। ਹੀਰੋ ਵਾਲੀ ਕੁੜੀ ਤੇ ਪ੍ਰਾਹੁਣਾ ਚਾਰ ਦਿਨ ਪਹਿਲਾਂ ਹੀ ਆ ਗਏ। ਕੁੜੀ ਨੇ ਵਿਆਹ ਤੱਕ ਇਥੇ ਪੱਕੇ ਡੇਰੇ ਹੀ ਲਾ ਲਏ ਪਰ ਪ੍ਰਾਹੁਣੇ ਦੀ ਕੰਮ ਧੰਦੇ ਕਰਕੇ ਇਕ ਲੱਤ ਸ਼ਾਂਤਪੁਰ 'ਤੇ ਇਕ ਹੀਰੋਂ ਹੁੰਦੀ। ਅਸਲ ਵਿਚ ਸ਼ਾਂਤਪੁਰ ਵਾਲੇ ਵੀ ਹੁਣ ਉਸਨੂੰ ਬਹੁਤਾ ਮੂੰਹ ਨਹੀਂ ਲਾਉਂਦੇ ਸੀ ਪਰ ਕੁੜੀ ਨੂੰ ਤਾਂ ਕੰਮ ਧੰਦੇ ਲਈ ਪਹਿਲਾਂ ਬੁਲਾਉਣਾ ਹੀ ਪੈਣਾ ਸੀ। ਕਿਰਨਾ ਦੇ ਚਿਹਰੇ 'ਤੇ ਆਪਣੇ ਵਿਆਹ ਦੀ ਖ਼ੁਸ਼ੀ ਦੀ ਪਰਤ ਥੱਲੇ ਇਕ ਉਦਾਸੀ ਵੀ ਛੁਪੀ ਹੋਈ ਸੀ। ਉਸਨੂੰ ਪਤਾ ਲੱਗ ਗਿਆ ਸੀ ਕਿ ਪ੍ਰਾਹੁਣੇ ਦਾ ਰੰਗ ਪੱਕਾ ਹੈ, ਜੋ ਕਿਰਨਾ ਦੇ ਖ਼ਿਆਲੋਂ ਬਿਲਕੁਲ ਉਲਟ ਸੀ। ਉਸਨੇ ਤਾਂ ਆਪਣੇ ਦਿਲ ਦੇ ਕੈਨਵਸ ਉਤੇ ਇਕ ਗੋਰੇ ਚਿੱਟੇ, ਸ਼ਰਬਤੀ ਅੱਖਾਂ ਵਾਲੇ ਸੁਨੱਖੇ ਮੁੰਡੇ ਦਾ ਚਿਹਰਾ ਉਕਰ ਰੱਖਿਆ ਸੀ ਜਿਹੜਾ ਭਗਵਾਨ, ਤੇਜੀ ਅਤੇ ਹੀਰੋਂ ਵਾਲੇ ਪ੍ਰਾਹੁਣੇ ਤੋਂ ਕਿਤੇ ਸੋਹਣਾ ਸੀ ਪਰ ਹੁਣ ਕੀ ਬਣ ਸਕਦਾ ਸੀ।

ਕੜਾਹੀ ਚੜ੍ਹਨ ਤੋਂ ਇਕ ਦਿਨ ਪਹਿਲਾਂ ਲਾਗੀ ਨੇੜੇ-ਤੇੜੇ ਖੇਤਾਂ ਵਿਚ ਰਹਿੰਦੇ ਘਰਾਂ ਵਿਚ ਅਤੇ ਪਿੰਡ ਵਿਚ ਇਨ੍ਹਾਂ ਨਾਲ ਵਿਆਹ ਸ਼ਾਦੀ ਸਮੇਂ ਵਰਤ ਵਰਤਾਵਾ ਰੱਖਣ ਵਾਲੇ ਘਰਾਂ ਦੇ ਸਵੇਰੇ ਕੜਾਹੀ 'ਤੇ ਆਉਣ ਲਈ ਕਹਿ ਆਇਆ ਸੀ। ਭਗਵਾਨ ਅਤੇ ਤੇਜੀ ਦੇ ਘਰ ਵੀ ਨਾਈ ਕਹਿ ਕੇ ਗਿਆ ਪਰ ਸਵੇਰੇ ਭਗਵਾਨ ਅਤੇ ਤੇਜੀ ਵਿਚੋਂ ਕੋਈ ਵੀ ਕੜਾਹੀ 'ਤੇ ਨਾ ਗਿਆ। ਭਗਵਾਨ ਦਾ ਭਰਾ ਅਤੇ ਤੇਜੀ ਦਾ ਬਾਪ ਕੜਾਹੀ 'ਤੇ ਆਏ ਸਨ। ਭਗਵਾਨ ਦੁੱਧ ਫੜਾਉਣ ਆਇਆ ਸੀ ਤੇ ਬਿਨਾਂ ਚਾਹ ਪੀਤੇ ਮੁੜ ਗਿਆ। ਕਿਰਨਾ ਨੂੰ ਸੁਖਪਾਲ ਤੋਂ ਪਤਾ ਲੱਗਿਆ ਕਿ ਤੇਜੀ ਦੇ ਵਿਆਹ ਦਾ ਦਿਨ ਵੀ ਕਢਵਾ ਲਿਆ ਹੈ। ਅੱਜ ਤੋਂ ਵੀਹਵੇਂ ਦਿਨ ਕੜਾਹੀ ਹੈ। ਸੁਖਪਾਲ ਨੇ ਕਿਰਨਾ ਕੋਲ ਤੇਜੀ ਨੂੰ ਮੰਗੀ ਕੁੜੀ ਦੇ ਹੁਸਨ ਦੀ ਤਾਰੀਫ਼ ਵੀ ਕੀਤੀ, ਜਿਸਨੂੰ ਸੁਖਪਾਲ ਨੇ ਤੇਜੀ ਦੀ ਸ਼ਗਨ ਵਾਲੀ ਐਲਬੰਬ ਵਿਚ ਵੇਖਿਆ ਸੀ।

ਅਗਲੇ ਦਿਨ ਬਰਾਤ ਆਈ ਤਾਂ ਰੁਲਦੂ ਦੇੇ ਵਿਹੜੇ 'ਚੋਂ ਇਕ ਗੁਲਾਬ ਦਾ ਫੁੱਲ ਤੋੜ ਕੇ ਗੰਢੂਆਂ ਦੇ ਰਾਹ ਪੈ ਗਈ। ਜਗਤਾਰ ਘਣ ਵਰਗੀ ਛਾਤੀ ਫੁਲਾਈ ਕਾਰ ਵਿਚ ਕਿਰਨਾ ਨਾਲ ਜੁੜਿਆ ਬੈਠਾ ਸੀ। ਉਸਨੂੰ ਪਹਾੜ ਦੀ ਚੋਟੀ ਸਰ ਕਰਨ ਜਿੰਨਾ ਹੌਸਲਾ ਸੀੇ। ਹੌਸਲਾ ਵੀ ਕਿਉਂ ਨਾਲ ਹੋਵੇ, ਕਦੇ ਤਾਂ ਉਸਦੀ ਮਾਂ ਹਰ ਆਏ ਗਏ ਨੂੰ ਕਹਿੰਦੀ ਸੀ ਕਿ ਉਹ ਕੋਈ ਚੰਗਾ-ਮੰਦਾ ਸਾਕ ਲਿਆ ਦੇਵੇ ਤਾਂ ਕਿ ਮੁੰਡੇ ਦੀ ਰੋਟੀ ਪਕਦੀ ਹੋ ਜਾਏ। ਅਜਿਹਾ ਕਿਹੜਾ ਸੀ, ਜਿਸਨੂੰ ਉਹ ਘਰ ਆਏ ਨੂੰ ਸਾਕ ਬਾਰੇ ਨਾ ਕਹਿੰਦੀ। ਇਸ ਗੱਲੋਂ ਜਗਤਾਰ ਨੂੰ ਵੀ ਫ਼ਿਕਰ ਲੱਗਿਆ ਰਹਿੰਦਾ ਸੀ, ਕਿਤੇ ਘੱਟਾ ਢੋਂਹਦੇ ਹੀ ਨਾ ਮਰ ਜਾਈਏ ਪਰ ਅੱਜ ਉਹ ਪਰੀਆਂ ਦੇ ਦੇਸ਼ੋਂ ਆਈ ਇਕ ਪਰੀ ਦੇ ਨਾਲ ਲੱਗਿਆ ਬੈਠਾ ਸੀ, ਜੋ ਹੁਣ ਉਸਦੀ ਧਰਮ ਪਤਨੀ ਸੀ। ਉਹ ਕੈਰੀ੍ਹ ਅੱਖ ਨਾਲ ਬਿੰਦੇ-ਝੱਟੇ ਉਸਦੇ ਗੁਲਾਬੀ ਭਾਅ ਮਾਰਦੇ ਚਿਹਰੇ ਵੱਲ ਵੇਖ ਲੈਂਦਾ ਤੇ ਉਸਦੀ ਛਾਤੀ ਦਾ ਆਕਾਰ ਹੋਰ ਵਧ ਜਾਂਦਾ। ਉਹ ਮਹਿਸੂਸ ਕਰਦਾ ਜਿਵੇਂ ਉਹ ਸਾਰੇ ਪਿੰਡ ਤੋਂ ਉੱਚਾ ਉਠ ਖੜ੍ਹਿਆ ਹੋਵੇ। ਜਗਤਾਰ ਨੇ ਕਾਰ ਵਿਚ ਬੈਠੇ-ਬੈੈਠੇ ਨੇ ਆਪਣੇ ਆਂਢ-ਗੁਆਂਢ ਦੀਆਂ ਸਾਰੀਆਂ ਜਨਾਨੀਆਂ ਦੀ ਵਾਰੀ-ਵਾਰੀ ਤੁਲਨਾ ਕਿਰਨਾ ਨਾਲ ਕਰ

ਵੇਖੀ ਸੀ ਪਰ ਉਸਨੂੰ ਕੋਈ ਵੀ ਅਜਿਹੀ ਨਜ਼ਰ ਨਾ ਪਈ, ਜੋ ਕਿਰਨਾ ਦੇ ਸੁਹੱਪਣ ਦੀ ਤੁਲਨਾ ਵਿਚ ਬਰਾਬਰ ਖੜ੍ਹ ਸਕੇ। ਫਿਰ ਉਸਨੇ ਮਨ ਵਿਚ ਹੀ ਫੜ੍ਹ ਮਾਰੀ,

''ਵਿਹੜੇ ਵਿਚ ਤਾਂ ਕੀ ਸਾਰੇ ਪਿੰਡ ਵਿਚ ਅਜਿਹੀ ਕੋਈ ਨਹੀਂ ਹੋਣੀ। ਘਅ ਹੋਣੀ?' ਉਸਨੇ ਤਸੱਲੀ ਕਰਨ ਲਈ ਕਿਰਨਾ ਵੱਲ ਕੈਰ੍ਹੀ ਅੱਖ ਨਾਲ ਵੇਖਿਆ ਤੇ ਫਿਰ ਅੱਖਾਂ ਸਾਹਮਣੇ ਆਈਆਂ ਪਿੰਡ ਦੀਆਂ ਜਨਾਨੀਆਂ ਨੂੰ ''ਨਹੀਂ! ਇਹੇ ਜੀ ਤਾਂ ਕੋਈ ਨੀ ਹੋਣੀ।'' ਉਸ ਮਨ ਵਿਚ ਹੀ ਕਹਿ ਕੇ ਤਸੱਲੀ ਕਰ ਲਈ।

ਗੱਡੀ ਜਗਤਾਰ ਦੇ ਬੂਹੇ ਅੱਗੇ ਜਾ ਰੁਕੀ। ਕਾਰ ਪਿੱਛੇ ਆਉਂਦਾ ਮਿੱਟੀ ਘੱਟਾ ਅੱਗੇ ਲੰਘ ਗਿਆ, ਜਿਵੇਂ ਉਹ ਵੀ ਕਿਰਨਾ ਦੇ ਸੁਹੱਪਣ 'ਤੇ ਤਰਸ ਖਾ ਗਿਆ ਹੋਵੇ। ਡਰਾਈਵਰ ਕਾਰ 'ਚੋਂ ਨਿਕਲ ਕੇ ਲਾੜੀ ਦੀ ਤਾਕੀ ਅੱਗੇ ਜਾ ਖੜ੍ਹਿਆ।

''ਦੱਸ ਭਾਈ ਕੀ ਬਿਹਾਰ ਲਮੇਂਗਾ?'' ਜਗਤਾਰ ਦੀ ਮਾਂ ਲਾਲ ਫੁਲਕਾਰੀ ਲਈ ਕੁੜੀਆਂ ਨੂੰ ਚੀਰਦੀ ਕਾਰ ਦੀ ਤਾਕੀ ਕੋਲ ਆ ਖੜ੍ਹੀ। ਉਸਦੇ ਪੱਕੇ ਰੰਗ 'ਚੋਂ ਖੁਸ਼ੀ ਡੁੱਲ੍ਹ-ਡੁੱਲ੍ਹ ਪੈਂਦੀ ਸੀ।

''ਪੰਜ ਸੌ।'' ਡਰਾਈਵਰ ਇਕੋ ਵਾਕ ਬੋਲ ਕੇ ਚੁੱਪ ਕਰ ਗਿਆ। ਉਸਨੇ ਆਪਣੀ ਢੂਹੀ ਤਾਕੀ ਨਾਲ ਲਾ ਲਈ।

''ਭਾਈ ਉਈਂ ਨਾ ਉਹੋ ਕਰੀ ਜਾ, ਬਿਹਾਰ ਆਲੀ ਗੱਲ ਕਰ।'' ਵਿਚੋਂ ਇਕ ਬੁੱਢੀ ਸਿਰ ਉਤੇ ਲਈ ਚਿੱਟੀ ਚੁੰਨੀ ਠੀਕ ਕਰਦਿਆਂ ਬੋਲੀ।

''ਨਾਂਹ..ਅ..।'' ਮੁੰਡੇ ਨੇ ਸਿਰ ਦੋ ਦਿਸ਼ਾਵਾਂ ਵਿਚ ਘੁਮਾ ਦਿੱਤਾ।

''ਭਾਈ ਛੇਤੀ ਨਮੇੜ ਕੰਮ।'' ਕੋਲ ਖੜ੍ਹੀ ਇਕ ਹੋਰ ਜਨਾਨੀ ਨੇ ਕਿਹਾ।

''ਚੰਗਾ ਬੇਬੇ ਤਿੰਨ ਸੌ ਕੱਢ ਫੇਰ।'' ਡਰਾਈਵਰ ਪੰਜ ਤੋਂ ਤਿੰਨ 'ਤੇ ਆ ਗਿਆ।

''ਉਰਾਂ ਕਰ ਮੁੰਡਿਆ ਹੱਥ, ਆਹ ਫੜ।'' ਚਿੱਟੀ ਚੁੰਨੀ ਨੇ ਸੀਤੋ ਤੋਂ ਸੌ ਦਾ ਨੋਟ ਫੜ ਕੇ ਡਰਾਈਵਰ ਦੀ ਤਲੀ 'ਤੇ ਧਰ ਦਿੱਤਾ।

''ਤੁਸੀਂ ਬੇਬੇ ਬਹੂ ਵੀ ਦੇਖੋ ਕਹੀ ਜੀ ਐ, ਸੌ ਦਿੰਦੀ ਸੋਹਣੀ ਲਗਦੀ ਐਂ?'' ਡਰਾਈਵਰ ਨੇ ਇਕ ਹੋਰ ਦਾਅ ਮਾਰਿਆ।

''ਲੈ ਚੰਗਾ ਆਹ ਚੱਕ ਭਾਈ।'' ਚਿੱਟੀ ਚੁੰਨੀ ਨੇ ਪੰਜਾਹ ਦਾ ਨੋਟ ਅਤੇ ਦੋ ਜੋੜੇ ਲੱਡੂਆਂ ਦੇ ਡਰਾਈਵਰ ਨੂੰ ਹੋਰ ਫੜਾ ਦਿੱਤੇ। ਕਾਹਲੀਆਂ ਜਨਾਨੀਆਂ ਨੇ ਡਰਾਈਵਰ ਨੂੰ 'ਨਾਂਹ-ਨਾਂਹ' ਕਰਦੇ ਨੂੰ ਤਾਕੀ ਤੋਂ ਇਕ ਪਾਸੇ ਧੱਕ ਦਿੱਤਾ ਤੇ ਵਿਚੋਂ ਬਹੁੂ ਨੂੰ ਉਤਾਰ ਲਿਆ। ਜਨਾਨੀਆਂ ਨੇ ਗੀਤ ਛੋਹ ਦਿੱਤਾ,

ਪਾਣੀ ਵਾਰ ਨੀ ਬੰਨੇ ਦੀਏ ਮਾਏ..<br>
ਬੰਨਾ ਬੰਨੀ ਬਾਹਰ ਖੜ੍ਹੇ।<br>
ਪਾਣੀ..

ਸੀਤੋ ਨੇ ਦੋਵਾਂ ਨੂੰ ਬਰਾਬਰ ਖੜ੍ਹਾ ਕੇ ਪਾਣੀ ਵਾਰਿਆ ਤੇ ਫਿਰ ਅੰਦਰ ਲੈ ਗਈ। ਜਦੋਂ ਵਿਹਾਰ ਕਰਕੇ ਵਿਹੜੇ ਦੀਆਂ ਜਨਾਨੀਆਂ ਨੇ ਬਹੂ ਦੇ ਮੂੰਹ 'ਤੋਂ ਪੱਲਾ ਲਾਹਿਆ ਤਾਂ ਸਾਰੇ ਅਸ਼-ਅਸ਼ ਕਰ ਉਠੇ। ''ਵੇ ਭਾਈ ਜਗਤਾਰ ਤੂੰ ਤਾਂ ਕਿਤੋਂ ਚੰਦ ਈ ਤੋੜ ਲਿਆਇਆ।'' ਘਰਾਂ 'ਚੋਂ ਲਗਦੀ ਭਾਬੀ ਨੇ ਕਿਰਨਾ ਦਾ ਮੂੰਹ ਵੇਖ ਕੇ ਜਗਤਾਰ ਨੂੰ ਸ਼ਾਬਾਸ਼ ਦਿੱਤੀ। ਜਿਹੜਾ ਵੀ ਕਿਰਨਾ ਦਾ ਚਿਹਰਾ ਦੇਖਦਾ, ਤਾਰੀਫ਼ ਕਰੇ ਬਿਨਾਂ ਨਾ ਰਹਿ ਸਕਦਾ। ਕਿਰਨਾ ਦੇ ਸੁਹੱਪਣ ਦੀ ਚਰਚਾ ਅੱਜ ਸਾਰੇ ਪਿੰਡ ਵਿਚ ਸੀ।

-0-

ਕੁਝ ਦਿਨ ਤਾਂ ਕਿਰਨਾ ਦਾ ਚੰਗਾ ਜੀਅ ਲੱਗਿਆ ਰਿਹਾ। ਬੀਹੀ ਵਿਹੜੇ ਦੀਆਂ ਕੁੜੀਆਂ ਸ਼ਾਮ ਸਵੇਰੇ ਕਿਰਨਾ ਕੋਲ ਆ ਜਾਂਦੀਆਂ। ਜਗਤਾਰ ਦੇ ਮਾਮੇ ਦੀ ਕੁੜੀ, ਬਹੂ ਦਾ ਜੀਅ ਲਵਾਉਣ ਵਾਸਤੇ ਵਿਆਹ ਆਈ ਇਥੇ ਹੀ ਰਹਿ ਗਈ ਸੀ। ਉਹ

ਦੋਵੇਂ ਇਕੱਠੀਆਂ ਕੰਮ ਕਰਦੀਆਂ, ਇਕੱਠੀਆਂ ਬਾਹਰ ਵੱਲ ਜਾਂਦੀਆਂ ਤੇ ਇਕ ਦੋ ਕੁੜੀਆਂ ਉਨ੍ਹਾਂ ਨਾਲ ਹੋਰ ਵੀ ਰਲ਼ ਜਾਂਦੀਆਂ ਪਰ ਹੌਲੀ-ਹੌਲੀ ਵੀਹੀ ਵਿਹੜੇ ਦੀਆਂ ਕੁੜੀਆਂ ਵੀ ਆਉਣੋਂ ਹਟ ਗਈਆਂ ਅਤੇ ਜਗਤਾਰ ਦੇ ਮਾਮੇ ਦੀ ਕੁੜੀ ਵੀ ਆਪਣੇ ਪਿੰਡ ਚਲੀ ਗਈ। ਹੁਣ ਸਾਰਾ ਕੰਮ ਕਿਰਨਾ ਨੂੰ ਇਕੱਲਿਆਂ ਹੀ ਕਰਨਾ ਪੈਂਦਾ ਤੇ ਇਕੱਲਿਆਂ ਹੀ ਉਹ ਬਾਹਰ ਅੰਦਰ ਜਾਂਦੀ। ਬੱਸ ਕਦੇ-ਕਦੇ ਹੀ ਉਸਦੀ ਸੱਸ ਉਸ ਨਾਲ ਆਉਂਦੀ। ਜਦੋਂ ਕਿਰਨਾ ਬਾਹਰ ਵੱਲ ਜਾਂਦੀ ਤਾਂ ਪਿੰਡ ਦੇ ਮੁੰਡੇ ਅੱਖਾਂ ਪਾੜ-ਪਾੜ ਵੇਖਦੇ। ਕਿਰਨਾ ਦਾ ਸੁਹੱਪਣ ਉਨ੍ਹਾਂ ਨੂੰ ਆਪਣੇ ਵੱਲ ਵੇਖਣ ਲਈ ਮਜ਼ਬੂਰ ਕਰ ਦਿੰਦਾ। ਅਜਿਹਾ ਕਿਹੜਾ ਸੀ, ਜਿਸਦੇ ਕਿਰਨਾ ਨੂੰ ਵੇਖ ਕੇ ਦਿਲ ਵਿਚ ਚੀਸ ਨਾ ਉਠਦੀ ਹੋਵੇ।

ਜਗਤਾਰ ਦੇ ਸਕੇ-ਸਬੰਧੀਆਂ ਦੇ ਮੁੰਡੇ ਧਰਮੇ ਉਤੇ ਤਾਂ ਕਿਰਨਾ ਨੇ ਕੁਛ ਵੱਖਰਾ ਹੀ ਅਸਰ ਪਾ ਦਿੱਤਾ ਸੀ। ਉਹ ਕਿਰਨਾ ਦੇ ਬਾਹਰ ਜਾਣ ਵੇਲੇ ਹਰ ਰੋਜ਼ ਆਪਣੇ ਬੂਹੇ ਵਿਚ ਖੜ੍ਹਾ ਹੁੰਦਾ। ਕਿਰਨਾ ਚਾਹੇ ਨਾਗਾ ਪਾ ਦਿੰਦੀ ਪਰ ਉਸਨੇ ਅਜੇ ਤੱਕ ਆਪਣੀ ਰੀਤ ਕਾਇਮ ਰੱਖੀ ਸੀ। ਪਹਿਲਾਂ-ਪਹਿਲਾਂ ਤਾਂ ਕਿਰਨਾ ਉਸ ਕੋਲੋਂ ਬਿਨਾਂ ਉਪਰ ਵੇਖਿਆਂ ਨੀਵੀਂ ਪਾ ਕੇ ਲੰਘ ਜਾਂਦੀ ਪਰ ਹੁਣ ਉਹ ਧਰਮੇ ਦੀ ਭਗਤੀ ਅੱਗੇ ਝੁਕਦਿਆਂ ਅੱਖਾਂ ਚਾਰ ਕਰਨ ਲੱਗ ਪਈ ਸੀ। ਅਸਲ ਵਿਚ ਕਿਰਨਾ ਨੂੰ ਜੋ ਕੁਝ ਜਗਤਾਰ ਕੋਲੋਂ ਨਹੀਂ ਮਿਲਿਆ ਸੀ, ਉਹ ਇਥੋਂ ਪੂਰਾ ਹੋ ਸਕਦਾ ਸੀ। ਪੇਕੇ ਘਰ ਜੋ ਕੁਝ ਉਸਨੇ ਸੋਚਿਆ ਸੀ ਕਿ ਉਸਦਾ ਪਤੀ ਗੋਰਾ, ਸੋਹਣਾ ਸੁਨੱਖਾ ਤੇ ਚੰਗਾ ਬਣਦਾ-ਤਣਦਾ ਹੋਵੇ ਪਰ ਉਸਦੇ ਅਰਮਾਨਾਂ 'ਤੇ ਜਗਤਾਰ ਨੂੰ ਵੇਖ ਕੇ ਜੋ ਧੂੜ ਜੰਮ ਗਈ ਸੀ। ਉਹ ਹੁਣ ਧਰਮੇ ਨੂੰ ਵੇਖਦਿਆਂ ਸਾਫ਼ ਹੁੰਦੀ ਜਾਪਦੀ ਸੀ, 'ਚਲੋ ਪਤੀ ਨਹੀਂ ਤਾਂ ਕੋਈ ਉਸਦਾ ਭਾਈ ਹੀ ਸਹੀ।'

ਜੀਅ ਤਾਂ ਕਿਰਨਾ ਦਾ ਵਿਆਹ ਵਾਲੇ ਦਿਨ ਹੀ ਧਰਮੇ ਨੂੰ ਵੇਖ ਕੇ ਲਲਚਾਅ ਗਿਆ ਸੀ, ਜਦੋਂ ਉਹ ਕਿਰਨਾ ਦਾ ਹੱਥ ਫੜ ਕੇ ਗਿੱਧੇ ਵਿਚ ਨੱਚਿਆ ਸੀ। ਇਕ ਪਾਸੇ ਸੋਹਣਾ-ਸਨੁੱਖਾ ਮੁੰਡਾ, ਛੇ ਫੁੱਟ ਕੱਦ ਤੇ ਸ਼ਰਬਤੀ ਅੱਖਾਂ ਅਤੇ ਦੂਜੇ ਪਾਸੇ ਹੁਸਨ ਦੀ ਮਲਿਕਾ, ਜੋੜੀ ਖੂਬ ਜਚੀ ਸੀ। ਧਰਮੇ ਦੇ ਹੱਥ ਦੀ ਛੋਹ ਮਹਿਸੂਸ ਕਰਦਿਆਂ ਹੀ ਕਿਰਨਾ ਦੇ ਧੁਰ ਅੰਦਰ ਤੱਕ ਖੋਹ ਪਈ ਸੀ ਕਿ 'ਕਾਸ਼ ਜਗਤਾਰ ਦੀ ਥਾਂ ਇਹ ਮੇਰਾ ਹਾਣੀ ਹੁੰਦਾ।' ਪਰ ਹੁਣ ਕੀ ਬਣ ਸਕਦਾ ਸੀ। ਚਾਹੇ ਕਿਰਨਾ ਦਾ ਦਿਲ ਧਰਮੇ ਲਈ ਕਿੰਨਾ ਹੀ ਬੇਵਸ ਕਿਉਂ ਨਾ ਹੋ ਗਿਆ ਹੋਵੇ, ਪਰ ਉਹ ਚਾਹੁੰਦੀ ਸੀ ਕਿ ਪਹਿਲ ਧਰਮਾ ਕਰੇ ਤਾਂ ਕਿ ਉਸਦੀ ਲੱਤ ਉਪਰ ਰਹੇ ਅਤੇ ਉਹ ਸੀਲ ਧਰਮੇ 'ਤੇ ਕਾਠੀ ਪਾ ਕੇ ਜਿਵੇਂ ਉਹ ਚਾਹੇ ਦੌੜਾ ਸਕੇ। ਇਹੋ ਸੋਚਦੀ ਉਹ ਆਪਣੇ ਮਨ 'ਤੇ ਕਾਬੂ ਪਾ ਕੇ ਧਰਮੇ ਕੋਲੋਂ ਨੀਵੀਂ ਪਾ ਕੇ ਲੰਘਦੀ ਰਹੀ ਸੀ ਪਰ ਹੁਣ ਜਦੋਂ ਤੋਂ ਧਰਮੇ ਨਾਲ ਉਸਦੀਆਂ ਅੱਖਾਂ ਚਾਰ ਹੋਈਆਂ ਸਨ, ਉਹ ਕਿੰਨਾ-ਕਿੰਨਾ ਚਿਰ ਧਰਮੇ ਤੋਂ ਅੱਖ ਨਹੀਂ ਪੁੱਟਦੀ ਸੀ।

ਧਰਮੇ ਦਾ ਇਸ ਬੀਹੀ ਵਿਚ ਪਹਿਲਾ ਘਰ ਹੀ ਸੀ। ਧਰਮੇ ਦੇ ਦਾਦੇ ਕੋਲ ਚਾਲੀ ਕਿੱਲੇ ਜ਼ਮੀਨ ਸੀ, ਉਸਦੇ ਇਕੋ ਮੁੰਡਾ ਹੋਇਆ। ਇਤਫ਼ਾਕ ਨਾਲ ਅੱਗੇ ਧਰਮੇ ਦੇ ਬਾਪ ਦੇ ਵੀ ਇਕੋ-ਇਕ ਮੁੰਡਾ ਧਰਮਾ ਹੋਇਆ, ਜਿਸ ਕਰਕੇ ਇਨ੍ਹਾਂ ਦੀ ਜ਼ਮੀਨ ਕਿਧਰੇ ਨਾ ਵੰਡੀ ਗਈ ਤੇ ਹੁਣ ਧਰਮਾ ਇਕੱਲਾ ਹੀ ਚਾਲੀ ਕਿੱਲਿਆਂ ਦਾ ਮਾਲਕ ਸੀ। ਧਰਮੇ ਨੇ ਆਪ ਕਦੇ ਡੱਕਾ ਦੂਹਰਾ ਕਰਕੇ ਨਹੀਂ ਵੇਖਿਆ ਸੀ ਪਰ ਸੀਰੀਆਂ ਪਾਲ਼ੀਆਂ ਨੂੰ ਲੋੜ ਅਨੁਸਾਰ ਸਾਮਾਨ ਲਿਆਉਣੋਂ ਉਹ ਕਦੇ ਨਹੀਂ ਉੱਕਿਆ ਸੀ।

ਧਰਮਾ ਅੱਜ ਸਵੇਰੇ ਸਾਢੇ ਚਾਰ ਵਜੇ ਦਾ ਲੋਈ ਦੀ ਬੁੱਕਲ ਮਾਰੀ ਆਪਣੇ ਬਾਰ ਮੂਹਰੇ ਪਏ ਇੱਟਾਂ ਦੇ ਥੜ੍ਹੇ ਉਪਰ ਬੈਠਾ ਸੀ। ਉਹ ਜਾਣਦਾ ਸੀ ਕਿ ਕਿਰਨਾ ਦਾ ਵਾੜੇ ਆਉਣ ਦਾ ਸਮਾਂ ਪੰਜ, ਸਾਢੇ ਪੰਜ ਹੈ। ਪਰ ਅੱਜ ਉਸਨੂੰ ਪਤਾ ਨਹੀਂ ਕਿਹੜੀ ਖਿੱਚ ਅੱਧਾ ਘੰਟਾ ਪਹਿਲਾਂ ਬਾਹਰ ਧੂਅ ਲੈ ਆਈ ਸੀ। ਉਹ ਜਗਤਾਰ ਦੇ ਘਰ ਵੱਲ ਇਕ ਟਕ ਨਿਗ੍ਹਾ ਗੱਡੀ ਵੇਖੀ ਜਾ ਰਿਹਾ ਸੀ। ਜਦੋਂ ਨਿਗ੍ਹਾ ਪਾਟਦੀ ਤਾਂ ਉਹ ਆਪਣੇ ਠੰਢੇ ਹੱਥਾਂ ਨਾਲ ਅੱਖਾਂ ਮਲਦਾ, ਇਧਰ-ਉਧਰ ਵੇਖਦਾ, ਫਿਰ ਉਧਰ ਹੀ ਨਜ਼ਰ ਟਿਕਾ ਲੈਂਦਾ। ਪਰ ਅਜੇ ਤੱਕ ਉਸਨੂੰ ਕਿਸੇ ਪਰਛਾਵੇਂ ਦਾ ਝਉਲ਼ਾ ਨਹੀਂ ਪਿਆ ਸੀ। ਉਸਦੇ ਮਨ ਆਈ ਕਿ ਕਿਉਂ ਨਾ ਉਹ ਜਗਤਾਰ ਦੇ ਘਰ ਤੱਕ ਹੋ ਆਵੇ। ਧਰਮੇ ਨੇ ਖੜ੍ਹਾ ਹੋ ਕੇ ਲੋਈ ਦੀ ਬੁੱਕਲ ਆਪਣੇ ਉਪਰੋਂ ਦੀ ਚੰਗੀ ਤਰ੍ਹਾਂ ਮਾਰ ਲਈ। ਉਹ ਖੜਕਾ ਹੋਣ ਦੇ ਡਰੋਂ ਪੋਲੇ-ਪੋਲੇ ਕਦਮ ਪੁੱਟਦਾ ਜਗਤਾਰ ਦੇ ਘਰ ਤੋਂ ਥੋੜ੍ਹਾ ਉਰੇ ਇਕਦਮ ਰੁਕ ਗਿਆ। ਸਾਹਮਣੇ ਹਨ੍ਹੇਰੇ

ਵਿਚ ਦੋ ਅੱਖਾਂ ਚਮਕੀਆਂ। ਧਰਮੇ ਦੇ ਦਿਲ ਦੀ ਧੜਕਣ 'ਧੱਕ-ਧੱਕ' ਵੱਜਣ ਲੱਗ ਪਈ। ਗਰਮ ਸਰੀਰ ਨੂੰ ਠੰਢੀ ਕੰਬਣੀ ਚੜ੍ਹ ਗਈ। ਬੁੱਲਾਂ 'ਤੇ ਸਿਕਰੀ ਆ ਗਈ। ਉਹ ਡਰਨੇ ਵਾਂਗ ਥਾਂ ਦਾ ਥਾਂ ਖੜ੍ਹਾ ਰਿਹਾ। ਫਿਰ ਉਹ ਪਰਛਾਵਾਂ ਹਿੱਲਿਆ, ਧਰਮੇ ਨੇ ਇਕ ਕਦਮ ਪਿੱਛੇ ਪੁੱਟਿਆ। ਅਗਲਾ ਕਦਮ ਪਿੱਛੇ ਹਟਣ ਤੋਂ ਪਹਿਲਾਂ ਧਰਮੇ ਦੇ ਬੁੱਲ੍ਹ ਹੱਸ ਪਏ। ਸਾਹਮਣੇ ਜੁਗਾਲੀ ਕਰਦਾ ਝੋਟਾ ਕੰਧ ਦੀ ਛਾਂ ਥੱਲੋਂ ਹਟ ਕੇ ਪਿੱਛੇ ਨੂੰ ਤੁਰ ਪਿਆ। ''ਵਾਹ ਓਏ ਭਗਤਾ, ਆਪ ਸਾਰੇ ਪਿੰਡ ਦੀਆਂ ਸਾਂਭੀ ਫਿਰਦੈਂ, ਜੇ ਅਸੀਂ ਇਕ ਲਈ ਆਏ ਤਾਂ ਅੱਖਾਂ ਕੱਢ-ਕੱਢ ਡਰਾਉਨੈ।'' ਧਰਮੇ ਨੇ ਪੋਲੇ ਕਦਮਾਂ ਨਾਲ ਤਖ਼ਤਿਆਂ ਕੋਲ ਲੱਗ ਕੇ ਝੀਤਾਂ ਵਿਚਦੀ ਅੰਦਰ ਝਾਤੀ ਮਾਰੀ, ਅੰਦਰ ਕੋਈ ਹਿੱਲ-ਜੁੱਲ ਨਹੀਂ ਸੀ। ਹਨੇਰੇ ਨਾਲ ਭਰਿਆ ਵਿਹੜਾ ਸ਼ਾਂਤ ਪਿਆ ਸੀ। ਸਾਹਮਣੀ ਸਬਾਤ ਵਿਚ ਜੀਰੋ ਬੱਲਬ ਦਾ ਮੱਧਮ ਚਾਨਣ ਵਿਰਲਾਂ ਰਾਹੀਂ ਬਾਹਰ ਆਉਣ ਦੀ ਅਸਫ਼ਲ ਕੋਸ਼ਿਸ਼ ਕਰ ਰਿਹਾ ਸੀ ਪਰ ਹਨੇਰੇ ਦੇ ਅਣਦਿੱਖ ਹੱਥ ਉਸਦੀ ਵਿਰਲਾਂ ਵਿਚ ਹੀ ਗਿੱਚੀ ਮਰੋੜ ਦਿੰਦੇ।

ਧਰਮਾ ਉਦਾਸ ਮਨ ਨਾਲ ਵਾਪਸ ਮੁੜ ਆਇਆ। ਉਸਨੇ ਆਪਣੇ ਘਰ ਦੇ ਬੂਹੇ ਨਾਲ ਢੋਹ ਲਾ ਲਈ। ਖੜ੍ਹੇ ਨੇ ਘੜੀ 'ਤੇ ਨਿਗ੍ਹਾ ਮਾਰੀ, ਚਮਕਦੀਆਂ ਸੂਈਆਂ ਨੇ ਪੰਜ ਵਜਾ ਦਿੱਤੇ ਸਨ। ਗੁਰਦੁਆਰੇ ਵਿਚੋਂ ਸਿੱਖ ਦੇ ਪੜ੍ਹਨ ਦੀ ਆਵਾਜ਼ ਲਗਾਤਾਰ ਗੂੰਜ ਰਹੀ ਸੀ। ਉਹ ਉਸੇ ਤਰ੍ਹਾਂ ਕੌਲ਼ੇ ਨਾਲ ਢੋਅ ਲਾਈ ਖੜ੍ਹਾ ਰਿਹਾ। ਦਸ ਮਿੰਟ ਹੋਰ ਬੀਤ ਗਏ। ਹੁਣ ਸਾਹਮਣਿਉਂ ਕੋਈ ਕਾਲਾ ਪਰਛਾਵਾਂ ਵੀਹੀ ਵਿਚ ਲਗਾਤਾਰ ਧਰਮੇ ਵੱਲ ਵਧ ਰਿਹਾ ਸੀ। ਨੇੜੇ ਆਉਣ 'ਤੇ ਇਹ ਪਰਛਾਵਾਂ ਜਨਾਨੀ ਦੇ ਅੰਗਾਂ ਵਿਚ ਢਲ ਗਿਆ। ਹੋਰ ਨੇੜੇ ਆਉਣ 'ਤੇ ਇਹ ਕਿਰਨਾ ਦੇ ਨਕਸ਼ਾਂ ਵਿਚ ਘੁਲ ਗਿਆ। ਧਰਮੇ ਨੇ ਧੜਕਦੇ ਦਿਲ ਨਾਲ, ਕੰਬਦੇ ਹੱਥਾਂ ਨਾਲ ਕਿਰਨਾ ਦੀ ਚੂੜੀਆਂ ਵਾਲੀ ਬਾਂਹ ਫੜ ਲਈ। ਚੁੂੜੀਆਂ ਦੀ ਛਣ-ਛਣ ਨਾਲ ਕਿਰਨਾ ਦੀ ਉਭਰੀ ਹਿੱਕ ਨੂੰ ਕੰਬਣੀ ਚੜ੍ਹ ਗਈ।

''ਹੋਰ ਕਿੰਨਾ ਕੁ ਤੜਫਾਓਂਗੇ?'' ਧਰਮੇ ਦੇ ਤਪਦੇ, ਕੰਬਦੇ ਬੁੱਲ੍ਹਾਂ ਵਿਚੋਂ ਬੋਲ ਨਿਕਲਿਆ।

''ਹਾਏ! ਕੋਈ ਦੇਖ ਲੂ।'' ਕਿਰਨਾ ਦੇ ਇਨ੍ਹਾਂ ਬੋਲਾਂ ਨੇ ਧਰਮੇ ਨਾਲ ਦਿਲ ਦੀ ਸਹਿਮਤੀ ਪ੍ਰਗਟਾ ਦਿੱਤੀ। ਧਰਮੇ ਦਾ ਡਰ 'ਛੂ-ਮੰਤਰ' ਕਰ ਦਿੱਤਾ।

'ਜਿਹੜਾ ਦੇਖਦੈ ਦੇਖ ਲੈਣ ਦੇ।''

''ਹਾਏ! ਛੱਡਦੇ।''

''ਪਹਿਲਾਂ ਦੱਸ ਕਦੋਂ ਮਿਲਣੈ?''

''ਚੰਗਾ ਮੇਰੇ ਮਗਰ ਵਾੜੇ ਆਜਾ।'' ਦੋਵੇਂ ਮਗਰ ਮੂਹਰੇ ਵਾੜੇ ਜਾ ਵੜੇ। ਵਾੜਿਆਂ ਵਿਚ ਖੜ੍ਹੇ ਗੋਲ ਗਹਾਰੇ, ਰਾਤ ਦੇ ਪਹਿਰੇਦਾਰ ਬਣੇ ਮੰਤਰੀਆਂ ਵਾਂਗ ਡਟੇ ਖੜ੍ਹੇ ਸਨ। ਪਾਥੀਆਂ ਦੀਆਂ ਲੰਬੀਆਂ ਕਤਾਰਾਂ, ਹਨ੍ਹੇਰੇ ਵਿਚ ਸੁੱਤੀਆਂ ਸਰਾਲਾਂ ਜਾਪਦੀਆਂ ਸਨ। ਕਿਰਨਾ ਨੇ ਹੱਥ ਵਿਚਲਾ ਪਾਣੀ ਦਾ ਡੱਬਾ ਹੇਠਾਂ ਰੱਖ ਦਿੱਤਾ ਤੇ ਆਪ ਗਹਾਰੇ ਓਹਲੇ ਜਾ ਖੜ੍ਹੀ।

''ਹਾਂ ਦੱਸ, ਕੀ ਕਹਿਣੈ?'' ਕੁੜੀ ਨੇ ਦੋਵੇਂ ਬਾਹਵਾਂ ਦੀ ਬੁੱਕਲ ਮਾਰਦਿਆਂ ਮੋਟੀਆਂ ਅੱਖਾਂ ਧਰਮੇ ਦੇ ਗੋਰੇ ਚਿਹਰੇ 'ਤੇ ਗੱਡ ਦਿੱਤੀਆਂ।

''ਤੇਰੇ ਝੋਰੇ 'ਚ ਅੱਧਾ ਰਹਿ ਗਿਆਂ ਸੁੱਕ ਕੇ, ਅਜੇ ਕਹਿਣਾ ਬਾਕੀ ਐ? ਤੂੰ ਐਂ ਦੱਸ ਵੀ ਕਦੋਂ ਮਿਲਣੈ?''

''ਜਦੋਂ ਟੈਮ ਲੱਗਿਆ ਦੱਸਦੂੰ।''

''ਟੈਮ ਦਾ ਨੀ ਡਿੱਕਾ, ਮੈਨੂੰ ਹੁਣ ਦੱਸ, ਫੇਰ ਜਾਣ ਦਿਊਂ।''

''ਤੇਰਾ ਬਾਈ ਰਾਤ ਕਣਕ ਰਮਾਉਣ ਗਿਆ ਤੀ ਖੇਤ, ਕਹਿੰਦਾ ਤੀ ਰਾਤ ਦੀ ਵਾਰੀ ਐ, ਅੱਜ ਜਾਊ ਪਤਾ ਨੀ ਨਾ।''

''ਚਾਰ ਦਿਨਾਂ ਬਾਅਦ ਬਦਲਦੀ ਐ ਵਾਰੀ, ਅੱਜ ਫੇਰ ਜਾਣਾ ਹੋਊ।''

''ਜੇ ਰਮ ਗਈ ਹੋਈ ਸਾਰੀ।''

''ਇਕ ਰਾਤ 'ਚ ਸਾਰੀ ਕਿਮੇਂ ਰਮਜੂ, ਦੋ ਕਿਲੇ ਰਮਦੇ ਨੇ ਮਸਾਂ। ਅੱਜ ਲਾਜ਼ਮੀ ਜਾਣਾ ਹੋਊ, ਅੱਜ ਆਜੀਂ ਰਾਤ ਨੂੰ।''

''ਕਿੱਥੇ?''

''ਸਾਡੀ ਸਿਰੇ ਆਲੀ ਬੈਠਕ 'ਚ ਮੈਂ 'ਕੱਲਾ ਈ ਹੁੰਨਾਂ। ਜਿਹੜਾ ਵੀਹੀ 'ਚ ਖੁਲਦੈ ਬਾਰ ਉਹਦਾ ਕੁੰਡਾ ਮੈਂ ਅੰਦਰੋਂ ਖੁੱਲ੍ਹਾ ਰੱਖੂੰ, ਉਂ ਙੰਮ ਕੇ ਰੱਖੂੰ, ਤੂੰ ਖੋਲ੍ਹ ਕੇ ਅੰਦਰ ਆਜੀਂ।''

''ਕਿਉਂ ਮੈਨੂੰ ਐਨੀ ਦੂਰ ਵੀਹੀ 'ਚ ਡਰ ਨਹੀਂ ਲੱਗੂ?''

''ਚੰਗਾ ਮੈਂ ਲੈ ਆਊਂ ਜਾ ਕੇ, ਨਾਲੇ ਦੱਸਦੇ ਕੈਅ ਕ ਵਜੇ ਆਮਾਂ।''

''ਦਸ ਕੁ ਵਜੇ ਆਜੀਂ।''

''ਚੰਗਾ ਪੱਕੀ ਰਹੀਂ।''

''ਹਾਂ-ਹਾਂ ਆਜੀਂ।''

''ਚੰਗਾ ਫੇਰ ਹੁਣ ਜਾਨਾਂ ਮੈਂ।'' ਧਰਮਾ ਖੁਸ਼ੀ ਨਾਲ ਫੁੱਲਿਆ ਲੰਬੀਆਂ ਪੁਲਾਂਘਾਂ ਪੁੱਟਦਾ ਘਰ ਨੂੰ ਆ ਗਿਆ। ਕਿਰਨਾ ਟੱਟੀ ਹੋਣ ਲਈ ਵਾੜੇ 'ਚੋਂ ਟੱਟੀਆਂ ਵਿਚ ਜਾ ਵੜੀ।

ਉਸਦੇ ਵਾਪਸ ਆਉਂਦੀ ਨੂੰ ਵਿਹੜੇ ਵਾਲੀ ਲਾਇਟ ਜਗ ਰਹੀ ਸੀ। ਜਗਤਾਰ ਮੱਝਾਂ ਨੂੰ ਕੱਖ ਪਾ ਰਿਹਾ ਸੀ। ਕਿਰਨਾ ਨੇ ਆ ਕੇ ਡੱਬਾ ਨਲਕੇ ਕੋਲ ਕੰਧ ਨਾਲ ਰੱਖ ਦਿੱਤਾ, ਨਲਕਾ ਗੇੜ ਕੇ ਹੱਥ ਗਿੱਲੇ ਕੀਤੇ, ਨਹਾਉਣ ਵਾਲੇ 'ਚੋਂ ਸਾਬਣ ਦੀ ਪਤਲੀ ਟਿੱਕੀ ਹੱਥਾਂ ਉਤੇ ਮਲੀ ਤੇ ਫਿਰ ਹੱਥ ਧੋ ਲਏ।

''ਐਨਾ ਸੰਦੇਹਾਂ ਨਾ ਜਾਇਆ ਕਰ ਬਾਹਰ ਕੰਨੀ।'' ਜਗਤਾਰ ਨੇ ਕੋਲੋਂ ਲੰਘਦੀ ਕਿਰਨਾ ਨੂੰ ਕਿਹਾ।

ਕਿਰਨਾ ਤੁਰੀ ਜਾਂਦੀ ਉਥੇ ਹੀ ਰੁਕ ਗਈ। ''ਜਦੋਂ ਜੋਰ ਪਊ, ਓਦੀਂ ਜਾਊਂ।''

''ਹੀ.ਹੀ.ਹੀ. ਪਾਗਲ।'' ਜਗਤਾਰ ਖਿੜ-ਖਿੜ ਕੇ ਹੱਸ ਪਿਆ, ਨਾਲੇ ਕਿਰਨਾ ਹੱਸ ਪਈ। ''ਚੰਗਾ ਮੈਸਾਂ ਬੰਨ੍ਹ।'' ਜਗਤਾਰ ਸੰਨ੍ਹੀ ਕਰ ਕੇ ਨਲਕੇ 'ਤੇ ਹੱਥ ਧੋਣ ਚਲਾ ਗਿਆ। ਕਿਰਨਾ ਨੇ ਵਰਾਂਡੇ ਵਿਚੋਂ ਸਾਰੀਆਂ ਮੱਝਾਂ ਖੋਲ੍ਹ ਕੇ ਖੁਰਲੀ 'ਤੇ ਬੰਨ੍ਹ ਦਿੱਤੀਆਂ।

-0-

ਅੱਜ ਸਾਰਾ ਦਿਨ ਕਿਰਨਾ ਦਾ ਅੰਦਰ ਹੱਸਦਾ ਰਿਹਾ, ਮਨ ਨੱਚਦਾ ਰਿਹਾ। ਉਹ ਸਾਰਾ ਦਿਨ ਖੁਸ਼ੀ ਨਾਲ ਬੌਰੀ ਹੋਈ ਫਿਰਦੀ ਰਹੀ। ਕੋਈ ਜਿੱਤ, ਕੋਈ ਖੁਸ਼ੀ ਉਸਦੀਆਂ ਅੱਖਾਂ ਵਿਚੋਂ ਡੁਲ੍ਹ-ਡੁਲ੍ਹ ਪੈਂਦੀ ਸੀ ਪਰ ਸਮੇਂ ਨੇ ਕਿਰਨਾ ਨਾਲ ਜਿੱਦ ਲਾ ਰੱਖੀ ਸੀ। ਉਹ ਪਲ-ਪਲ ਟਾਈਮ-ਪੀਸ ਵੇਖਦੀ, ਬਿੰਦੇ-ਬਿੰਦੇ ਕੰਧ ਦਾ ਪਰਛਾਵਾਂ ਮਿਣਦੀ ਪਰ ਪਤਾ ਨਹੀਂ ਕਿਸ ਵਿਰੋਧੀ ਨੇ ਸਮੇਂ ਦੇ ਕਦਮਾਂ ਨਾਲ ਭਾਰੇ ਪੱਥਰ ਬੰਨ੍ਹ ਦਿੱਤੇ ਸਨ, ਉਹ ਅੱਗੇ ਸਰਕਣ ਦਾ ਨਾਂ ਹੀ ਨਹੀਂ ਲੈਂਦਾ ਸੀ। ਇਕ-ਇਕ ਘੰਟਾ ਇਕ-ਇਕ ਮਹੀਨਾ ਹੋ ਕੇ ਬੀਤਿਆ। ਕਿਰਨਾ ਨੇ ਸ਼ਾਮ ਦੇ ਰੋਟੀ ਟੁੱਕ ਲਈ ਚੁੱਲ੍ਹੇ ਵਿਚ ਛਿਟੀਆਂ ਦੀ ਅੱਗ ਬਾਲ ਲਈ, ਆਟਾ ਗੁੰਨ ਕੇ ਰੋਟੀ ਲੱਗ ਗਈ। ਜਗਤਾਰ ਨੇ ਮੱਝ ਦੀ ਧਾਰ ਕੱਢ ਕੇ ਦੁੱਧ ਦੀ ਬਾਲਟੀ ਕਿਰਨਾ ਕੋਲ ਲਿਆ ਰੱਖੀ, ''ਚਾਹ ਗੁੜ ਬੰਨ੍ਹ ਦੀਂ ਖੇਤ ਵਾਸਤੇ, ਦੁੱਧ ਮਾੜਾ ਜਾ ਵੱਧ ਪਾਦੀਂ ਰਾਤ ਨੂੰ ਕਈ ਵਾਰ ਚਾਹ ਕਰਨੀ ਪੈਂਦੀ ਐ।''

ਇੰਨਾ ਸੁਣ ਕੇ ਛਿਟੀਆਂ ਦੀ ਲਾਲ ਲਾਟ ਵਿਚ ਕਿਰਨਾ ਦਾ ਗੁਲਾਬੀ ਚਿਹਰਾ ਖੁਸ਼ੀ ਵਿਚ ਹੋਰ ਲਾਲ ਹੋ ਗਿਆ। ਉਸਦੇ ਗੋਰੇ ਸਰੀਰ ਵਿਚ ਇਕ ਝਰਨਾਹਟ ਜਿਹੀ ਛਿੜ ਗਈ, ਜਿਵੇਂ ਧਰਮੇ ਦੇ ਬਾਂਹ ਫੜਨ ਵੇਲੇ ਛਿੜੀ ਸੀ। ਜਿਵੇਂ ਧਰਮੇ ਨੇ ਉਸਨੂੰ ਖੁਦ ਛੂਹ ਲਿਆ ਹੋਵੇ। ਕਿਰਨਾ ਨੇ ਰੋਟੀ ਲਾਹ ਕੇ, ਚੁੱਲ੍ਹੇ 'ਤੇ ਪਾਣੀ ਦਾ ਪਤੀਲਾ ਰੱਖ ਦਿੱਤਾ ਅਤੇ ਥੱਲੇ ਭੰਨ ਕੇ ਹੋਰ ਪਾਥੀਆਂ ਲਾ ਦਿੱਤੀਆਂ। ਉਸਨੇ ਪਹਿਲਾਂ ਸੱਸ-ਸਹੁਰੇ ਨੂੰ ਰੋਟੀ ਪਾ ਕੇ ਫੜਾਈ। ਫਿਰ ਜਗਤਾਰ ਨੂੰ ਰੋਟੀ ਖਵਾ ਕੇ, ਚਾਹ ਗੁੜ ਬੰਨ੍ਹ ਕੇ ਖੇਤ ਨੂੰ ਤੋਰ ਦਿੱਤਾ। ਬਾਅਦ ਵਿਚ ਆਪ ਰੋਟੀ ਖਾਧੀ, ਭਾਂਡੇ ਮਾਂਜੇ ਤੇ ਫਿਰ ਤੱਤੇ ਪਾਣੀ ਨਾਲ ਮਲ-ਮਲ ਕੇ

ਨਹਾਈ। ਸਾਰਾ ਕੰਮ ਨਿਬੇੜ ਕੇ ਸਿਰੇ ਵਾਲੀ ਬੈਠਕ ਵਿਚ ਆ ਪਈ। ਟਾਈਮ ਵੇਖਿਆ, ਸਾਢੇ ਅੱਠ ਵੱਜੇ ਸੀ। ਉਹ ਬੈਡਾਂ ਉਪਰ ਪਈ ਪਾਸੇ ਪਰਤਦੀ ਰਹੀ ਪਰ ਪਹਾੜ ਜਿੱਡਾ ਡੇਢ ਘੰਟਾ ਪੈਰ ਅੜਾ ਕੇ ਖੜ੍ਹ ਗਿਆ। ਉਹ ਉਠ ਕੇ ਕੰਧ ਨਾਲ ਢੋ ਲਾ ਕੇ ਬੈਠ ਗਈ, ਫਿਰ ਰਾਤ ਦੇ ਹੁਸੀਨ ਖ਼ਿਆਲਾਂ ਵਿਚ ਗੁਆਚ ਗਈ। ਨੌ ਵਜੇ ਖ਼ਿਆਲਾਂ ਦੀ ਲੜੀ ਟੁੱਟੀ। ਉਹ ਆਪਣੇ ਗੋਰੇ ਪੈਰਾਂ ਵਿਚ ਕੱਢਵੀਂ ਜੁੱਤੀ ਪਾ ਕੇ ਬਾਹਰ ਆ ਗਈ। ਉਤਰਦੇ ਸਿਆਲ ਦੀ ਠੰਡੀ ਹਵਾ ਉਸਦੇ ਕੱਪੜਿਆਂ ਵਿਚਦੀ ਉਸਦੇ ਸਰੀਰ ਨੂੰ ਚੀਰ ਗਈ। ਪਾਲੇ ਦੀ ਮਾਰ ਸਾਰੇ ਸਰੀਰ ਉਤੇ ਨਿੱਕਾ ਲੂੰ-ਕੰਡਾ ਉਠ ਖੜ੍ਹਿਆ। ਉਹ ਧੁੜਧੜੀ ਲੈ ਕੇ ਫਿਰ ਅੰਦਰ ਵੜ ਗਈ। ਅੰਦਰ ਜਾ ਕੇ ਕੋਟੀ ਪਾਈ ਤੇ ਸ਼ਾਲ ਦੀ ਬੁੱਕਲ ਮਾਰ ਕੇ ਬਾਹਰ ਆ ਗਈ, ਫਿਰ ਕੁਝ ਸੋਚ ਕੇ ਸੱਸ-ਸਹੁਰੇ ਦੀ ਬਿੜਕ ਲੈਣ ਲਈ ਦੱਬਵੇਂ ਪੈਰੀਂ ਅਗਲੀ ਸਬਾਤ ਦੇ ਬਾਰ ਮੂਹਰੇ ਜਾ ਖੜ੍ਹੀ। ਅੰਦਰ ਘੁਸਰ-ਮੁਸਰ ਹੋ ਰਹੀ ਸੀ। ਉਹ ਦੰਦ ਚੱਬਦੀ ਵਾਪਿਸ ਆ ਗਈ।

ਟਾਈਮ-ਪੀਸ ਦੀ ਨਿੱਕੀ ਸੂਈ ਨੇ ਪਲ-ਪਲ ਕਰਕੇ ਮਸਾਂ ਸਮੇਂ ਦੀ ਵਾਟ ਨੂੰ ਕੁਤਰਿਆ। ਟਾਈਮ-ਪੀਸ ਨੇ ਦਸ ਵਜਾ ਦਿੱਤੇ। ਉਹ ਧੜਕਦੇ ਖੁਸ਼ੀ ਭਰੇ ਦਿਲ ਨਾਲ ਕੁੰਡਾ ਖੋਲ੍ਹ ਕੇ ਵੀਹੀ ਵਿਚ ਆ ਗਈ। ਸਾਹਮਣੇ ਧਰਮੇ ਨੂੰ ਵੇਖ ਕੇ ਪਤਲੇ ਬੁੱਲ੍ਹ ਖੁਸ਼ੀ ਵਿਚ ਮੁਸਕਰਾ ਪਏ। ਦੋਵਾਂ ਨੇ ਵੀਹੀ ਵਿਚ ਹੀ ਇਕ ਦੂਜੇ ਨੂੰ ਘੁੱਟ ਲਿਆ। ਦੋਵੇਂ ਦਿਲਾਂ ਦੀ ਤੇਜ਼ ਧੜਕਣ ਬਰਾਬਰ ਵੱਜ ਰਹੀ ਸੀ। ਧਰਮੇ ਨੇ ਕਿਰਨਾ ਦਾ ਹੱਥ ਫੜ ਕੇ ਉਸਨੂੰ ਨਾਲ ਤੋਰ ਲਿਆ। ਵੀਹੀ ਵਿਚ ਪਾਲੇ ਦੇ ਕੁੱਟੇ ਕੁੱਤੇ ਇੰਨੂੰਆਂ ਵਾਂਗ ਇਕੱਠੇ ਹੋਏ ਕੰਧਾਂ ਨਾਲ ਲੱਗੇ ਪਏ ਸਨ। ਉਹ ਪੈਰਾਂ ਦੀ ਪੈੜ-ਚਾਲ ਸੁਣ ਕੇ ਮੂੰਹ ਉਪਰ ਚੁੱਕ ਕੇ ਵੇਖਦੇ ਪਰ ਪਾਲੇ ਨਾਲ ਠਰਿਆਂ ਦਾ ਭੌਂਕਣ ਨੂੰ ਦਿਲ ਨਾ ਕਰਦਾ। ਉਹ ਫਿਰ 'ਆਪਾਂ ਕੀ ਲੈਣੈ'' ਸੋਚ ਕੇ ਲੱਤਾਂ ਵਿਚ ਮੂੰਹ ਦੇ ਲੈਂਦੇ। ਹਨ੍ਹੇਰੀ ਰਾਤ ਹੋਣ ਕਰਕੇ ਚੰਨ ਨੇ ਅੱਜ ਮੂੰਹ ਨਹੀਂ ਦਿਖਾਇਆ ਸੀ। ਸਿਰਫ਼ ਤਾਰਿਆਂ ਦੀ ਮੱਧਮ ਰੌਸ਼ਨੀ ਵਿਚ ਆਦਮੀ ਕੋਲ ਖੜ੍ਹਿਆਂ ਪਹਿਚਾਣਿਆ ਜਾ ਸਕਦਾ ਸੀ। ਧਰਮੇ ਨੇ ਬੈਠਕ ਕੋਲ ਜਾ ਕੇ ਹੌਲੀ ਜਿਹੀ ਬੈਠਕ ਦਾ ਬਾਰ ਖੋਲ੍ਹਿਆ, ਟਿਊਬ ਦੇ ਦੁਧੀਆ ਚਾਨਣ ਵਿਚ ਬੈਠਕ ਦੁਲਹਣ ਵਾਂਗ ਸਜਾਈ ਪਈ ਸੀ। ਉਸਨੇ ਬੈਠਕ ਦੇ ਬਾਰ ਵਿਚ ਖੜ੍ਹ ਕੇ ਖੱਬੇ-ਸੱਜੇ ਨਿਗ੍ਹਾ ਮਾਰੀ। ਫਿਰ ਕਿਰਨਾ ਨੂੰ ਅੰਦਰ ਲੰਘਾ ਕੇ ਅੰਦਰੋਂ ਬਾਰ ਬੰਦ ਕਰ ਲਿਆ। ਅਸਮਾਨੀ ਖਿੜੇ ਤਾਰੇ ਮੁਸਕਰਾ ਪਏ। ਹਨ੍ਹੇਰੇ ਨੇ ਇਹ ਸਾਰਾ ਕੁਝ ਆਪਣੀ ਵਿਸ਼ਾਲ ਬੁੱਕਲ ਵਿਚ ਲੁਕੋ ਲਿਆ।

## 21.

ਕਣਕ ਸੁੱਕ ਕੇ ਕੜ੍ਹਕ ਹੋ ਗਈ। ਖੜ-ਖੜ ਕਰਦੀ ਕਣਕ, ਹਵਾ ਦੇ ਬੁੱਲੇ ਨਾਲ ਕਿਸੇ ਮਾੜੇ ਅਮਲੀ ਵਾਂਗ ਕੰਬਦੀ। ਕਿਸਾਨ ਪੱਕੀ ਕਣਕ ਨੂੰ ਸਾਂਭਣ ਲਈ ਦਾਤਰੀਆਂ ਲੈ ਕੁੱਦ ਕੇ ਪੈ ਗਏ। ਕੁਝ ਹੀ ਦਿਨਾਂ ਵਿਚ ਤੱਲਾਂ ਦੇ ਤੱਲ ਖੜ੍ਹੀ ਕਣਕ ਭਰਿਆਂ ਵਿਚ ਬਦਲ ਦਿੱਤੀ। ਬੱਚੇ, ਬੁੱਢੇ, ਜਵਾਨ ਕਿਸੇ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਕੋਈ ਰੋਟੀ ਲੈ ਕੇ ਜਾਂਦਾ, ਕੋਈ ਕੱਖ ਵੱਢ ਕੇ ਲਿਆਉਂਦਾ, ਕੋਈ ਸਾਰਾ ਦਿਨ ਹਾੜ੍ਹੀ ਵੱਢਦਾ। ਪਿੰਡਾਂ ਦੀ ਸਾਰੀ ਰੌਣਕ ਖੇਤਾਂ ਵਿਚ ਆ ਜੁੜੀ ਸੀ। ਪਿੰਡਾਂ ਵਿਚ ਸੁੰਨ-ਸਾਨ ਹੁੰਦੀ। ਉਜਾੜੇ ਵਾਂਗ ਸਾਰਾ ਪਿੰਡ 'ਭਾਂਅ-ਭਾਂਅ' ਕਰਦਾ ਪਰ ਖੇਤਾਂ ਵਿਚ ਮੇਲੇ ਲੱਗ ਜਾਂਦੇ। ਕਿਧਰੇ ਲਲਕਾਰੇ ਵਜਦੇ, ਕਿਧਰੇ ਹਾਸੇ ਦੀ ਛਣਕਾਰ ਸਾਰੀ ਕਾਇਨਾਤ ਨੂੰ ਮਹਿਕਾ ਜਾਂਦੀ। ਜਿਉਂ-ਜਿਉਂ ਦਿਨ ਢਲ਼ਦਾ ਦਾਤਰੀ ਦੀ 'ਖੜ-ਖੜ' ਵਧ ਜਾਂਦੀ, ਲਲਕਾਰੇ ਵਧ ਜਾਂਦੇ। ਸੂਰਜ ਦੇ ਮੱਧਮ ਚਾਨਣ ਵਿਚ ਗਰਦ ਅਸਮਾਨਾਂ ਨੂੰ ਚੜ੍ਹਦੀ। ਟਿੱਕੀ ਛਿਪਣ ਨਾਲ ਹੀ ਰੇਹੜਿਆਂ, ਟਰੈਕਟਰਾਂ ਦੀ ਖੜ-ਖੜ ਪਿੰਡ ਨੂੰ ਵਹੀਰਾਂ ਘੱਤ ਦਿੰਦੀ।

ਜਗਤਾਰ ਨੂੰ ਦੋ ਦਿਨ ਹੋ ਗਏ ਸੀ ਵਿੜ੍ਹੀ 'ਤੇ ਜਾਂਦੇ ਨੂੰ। ਅੱਜ ਉਸਦੇ ਆਪਣੇ ਖੇਤ ਪਹਿਲੇ ਦਿਨ ਵੱਢਣ ਜਾਣਾ ਸੀ। ਖੱਲਾਂ-ਖੂੰਜਿਆਂ 'ਚੋਂ ਕੱਢ ਪੁਰਾਣੀਆਂ ਦਾਤਰੀਆਂ ਦੇ ਦੰਦੇ ਕਢਵਾ ਰੇਹੜੇ 'ਤੇ ਰੱਖ ਦਿੱਤੀਆਂ। ਲੋੜ ਅਨੁਸਾਰ ਬੇੜਾਂ ਰੱਖ

ਦਿੱਤੀਆਂ। ਸਾਰਾ ਟੱਬਰ ਵਿਆਹ ਦੇ ਚਾਅ ਵਾਂਗ ਭੱਜਿਆ-ਭੱਜਿਆ ਫਿਰਦਾ ਸੀ। ਕਿਰਨਾ ਚੁੱਲ੍ਹੇ ਮੂਹਰੇ ਬੈਠੀ ਖੁਸ਼ੀ-ਖੁਸ਼ੀ ਵਾਢਿਆਂ ਦੇ ਰੋਟੀ-ਟੁੱਕ ਦਾ ਆਹਰ ਕਰ ਰਹੀ ਸੀ ਪਰ ਜਗਤਾਰ ਦਾ ਢਿਲਕਿਆ ਚਿਹਰਾ ਦਸਦਾ ਸੀ ਕਿ ਉਸਦਾ ਸਰੀਰ ਅੱਜ ਤੜ 'ਤੇ ਨਹੀਂ ਸੀ। ਹੱਡ-ਹੱਡ ਚਸਕ ਰਿਹਾ ਸੀ। ਸਿਰ 'ਚ ਮਿੰਨ੍ਹੀ-ਮਿੰਨ੍ਹੀ ਪੀੜ ਹੋ ਰਹੀ ਸੀ। ਉਸਦਾ ਦਿਲ ਕਰਦਾ ਸੀ ਕਿ ਉਹ ਅੱਜ ਘਰ ਰਹਿ ਪਵੇ ਪਰ ਹੁਣ ਪੁੱਛੇ ਬੰਦਿਆਂ ਦਾ ਕੀ ਕਰੇ? ਵਿੜ੍ਹੀ ਵਾਲਿਆਂ ਨਾਲ ਤਾਂ ਜਾਣਾ ਹੀ ਪੈਣਾ ਸੀ, 'ਚਲੋ ਇਕ ਚਮਚਾ ਅੱਜ ਵੱਧ ਸਹੀ' ਉਹ ਸੋਚ ਕੇ ਖੇਤ ਨੂੰ ਤੁਰ ਗਿਆ ਸੀ। ਅੱਜ ਵੱਢਣ ਵਾਲੇ ਪੰਜ ਬੰਦੇ ਹੋ ਗਏ। ਤਿੰਨ ਵਿੜ੍ਹੀ ਵਾਲੇ, ਜਗਤਾਰ ਅਤੇ ਉਸਦਾ ਬਾਪ। ਜਗਤਾਰ ਦਾ ਛੋਟਾ ਭਰਾ ਰੁਜ਼ਗਾਰ ਖੁੱਸਣ ਦੇ ਡਰੋਂ ਗੱਡੀ ਤੋਂ ਨਹੀਂ ਆਇਆ ਸੀ। ਜਗਤਾਰ ਦੀ ਮਾਂ ਸੀਤੋ ਨੇ ਕੱਖ ਵੱਢ ਕੇ ਲਿਆਉਣੇ ਸੀ। ਕਿਰਨਾ ਦਾ ਜ਼ਿੰਮਾ ਰੋਟੀ ਫੜਾਉਣ ਅਤੇ ਘਰ ਦਾ ਮਾਲ-ਪਸ਼ੂ ਸਾਂਭਣ 'ਤੇ ਸੀ।

ਜਗਤਾਰ ਹੋਰਾਂ ਨੇ ਖੇਤ ਜਾ ਕੇ ਕਣਕ ਦੀਆਂ ਜੜ੍ਹਾਂ ਵਿਚ ਦਾਤਰੀਆਂ ਪਾ ਲਈਆਂ। ਪਹਿਲੇ ਪਹਿਰ ਤਰੇਲ ਹੋਣ ਕਰਕੇ ਪੱਤਰੀ ਦਾਤਰੀਆਂ ਦੇ ਨਵੇਂ ਦੰਦਿਆਂ ਵਿਚ ਫਸਦੀ ਰਹੀ ਪਰ ਜਿਉਂ-ਜਿਉਂ ਸੂਰਜ ਉੱਚਾ ਉਠਦਾ ਰਿਹਾ, ਤਰੇਲ ਸੁਕਦੀ ਰਹੀ, ਦਾਤਰੀ ਤੇਜ ਹੁੰਦੀ ਰਹੀ। ਸਰੀਰ ਗਰਮ ਹੁੰਦੇ ਰਹੇ। ਕਣਕ ਸੱਥਰੀਆਂ ਵਿਚ ਬਦਲਦੀ ਰਹੀ। ਕਿਰਨਾ ਰੋਟੀ ਫੜਾ ਕੇ ਚਲੀ ਗਈ ਸੀ। ਮਾਂ ਨੇ ਕੱਖਾਂ ਵਿਚ ਦਾਤਰੀ ਜਾ ਪਾਈ। ਗਿਆਰਾਂ ਵਜੇ ਦੀ ਚਾਹ ਤੱਕ ਜਗਤਾਰ ਨੂੰ ਜਾਪਿਆ ਸੀ ਸਰੀਰ ਪੂਰੀ ਤੜ ਵਿਚ ਹੈ। ਸਿਰ ਦੀ ਪੀੜ ਹਟ ਗਈ ਸੀ। ਦੁਖਦੇ ਹੱਡ ਗਰਮਾ ਗਏ ਸਨ ਪਰ ਜਿਉਂ-ਜਿਉਂ ਦੁਪਹਿਰ ਚੜ੍ਹਦੀ ਗਈ, ਬੁਖਾਰ ਦੀ ਭਖ ਨਾਲ ਉਸਦਾ ਅੰਦਰ ਭਖਦਾ ਗਿਆ। ਸਰੀਰ ਨਿਢਾਲ ਹੁੰਦਾ ਗਿਆ। ਉਹ ਤਰੀੜ ਲੈ ਕੇ ਦੁਪਹਿਰ ਤੱਕ ਵਢਦਾ ਰਿਹਾ ਪਰ ਜਦੋਂ ਸਰੀਰ ਬਿਲਕੁਲ ਜਵਾਬ ਦੇ ਗਿਆ, ਉਹ ਕੋਠੇ ਕੋਲ ਡੇਕ ਹੇਠ ਪਰਨਾ ਵਿਛਾ ਕੇ ਪੈ ਗਿਆ। ਉਹਦੀ ਮਾਂ ਸੱਲਰੇ ਪੁਟਦੀ ਉਹਦੇ ਕੋਲ ਆ ਗਈ।

''ਕੀ ਹੋ ਗਿਆ ਪੁੱਤ?'' ਮਾਂ ਨੇ ਕੋਲ ਆ ਕੇ ਪੁੱਛਿਆ।

''ਮਾਂ ਤਾਪ ਚੜ੍ਹ ਗਿਆ।''

''ਫੇਰ ਉਰੇ ਕਿਉਂ ਪੈ ਗਿਆ, ਘਰੇ ਦਵਾਈ-ਦਵੂਈ ਲੈ ਲੈ ਜਾ ਕੇ।''

''ਪਾਣੀ ਦਈਂ।'' ਜਗਤਾਰ ਉਠ ਕੇ ਬੈਠ ਗਿਆ। ਸੀਤੋ ਨੇ ਕੋਰੇ ਤੌੜੇ ਵਿਚੋਂ ਪਾਣੀ ਦਾ ਗਿਲਾਸ ਭਰ ਕੇ ਫੜਾ ਦਿੱਤਾ। ਜਗਤਾਰ ਪਾਣੀ ਪੀ ਕੇ ਸ਼ਰਾਬੀਆਂ ਵਾਂਗ ਲੜ-ਖੜਾਉਂਦਾ ਘਰ ਨੂੰ ਤੁਰ ਪਿਆ। ਤਪਦਾ ਸੂਰਜ ਸਿਰ 'ਤੇ ਆ ਗਿਆ ਸੀ। ਗਰਮ ਹੋਈ ਧਰਤੀ ਵਿਚੋਂ ਝਲ ਮਾਰਦੀ ਸੀ। ਉਹ ਕਣਕਾਂ ਦੇ ਵੱਢਾਂ ਵਿਚੋਂ ਹੁੰਦਾ ਹੋਇਆ ਸਿੱਧਾ ਵੱਡੇ ਪਹੇ ਆ ਚੜ੍ਹਿਆ। ਪਹੇ 'ਚੋਂ ਉਸਨੂੰ ਸਾਈਕਲ ਵਾਲਾ ਮਿਲ ਗਿਆ; ਉਸਨੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਉਸਦੀਆਂ ਲੱਤਾਂ ਸੋਟਿਆਂ ਵਰਗੀਆਂ ਹੋ ਗਈਆਂ ਸਨ। ਜੇ ਅੱਗੇ ਵੀ ਤੁਰਨਾ ਪੈ ਜਾਂਦਾ, ਫੇਰ ਪਤਾ ਨਹੀਂ ਉਹ ਪਿੰਡ ਪਹੁੰਚਦਾ ਵੀ ਜਾਂ ਨਹੀਂ। ਸਾਈਕਲ ਵਾਲੇ ਨੇ ਉਸਨੂੰ ਫਿਰਨੀ 'ਤੇ ਉਤਾਰ ਦਿੱਤਾ। ਫਿਰਨੀ ਤੋਂ ਉਹ ਕੰਧਾਂ ਦੀ ਛਾਵੇਂ-ਛਾਵੇਂ ਆਪਣੇ ਤਖ਼ਤਿਆਂ ਕੋਲ ਆ ਗਿਆ। ਜਗਤਾਰ ਨੇ ਟੁੱਟੇ ਸਰੀਰ ਨਾਲ ਤਖ਼ਤਿਆਂ ਨੂੰ ਹਲਕਾ ਜਿਹਾ ਧੱਕਿਆ, ਅੰਦਰੋਂ ਕੁੰਡਾ ਚੜ੍ਹਿਆ ਪਿਆ ਸੀ। ਉਸਨੇ ਤਖ਼ਤਿਆਂ ਦੇ ਭੇੜ ਵਿਚਲੀ ਵਿਰਲ ਰਾਹੀਂ ਹੱਥ ਪਾ ਕੇ ਕੁੰਡਾ ਖੋਲ੍ਹ ਲਿਆ। ਜਗਤਾਰ ਨੇ ਵਿਹੜੇ ਵਿਚ ਲੱਗੇ ਨਿੰਮ ਹੇਠ ਨਜ਼ਰ ਮਾਰੀ। ਮੰਜਾ ਖਾਲੀ ਪਿਆ ਸੀ। ਸਿਰੇ ਵਾਲੀ ਬੈਠਕ ਵੇਖੀ, ਉਥੇ ਵੀ ਕੋਈ ਨਹੀਂ ਸੀ। ਉਹ ਮੂੰਹ ਵਿਚ ਬੁੜ-ਬੁੜ ਕਰਦਾ ਅਗਲੀ ਸਬਾਤ ਵੱਲ ਤੁਰ ਪਿਆ। ਜਦੋਂ ਉਹ ਸਬਾਤ ਕੋਲ ਪਹੁੰਚਿਆ, ਅੰਦਰ ਛੱਤ ਵਾਲਾ ਪੱਖਾ 'ਖਰ....ਖਰ' ਕਰ ਰਿਹਾ ਸੀ। ਪੱਖੇ ਦੀ 'ਖਰ....ਖਰ' ਵਿਚ ਕਿਸੇ ਬੰਦੇ ਤੇ ਜਨਾਨੀ ਦੀ ਮੱਧਮ ਘੁਸਰ-ਮੁਸਰ ਹੋ ਰਹੀ ਸੀ ਤੇ ਕਦੇ ਇਹ ਘੁਸਰ-ਮੁਸਰ ਹਲਕੇ ਹਾਸੇ ਵਿਚ ਬਦਲ ਜਾਂਦੀ। ਸਬਾਤ ਦੇ ਤਖ਼ਤਿਆਂ ਨੂੰ ਅੰਦਰੋਂ ਕੁੰਡਾ ਲੱਗਿਆ ਹੋਇਆ ਸੀ। ਉਸਦੀਆਂ ਅੱਖਾਂ ਅੱਗੇ ਕੋਈ ਅਣਹੋਣੀ ਘਟਨਾ ਸਾਕਾਰ ਰੂਪ ਵਿਚ ਆ ਘੁੰਮੀ। ਉਸਦਾ ਮਨ ਹਜ਼ਾਰਾਂ ਸ਼ੰਕਾਵਾਂ ਦੀ ਵਾੜ ਵਿਚ ਜਾ

ਫਸਿਆ। ਉਹ ਮਲਕੜੇ ਜਿਹੇ ਤਖ਼ਤਿਆਂ ਨਾਲ ਕੰਨ ਲਾ ਕੇ ਸੁਣਨ ਲੱਗ ਪਿਆ। ਹੌਲੀ-ਹੌਲੀ ਉਸਨੇ ਕਿਰਨਾ ਦੀ ਆਵਾਜ਼ ਪਹਿਚਾਣ ਲਈ ਪਰ ਮਰਦ ਦੀ ਆਵਾਜ਼ ਦਾ ਉਸਨੂੰ ਕੋਈ ਭੇਤ ਨਾ ਆਇਆ। ਬੁਖਾਰ ਨਾਲ ਭਖਿਆ ਸਰੀਰ ਭੱਠੀ ਦੇ ਕੋਲਿਆਂ ਵਾਂਗ ਲਾਲ ਹੋ ਗਿਆ। ਕਰੋਧ ਨਾਲ ਸਾਰਾ ਸਰੀਰ ਕੰਬ ਉਠਿਆ। ਅੱਖਾਂ ਵਿਚ ਅੱਗ ਵਰ੍ਹ ਪਈ। ਉਸਦੇ ਸਾਹ ਹਵਾ ਵਿਚ ਮਚਦੀ ਅੱਗ ਦੀਆਂ ਲਾਟਾਂ ਵਾਂਗ 'ਖੈਂਅ....ਖੈਂਅ' ਗੂੰਜਣ ਲੱਗ ਪਏ। ਉਸਨੇ ਤੂੜੀ ਵਾਲੀ ਸਬਾਤ ਦੇ ਬਾਰ ਓਹਲਿਓਂ ਗੰਡਾਸਾ ਚੁੱਕ ਲਿਆ।

''ਕਿਰਨਾ! ਨੀ ਕਿਰਨਾ ਕੁੱਤੀਏ!'' ਉਸਨੇ ਬਾਰ ਦੇ ਦੱਬ-ਦੱਬ ਧੱਫੇ ਮਾਰੇ। ਪਤਲੀ ਪਲਾਈ ਦਾ ਬਾਰ ਜੱਟ ਦੇ ਮੋਟੇ ਹੱਥਾਂ ਦੀ ਤਾਬ ਨਾ ਝਲਦਾ ਹੋਇਆ ਕੰਬਣ ਲੱਗ ਪਿਆ।

''ਕ....ਕੀ....ਈ, ਕੌ....ਕੌਣ....ਅ....ਐਂ?'' ਅੰਦਰੋਂ ਡਰੀ ਤੇ ਸਹਿਮੀ ਟੁੱਟੀ-ਫੁੱਟੀ ਆਵਾਜ਼ ਆਈ।

''ਮੈਂ ਆਂ ਤੇਰਾ ਖਸਮ, ਬਾਰ ਖੋਲ੍ਹ।'' ਜਗਤਾਰ ਦਾ ਡਰਾਉਣਾ ਬੋਲ ਕਿਰਨਾ ਦਾ ਅੰਦਰ ਚੀਰ ਗਿਆ।

''ਖ....ਖੋਲ੍ਹਦੀ ਆਂ....।'' ਅੰਦਰ ਮੁੰਡੇ ਤੇ ਕੁੜੀ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ। ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਮੁੰਡਾ ਕਾਹਲੀ ਨਾਲ ਪੇਟੀ ਓਹਲੇ ਜਾ ਲੁਕਿਆ। ਕੁੜੀ ਨੇ ਕੰਬਦੇ ਹੱਥਾਂ ਨਾਲ ਬਾਰ ਖੋਲ੍ਹ ਦਿੱਤਾ।

''ਤੇਰੀ ਮਾਂ ਦੀ....ਕੁੱਤੀਏ।'' ਜਗਤਾਰ ਨੇ ਤਾੜ-ਤਾੜ ਕਰਦੇ ਥੱਪੜ ਕਿਰਨਾ ਦੇ ਮੂੰਹ ਉਤੇ ਧਰ ਦਿੱਤੇ। ਕਿਰਨਾ ਦੀਆਂ ਲਾਲ ਗੱਲ੍ਹਾਂ ਵਿਚੋਂ ਲਹੂ ਸਿੰਮ ਆਇਆ। ਉਹ ਲੜ-ਖੜਾਉਂਦੀ ਹੋਈ ਡਿਗਦੀ-ਡਿਗਦੀ ਮਸਾਂ ਬਚੀ।

''ਕਿੱਥੇ ਐ ਉਹੋ ਸਾਲਾ ਢੇਡ?'' ਜਗਤਾਰ ਭੀਸਰੇ ਹੋਏ ਸਾਨ੍ਹ ਵਾਂਗ ਅੰਦਰ ਮੁਸ਼ਕਾਂ ਲੈਣ ਲੱਗ ਪਿਆ। ਉਸਨੇ ਦੋਵੇਂ ਤਖ਼ਤਿਆਂ ਦੇ ਓਹਲੇ ਵੇਖਿਆ। ਫਿਰ ਉਹ ਸਿੱਧਾ ਪੇਟੀ ਨੂੰ ਹੋ ਗਿਆ। ਕਿਰਨਾ ਵੇਖ ਕੇ ਉਪਰੋਂ ਹੇਠਾਂ ਤੱਕ ਕੰਬ ਗਈ, 'ਹੁਣ ਖੈਰ ਨੀ, ਹੇ ਗੁਰੂ ਮਹਾਰਾਜ' ਉਸਨੇ ਕੰਬਦੇ ਹੱਥ ਉਪਰ ਨੂੰ ਜੋੜ ਲਏ।

''ਤੇਰੀ ਮਾਂ ਦੀ ਕੁੱਤੇ ਦੀ।'' ਜਗਤਾਰ ਨੇ ਸ਼ੂਕਦਾ ਗੰਡਾਸਾ ਧਰਮੇ ਦੇ ਸਿਰ ਵਿਚ ਮਾਰਿਆ। ਸਿਰ ਖੱਖੜੀ ਵਾਂਗ ਪਾਟ ਗਿਆ। ਉਹ 'ਹਾਏ ਮਾਰਤਾ....' ਕਹਿੰਦਾ ਥਾਏਂ ਢੇਰੀ ਹੋ ਗਿਆ। ਜਗਤਾਰ ਨੇ ਕੰਬਦੀਆਂ ਬਾਹਾਂ ਨਾਲ ਦੰਦ ਕਰੀਚਦੇ ਨੇ ਡਿੱਗੇ ਪਏ ਧਰਮੇ ਦੇ ਗੰਡਾਸੇ ਦਾ ਇਕ ਵਾਰ ਹੋਰ ਕਰ ਦਿੱਤਾ। ਉਸਦੇ ਚਿੱਟੇ ਕੱਪੜੇ ਲਹੂ ਨਾਲ ਸੁਰਖ ਹੋ ਗਏ। ਧਰਤੀ 'ਤੇ ਲਹੂ ਦਾ ਛੱਪਰ ਲੱਗ ਗਿਆ। ਕਿਰਨਾ ਡੌਰ-ਭੌਰ ਹੋਈ ਇਹ ਤਮਾਸ਼ਾ ਵੇਖਦੀ ਰਹੀ। ਉਸਨੂੰ ਕੁਝ ਨਹੀਂ ਸੁਝਦਾ ਸੀ ਕਿ ਉਹ ਹੁਣ ਕੀ ਕਰੇ। ਧਰਮਾ ਧਰਤੀ 'ਤੇ ਪਿਆ ਜਾਨ ਤੋੜਦਾ ਰਿਹਾ। ਫਿਰ ਕੁਝ ਪਲਾਂ ਵਿਚ ਠੰਡਾ ਹੋ ਗਿਆ। ਕਿਰਨਾ ਨੇ ਸੁੰਨੀ ਦੁਪਹਿਰ ਚੀਰਦੀ ਲੰਬੀ ਚੀਕ ਮਾਰੀ। ਜਗਤਾਰ ਥਾਏ ਗੰਡਾਸਾ ਸੁੱਟ ਕੇ ਸ਼ਰਾਬੀਆਂ ਵਾਂਗ ਲੜ-ਖੜਾਉਂਦਾ ਬਾਹਰ ਨੂੰ ਭੱਜ ਗਿਆ। ਉਹ ਥੋੜ੍ਹੀ ਦੂਰ ਭੱਜਿਆ, ਉਸਦੀਆਂ ਲੱਤਾਂ ਜਵਾਬ ਦੇ ਗਈਆਂ। ਸਰੀਰ 'ਚੋਂ ਜਾਨ ਨਿਕਲਦੀ ਜਾਪੀ। ਉਸਦਾ ਸਰੀਰ ਬੁਖਾਰ, ਕਰੋਧ ਅਤੇ ਡਰ ਨੇ ਨਿਢਾਲ ਕਰ ਦਿੱਤਾ। ਉਸਨੂੰ ਕੋਈ ਸੋਝੀ ਨਾ ਰਹੀ। ਕੁਝ ਸਮਝ ਨਾ ਆਇਆ। ਉਹ ਕੀ ਕਰੇ? ਕਿੱਧਰ ਜਾਵੇ? ਇਹ ਕੀ ਭਾਣਾ ਵਰਤ ਗਿਆ? ਉਹ ਡਿਗਦਾ-ਢਹਿੰਦਾ ਕਿਸੇ ਦੇ ਘਰੇ ਮੰਜੇ 'ਤੇ ਢੇਰੀ ਹੋ ਗਿਆ।

''ਵੇ ਕੀ ਹੋ ਗਿਆ ਪੁੱਤ?'' ਉਸਦੇ ਵਿਹੜੇ 'ਚੋਂ ਚਾਚੀ ਲਗਦੀ ਬੁੱਢੀ ਨੇ ਜਗਤਾਰ ਨੂੰ ਪਹਿਚਾਣ ਲਿਆ।

''ਹਾਅ....ਹਾਅ....ਹਾਅ....ਤਾਅਪ....।'' ਜਗਤਾਰ ਦੇ ਮੂੰਹੋਂ ਟੁੱਟੇ-ਫੁੱਟੇ ਦੋ ਸ਼ਬਦ ਨਿਕਲੇ। ਉਹ ਫਿਰ ਨਾ ਬੋਲ ਸਕਿਆ। ਉਸਦਾ ਸਾਹ ਰਾਤ ਦੀ ਸਾਂ-ਸਾਂ ਵਾਂਗ ਡਰਾਉਣਾ ਸੀ। ਉਸਦੀਆਂ ਅੱਖਾਂ ਵਿਚੋਂ ਲਹੂ ਸਿੰਮਦਾ ਸੀ। ਅੰਗ-ਅੰਗ ਵਿਚੋਂ ਭੱਠੀ ਵਾਂਗ ਸੇਕ ਮਾਰਦਾ ਸੀ। ਬੁੱਢੀ ਨੇ ਜਗਤਾਰ ਦੇ ਮੱਥੇ 'ਤੇ ਹੱਥ ਰੱਖ ਕੇ ਵੇਖਿਆ। ਉਸਨੇ ਤੱਤੇ ਤਵੇ 'ਤੇ ਸੜੇ ਹੱਥ ਵਾਂਗ ਹੱਥ ਪਰਾਂ ਖਿੱਚ ਲਿਆ, ''ਬੂਅ ਵੇ...... ਤੈਨੂੰ ਤਾਂ ਲੋਹੜੇ ਦਾ ਤਾਪ ਐ।'' ਉਹ ਡਾਕਟਰ ਨੂੰ ਬੁਲਾਉਣ ਭੱਜ ਗਈ।

ਜਦੋਂ ਉਹ ਡਾਕਟਰ ਨੂੰ ਬੁਲਾ ਕੇ ਵਾਪਿਸ ਆਈ ਤਾਂ ਵਿਹੜੇ ਦੀਆਂ ਜਨਾਨੀਆਂ ਜਗਤਾਰ ਦੇ ਘਰ ਨੂੰ ਜਾ ਰਹੀਆਂ ਸਨ। ਉਹ ਡਾਕਟਰ ਨੂੰ ਜਗਤਾਰ ਕੋਲ ਛੱਡ ਕੇ ਆਪ ਉਨ੍ਹਾਂ ਦੇ ਪਿੱਛੇ ਤੁਰ ਪਈ। ਤਪਦੀ ਦੁਪਹਿਰ ਵਿਚ ਵਾਰਦਾਤ ਦੀ ਗੱਲ

ਸੁਲਘਦੀ ਅੱਗ ਵਾਂਗ ਸਾਰੇ ਆਂਢ-ਗੁਆਂਢ ਵਿਚ ਫਿਰ ਗਈ ਸੀ। ਜਗਤਾਰ ਕਾ ਵਿਹੜਾ ਜਨਾਨੀਆਂ ਨਾਲ ਭਰ ਗਿਆ। ਕੋਈ ਜਗਤਾਰ ਦੇ ਮਾਂ-ਬਾਪ ਨੂੰ ਖੇਤੋਂ ਸੱਦਣ ਤੁਰ ਗਿਆ। ਧਰਮੇ ਦੀ ਲਾਸ਼ ਤੇ ਠੰਡਾ ਹੋਇਆ ਲਹੂ ਥਾਂ ਦੀ ਥਾਂ ਜੰਮ ਗਿਆ ਸੀ। ਧਰਮੇ ਦੇ ਮਾਂ-ਬਾਪ ਉਸਦੀ ਮਿੱਟੀ ਬਣੀ ਦੇਹ ਨੂੰ ਛਾਤੀ ਨਾਲ ਲਾ-ਲਾ ਅਸਮਾਨ ਪਾਟਵੀਆਂ ਚੀਕਾਂ ਮਾਰ ਰਹੇ ਸਨ। ਧਰਮੇ ਦੀ ਮਾਂ ਆਪਣੇ ਵਾਲ ਪੁਟਦੀ, ਪੱਟਾ 'ਤੇ ਦੁਹੱਥੜ ਮਾਰਦੀ ਧਰਮੇ ਦੀ ਲਾਸ਼ 'ਤੇ ਡਿੱਗ-ਡਿੱਗ ਜਾਂਦੀ ਸੀ। ਦੋਵਾਂ ਨੂੰ ਫੜ ਕੇ ਲਾਸ਼ ਤੋਂ ਮਸਾਂ ਇਕ ਪਾਸੇ ਕੀਤਾ। ਸਾਰੇ ਪਿੰਡ ਨੂੰ ਮਾਮਲੇ ਦਾ ਪਤਾ ਲੱਗ ਗਿਆ ਸੀ। ਕੁਝ ਨੂੰ ਤਾਂ ਪਹਿਲਾਂ ਹੀ ਪਤਾ ਸੀ ਤੇ ਕੁਝ ਜਗਤਾਰ ਦੇ ਘਰੇ ਪਈ ਧਰਮੇ ਦੀ ਲਾਸ਼ ਵੇਖ ਕੇ ਸਮਝ ਗਏ ਸਨ। ਪਿੰਡ ਦੀਆਂ ਬੁੱਢੀਆਂ-ਠੇਰੀਆਂ ਬੁੜ-ਬੁੜ ਕਰਦੀਆਂ ਕਿਰਨਾ ਨੂੰ ਬੁਰਾ-ਭਲਾ ਕਹਿ ਰਹੀਆਂ ਸਨ।

''ਨੀ ਇਹ ਸਾਰਾ ਕੁਛ ਇਹ ਕਲਮੂੰਹੀਂ ਦੇ ਪੈਰੋਂ ਹੋਇਆ।''

''ਧੋਤੇ ਪੈਰਾਂ ਆਲ਼ੀ, ਜੱਟ ਦਾ ਕੜੀ ਵਰਗਾ ਪੁੱਤ ਮਰਵਾ ਕੇ ਆ ਗਿਆ ਸਬਰ ਡੈਣ ਨੂੰ।''

''ਜੀਹਨੂੰ ਰੱਸੇ ਚੱਬਣ ਦੀ ਆਦਤ ਪੈ ਜੇ ਉਹ ਕਾਹਨੂੰ ਹਟਦੀ ਐ ਭਾਈ।''

''ਮੈਂ ਤਾਂ ਸੁਣਿਐ ਇਹ ਪਿੰਡ ਵੀ ਪ੍ਰਾਹੁਣੇ ਨਾਲ ਕਾਲਾ ਮੂੰਹ ਕਰਦੀ ਰਹੀ ਐ।''

''ਲੈ ਹੋਟ....।''

ਜਿੰਨੇ ਮੂੰਹ, ਓਨੀਆਂ ਗੱਲਾਂ। ਕਿੰਨੀ ਦੇਰ ਘਰ ਵਿਚ ਘੁਸਰ-ਮੁਸਰ ਹੁੰਦੀ ਰਹੀ। ਜਗਤਾਰ ਦੇ ਮਾਂ-ਬਾਪ ਅਣਆਈ ਮੁਸੀਬਤ ਵਿਚ ਫਸੇ ਡਰੇ ਹੋਏ ਮਨ ਨਾਲ ਲੋਕਾਂ ਦੀ ਹਮਦਰਦੀ ਭਾਲ ਰਹੇ ਸਨ ਪਰ ਉਨ੍ਹਾਂ ਨਾਲ ਹਮਦਰਦੀ ਕੌਣ ਜਿਤਾਉਂਦਾ, ਸਾਰੀਆਂ ਜਨਾਨੀਆਂ ਅਤੇ ਬੰਦਿਆਂ ਨੇ ਤਾਂ ਧਰਮੇ ਦੇ ਮਾਂ-ਬਾਪ ਨੂੰ ਮਸਾਂ ਸਾਂਭਿਆ ਸੀ। ਫਿਰ ਪੁਲਿਸ ਦਾ ਕੈਂਟਰ 'ਖਰ....ਖਰ' ਕਰਦਾ ਬਾਰ ਵਿਚ ਆ ਰੁਕਿਆ। ਸਾਰਿਆਂ ਨੇ ਡਰੇ ਹੋਏ ਹਿਰਨਾਂ ਵਾਂਗ ਬਾਰ ਵੱਲ ਕੰਨ ਚੁੱਕ ਲਏ। ਘਰ ਵਿਚ ਖ਼ਾਮੋਸ਼ ਚੁੱਪ ਵਰਤ ਗਈ, ਜਿਵੇਂ ਸਭ ਨੂੰ ਸੱਪ ਸੁੰਘ ਗਿਆ ਹੋਵੇ। ਖਾਕੀ ਵਰਦੀਆਂ ਵਾਲੇ ਪੁਲਸੀਏ ਦਗੜ-ਦਗੜ ਕਰਦੇ ਅੰਦਰ ਆ ਵੜੇ। ਲਾਸ਼ ਨੂੰ ਬਾਹਰ ਕੱਢ ਕੇ ਕੱਪੜਾ ਪਾਇਆ ਪਿਆ ਸੀ। ਥਾਣੇਦਾਰ ਨੇ ਲਾਸ਼ ਉਪਰੋਂ ਕੱਪੜਾ ਹਟਾ ਕੇ ਉਸਨੂੰ ਚੰਗੀ ਤਰ੍ਹਾਂ ਵੇਖਿਆ। ਫਿਰ ਵਾਰਦਾਤ ਵਾਲਾ ਗੰਡਾਸਾ ਜਬਤ ਕਰ ਲਿਆ। ਥਾਣੇਦਾਰ ਕਿਰਨਾ ਨੂੰ ਇਕ ਪਾਸੇ ਲੈ ਜਾ ਕੇ ਕੁਝ ਪੁੱਛਦਾ ਰਿਹਾ, ਕਿਰਨਾ ਹੰਝੂਆਂ ਭਰੀਆਂ ਅੱਖਾਂ ਨਾਲ ਦਸਦੀ ਰਹੀ।

''ਕਿੱਥੇ ਐ ਉਹ ਵੱਡਾ ਵੈਲੀ।'' ਥਾਣੇਦਾਰ ਨੇ ਲੋਕਾਂ 'ਚ ਆ ਕੇ ਪੁੱਛਿਆ। ਸਾਰਿਆਂ ਦੇ ਮੂੰਹ ਸਿਉਂਤੇ ਗਏ। ਅੱਖਾਂ ਨੀਵੀਆਂ ਹੋ ਗਈਆਂ।

''ਦੇਖੋ ਭਾਈ,'' ਥਾਣੇਦਾਰ ਨੇ ਸਮਝਾਉਣਾ ਸ਼ੁਰੂ ਕੀਤਾ, ''ਇਹ ਕੋਈ ਛੋਟੀ ਮੋਟੀ ਵਾਰਦਾਤ ਤਾਂ ਹੈ ਨਹੀਂ। ਜੇ ਤੁਹਾਡੇ ਕਿਸੇ 'ਚੋਂ ਮੁਜਰਮ ਬਾਰੇ ਪਤੈ ਤਾਂ ਦੱਸ ਦਿਓ, ਨਹੀਂ ਸਾਡੇ ਕੋਲ ਪੁੱਛਣ ਦੇ ਹੋਰ ਤਰੀਕੇ ਵੀ ਹੈਗੇ ਨੇ, ਜਦੋਂ ਖਿੱਚੀਆਂ ਤੁਹਾਡੀਆਂ ਨੂੰਹਾਂ-ਧੀਆਂ, ਨਾਲ ਹੀ ਤੁਹਾਡੇ 'ਤੇ ਚਾੜ੍ਹਿਆ ਪਟਾ, ਉਹਦਾ ਖਿੱਚਿਆ ਸਾਰਾ ਟੱਬਰ ਥਾਣੇ 'ਚ ਆਪੇ ਈ ਆਊ ਭੱਜਿਆ।''

ਸਾਰਿਆਂ ਦੇ ਦਿਲ ਕੰਬ ਗਏ। ਇਕ-ਦੂਜੇ ਨਾਲ ਡਰੀਆਂ ਨਜ਼ਰਾਂ ਮਿਲਾਈਆਂ। ਇਕ ਬੁੱਢੀ ਪਰ੍ਹਾਂ ਖੜ੍ਹੇ ਸਿਪਾਹੀ ਦੇ ਕੰਨ ਵਿਚ ਕੁਝ ਚੋਅ ਗਈ। ਸਿਪਾਹੀ ਨੇ ਆ ਕੇ ਥਾਣੇਦਾਰ ਕੋਲ ਘੁਸਰ-ਮੁਸਰ ਕਰ ਦਿੱਤੀ। ਥਾਣੇਦਾਰ ਨੇ ਕੋਈ ਗੁਪਤ ਇਸ਼ਾਰਾ ਕੀਤਾ। ਸਿਪਾਹੀ ਦੱਸੀ ਨਿਸ਼ਾਨੀ ਅਨੁਸਾਰ ਮੂਹਰੇ ਲੱਗ ਗਿਆ। ਥਾਣੇਦਾਰ ਅਤੇ ਕੁਝ ਸਿਪਾਹੀ ਉਸਦੇ ਮਗਰ-ਮਗਰ ਤੁਰ ਪਏ। ਸੱਤ-ਅੱਠ ਘਰ ਛੱਡ ਕੇ ਲੋਹੇ ਦੇ ਗੇਟਾਂ ਵਾਲਾ ਘਰ ਆ ਗਿਆ। ਦੋ ਸਿਪਾਹੀਆਂ ਨੇ ਹੁਸ਼ਿਆਰੀ ਨਾਲ ਬਾਰ ਦੇ ਦੋਵੇਂ ਪਾਸੇ ਪੁਜੀਸ਼ਨਾਂ ਲੈ ਲਈਆਂ। ਥਾਣੇਦਾਰ ਨੇ ਗੇਟ ਨੂੰ ਹੌਲੀ ਦੇਣੇ ਅੰਦਰ ਨੂੰ ਧੱਕਿਆ। ਬਾਰ ਖੁੱਲ੍ਹ ਗਿਆ। ਸਾਹਮਣੇ ਕਿੱਕਰ ਥੱਲੇ ਡੱਠੇ ਮੰਜੇ 'ਤੇ ਜਗਤਾਰ ਪਿਆ ਸੀ। ਕਿੱਕਰ ਦਾ ਪਰਛਾਵਾਂ ਢਲ਼ ਕੇ ਮੰਜੇ ਤੋਂ ਕਿੰਨੀ ਦੂਰ ਚਲਿਆ ਗਿਆ ਸੀ ਪਰ ਮੰਜਾ ਉਵੇਂ ਜਗਤਾਰ ਦੀ ਦੇਹ ਨੂੰ ਲਈ ਧੁੱਪੇ ਸੰਤਾਪ ਭੋਗ ਰਿਹਾ ਸੀ। ਥਾਣੇਦਾਰ ਸਿਪਾਹੀਆਂ ਨਾਲ ਮੰਜੇ ਕੋਲ ਆ ਖੜ੍ਹਿਆ ਪਰ

ਜਗਤਾਰ ਨੇ ਕੋਈ ਹਿਲਜੁਲ ਨਾ ਕੀਤੀ। ਮੰਜੇ ਕੋਲੋਂ ਭੱਠੀ ਵਾਂਗ ਸੇਕ ਮਾਰ ਰਿਹਾ ਸੀ। ਜਗਤਾਰ ਦੇ ਸਾਹ ਪਹਿਲਾਂ ਵਾਂਗ ਉਖੜੇ, ਡਰਾਉਣੇ, ਤੇਜ-ਤੇਜ ਚੱਲ ਰਹੇ ਸਨ। ਹੱਥ ਲਾ ਕੇ ਵੇਖਿਆ। ਬੁਖ਼ਾਰ ਹੱਦੋਂ ਟੱਪਿਆ ਪਿਆ ਸੀ। ਚਾਰ ਸਿਪਾਹੀਆਂ ਨੇ ਬੇਹੋਸ਼ੀ ਦੀ ਹਾਲਤ ਵਿਚ ਪਏ ਜਗਤਾਰ ਨੂੰ ਚੁੱਕ ਲਿਆ। ਸਿਪਾਹੀਆਂ ਨੇ ਉਸਨੂੰ ਨਿੰਮ ਦੀ ਛਾਵੇਂ ਮੰਜੇ ਉਤੇ ਲਿਆ ਪਾਇਆ। ਥਾਣੇਦਾਰ ਨੇ ਕਿਰਨਾ, ਜਗਤਾਰ ਦੇ ਮਾਂ, ਬਾਪ, ਧਰਮੇ ਦੇ ਮਾਂ, ਬਾਪ, ਜਿਸ ਘਰੋਂ ਜਗਤਾਰ ਨੂੰ ਚੁੱਕਿਆ ਸੀ, ਉਸ ਬੁੱਢੀ ਦਾ ਨਾਂ ਅਤੇ ਇਕ-ਦੋ ਨਾਮ ਹੋਰ ਲਿਖ ਲਏ। ਆਪਣੀ ਕਾਰਵਾਈ ਮੁਕੰਮਲ ਕਰਕੇ ਥਾਣੇਦਾਰ ਬੋਲਿਆ, ''ਬਜ਼ੁਰਗੋ ਅਸੀਂ ਮੁਜ਼ਰਮ ਨੂੰ ਹਿਰਾਸਤ ਵਿਚ ਲੈ ਲਿਆ ਹੈ ਪਰ ਅਸੀਂ ਇਸਨੂੰ ਇਸ ਹਾਲਤ ਵਿਚ ਥਾਣੇ ਨਹੀਂ ਲੈ ਜਾ ਸਕਦੇ। ਇਹਨੂੰ ਪਹਿਲਾਂ ਹਸਪਤਾਲ ਦਾਖ਼ਲ ਕਰਵਾਉਣਾ ਪਵੇਗਾ ਕਿਉਂਕਿ ਇਸ ਸਮੇਂ ਇਸਦੀ ਹਾਲਤ ਬਹੁਤ ਨਾਜ਼ੁਕ ਹੈ। ਇਹਦੀ ਜਾਨ ਵੀ ਜਾ ਸਕਦੀ ਹੈ ਤੇ ਇਹ ਕਾਕਾ ਸਾਨੂੰ ਪੋਸਟਮਾਰਟਮ ਲਈ ਲੈ ਕੇ ਜਾਣਾ ਪਵੇਗਾ। ਥਾਣੇਦਾਰ ਨੇ ਧਰਮੇ ਦੀ ਲਾਸ਼ ਵੱਲ ਇਸ਼ਾਰਾ ਕੀਤਾ।

''ਵੇ ਭਾਈ ਹੁਣ ਇਹਦੀ ਮਿੱਟੀ ਕਿਉਂ ਬਦੀਨ ਕਰਦੇ ਓਂ।'' ਧਰਮੇ ਦੀ ਮਾਂ ਨੇ ਧਾਹ ਮਾਰੀ।

''ਇਹ ਕਾਰਵਾਈ ਤਾਂ ਬੇਬੇ ਸਾਨੂੰ ਕਰਨੀ ਪਵੇਗੀ।'' ਥਾਣੇਦਾਰ ਨੇ ਠਰ੍ਹੰਮੇ ਨਾਲ ਕਿਹਾ।

ਜਗਤਾਰ ਨੂੰ ਕੱਪੜਾ ਵਿਛਾ ਕੇ ਕੈਂਟਰ ਵਿਚ ਪਾ ਲਿਆ। ਧਰਮੇ ਦੇ ਘਰੋਂ ਜੀਪ ਲਿਆ ਕੇ ਧਰਮੇ ਨੂੰ ਉਸ ਵਿਚ ਪਾ ਲਿਆ। ਥਾਣੇਦਾਰ ਆਪ ਜੀਪ ਵਿਚ ਬੈਠਾ ਤੇ ਸਾਰੇ ਸਿਪਾਹੀ ਕੈਂਟਰ ਵਿਚ ਬੈਠ ਗਏ। ਜਗਤਾਰ ਅਤੇ ਧਰਮੇ ਦੇ ਬਾਪ ਤੋਂ ਬਿਨਾਂ ਇਕ-ਦੋ ਪਿੰਡ ਦੇ ਸਿਆਣੇ ਬੰਦੇ ਨਾਲ ਹੋਰ ਲੈ ਲਏ। ਜੀਪ ਅਤੇ ਕੈਂਟਰ ਸੁਨਾਮ ਦੇ ਰਾਹ ਪਾ ਲਏ। ਇਕ ਵਿਚ ਵੱਢਿਆ-ਟੁੱਕਿਆ ਧਰਮਾ ਪਿਆ ਸੀ ਅਤੇ ਦੂਸਰੇ ਵਿਚ ਉਸਨੂੰ ਵੱਢਣ ਵਾਲਾ ਜਗਤਾਰ। ਪਰ ਹੁਣ ਦੋਵਾਂ ਨੂੰ ਹੀ ਪਤਾ ਨਹੀਂ ਸੀ ਕੀ ਹੋ ਰਿਹਾ ਹੈ। ਸਾਰੇ ਦਿਨ ਦਾ ਥੱਕਿਆ-ਟੁੱਟਿਆ ਸੂਰਜ ਦੂਰ ਨਹਿਰ ਦੀਆਂ ਕਿੱਕਰਾਂ ਓਹਲੇ ਡੋਲ ਰਿਹਾ ਸੀ, ਰੋ ਕੇ ਹਟੇ ਮਨੁੱਖ ਦੀ ਲਾਲ ਅੱਖ ਵਾਂਗ ਡਲ੍ਹਕ ਰਿਹਾ ਸੀ। ਦੁਪਹਿਰ ਦੀ ਗਰਮੀ ਸ਼ਾਮ ਦੀ ਠੰਡ ਵਿਚ ਢਲਦੀ ਜਾਂਦੀ ਸੀ। ਆਲੇ-ਦੁਆਲੇ ਖੇਤਾਂ ਵਿਚ ਕਣਕ ਵਢਦੇ ਵਾਢੀਆਂ ਦੇ ਲਲਕਾਰੇ ਡਰਾਉਣੀਆਂ ਚੀਕਾਂ ਜਾਪਦੇ ਸਨ। ਹਸਪਤਾਲ ਮੂਹਰੇ ਕੈਂਟਰ ਦੇ ਬਰੇਕ ਗਰੀਬ ਦੇ ਵੱਜੀ ਡਾਂਗ ਵਾਂਗ ਚੀਕੇ। ਡਾਕਟਰ ਨੇ ਸਾਰੀ ਕਾਰਵਾਈ ਕਰਕੇ ਜਗਤਾਰ ਨੂੰ ਦਾਖ਼ਲ ਕਰ ਲਿਆ ਅਤੇ ਧਰਮੇ ਦੀ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ।

ਸੂਰਜ ਕਦੋਂ ਦਾ ਪੱਛਮ ਵਿਚ ਗੋਡੀ ਮਾਰ ਗਿਆ ਸੀ। ਡਾਕਟਰੀ ਇਲਾਜ ਨਾਲ ਜਗਤਾਰ ਨੂੰ ਥੋੜ੍ਹੀ-ਥੋੜ੍ਹੀ ਹੋਸ਼ ਪਰਤ ਆਈ। ਉਸਨੇ ਅੱਖਾਂ ਪੁੱਟ ਕੇ ਵੇਖਿਆ। ਉਹ ਹਸਪਤਾਲ ਦੇ ਉੱਚੇ ਬੈੱਡ 'ਤੇ ਪਿਆ ਸੀ। ਸੱਜੀ ਬਾਂਹ ਵਿਚ ਬੋਤਲ ਅੱਧੀ ਤੋਂ ਵੱਧ ਲੱਗ ਗਈ ਸੀ। ਆਲੇ-ਦੁਆਲੇ ਦੋ ਸਿਪਾਹੀ ਸ਼ਿਕਾਰੀ ਕੁੱਤਿਆਂ ਵਾਂਗ ਕੰਨ ਚੁੱਕੀ ਖੜ੍ਹੇ ਸਨ। ਦੁਪਹਿਰੇ ਹੋਈ ਵਾਰਦਾਤ ਉਸਦੀਆਂ ਅੱਖਾਂ ਅੱਗੇ ਫਿਲਮ ਵਾਂਗ ਘੁੰਮ ਗਈ। ਉਸਦੇ ਦਿਲੋਂ ਇਕ ਲੰਬਾ ਹਉਕਾ ਉਠਿਆ, ਜੋ ਹੰਝੂ ਬਣ ਕੇ ਅੱਖਾਂ ਅੱਗੇ ਆ ਟਪਕਿਆ। ਉਸਨੇ ਝੱਟ ਅੱਖਾਂ ਬੰਦ ਕਰ ਲਈਆਂ।

ਸਾਰੇ ਪਿੰਡ ਵਿਚ ਲਾਈਟਾਂ ਲੱਗ ਗਈਆਂ ਸਨ। ਅਸਮਾਨੀ ਤਾਰੇ ਉਘੜ ਆਏ ਸਨ। ਜਦੋਂ ਧਰਮੇ ਦੀ ਲਾਸ਼ ਨੂੰ ਸਿਵਿਆਂ ਵਿਚ ਲਿਆਂਦਾ ਗਿਆ। ਸਾਰੇ ਪਿੰਡ ਦਾ ਇਕੱਠ ਸਿਵਿਆਂ ਵਿਚ ਜੁੜ ਗਿਆ। ਧਰਮੇ ਨੂੰ ਸਿਵਿਆਂ ਵਿਚ ਹੀ ਇਸ਼ਨਾਨ ਕਰਵਾਇਆ ਗਿਆ। ਸਾਰਾ ਢਿੱਡ ਪਾੜ ਕੇ ਮੋਟੇ-ਮੋਟੇ ਤੋਪਿਆਂ ਨਾਲ ਸਿਉਂਤਾ ਪਿਆ ਸੀ। ਲੱਕੜਾਂ ਚਿਣ ਕੇ ਧਰਮੇ ਦੀ ਲਾਸ਼ ਨੂੰ ਉਪਰ ਪਾ ਦਿੱਤਾ। ਬੁੱਢੇ ਮਾਂ-ਬਾਪ ਦੀ ਡੰਗੋਰੀ ਨੂੰ ਉਪਰ ਪਾ ਦਿੱਤਾ। ਧਰਮੇ ਦੇ ਬਾਪ ਨੇ ਹੰਝੂ ਭਰੀਆਂ ਅੱਖਾਂ ਨਾਲ, ਕੰਬਦੇ ਹੱਥਾਂ ਨਾਲ ਚਿਤਾ ਨੂੰ ਅੱਗ ਦਿੱਤੀ। ਉਸਦਾ ਆਖਰੀ ਸਹਾਰਾ ਸਦਾ ਲਈ ਖੁੱਸ ਗਿਆ। ਅੱਗ ਦੀਆਂ ਪੀਲੀਆਂ ਲਾਟਾਂ ਕਾਲੀ ਰਾਤ ਨੂੰ ਚੀਰਦੀਆਂ ਅਸਮਾਨੀ ਜਾ ਚੜ੍ਹੀਆਂ। ਸਿਵਿਆਂ ਤੋਂ ਬਾਹਰ ਧਾਹਾਂ ਪੈ ਗਈਆਂ। ਪਿੰਡ ਵਿਚ ਸੰਨਾਟਾ ਛਾ ਗਿਆ।

## 22.

ਸੁੱਤੀ ਰਾਤ ਵਿਚ ਸਕੂਟਰ ਦੀ 'ਖਰਰ...ਖਰਰ...' ਦੂਰ ਤੱਕ ਗੂੰਜਦੀ ਸੀ। ਸੜਕ ਦੇ ਆਲੇ-ਦੁਆਲੇ ਕਿੱਕਰਾਂ ਤੇ ਸਫ਼ੈਦੇ ਹਨ੍ਹੇਰੇ ਨਾਲ ਭਰੇ ਕੰਧਾਂ ਵਾਂਗ ਦਿਸਦੇ ਸਨ। ਕਾਲੀ ਸੜਕ 'ਤੇ ਸਕੂਟਰ ਮਸਤ ਚਾਲੇ ਤੁਰਿਆ ਜਾ ਰਿਹਾ ਸੀ। ਗੁਰਨੈਬ ਤੋਂ ਪਿੱਛੇ ਬੈਠਾ ਭਾਗੂ ਕਿਸੇ ਗਿਣਤੀਆਂ-ਮਿਣਤੀਆਂ ਵਿਚ ਉਤਰ ਗਿਆ।

ਪਰਸੋਂ ਰਾਜੇ ਦੀ ਭੂਆ ਦਾ ਮੁੰਡਾ ਭਗਵਾਨ ਨੂੰ ਕੋਈ ਕਾਗ਼ਜ਼ ਦਾ ਟੁਕੜਾ ਫੜਾ ਗਿਆ ਸੀ। ਬੱਸ ਇੰਨਾ ਹੀ ਕਿਹਾ ਸੀ ਕਿ ਇਹ ਗੁਰਮੀਤ ਨੇ ਫੜਾਇਆ ਹੈ। ਇਸ ਨਿੱਕੇ ਟੁਕੜੇ ਨੇ ਭਾਗੂ ਦਾ ਦਿਲ ਹਿਲਾ ਦਿੱਤਾ, ਅੱਖਾਂ ਅੱਗੇ ਹਨ੍ਹੇਰ ਆ ਗਿਆ, ਅੰਦਰ ਕੰਬ ਗਿਆ, ਸਰੀਰ ਝੂਠਾ ਪੈ ਗਿਆ। ਗੁਰਮੀਤ ਨੂੰ ਵਿਆਹ ਦੇਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਐਤਵਾਰ ਨੂੰ ਵੇਖਣ ਆਉਣਾ ਸੀ। ਅੱਜ ਮੰਗਲਵਾਰ ਦਾ ਸੂਰਜ ਢਲ਼ ਗਿਆ ਸੀ। ਕੱਲ੍ਹ ਨੂੰ ਗੁਰਮੀਤ ਨੇ ਭਾਗੂ ਨੂੰ ਕਾਲਜ ਆਉਣ ਦੀ ਤਾਕੀਦ ਕੀਤੀ ਸੀ।

ਗੁਰਮੀਤ ਰਿਜ਼ਲਟ ਪਤਾ ਕਰਨ ਦਾ ਬਹਾਨਾ ਲਾ ਕੇ ਘਰੋਂ ਇਜਾਜ਼ਤ ਲੈ ਆਈ ਸੀ। ਗੁਰਮੀਤ ਤੇ ਭਾਗੂ ਦੇ ਬੀ.ਏ. ਫਾਈਨਲ ਦੇ ਇਮਤਿਹਾਨ ਦਿੱਤਿਆਂ ਨੂੰ ਕਿੰਨਾ ਸਮਾਂ ਲੰਘ ਗਿਆ ਸੀ ਪ੍ਰੰਤੂ ਅਜੇ ਤੱਕ ਰਿਜ਼ਲਟ ਨਹੀਂ ਸੀ ਆਇਆ। ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਘਰਦਿਆਂ ਨੂੰ ਵੀ ਇਸ ਰਿਜ਼ਲਟ ਦੀ ਸੋਚ ਸੀ। ਇਸ ਸੋਚ ਸਦਕਾ ਹੀ ਗੁਰਮੀਤ ਨੂੰ ਅੱਜ ਕਾਲਜ ਆਉਣ ਦੀ ਇਜਾਜ਼ਤ ਮਿਲ ਗਈ ਸੀ। ਉਹ ਸੋਚਾਂ ਦੀ ਤਾਣੀ-ਬਾਣੀ ਵਿਚ ਉਲਝੀ ਅੱਡੇ 'ਤੇ ਆ ਖੜ੍ਹੀ। ਉਸਦਾ ਅੰਦਰ ਡਰ ਨਾਲ ਕੰਬ-ਕੰਬ ਜਾਂਦਾ ਸੀ। ਕਦੇ ਉਸਦੇ ਦਿਲ ਦੇ ਕਿਸੇ ਕੋਨਿਉਂ ਉਠਿਆ ਹੌਂਸਲਾ ਇਸ ਡਰ ਨੂੰ ਪਰਾਂ ਵਗ੍ਹਾ ਮਾਰਦਾ। ਅੱਜ ਉਸਦੀ ਜ਼ਿੰਦਗੀ ਅੱਗੇ ਦੋਰਾਹਾ ਪਾਟਦਾ ਸੀ, ਇਕ ਉਸਦੇ ਮਾਂ-ਬਾਪ ਦੇ ਘਰ ਨੂੰ ਜਾਂਦਾ ਸੀ, ਜਿਥੇ ਉਸਨੇ ਆਪਣੇ ਮਾਂ-ਬਾਪ ਦੀ ਮਰਜ਼ੀ ਅਨੁਸਾਰ ਚੱਲਣਾ ਸੀ। ਆਪਣੇ ਦਿਲ ਦੇ ਅਰਮਾਨਾਂ ਨੂੰ ਮਾਰ ਕੇ ਉਨ੍ਹਾਂ ਅਨੁੁਸਾਰ ਹੀ ਵਿਆਹ ਕਰਵਾਉਣਾ ਸੀ। ਦੂਸਰਾ ਰਸਤਾ ਭਾਗੂ ਵੱਲ ਜਾਂਦਾ ਸੀ, ਜਿਸ ਨਾਲ ਉਸਨੇ ਅਣਗਿਣਤ ਮਿੱਠੇ ਸੁਪਨੇ ਸਜਾ ਰੱਖੇ ਸਨ। ਪਹਿਲੇ ਰਸਤੇ ਵਿਚ ਉਸਨੂੰ ਹਰ ਸੁੱਖ ਮਿਲਣਾ ਸੀ ਪਰ ਮਨ ਦਾ ਸੁੱਖ, ਮਨ ਦਾ ਚੈਨ ਮੁੱਕ ਜਾਣਾ ਸੀ, ਪੁੰਗਰਦੇ ਅਰਮਾਨ ਮਿੱਧੇ ਜਾਣੇ ਸੀ। ਦੂਸਰੇ ਰਸਤੇ ਵਿਚ ਉਸਨੂੰ ਸਰੀਰਕ ਕਸ਼ਟ ਝੱਲਣੇ ਪੈ ਸਕਦੇ ਸਨ ਪਰ ਉਸਨੂੰ ਦਿਲ ਦਾ ਆਨੰਦ ਮਿਲਣਾ ਸੀ, ਦਿਲ ਦੀਆਂ ਸੱਧਰਾਂ ਪੂਰੀਆਂ ਹੋਣੀਆਂ ਸਨ। ਬੱਸ ਅੱਡੇ ਉਤੇ ਆ ਖੜ੍ਹੀ ਗੁਰਮੀਤ ਨੇ ਹੌਸਲੇ ਨਾਲ ਪਹਿਲਾ ਕਦਮ ਬੱਸ ਦੀਆਂ ਪੌੜੀਆਂ ਵਿਚ ਟਿਕਾ ਲਿਆ ਤੇ ਭਾਗੂ ਵੱਲ ਜਾਂਦੇ ਰਾਹ ਪੈ ਗਈ।

ਬੱਸ ਸੜਕ ਦੇ ਟੋਏ-ਟਿੱਬਿਆਂ ਵਿਚ ਡਿੱਕ-ਡੋਲੇ ਖਾਂਦੀ ਸਰਪੱਟ ਦੌੜੀ ਜਾ ਰਹੀ ਸੀ। ਗੁਰਮੀਤ ਸ਼ੀਸ਼ੇ ਵਿਚੋਂ ਦੂਰ ਅਸਮਾਨ ਵਿਚ ਆਪਣੇ ਸਜਾਏ ਸੁਪਨਿਆਂ ਨੂੰ ਵੇਖ ਰਹੀ ਸੀ। ਉਹ ਆਪਣੇ ਸਜਾਏ ਸੁਪਨਿਆਂ ਦਾ ਖ਼ਿਆਲ ਕਰਦੀ ਮੁਸਕਰਾ ਪੈਂਦੀ ਪਰ ਫਿਰ ਉਸਨੂੰ ਇਹ ਸਮਾਜ ਦੀ ਕਾਲੀ ਧੁੰਦ ਵਿਚ ਗੁਆਚਦੇ ਦਿਸਦੇ। ਉਸਦੇ ਚਿਹਰੇ 'ਤੇ ਮੌਤ ਵਰਗੀ ਖ਼ਾਮੋਸ਼ੀ ਛਾ ਜਾਂਦੀ, ਦਿਲ ਫੱਟੜ ਪੰਛੀ ਵਾਂਗ ਤੜਫਣ ਲੱਗ ਪੈਂਦਾ। ਉਸਨੂੰ ਪਤਾ ਹੀ ਨਾ ਲੱਗਾ ਕਿ ਉਹ ਇਨ੍ਹਾਂ ਹੀ ਡਿੱਕ-ਡੋਲਿਆਂ ਵਿਚ ਕਦੋਂ ਬੁਢਲਾਡੇ ਪਹੁੰਚ ਗਈ। ਬਸ ਵਿਚੋਂ ਉਤਰਨ ਸਾਰ ਛਾਲ ਮਾਰ ਕੇ ਰਿਕਸ਼ੇ ਵਿਚ ਬੈਠ ਗਈ।

''ਕਾਲਜ।''

ਰਿਕਸ਼ੇ ਵਾਲਾ ਹੈਰਾਨ ਅੱਖਾਂ ਨਾਲ ਵੇਖਦਾ ਤੁਰ ਪਿਆ, 'ਹਰ ਕੋਈ ਪੁੱਛਦਾ ਹੈ ਫਲਾਣੇ ਥਾਂ ਜਾਣੈ ਕੀ ਲਮੇਂਗਾ? ਪਰ ਇਹਨੂੰ ਅਜਿਹੀ ਕੀ ਆਫ਼ਤ ਆ ਪਈ।' ਉਹ ਮਨ ਵਿਚ ਸੋਚਦਾ ਗੁੱਝੀਆਂ ਅੱਖਾਂ ਨਾਲ ਗੁਰਮੀਤ ਦਾ ਚਿਹਰਾ ਪੜ੍ਹ ਰਿਹਾ ਸੀ।

ਗੁਰਮੀਤ ਨਾਲੋਂ ਉਸਦਾ ਦਿਲ ਕਿਤੇ ਕਾਹਲਾ ਸੀ। ਉਹ ਪਲਾਂ ਵਿਚ ਉਡ ਕੇ ਕਾਲਜ ਪਹੁੰਚਣਾ ਚਾਹੁੰਦੀ ਸੀ ਪਰ ਰਿਕਸ਼ੇ ਦੀ ਮੱਠੀ ਚਾਲ ਉਸਦੇ ਦਿਲ ਨਾਲ ਮਜ਼ਾਕ ਕਰਦੀ ਜਾਪਦੀ ਸੀ। ਜਦ ਉਹ ਕਾਲਜ ਪਹੁੰਚੀ ਤਾਂ ਕਾਲਜ ਦਾ ਸੁੰਨਾ ਵਿਹੜਾ ਵੇਖ ਕੇ ਉਸਦਾ ਦਿਲ ਡੁੱਬਿਆ ਗਿਆ। ਮਨ ਪਾਣੀ ਵਾਂਗ ਵਹਿ ਤੁਰਿਆ। ਉਹ ਇਕੋ ਨਜ਼ਰੇ ਕਾਲਜ ਦਾ ਕੋਨਾ-ਕੋਨਾ ਛਾਣ ਦੇਣਾ ਚਾਹੁੰਦੀ ਸੀ। ਉਸਨੇ ਚਾਰੇ ਪਾਸੇ ਹਾਬੜਿਆਂ ਵਾਂਗ ਵੇਖਿਆ ਪਰ ਸਭ ਪਾਸੇ ਦਾ ਸੁੰਨਾਪਣ ਇੱਟ ਵਾਂਗ ਉਸਦੇ ਮੱਥੇ ਆ ਵੱਜਿਆ। ਉਹ ਪਾਰਕ ਵਿਚ ਗਈ ਇਥੇ ਵੀ ਉਦਾਸੀ ਪੱਲੇ ਪਈ। ਉਸਦੀਆਂ ਅੱਖਾਂ ਅੱਗੇ ਹਨ੍ਹੇਰੀ ਆ ਗਈ। ਸਿਰ ਚਕਰਾ ਗਿਆ, ''ਹਾਏ! ਰੱਬਾ! ਹੁਣ ਕੀ ਕਰਾਂ?'' ਉਸਨੇ ਦੋਵੇਂ ਹੱਥਾਂ ਨਾਲ ਢਿੱਡ ਘੁੱਟ ਲਿਆ। ਅੰਦਰੋਂ ਦਿਲ ਚੀਰਵੀਂ ਭੁੱਬ ਨਿਕਲੀ, ਉਹ ਉਥੇ ਹੀ ਢੇਰੀ ਹੋ ਗਈ। ਅੱਖਾਂ 'ਚੋਂ ਹੰਝੂਆਂ ਦੇ ਪਰਨਾਲੇ ਵਹਿ ਤੁਰੇ, ''ਹਾਏ! ਮਾਂ!'' ਉਸਨੇ ਆਪਣੀ ਜਣਨੀ ਨੂੰ ਪੁਕਾਰਦਿਆਂ ਭੁੱਬ ਮਾਰੀ।

ਭਾਗੂ ਦਸ ਮਿੰਟ ਲੇਟ ਹੋ ਗਿਆ ਸੀ। ਉਹ ਕਾਲਜ ਵੜਿਆ। ਚਾਰੇ ਪਾਸੇ ਨਿਗ੍ਹਾ ਮਾਰੀ। ਗੁਰਮੀਤ ਕਿਤੇ ਨਾ ਦਿਸੀ। ਕਾਲਜ ਦੀ ਬਿਲਡਿੰਗ ਦੇ ਪਿੱਛੇ ਬਣੇ ਪਾਰਕ ਵਿਚ ਗਿਆ ਤਾਂ ਗੁਰਮੀਤ ਸਾਹਮਣੇ ਨੀਵੀਂ ਪਾਈ ਬੈਠੀ ਦਿਸ ਪਈ। ਉਹ ਪੋਲੇ ਕਦਮੀਂ ਗੁਰਮੀਤ ਦੇ ਪਿੱਛੇ ਜਾ ਖੜ੍ਹਿਆ, ''ਗੁਰਮੀਤ।''

ਗੁਰਮੀਤ ਨੇ ਭੌਂਅ ਕੇ ਵੇਖਿਆ, '' ਮੇਰੇ ਭਾਗ!!'' ਉਸਨੇ ਭਾਗੂ ਨੂੰ ਪਾਗਲਾਂ ਵਾਂਗ ਆਪਣੀਆਂ ਨਰਮ ਬਾਹਾਂ ਵਿਚ ਵਲ਼ ਲਿਆ।

''ਕੀ ਹੋਇਆ ਮੇਰੀ ਮੀਤ ਨੂੰ?'' ਭਗਵਾਨ ਨੇ ਉਸਦੇ ਵਾਲਾਂ ਵਿਚ ਪਿਆਰ ਨਾਲ ਹੱਥ ਫੇਰਿਆ।

''ਇੰਨਾ ਲੇਟ ਆਇਓਂ ਤੁਸੀਂ।'' ਉਸਨੇ ਨਕਲੀ ਗੁੱਸੇ ਨਾਲ ਮੂੰਹ ਫੇਰ ਲਿਆ ਪਰ ਉਸਦੀ ਅੰਦਰਲੀ ਖੁਸ਼ੀ ਬੁੱਲ੍ਹਾਂ ਰਾਹੀਂ ਫੁੱਟ ਆਈ ਸੀ।

''ਐਨਾ ਕਿੰਨਾ ਕੁ ਲੇਟ ਹੋਇਆਂ? ਤੇਰੇ ਦਿੱਤੇ ਟਾਇਮ ਤੋਂ ਬੱਸ ਦਸ ਮਿੰਟ ਉਪਰ ਹੋਏ ਨੇ।'' ਭਗਵਾਨ ਨੇ ਆਪਣੀ ਘੜੀ ਵਾਲੀ ਬਾਂਹ ਉਸਦੇ ਅੱਗੇ ਕਰ ਦਿੱਤੀ। ਕੁੜੀ ਨੇ ਭਗਵਾਨ ਦੀ ਬਾਂਹ ਨੂੰ ਦੋਵਾਂ ਹੱਥਾਂ ਵਿਚ ਘੁੱਟ ਲਿਆ, ''ਤੇਰੇ ਇਨ੍ਹਾਂ ਦਸ ਮਿੰਟਾਂ ਨੇ ਮੇਰੀ ਜਾਨ ਕੱਢ ਲੈਣੀ ਸੀ।''

''ਜਾਨ ਨਿਕਲੇ ਆਪਣੇ ਦੁਸ਼ਮਣ ਦੀ।'' ਭਗਵਾਨ ਨੇ ਉਸਦਾ ਹੱਥ ਆਪਣੇ ਮਜ਼ਬੂਤ ਹੱਥ ਵਿਚ ਘੁੱਟ ਲਿਆ। ਫਿਰ ਕੁਝ ਦੇਰ ਖ਼ਾਮੋਸ਼ੀ ਛਾ ਗਈ। ਦੋਵੇਂ ਇਕ ਦੂਜੇ ਨੂੰ ਇਕ ਟੱਕ ਵੇਖਦੇ ਰਹੇ।

''ਹਾਂ ਦੱਸ ਫੇਰ, ਹੁਣ ਕੀ ਕੀਤਾ ਜਾਵੇ?'' ਭਗਵਾਨ ਦੀਆਂ ਅੱਖਾਂ ਅੱਗੇ ਵਾਪਰਨ ਵਾਲੀ ਹੋਣੀ ਘੁਮੇਰੀਆਂ ਖਾਣ ਲੱਗ ਪਈ।

''ਹੁਣ ਤਾਂ ਇਕੋ ਰਸਤੈ।''

''ਕੀ?''

''ਦੋਵੇਂ ਭੱਜ ਚਲਦੇ ਆਂ ਕਿਧਰੇ।'' ਨਾਲ ਹੀ ਗੁਰਮੀਤ ਭਗਵਾਨ ਦੇ ਚਿਹਰੇ 'ਤੇ ਨਿਗ੍ਹਾ ਗੱਡੀਂ, ਇਸ ਗੱਲ ਦਾ ਪਹਿਲਾਂ ਹੀ ਜਵਾਬ ਲੱਭਣ ਲੱਗ ਪਈ।

''ਤੇਰੇ ਘਰ ਦੇ ਬਿਲਕੁਲ ਨਹੀਂ ਮੰਨੇ?''

''ਨਾ, ਮੈਂ ਤਾਂ ਹਰ ਸੰਭਵ ਕੋਸ਼ਿਸ਼ ਕੀਤੀ। ਮੇਰੀ ਮਾਂ ਤੋਂ ਬਿਨਾ ਕੋਈ ਨਾ ਮੰਨਿਆ। ਹੁਣ ਇਹ ਹੀ ਇਕ ਰਸਤਾ ਬਚਿਐ।''

''ਮੀਤ ਪਹਿਲਾਂ ਆਪਣੇ ਮਨ ਨੂੰ ਚੰਗੀ ਤਰ੍ਹਾਂ ਤੋਲ ਲੈ, ਬੜੀਆਂ ਔਕੜਾਂ ਝੱਲਣੀਆਂ ਪੈ ਸਕਦੀਆਂ ਨੇ।''

''ਮੈਂ ਤਾਂ ਮਨ ਤੋਲ ਕੇ ਹੀ ਤੈਨੂੰ ਸੁਨੇਹਾ ਭੇਜਿਆ ਸੀ। ਮੈਂ ਤੇਰੇ ਨਾਲ ਹਰ ਔਕੜ ਸਹਿਣ ਨੂੰ ਤਿਆਰ ਆਂ, ਬੱਸ ਤੂੰ ਨਾ ਧੋਖਾ ਦੇਈਂ।'' ਗੁਰਮੀਤ ਦਾ ਸੰਘ ਹੰਝੂਆਂ ਨਾਲ ਤਰ ਹੋ ਗਿਆ।

''ਤੇਰੇ ਲਈ ਜਾਨ ਦੇ ਸਕਦਾਂ, ਬੋਲ ਕਦ ਚੱਲਣੈ?''

''ਹੁਣੈ ਲੈ ਚੱਲ।'' ਕੁੜੀ ਨੇ ਭਗਵਾਨ ਦੀ ਬਾਂਹ ਦੋਵੇਂ ਹੱਥਾਂ ਨਾਲ ਘੁੱਟ ਲਈ।

''ਹੁਣ ਠੀਕ ਨਹੀਂ, ਆਪਾਂ ਰਾਤ ਨੂੰ ਤੁਰਾਂਗੇ, ਜਿਹੜਾ ਦਿਨ ਚੜ੍ਹਦੇ ਨੂੰ ਦੂਰ ਨਿਕਲ ਜਾਈਏ। ਨਾਲੇ ਮੈਂ ਕੁਝ ਪੈਸਿਆਂ ਦਾ ਪ੍ਰਬੰਧ ਕਰ ਲਊਂਗਾ।''

''ਚੰਗਾ ਤੇਰੀ ਮਰਜ਼ੀ।''

''ਬੋਲ ਕਿਹੜੀ ਰਾਤ ਆਵਾਂ?''

''ਪਰਸੋਂ ਨੂੰ ਆਜੀਂ ਗਿਆਰਾਂ ਕੁ ਵਜੇ।''

ਉਸ ਦਿਨ ਉਹ ਪੂਰੀ ਸਲਾਹ ਕਰਕੇ ਮੁੜੇ ਸਨ। ਦੋਵਾਂ ਦੇ ਹੱਸਦੇ ਨੈਣਾਂ ਵਿਚ ਦਿਲ ਦੀ ਰੀਝ ਪੂਰੀ ਹੁੰਦੀ ਦਿਸਦੀ ਸੀ ਅਤੇ ਨਾਲ ਹੀ ਸਮਾਜ ਵਿਰੁੱਧ ਬਗਾਵਤ ਕਰਨ 'ਤੇ ਮਿਲਣ ਵਾਲੀ ਸਜ਼ਾ ਦਾ ਡਰ ਸੀ।

ਅੱਜ ਗੁਰਮੀਤ ਨਾਲ ਕੀਤੇ ਕੌਲ-ਕਰਾਰਾਂ ਨੂੰ ਪੁਗਾਉਣ ਲਈ ਭਗਵਾਨ ਸਕੂਟਰ ਲੈ ਕੇ ਰਾਤ ਨੂੰ ਤੁਰ ਪਿਆ ਸੀ। ਸਕੂਟਰ ਸੜਕਾਂ ਕੱਛਦਾ ਵੱਡੇ ਚੱਕ ਪਹੁੰਚ ਗਿਆ। ਗੁਰਨੈਬ ਨੇ ਸੂਏ ਦੀ ਪੁਲੀ 'ਤੇ ਸਕੂਟਰ ਰੋਕ ਲਿਆ। ਸਕੂਟਰ ਦੀ ਲਾਈਟ ਅੱਗੇ ਬਾਂਹ ਕਰਕੇ ਟਾਈਮ ਵੇਖਿਆ।

''ਅਜੇ ਤਾਂ ਚਾਲੀ ਮਿੰਟ ਪਏ ਨੇ, ਕਿਵੇਂ ਕਰਨੇੈ?'' ਉਸਨੇ ਭਾਗੂ ਨੂੰ ਪੁੱਛਿਆ।

''ਬੰਦ ਕਰਦੇ, ਪੰਦਰਾਂ ਕੁ ਮਿੰਟ ਰਹਿੰਦੇ ਤੁਰਾਂਗੇ।''

ਦੋਵੇਂ ਸਕੂਟਰ ਦਾ ਸਟੈਂਡ ਲਾ ਕੇ ਸੂਏ ਦੀ ਪੁਲੀ 'ਤੇ ਬੈਠ ਗਏ। ਸੂਏ ਵਿਚ ਠੰਢਾ ਪਾਣੀ ਸ਼ਾਂਤ ਵਹਿ ਰਿਹਾ ਸੀ। ਹਨ੍ਹੇਰੀ ਰਾਤ ਵਿਚ ਜੀਰੀ ਦੀ ਫ਼ਸਲ ਕਾਲੀ ਚਾਦਰ ਵਾਂਗ ਧਰਤੀ 'ਤੇ ਵਿਛੀ ਜਾਪਦੀ ਸੀ। ਸਾਹਮਣੇ ਸੜਕ ਦੇ ਕਿਨਾਰੇ ਉੱਚੇ ਲੰਬੇ ਸਫ਼ੈਦਿਆਂ ਦੀ ਕਤਾਰ ਚੀਨ ਦੀ ਦੀਵਾਰ ਦਾ ਭੁਲੇਖਾ ਪਾਉਂਦੀ ਸੀ। ਦੂਰ ਬੁਢਲਾਡੇ ਤੋਂ ਬਾਹਰ-ਬਾਰ ਜਾਂਦੀ ਜੀ.ਟੀ. ਰੋਡ 'ਤੇ ਕੋਈ ਟਾਵੇਂ-ਟਾਵੇਂ ਵਹੀਕਲ ਦੀ ਲਾਈਟ, ਕਿਸੇ ਮੁਟਿਆਰ ਦੀ ਚੁੰਨੀ 'ਤੇ ਲੱਗੇ ਸਿਤਾਰਿਆਂ ਦੇ ਮੱਧਮ ਰੌਸ਼ਨੀ ਵਿਚ ਚਮਕਣ ਵਾਂਗ ਚਮਕਦੀ ਸੀ। ਸੂਏ ਦੀ ਪੁਲੀ ਤੋਂ ਦੋ ਤਿੰਨ ਕਿੱਲਿਆਂ ਦੀ ਵਿੱਥ 'ਤੇ ਪਿੰਡ ਚੱਕ ਦੇ ਘਰਾਂ ਵਿਚ ਕੋਈ-ਕੋਈ ਲਾਈਟ ਜਗਦੀ ਸੀ। ਕਦੇ-ਕਦੇ ਕਿਸੇ ਕੁੱਤੇ ਦੇ ਭੌਂਕਣ ਦੀ ਆਵਾਜ਼ ਭਗਵਾਨ ਹੋਰਾਂ ਨੂੰ ਪਰਤੱਖ ਸੁਣਾਈ ਦਿੰਦੀ ਸੀ। ਸੂਏ ਦੀ ਪਟੜੀ 'ਤੇ ਖੜ੍ਹੀ ਕਿੱਕਰ ਤੋਂ ਕੋਈ ਜਾਨਵਰ ਚਿਰ-ਚਿਰ ਕਰਦਾ ਸਫ਼ੈਦਿਆਂ ਦੀ ਟੀਸੀ ਉਪਰ ਜਾ ਬੈਠਿਆ, ਸ਼ਾਇਦ ਉਸਨੂੰ ਅੱਧੀ ਰਾਤ ਸਮੇਂ ਆਪਣੇ ਆਲ੍ਹਣੇ ਕੋਲ ਮਨੁੱਖ ਦੀ ਹੋਂਦ ਖਤਰੇ ਦੀ ਘੰਟੀ ਜਾਪੀ ਸੀ। ਮੁੰਡਿਆਂ ਦੀ ਹੋ ਰਹੀ ਮੱਧਮ ਗੱਲਬਾਤ ਸੂਏ ਦੇ ਪਾਣੀ ਵਾਂਗ ਸ਼ਾਂਤ 'ਤੇ ਚੁੱਪ ਵਾਂਗ ਸੀ। ਵੀਹ ਮਿੰਟ ਬੀਤ ਗਏ ਸਨ। ਗੁਰਨੈਬ ਨੇ ਸਕੂਟਰ ਨੂੰ ਕਿੱਕ ਮਾਰੀ। ਸਫ਼ੈਦਿਆਂ ਤੇ ਪੰਛੀਆਂ ਦੀ ਹਿਲਜੁਲ ਹੋਈ। ਕਿੱਕਰ ਵਾਲਾ ਪੰਛੀ ਖ਼ਤਰਾ ਟਲ ਗਿਆ ਸਮਝ ਕੇ ਚਿਰ-ਚਿਰ ਕਰਦਾ ਮੁੜ ਕਿੱਕੜ ਉਤੇ ਜਾ ਬੈਠਿਆ। ਲੰਬੇ ਸਫ਼ੈਦਿਆਂ ਵਿਚਕਾਰ ਸਕੂਟਰ ਦੀ ਅਵਾਜ਼ ਖੂਹ ਵਿਚ ਬੋਲਣ ਵਾਂਗ ਉੱਚੀ ਹੋ ਗਈ। ਸਾਹਮਣੇ ਜੀ.ਟੀ. ਰੋਡ ਸੀ। ਮੁੰਡਿਆਂ ਨੇ ਧੜਕਦੇ ਦਿਲ ਨਾਲ ਸਕੂਟਰ ਚੌੜੀ ਜੀ.ਟੀ. ਰੋਡ ਉਪਰ ਚਾੜ੍ਹ ਲਿਆ। ਹੁਣ ਕੋਈ ਖ਼ਤਰਾ ਗਲ ਪੈ ਸਕਦਾ ਸੀ। ਪੁਲਿਸ ਨੇ ਘੇਰ ਲਏ ਤਾਂ ਕੀ ਜਵਾਬ ਦੇਵਾਂਗੇ। ਦੋਵਾਂ ਦੇ ਦਿਲ ਡਰ ਨਾਲ 'ਧੱਕ-ਧੱਕ' ਵੱਜ ਰਹੇ ਸਨ। ਕੋਈ ਵੀਂ ਸਾਹਮਣਿਉਂ ਆਉਂਦਾ ਵਹੀਕਲ ਪੁਲਿਸ ਦੀ ਗੱਡੀ ਹੋ ਸਕਦੀ ਸੀ ਜਾਂ ਕਿਸੇ ਚੌਕ ਵਿਚ ਪੁਲਿਸ ਨਾਲ ਵਾਹ ਪੈ ਸਕਦਾ ਹੈ।

ਜਦੋਂ ਬੁਢਲਾਡਾ ਪਾਰ ਹੋ ਗਿਆ ਤਾਂ ਦੋਵਾਂ ਦੇ ਚਿਹਰਿਆਂ 'ਤੇ ਖੁਸ਼ੀ ਝਲਕ ਪਈ। ਇਕ ਤਸੱਲੀ ਵੀ ਹੋ ਗਈ ਸੀ ਕਿ ਮੁੜਦਿਆਂ ਵੀ ਕੋਈ ਖ਼ਤਰਾ ਨਹੀਂ। ਟਿੱਬਿਆਂ ਵਿਚਕਾਰੋਂ ਲੰਘਦੀ ਸੇਖ਼ਗੜ੍ਹ ਨੂੰ ਜਾਂਦੀ ਟੁੱਟੀ ਫੁੱਟੀ ਸੜਕ 'ਤੇ ਸਕੂਟਰ ਹੌਲੀ ਹੋ ਗਿਆ। ਬੁੱਢੀਆਂ ਕਿੱਕਰਾਂ ਸੜਕ 'ਤੇ ਕੁੱਬੇ ਬਜ਼ੁਰਗਾਂ ਵਾਂਗ ਝੁਕੀਆਂ ਖੜ੍ਹੀਆਂ ਸਨ। ਸਕੂਟਰ ਦੀ 'ਖਰਰ..ਖਰਰ....' ਸੁਣ ਕੇ, ਟਿੱਬੇ 'ਤੇ ਖੜ੍ਹੀ ਬੇਰੀ ਥੱਲੇ ਬੈਠੀ ਰੋਝਾਂ ਦੀ ਡਾਰ ਨੇ ਕੰਨ ਚੁੱਕ ਲਏ। ਉਨ੍ਹਾਂ ਦੀਆਂ ਅੱਖਾਂ ਕਾਲੀ ਰਾਤ ਵਿਚ ਬੈਟਰੀਆਂ

ਵਾਂਗ ਚਮਕੀਆਂ। ਕੁਝ ਹਿਲਜੁਲ ਬਾਅਦ ਮੁੜ ਸ਼ਾਂਤ ਹੋ ਕੇ ਬੈਠ ਗਏ। ਹੁਣ ਸਾਹਮਣੇ ਸੇਖ਼ਗੜ੍ਹ ਪਿੰਡ ਦਾ ਟਾਵਾਂ-ਟਾਵਾਂ ਬੱਲਬ ਚਮਕਦਾ ਨਜ਼ਰ ਆਉਣ ਲੱਗ ਪਿਆ ਸੀ। ਸਕੂਟਰ ਸੇਖਗੜ੍ਹ ਫਾਟਕ ਤੋਂ ਥੋੜ੍ਹਾ ਹਟਵੀਂ ਪਹੀ ਪਾ ਲਿਆ। ਰੇਲ-ਪਟੜੀ ਦੇ ਨਜ਼ਦੀਕ ਪਹੁੰਚ ਕੇ ਬੰਦ ਕਰ ਲਿਆ। ਸਾਹਮਣੇ ਗੁਰਮੀਤ ਦਾ ਘਰ ਸੀ। ਸਾਰਾ ਪਿੰਡ ਪੂਰੇ ਦੀ ਲੋਰੀ ਲੈਂਦਾ ਸ਼ਾਂਤ ਸੁੱਤਾ ਪਿਆ ਸੀ। ਕਦੇ-ਕਦੇ ਕਿਸੇ ਕੁੱਤੇ ਦੇ ਭੌਂਕਣ ਦੀ ਆਵਾਜ਼ ਆਪਣੀ ਹੋਂਦ ਜਿਤਾ ਜਾਂਦੀ। ਖੱਬੇ ਪਾਸੇ ਫਾਟਕ ਦੀ ਮੱਧਮ ਲਾਈਟ ਦਾ ਚਿੱਟਾ ਚਾਨਣ ਪਟੜੀ 'ਤੇ ਊਂਘ ਰਿਹਾ ਸੀ। ਦੋਵੇਂ ਕੁਝ ਚਿਰ ਖੜ੍ਹੇ ਸਥਿਤੀ ਨੂੰ ਭਾਂਪਦੇ ਰਹੇ। ਜਦ ਸਭ ਪਾਸੇ ਸ਼ਾਂਤੀ ਦਿਸੀ ਤਾਂ ਭਾਗੂ ਨੇ ਮੋਢੇ ਵਿਚਲਾ ਬੈਗ ਲਾਹ ਕੇ ਗੁਰਨੈਬ ਨੂੰ ਫੜਾ ਦਿੱਤਾ।

''ਤੂੰ ਐਂ ਕਰ, ਇਥੇ ਖੜ੍ਹਾ ਰਹਿ, ਜੇ ਕੋਈ ਤੈਨੂੰ ਪੁੱਛੇ ਤਾਂ ਕਹਿੰਦੀ ਵੀਂ ਅਸੀਂ ਤਾਂ ਫਲਾਣੇ ਸ਼ਹਿਰ ਤੋਂ ਆਏ ਹਾਂ, ਇਥੇ ਸਕੂਟਰ ਖ਼ਰਾਬ ਹੋ ਗਿਆ, ਮੇਰੇ ਨਾਲ ਦਾ ਪਿੰਡ 'ਚੋਂ ਕੋਈ ਚਾਬੀ-ਪਾਨਾ ਲੈਣ ਗਿਐ।'' ਭਾਗੂ ਪੂਰੀ ਗੱਲ ਸਮਝਾ ਕੇ ਪਟੜੀ ਟੱਪ ਗਿਆ। ਗੁਰਮੀਤ ਕੇ ਗੇਟ ਕੋਲ ਜਾ ਕੇ ਕੰਧ ਨਾਲ ਚਿਪਕ ਕੇ ਬੈਠ ਗਿਆ। ਇਕ ਕਾਲਾ ਕੁੱਤਾ ਉਸਨੂੰ ਵੇਖ ਕੇ ਭੌਂਕਣ ਲੱਗ ਪਿਆ। ਪਹਿਲਾਂ ਤਾਂ ਭਾਗੂ ਦਾ ਜੀਅ ਕੀਤਾ ਕਿ ਇੱਟ ਚੁੱਕ ਕੇ ਉਸਦੇ ਮੱਥੇ ਵਿਚ ਮਾਰੇ, ਪਰ ਫਿਰ ਜ਼ਿਆਦਾ ਰੌਲਾ ਪੈਣ ਦੇ ਡਰੋਂ ਚੁੱਪ ਵੱਟ ਲਈ। ਕੁੱਤਾ ਕੁਝ ਚਿਰ ਭੌਂਕਦਾ ਰਿਹਾ ਤੇ ਫਿਰ ਆਪ ਹੀ ਫਾਟਕ ਵੱਲ ਦੌੜ ਗਿਆ।

ਲੋਹੇ ਦੇ ਗੇਟ ਅੱਗੇ ਖੜ੍ਹ ਕੇ ਭਾਗੂ ਥੋੜ੍ਹਾ ਚੌਕੰਨਾ ਹੋ ਗਿਆ। ਛੋਟਾ ਗੇਟ ਖੋਲ੍ਹ ਕੇ ਗੁਰਮੀਤ ਬਾਹਰ ਆਈ, ਭਾਗੂ ਨੇ ਭੱਜ ਕੇ ਜੱਫੀ ਵਿਚ ਘੁੱਟ ਲਈ। ਗੁਰਮੀਤ ਨੇ ਬਾਹਰਲਾ ਕੁੰਡਾ ਲਗਾ ਦਿੱਤਾ ਤੇ ਬਿਨਾਂ ਕੁਝ ਬੋਲਿਆਂ ਭਾਗੂ ਦੇ ਨਾਲ ਤੁਰ ਪਈ।

''ਤੇਰੇ ਪਿੰਡ ਆਇਆਂ, ਚਾਹ ਪਾਣੀ ਪੁੱਛਿਆ ਈ ਨੀ।'' ਭਾਗੂ ਨੇ ਗੁਰਮੀਤ ਨੂੰ ਛੇੜਦਿਆਂ ਕਿਹਾ।

''ਚਾਹ ਪਾਣੀ ਪਿਲਾਉਣ ਵਾਲੀ ਤਾਂ ਪਿੰਡ ਨੂੰ ਅਲਵਿਦਾ ਕਹਿ ਕੇ ਤੇਰੇ ਨਾਲ ਤੁਰੀ ਜਾਂਦੀ ਐ।'' ਕੁੜੀ ਨੇ ਬਾਂਹ ਭਾਗੂ ਦੇ ਲੱਕ ਦੁਆਲਿਉਂ ਵਲ ਲਈ।

''ਬੈਗ 'ਚ ਕੀ ਐ?'' ਭਾਗੂ ਨੇ ਗੁਰਮੀਤ ਦੇ ਗਲ ਪਾਏ ਵੱਡੇ ਬੈਗ ਵੱਲ ਵੇਖਦਿਆਂ ਪੁੱਛਿਆ।

''ਕੱਪੜੇ ਤੇ ਪੈਸੇ।''

''ਪੈਸੇ ਤਾਂ ਮੈਂ ਲੈ ਆਇਆ ਸੀ।''

''ਫੇਰ ਕੀ ਹੁੰਦੈ ਪੈਸਿਆਂ ਦੀ ਤਾਂ ਸੌ ਲੋੜ ਪੈਂਦੀ ਐ, ਨਾਲੇ ਮੇਰਾ ਵੀ ਤਾਂ ਹੱਕ ਬਣਦਾ ਸੀ।''

''ਕਿੰਨੇ ਨੇ?''

''ਵੀਹ ਹਜ਼ਾਰ।''

''ਵੀਹ ਹਜ਼ਾਰ? ਐਨੇ ਕੀ ਕਰਨੇ ਸੀ।''

''ਐਨੇ ਕਿੰਨੇ ਕੁ ਨੇ?''

''ਪਰ ਤੁਹਾਨੂੰ ਅਮੀਰਾਂ ਲਈ ਤਾਂ ਕੁਝ ਵੀ ਨਹੀਂ।''

ਦੋਵੇਂ ਗੱਲਾਂ ਕਰਦੇ ਸਕੂਟਰ ਕੋਲ ਪਹੁੰਚ ਗਏ। ਭਾਗੂ ਨੇ ਗੁਰਮੀਤ ਤੋਂ ਬੈਗ ਫੜ ਕੇ ਆਪਣੇ ਮੋਢੇ ਪਾ ਲਿਆ ਅਤੇ ਦੂਸਰਾ ਬੈਗ ਸਕੂਟਰ ਦੇ ਅੱਗੇ ਰੱਖ ਲਿਆ। ਸ਼ਾਂਤ ਵਾਤਾਵਰਣ ਵਿਚ ਸਕੂਟਰ ਦੀ ਗੂੰਜ ਮੁੜ ਫੈਲ ਗਈ। ਫਾਟਕ ਦੀ ਮੱਧਮ ਲਾਈਟ ਦੂਰ ਹੁੰਦੀ ਗਈ। ਪਿੰਡ ਵਿਚ ਜਗਦਾ ਟਾਵਾਂ-ਟਾਵਾਂ ਬੱਲਬ ਹਨ੍ਹੇਰੇ ਵਿਚ ਗੁਆਚ ਗਿਆ। ਬੁਢਲਾਡੇ ਦੀਆਂ ਦੁਧੀਆ ਰੌਸ਼ਨੀਆਂ ਅੱਖਾਂ ਅੱਗੇ ਚਮਕਣ ਲੱਗੀਆਂ। ਸਕੂਟਰ ਬਾਜ਼ਾਰ ਦੀਆਂ ਰੌਸ਼ਨ ਗਲੀਆਂ ਵਿਚੋਂ ਹੁੰਦਾ ਹੋਇਆ ਰੇਲਵੇ ਸਟੇਸ਼ਨ 'ਤੇ ਪਹੁੰਚ ਗਿਆ।

''ਚੰਗਾ ਬਾਈ ਗੁਰਨੈਬ, ਤੂੰ ਮੇਰੇ ਲਈ ਏਨੀ ਖੇਚਲ ਕੀਤੀ, ਤੇਰਾ ਬਹੁਤ-ਬਹੁਤ ਧੰਨਵਾਦ।'' ਗੁਰਮੀਤ ਤੇ ਭਾਗੂ ਸਕੂਟਰ 'ਤੋਂ ਉਤਰ ਗਏ।

''ਖੇਚਲ ਕਾਹਦੀ, ਇਹ ਤਾਂ ਦੋਸਤ ਦੇ ਨਾਤੇ ਮੇਰਾ ਫ਼ਰਜ਼ ਬਣਦਾ ਤੀ।''

''ਚੰਗਾ ਭਾਈ, ਸੰਭਲ ਕੇ ਜਾਈਂ।'' ਭਾਗੂ ਨੇ ਗੁਰਨੈਬ ਨਾਲ ਹੱਥ ਮਿਲਾਉਂਦਿਆਂ ਘੁੱਟ ਕੇ ਜੱਫੀ ਪਾ ਲਈ।

''ਤੁਸੀਂ ਵੀ ਸ੍ਰਿਆਰ ਰਹਿਓ। ਨਾਲੇ ਭਾਬੀ ਦਾ ਖ਼ਿਆਲ ਰੱਖੀਂ ਕਿਤੇ ਰਾਹ 'ਚ ਈ ਭੁੱਲ ਜੇਂ।'' ਗੁਰਨੈਬ ਦੀ ਮਿੱਠੀ ਚੋਟ 'ਤੇ ਗੁਰਮੀਤ ਹੱਸਣੋਂ ਨਾ ਰਹਿ ਸਕੀ, ''ਚੰਗਾ ਵੀਰ, ਚੰਗਾ ਭਾਬੀ।''

''ਚੰਗਾ ਬਾਈ।''

ਗੁਰਨੈਬ ਚਲਾ ਗਿਆ। ਦੋਵੇਂ ਮੁਸਾਫ਼ਿਰ ਹਾਲ ਵਿਚੋਂ ਹੁੰਦੇ ਹੋਏ ਬਾਹਰ ਬੈਂਚ ਉਪਰ ਆ ਬੈਠੇ। ਸਾਰੇ ਸਟੇਸ਼ਨ 'ਤੇ ਮੌਤ ਵਰਗੀ ਚੁੱਪ ਸੀ। ਬੱਸ ਦਸ-ਪੰਦਰਾਂ ਸਵਾਰੀਆਂ ਬਾਹਰ ਬੈਂਚਾਂ ਉਪਰ ਬੈਠੀਆਂ ਉਂਘਲਾ ਰਹੀਆਂ ਸਨ। ਪਲੇਟਫਾਰਮ 'ਤੇ ਅਵਾਰਾ ਕੁੱਤੇ ਇੰਨੂਆਂ ਵਾਂਗ ਇਕੱਠੇ ਹੋਏ ਸੁੱਤੇ ਪਏ ਸਨ। ਲਹਿੰਦੇ ਵੱਲ ਇਕ ਰੇਹੜੀ ਵਾਲਾ ਕਿਸੇ ਗਾਹਕ ਦੀ ਉਡੀਕ ਵਿਚ ਉਦਾਸ ਉਬਾਸੀਆਂ ਲੈ ਰਿਹਾ ਸੀ। ਉਸਦੇ ਨਿੱਕੇ ਸਟੋਵ ਉਪਰ ਰੱਖੀ ਕੇਤਲੀ ਵਿਚੋਂ ਅਮਲੀ ਦੀ ਬੀੜੀ ਦੇ ਧੂੰਏਂ ਜਿੰਨੀ ਭਾਫ਼ ਨਿਕਲ ਕੇ ਪਲੇਟਫਾਰਮ 'ਤੇ ਚਾਰੋਂ ਪਾਸੇ ਫੈਲਦੀ ਤੇ ਉਸ ਵਿਚੋਂ ਆਉਂਦੀ ਲੌਂਗਾਂ ਦੀ ਸੁਗੰਧ ਟਾਵੇਂ-ਟਾਵੇਂ ਗਾਹਕ ਦਾ ਦਿਲ ਲਲਚਾ ਜਾਂਦੀ ਸੀ।

''ਤੁਸੀ ਬੈਠੋ ਐਨੇ, ਮੈਂ ਚਾਹ ਨੂੰ ਕਹਿ ਆਵਾਂ, ਨਾਲੇ ਟਿਕਟਾਂ ਲੈ ਕੇ ਆਉਣਾ।'' ਭਾਗੂ ਨੇ ਬੈਗ ਗੁਰਮੀਤ ਕੋਲ ਬੈਂਚ 'ਤੇ ਰੱਖ ਦਿੱਤਾ ਅਤੇ ਆਪ ਚਾਹ ਨੂੰ ਕਹਿਣ ਚਲਾ ਗਿਆ।

''ਅਜੇ ਇਕ ਵਜੇ ਆਉਗੀ ਕੁਰੂਸ਼ੇਤਰ ਨੂੰ ਜਾਣ ਵਾਲੀ ਗੱਡੀ।'' ਭਗਵਾਨ ਨੇ ਦੋਵੇਂ ਟਿਕਟਾਂ ਗੁਰਮੀਤ ਨੂੰ ਲਿਆ ਫੜਾਈਆਂ।

'ਰਾਹ 'ਚ ਕਿੰਨਾ ਕੁ ਟੈਮ ਲੱਗੂ।''

''ਲੱਗ ਜਾਣਗੇ ਤਿੰਨ ਚਾਰ ਘੰਟੇ, ਪਹਿਲਾਂ ਥਾਨੇਸਰ ਉਤਰਨਾ ਪਊ। ਫੇਰ ਉਥੋਂ ਕੁਰੂਸ਼ੇਤਰ ਵਾਲੀ ਫੜਨੀ ਪਊ।''

''ਤਾਂ ਤਾਂ ਫੇਰ ਕਿਤੇ ਸਵੇਰ ਤੱਕ ਪਹੁੰਚਾਗੇ।''

''ਹਾਂ।''

''ਲਓ ਸਾਅਬ ਚਾਏ।'' ਚਾਹ ਵਾਲੇ ਨੇ ਟ੍ਰੇਅ 'ਚ ਰੱਖੇ ਦੋ ਨਿੱਕੇ ਕੱਪ ਅੱਗੇ ਕਰ ਦਿੱਤੇ। ਦੋਵਾਂ ਨੇ ਇਕ-ਇਕ ਚਾਹ ਦਾ ਕੱਪ ਚੁੱਕ ਲਿਆ।

ਸਟੇਸ਼ਨ 'ਤੇ ਦੋ ਚਾਰ ਸਵਾਰੀਆਂ ਹੋਰ ਆ ਬੈਠੀਆਂ। ਗੱਡੀ ਆਉਣ ਦਾ ਸਮਾਂ ਨੇੜੇ ਹੋਣ ਕਰਕੇ ਸਾਰੇ ਸਟੇਸ਼ਨ 'ਤੇ ਘੁਸਰ-ਮੁਸਰ ਸ਼ੁਰੂ ਹੋ ਗਈ। ਸਾਰੇ ਮੁਸਾਫ਼ਿਰ ਆਪੋ-ਆਪਣਾ ਸਾਮਾਨ ਚੁੱਕਣ ਵਿਚ ਰੁੱਝ ਗਏ। ਗੱਡੀ ਨੇ ਦੂਰੋਂ ਕਾਲੇ ਹਨ੍ਹੇਰੇ ਨੂੰ ਚੀਰਦੀ ਲੰਬੀ ਚੀਕ ਮਾਰੀ। ਇੰਜਣ ਦੇ ਮੱਥੇ 'ਤੇ ਲੱਗੀ ਪੂਰੇ ਚੰਨ ਵਰਗੀ ਗੋਲ ਲਾਈਟ ਨੇੜੇ ਹੁੰਦੀ ਗਈ। ਸਟੇਸ਼ਨ 'ਤੇ ਹਫੜਾ-ਦਫੜੀ ਮੱਚ ਗਈ, ਰੌਲਾ ਉੱਚਾ ਹੋ ਗਿਆ, ਸੁੱਤੇ ਪਏ ਕੁੱਤਿਆਂ ਨੇ ਕੰਨ ਚੁੱਕ ਲਏ, ਗਾਰਡ ਹਰੀ ਝੰਡੀ ਲੈ ਕੇ ਅੱਗੇ ਆ ਗਿਆ। ਗੱਡੀ ਦੇ ਰੁਕਣ ਨਾਲ ਬ੍ਰੇਕ ਚੀਕੇ। ਕੁਝ ਸਫ਼ਰ ਮੁਕਦਾ ਕਰਕੇ ਉਤਰ ਗਏ ਅਤੇ ਕੁਝ ਨਵੀਆਂ ਮੰਜ਼ਿਲਾਂ ਨੂੰ ਟੋਹਲਦੇ ਨਵੇਂ ਸਫ਼ਰ 'ਤੇ ਚੱਲ ਪਏ। ਭਗਵਾਨ ਤੇ ਗੁਰਮੀਤ ਨੇ ਆਪਣੇ-ਆਪਣੇ ਬੈਗ ਆਪਣੇ-ਆਪਣੇ ਪੱਟਾਂ ਉਪਰ ਰੱਖ ਲਏ ਤੇ ਖਿੜਕੀ ਨੇੜਲੀ ਸੀਟ ਮੱਲ ਲਈ। ਸਾਹਮਣੀ ਸੀਟ 'ਤੇ ਇਕ ਔਰਤ, ਉਸਦਾ ਪਤੀ, ਦੋ ਬੱਚੇ ਇਕ ਦੂਜੇ ਉਪਰ ਸਿਰ ਸੁੱਟੀ ਸੁੱਤੇ ਪਏ ਸਨ। ਉਪਰਲੀ ਸੀਟ 'ਤੇ ਇਕ ਬਜ਼ੁਰਗ ਘੁਰਾੜੇ ਮਾਰ ਰਿਹਾ ਸੀ। ਸੱਜੇ ਪਾਸੇ ਵਾਲੀ ਲੰਬੀ ਸੀਟ 'ਤੇ ਇਕ ਖੂੰਜੇ ਗੰਢ ਜਿਹੀ ਬਣਿਆ ਸੁੱਤਾ ਪਿਆ ਸਾਧੂ ਰੌਲਾ-ਰੱਪਾ ਸੁਣ ਕੇ ਜਾਗ ਪਿਆ ਅਤੇ ਹੁਣ ਮੁੜ ਅੱਖ ਲਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ ਸੀ। ਸਾਧੂ ਵਾਲੀ ਸੀਟ 'ਤੇ ਇਕ ਬਿਹਾਰੀ ਭਈਆ ਅਤੇ ਉਸਦੀ ਪਤਨੀ, ਇਕ ਛੋਟੇ ਬੈਗ ਅਤੇ ਬੋਰੀ ਵਿਚ ਨਿੱਕ-ਸੁੱਕ ਪਾਈ ਆ ਬੈਠੇ ਸਨ। ਗੱਡੀ ਦੀ ਲੰਬੀ ਕੂਕ ਨੇ ਸਾਰੇ ਮੁਸਾਫ਼ਿਰਾਂ ਨੂੰ ਚੌਕੰਨੇ ਕਰ ਦਿੱਤਾ ਅਤੇ ਫਿਰ ਛੋਟੇ ਜਿਹੇ ਹਡੂਕੇ ਨਾਲ ਹੌਲੀ-ਹੌਲੀ ਰਿਸਕਣ ਲੱਗੀ ਜਿਵੇਂ ਕੋਈ ਜ਼ਖ਼ਮੀ ਹੋਇਆ ਕਾਲਾ ਸੱਪ ਹੌਲੀ-ਹੌਲੀ ਰੀਂਗਦਾ ਹੈ।

ਗੱਡੀ 'ਛੁੱਕ-ਛੁੱਕ' ਕਰਦੀ ਧੂੰਏਂ ਦੇ ਬੱਦਲ ਛੱਡਦੀ ਹੋਰ ਤੇਜ਼ ਹੁੰਦੀ ਗਈ। ਸਟੇਸ਼ਨ ਅਤੇ ਸ਼ਹਿਰ ਦੀਆਂ ਲਾਈਟਾਂ ਦੂਰ ਹਟਦੀਆਂ ਗਈਆਂ, ਹੋਰ ਨਿੱਕੀਆਂ ਹੁੰਦੀਆਂ ਗਈਆਂ ਅਤੇ ਫਿਰ ਕਾਲੀ ਹਨ੍ਹੇਰੀ ਰਾਤ ਵਿਚ ਅਲੋਪ ਹੋ ਗਈਆਂ। ਹੁੁਣ ਗੱਡੀ ਹਨ੍ਹੇਰੇ ਨੂੰ ਚੀਰਦੀ, ਸਟੇਸ਼ਨਾਂ ਨੂੰ ਪਿੱਛੇ ਸੁੱਟਦੀ, ਪਿੰਡਾਂ ਨੂੰ ਪਿੱਛੇ ਸੁੱਟਦੀ, ਸ਼ਹਿਰਾਂ ਨੂੰ 'ਹੱਟ ਪਿਛੇ' ਕਹਿੰਦੀ ਸਰਪੱਟ ਦੌੜੀ ਜਾ ਰਹੀ ਸੀ।

-0-

ਹਨ੍ਹੇਰਾ ਸੁੰਗੜਦਾ ਖੱਲ-ਖੂੰਜਿਆਂ ਵਿਚ ਲੁਕਣ ਲੱਗ ਪਿਆ ਸੀ। ਚਾਨਣ ਹੌਲੀ-ਹੌਲੀ ਗੂੜ੍ਹਾ ਹੁੰਦਾ ਜਾਂਦਾ ਸੀ। ਆਲ੍ਹਣਿਆਂ ਵਿਚ ਪੰਛੀਆਂ ਦੀ ਹਿਲਜੁਲ ਅਤੇ 'ਚੀਂ-ਚੀਂ' ਫੁੱਟਦੀ ਸਵੇਰ ਨੂੰ 'ਜੀ ਆਇਆਂ' ਆਖ ਰਹੀ ਸੀ। ਸਵੇਰ ਦੀ ਗੱਡੀ ਦੀ ਲੰਬੀ ਕੂਕ ਅਤੇ 'ਦਗੜ-ਦਗੜ' ਨੇ ਸਾਰੇ ਸੇਖ਼ਗੜ੍ਹ ਨੂੰ ਹਲੂਣ ਕੇ ਜਗਾ ਦਿੱਤਾ ਸੀ। ਸੂਬੇਦਾਰ ਹਰਬਖ਼ਸ਼ ਸਿੰਘ ਦੀ ਜਾਗ ਖੁੱਲ੍ਹੀ ਤਾਂ ਸੀਰੀ ਆਵਾਜ਼ਾਂ ਮਾਰਦਾ ਗੇਟ ਨੂੰ 'ਥੱਪ-ਥੱਪ' ਖੜਕਾ ਰਿਹਾ ਸੀ। ਉਸਨੇ ਉਭੜਵਾਏ ਜਿਹੇ ਨੇ ਮੰਜੇ ਕੋਲੋਂ ਟਟੋਲ ਕੇ ਜੋੜੇੇ ਪਾਏ ਅਤੇ ਗੇਟ ਖੋਲ੍ਹਣ ਤੁਰ ਪਿਆ। ਜਦੋਂ ਉਸਨੇ ਗੇਟ ਖੋਲ੍ਹਣ ਲਈ ਹੱਥ ਵਧਾਇਆ ਗੇਟ ਅੰਦਰੋਂ ਖੁੱਲ੍ਹਾ ਪਿਆ ਸੀ।

''ਓਏ ਭਾਈ ਦੇਵਿਆ ਬਾਹਰੋਂ ਈ ਅੜਿਆ ਲਗਦੈ।''

''ਓਹ ਹਾਂ।'' ਸੀਰੀ ਬਾਹਰੋਂ ਕੁੰਡਾ ਖੋਲ੍ਹ ਕੇ ਅੰਦਰ ਆ ਗਿਆ।

''ਮੈਂ ਕਿਹਾ ਦੇਵੇ ਨੂੰ ਚਾਹ ਧਰ ਦਿੰਦੇ ਖੜ੍ਹੇ ਹੋ ਕੇ।''

ਹਰਬਖ਼ਸ਼ ਮੀਤੀ ਦੀ ਮਾਂ ਦੇ ਸਿਰਹਾਣੇ ਕੋਲ ਆ ਖੜ੍ਹਿਆ। ਮੀਤੀ ਦੀ ਮਾਂ ਅੱਖਾਂ ਮਲਦੀ 'ਹੇ ਵਾਹਿਗੁਰੂ' ਕਹਿੰਦੀ ਮੰਜੇ 'ਚੋਂ ਉਠ ਖੜ੍ਹੀ।

''ਬਾਹਰ ਕੌਣ ਗਿਐ?'' ਹਰਬਖ਼ਸ਼ ਨੇ ਮੀਤੀ ਦੀ ਮਾਂ ਨੂੰ ਪੁੱਛਿਆ।

''ਕੋਈ ਵੀ ਨੀ।''

''ਕੁੰਡਾ ਤਾਂ ਬਾਹਰੋਂ ਅੜਿਆ ਪਿਆ ਸੀ, ਰਾਤ ਮੈਂ ਆਪ ਅੰਦਰੋਂ ਲਾ ਕੇ ਪਿਆਂ। ਮਿੰਦਰ ਕਿੱਥੇ ਐ?''

''ਉਹ ਤਾਂ ਕੋਠੇ 'ਤੇ ਪਿਐ। ਮੀਤੀ ਅੰਦਰ ਹੋਣੀ, ਰਾਤ ਕਹਿੰਦੀ ਸੀ ਮੈਂ ਪੜ੍ਹ ਕੇ ਅੰਦਰੇ ਪੈਜੂੰ।''

ਜਦੋਂ ਹਰਬਖ਼ਸ਼ ਨੇ ਕੋਠੇ ਚੜ੍ਹ ਕੇ ਵੇਖਿਆ, ਮਿੰਦਰ ਸੁੱਤਾ ਪਿਆ ਸੀ। ਹਰਬਖ਼ਸ਼ ਨੇ ਉਸਨੂੰ ਉਠਾ ਦਿੱਤਾ। ਜਦੋਂ ਮਿੰਦਰ ਤੇ ਹਰਬਖ਼ਸ਼ ਪੌੜੀਆਂ ਉਤਰ ਰਹੇ ਸੀ ਤਾਂ ਮੀਤੀ ਦੀ ਮਾਂ ਡੌਰ-ਭੌਰ ਜਿਹੀ ਹੋਈ ਭੱਜੀ ਆਈ, ''ਮੀਤੀ ਦੇ ਬਾਪੂ! ਮੀਤੀ ਅੰਦਰ ਹੈਨੀ, ਨਾਲੇ ਕੱਪੜੇ ਲੀੜੇ ਖਿੰਡੇ ਪਏ ਨੇ।''

''ਓਹ.. ਇਥੇ ਹੋਊ ਕਿਤੇ।''

''ਨਾਂਹ ਤੂੰ ਅੰਦਰ ਜਾ ਕੇ ਤਾਂ ਦੇਖ।'' ਮੀਤੀ ਦੀ ਮਾਂ ਮੂੁਹਰੇ ਲੱਗ ਗਈ। ਜਦੋਂ ਹਰਬਖ਼ਸ਼ ਹੋਰਾਂ ਨੇ ਵੇਖਿਆ, ਕੱਪੜੇ ਸੱਚਮੁੱਚ ਖਿੱਲਰੇ ਪਏ ਸਨ। ਅਲਮਾਰੀ ਫਰੋਲੀ, ਵਿਚੋਂ ਗੁਰਮੀਤ ਦੇ ਕਈ ਸੂਟ ਗਾਇਬ ਸਨ। ਅੰਦਰ ਸਬਾਤ ਵਿਚ ਦੇਖਿਆ, ਹਰਬਖ਼ਸ਼ ਦੀ ਅਲਮਾਰੀ ਖੁੱਲ੍ਹੀ ਪਈ ਹੋਣੀ ਨੂੰ ਬਿਆਨ ਕਰ ਰਹੀ ਸੀ। ਸਾਰੇ ਟੱਬਰ ਨੂੰ ਪਿੱਸੂ ਪੈ ਗਏ। ਮੀਤੀ ਦੀ ਮਾਂ ਗਸ਼ੀ ਖਾ ਕੇ ਡਿੱਗ ਪਈ। ਮਿੰਦਰ ਨੇ ਭੱਜ ਕੇ ਉਸਦੇ ਮੂੰਹ ਨੂੰ ਪਾਣੀ ਲਾਇਆ। ਉਹ ਬੌਂਦਲਿਆਂ ਵਾਂਗ 'ਹਾਏ-ਹਾਏ' ਕਰਨ ਲੱਗ ਪਈ। ਸਾਰਿਆਂ ਦੀ ਅਜੀਬ ਹਾਲਤ ਵੇਖ ਕੇ ਸੀਰੀ ਵੀ ਕੱਖ ਪਾਉਂਦਾ ਭੱਜਿਆ ਆਇਆ, ''ਕੀ ਹੋ ਗਿਆ ਜੀ?''

''ਮੀਤੀ ਨੀ ਹੈਗੀ ਘਰੇਂ।'' ਮਿੰਦਰ ਦੀ ਗੱਲ ਤੋਂ ਸੀਰੀ ਸਭ ਕੁਝ ਸਮਝ ਗਿਆ।

''ਚੰਗਾ ਗੱਲ ਸੁਣੋ! ਜੋ ਹੋ ਗੀ, ਸੋ ਹੋ ਗੀ। ਹੁਣ ਅੱਗੇ ਨਾ ਗੱਲ ਦੀ ਭਾਫ਼ ਕੱਢਿਓਂ। ਜੇ ਕੋਈ ਪੁੱਛੇ ਤਾਂ ਕਹਿਦਿਓਂ ਵੀ ਪਾਸੇ ਗਈ ਐ। ਐਨੇ ਅਸੀਂ ਕਰਦੇ ਆਂ ਕੋਈ ਹੀਲਾ। ਮੀਤਿਆ, ਮੇਰਾ ਵੀਰ ਤੂੰ ਵੀ ਗੱਲ ਆਪਣੇ ਕੋਲ ਹੀ ਰੱਖੀ।'' ਹਰਬਖ਼ਸ਼ ਨੇ ਸਾਰੇ ਪਰਿਵਾਰ ਨੂੰ ਸਮਝਾਉਂਦਿਆਂ ਕਿਹਾ।
ਸਾਰੇ ਪਰਿਵਾਰ ਨੇ ਕਿਸੇ ਕੋਲ ਭਾਫ਼ ਤੱਕ ਨਾ ਕੱਢੀ। ਮਿੰਦਰ ਤੇ ਹਰਬਖਸ਼ ਸਵੇਰੇ ਗੱਡੀ ਲੈ ਕੇ ਤੁਰ ਜਾਂਦੇ ਅਤੇ ਸ਼ਾਮ ਨੂੰ ਥੱਕੇ ਟੁੱਟੇ ਘਰ ਮੁੜਦੇ। ਮੀਤੀ ਦੀ ਮਾਂ ਪਾਣੀ ਦਾ ਗਲਾਸ ਫੜਾਉਂਦੀ ਪੁੱਛਦੀ, ''ਲੱਗਿਆ ਕੁਛ ਪਤਾ?'' ਤਾਂ ਅੱਗੇ ਹਰਬਖਸ਼ ਦਾ ਉਦਾਸੀ 'ਚ ਝੁਕਿਆ ਸਿਰ 'ਨਾਂਹ' ਵਿਚ ਹਿਲਦਾ। ਮੀਤੀ ਦੀ ਮਾਂ ਕਾਲਜਾ ਫੜ ਕੇ ਬੈਠ ਜਾਂਦੀ। ਦੋ ਤਿੰਨ ਦਿਨ ਜਦ ਕੋਈ ਉਘ-ਸੁੱਘ ਨਾ ਨਿਕਲੀ ਤਾਂ ਹਰਬਖਸ਼ ਨੇ ਸੰਗਰੂਰ ਜਾ ਕੇ ਆਪਣੇ ਮਿੱਤਰ ਥਾਣੇਦਾਰ ਨਾਲ ਗੱਲ ਕੀਤੀ। ਥਾਣੇਦਾਰ ਨੇ ਉਸਨੂੰ ਤਸੱਲੀ ਭਰਿਆ ਹੁੰਗਾਰਾ ਦੇ ਕੇ ਤੋਰ ਦਿੱਤਾ ਅਤੇ ਆਪ ਗੁਪਤ ਰੂਪ ਵਿਚ ਭਾਲ ਕਰਨੀ ਸ਼ੁਰੂ ਕਰ ਦਿੱਤੀ।

## 23.

ਜਾਟ ਧਰਮਸ਼ਾਲਾ ਦੀ ਉਪਰਲੀ ਛੱਤ ਤੋਂ ਸਾਰੇ ਕੁਰੂਕੁਸ਼ੇਤਰ ਦੀਆਂ ਲਾਈਟਾਂ ਦੀਵਾਲੀ ਨੂੰ ਲੱਗੇ ਦੀਵਿਆਂ ਵਾਂਗ ਚਮਕ ਰਹੀਆਂ ਸਨ। ਸਾਰਾ ਆਸਮਾਨ ਤਾਰਿਆਂ ਨਾਲ ਭਰਿਆ ਪਿਆ ਸੀ। ਹੇਠਾਂ ਸੜਕ 'ਤੇ ਕਾਰਾਂ, ਜੀਪਾਂ ਦੀਆਂ ਲਾਈਟਾਂ ਕੀੜੀਆਂ ਵਾਂਗ ਇਧਰ-ਉਧਰ ਭੱਜੀਆਂ ਫਿਰਦੀਆਂ ਸਨ। ਸਾਹਮਣੇ ਸ਼ਾਂਤੀਨਗਰ 'ਚੋਂ ਲੰਘਦੀ ਰੇਲ ਪਟੜੀ ਤੇ 'ਦਗੜ-ਦਗੜ' ਕਰਦੀ ਜਾਂਦੀ ਰੇਲ ਗੱਡੀ ਸ਼ਾਂਤੀ ਨਗਰ ਦੀ ਸ਼ਾਂਤੀ ਭੰਗ ਕਰਨ 'ਤੇ ਜੁਟੀ ਸੀ। ਹੇਠਾਂ ਧਰਮਸ਼ਾਲਾ ਵਿਚ ਨਵੇਂ ਆਉਂਦੇ-ਜਾਂਦੇ ਮੁਸਾਫ਼ਿਰਾਂ ਦਾ ਰੌਲਾ ਸੀ। ਭਗਵਾਨ ਅਤੇ ਗੁਰਮੀਤ ਧਰਮਸ਼ਾਲਾ ਦੀ ਉਪਰਲੀ ਛੱਤ 'ਤੇ ਖੜ੍ਹੇ ਸਵੇਰ ਨੂੰ ਇਥੋਂ ਤੁਰ ਜਾਣ ਦੀਆਂ ਸਲਾਹਾਂ ਬਣਾ ਰਹੇ ਸਨ। ਇਨ੍ਹਾਂ ਨੂੰ ਇਥੇ ਆਇਆ ਪੰਜ ਦਿਨ ਹੋ ਗਏ ਸਨ। ਪਹਿਲਾਂ ਤਾਂ ਚਾਰ ਪੰਜ ਦਿਨ ਕੁਝ ਸੁੱਝਿਆ ਹੀ ਨਹੀਂ ਸੀ ਕਿ ਹੁਣ ਕੀ ਕੀਤਾ ਜਾਵੇ। ਫਿਰ ਭਗਵਾਨ ਦੀ ਸੋਚ ਅੱਗੇ ਗੁਰਦੀਪ ਸਰਪੰਚ ਆ ਖੜ੍ਹਿਆ ਸੀ। ਅੱਜ ਸਵੇਰੇ ਜਦੋਂ ਗੁਰਦੀਪ ਨੂੰ ਫੋਨ ਕੀਤਾ ਸੀ ਤਾਂ ਉਸਨੇ ਸਲਾਹ ਦਿੱਤੀ ਸੀ ਕਿ ਉਹ ਕੋਰਟ ਮੈਰਿਜ ਦਾ ਮੁਕੱਦਮਾ ਸੰਗਰੂਰ ਹੀ ਕਰਨ। ਗੁਰਦੀਪ ਸਰਪੰਚ ਨੇ ਉਨ੍ਹਾਂ ਨੂੰ ਕੱਲ੍ਹ ਸ਼ਾਮ ਤੱਕ ਸੰਗਰੂਰ ਪਹੁੰਚਣ ਦੀ ਤਾਕੀਦ ਵੀ ਕੀਤੀ ਸੀ ਤਾਂ ਕਿ ਉਹ ਪਰਸੋਂ ਨੂੰ ਸਵੇਰੇ ਨੌਂ ਵਜੇ ਤੱਕ ਉਨ੍ਹਾਂ ਨੂੰ ਮਿਲ ਕੇ ਅੱਗੇ ਆਉਣ ਵਾਲੇ ਹਾਲਾਤਾਂ ਬਾਰੇ ਸਲਾਹ ਮਸ਼ਵਰਾ ਕਰ ਸਕੇ। ਉਦੋਂ ਭਗਵਾਨ ਵੀ ਡਰ ਨੂੰ ਪਰ੍ਹਾਂ ਵਗਾਹ ਕੇ ਹੌਂਸਲੇ ਵਿਚ ਆ ਗਿਆ ਸੀ, ਜਦੋਂ ਗੁਰਦੀਪ ਨੇ ਉਸਨੂੰ ਦੱਸ ਦਿੱਤਾ ਸੀ ਕਿ ਹੁਣ ਤਾਂ ਤੇਰੇ ਘਰ ਵਾਲੇ ਵੀ ਬਹੁਤਾ ਵਿਰੋਧ ਨਹੀਂ ਕਰਦੇ। ਗੁਰਦੀਪ ਨੇ ਬੜੀ ਫਰਾਖ਼ ਦਿਲੀ ਨਾਲ ਭਗਵਾਨ ਨੂੰ ਇਹ ਵੀ ਕਹਿ ਦਿੱਤਾ ਸੀ ਕਿ ਜੇ ਕੋਈ ਕੱਚ ਪਿੱਲ ਹੋਈ ਉਹ ਉਨ੍ਹਾਂ ਨੂੰ ਆਪ ਮਨਾ ਲਵੇਗਾ।
ਗੁਰਦੀਪ ਭਗਵਾਨ ਨਾਲ ਫੋਨ 'ਤੇ ਕਿੰਨਾ ਚਿਰ ਸਲਾਹ ਮਸ਼ਵਰਾ ਕਰਦਾ ਰਿਹਾ ਸੀ। ਉਸਦੀਆਂ ਹੌਸਲਾ ਦਿਊ ਗੱਲਾਂ ਸੁਣ ਕੇ ਭਗਵਾਨ ਹੌਲਾ ਜਿਹਾ ਹੋ ਗਿਆ ਸੀ। ਉਸਨੇ ਦਿਮਾਗ਼ 'ਤੇ ਚੁੱਕਿਆ ਚਿੰਤਾਵਾਂ ਦਾ ਭਾਰ ਇਕੋ ਝਟਕੇ ਵਿਚ ਛੰਡ ਦਿੱਤਾ ਸੀ। ਸਰਪੰਚ ਨਾਲ ਗੱਲ ਕਰਨ 'ਤੇ ਭਗਵਾਨ ਦੇ ਡੋਲਦੇ ਦਿਲ ਨੂੰ ਧਰਵਾਸ ਮਿਲ ਗਈ ਸੀ। ਹੁਣ ਉਸਨੂੰ ਆਪਣੀ ਮੰਜ਼ਿਲ ਤੱਕ ਜਾਂਦਾ ਰਸਤਾ ਚਿੱਟੇ ਦਿਨ ਵਾਂਗ ਸਾਫ਼ ਦਿਖਾਈ ਦੇਣ ਲੱਗ ਪਿਆ ਸੀ।
ਸਵੇਰੇ ਉਠ ਕੇ ਦੋਵਾਂ ਨੇ ਖੁਸ਼ੀ-ਖੁਸ਼ੀ ਆਪਣਾ ਕੱਪੜਾ-ਲੀੜਾ ਬੈਗਾਂ ਵਿਚ ਪਾ ਲਿਆ। ਪਹਿਲਾਂ ਗੁਰਦੁਆਰੇ ਜਾ ਕੇ ਮੱਥਾ ਟੇਕਿਆ, ਦੇਗ ਕਰਵਾਈ ਅਤੇ ਫਿਰ ਯੂਨੀਵਰਸਿਟੀ ਦੇ ਗੇਟ ਅੱਗਿਉਂ ਕੈਥਲ ਨੂੰ ਜਾਣ ਵਾਲੀ ਬੱਸ ਚੜ੍ਹ ਗਏ। ਕੈਥਲ ਤੋਂ ਸਿੱਧੀ ਸੰਗਰੂਰ ਵਾਲੀ ਬੱਸ ਮਿਲ ਗਈ। ਤਿੰਨ ਵੱਜਦੇ ਨੂੰ ਸੰਗਰੂਰ ਪਹੁੰਚ ਗਏ। ਸੰਗਰੂਰ ਅੱਡੇ ਵਿਚ ਦੋਵਾਂ ਨੇ ਡਰਦੇ-ਡਰਦੇ

ਪੈਰ ਪਾਇਆ, ਖੌਰੇ ਕਿਤੇ ਕੋਈ ਜਾਣੂ ਹੀ ਨਾ ਮਿਲ ਪਏ। ਲੰਬੇ ਸਫ਼ਰ ਨੇ ਦੋਵਾਂ ਨੂੰ ਤੋੜ ਦਿੱਤਾ ਸੀ। ਉਪਰੋਂ ਸਾਰੇ ਦਿਨ ਦੀ ਭੁੱਖ ਨੇ ਬੁਰਾ ਹਾਲ ਕਰ ਦਿੱਤਾ। ਦੋਵੇਂ ਬੌਂਦਲੇ ਜਿਹੇ ਬੱਸ ਅੱਡੇ 'ਚੋਂ ਬਾਹਰ ਆ ਗਏ।

''ਗੁਰਮੀਤ।''

''ਹਾਂ।''

''ਪਹਿਲਾਂ ਕੁਛ ਖਾ ਪੀ ਨਾ ਲਈਏ, ਅੱਗੇ ਫੇਰ ਦੇਖਾਂਗੇ। ਮੈਂ ਤਾਂ ਮਰਨ ਵਾਲਾ ਹੋਇਆ ਪਿਆਂ।''

''ਚੱਲ ਠੀਕ ਐ, ਭੁੱਖ ਤਾਂ ਮੈਨੂੰ ਵੀ ਬਹਤੁ ਲੱਗੀ ਪਈ ਐ।''

ਦੋਵੇਂ ਵੱਡੇ ਬਾਜ਼ਾਰ ਵੱਲ ਤੁਰ ਪਏ। ਛੋਟੇ ਚੌਕ ਜਾ ਕੇ ਸੱਜੇ ਮੁੜ ਗਏ।

''ਇੱਥੇ ਈ ਠੀਕ ਐ।'' ਭਗਵਾਨ ਨੇ ਖੜ੍ਹ ਕੇ ਸਾਹਮਣੇ ਹੋਟਲ ਵੱਲ ਇਸ਼ਾਰਾ ਕਰ ਦਿੱਤਾ। ਗੁਰਮੀਤ ਨੇ ਸਿਰ ਹਿਲਾਅ ਕੇ ਸਹਿਮਤੀ ਦੇ ਦਿੱਤੀ। ਦੋਵੇਂ ਹੋਟਲ ਵਿਚ ਜਾ ਵੜੇ।

'ਆਓ ਸਾਅਬ।'' ਬੈਰ੍ਹੇ ਨੇ ਕੋਲ ਡੱਠੇ ਮੇਜਾਂ ਵੱਲ ਇਸ਼ਾਰਾ ਕਰ ਦਿੱਤਾ। ਗੁਰਮੀਤ ਤੇ ਭਗਵਾਨ ਕੁਰਸੀਆਂ ਉਪਰ ਬੈਠ ਗਏ। ਬੈਰ੍ਹੇ ਨੇ ਮੋਢੇ 'ਤੇ ਰੱਖਿਆ ਗਿੱਲਾ ਤੌਲੀਆ ਸਾਹਮਣੇ ਪਏ ਮੇਜਾਂ ਉਪਰ ਮਾਰ ਦਿੱਤਾ ਤੇ ਫਿਰ ਉਸੇ ਤੌਲੀਏ ਨਾਲ ਹੱਥ ਪੂੰਝ ਕੇ ਦੁਬਾਰਾ ਮੋਢੇ ਉਪਰ ਟਿਕਾ ਲਿਆ। ਪਹਿਲਾਂ ਤੋਂ ਪਏ ਗਲਾਸ ਅਤੇ ਜੱਗ ਚੁੱਕ ਲਏ ਅਤੇ ਹੋਰ ਪਾਣੀ ਦਾ ਜੱਗ ਅਤੇ ਦੋ ਗਿਲਾਸ ਲਿਆ ਰੱਖੇ।

''ਹਾਂ ਸਾਅਬ?'' ਬੈਰ੍ਹਾ ਭਗਵਾਨ ਹੋਰਾਂ ਤੋਂ ਖਾਣ ਪੀਣ ਲਈ ਪੁੱਛ ਰਿਹਾ ਸੀ।

''ਦੋ ਪੂਰੀਆਂ ਦੀਆਂ ਪਲੇਟਾਂ।'' ਭਗਵਾਨ ਨੇ ਹੁਕਮ ਦਿੱਤਾ।

''ਚਾਏ।'' ਬੈਰ੍ਹੇ ਨੇ ਪੁੱਛਿਆ।

''ਬਾਅਦ 'ਚ।''

''ਅੱਛਾ ਜੀ।'' ਬੈਰ੍ਹਾ ਕਹਿ ਕੇ ਚਲਾ ਗਿਆ।

ਪੂਰੀਆਂ ਦੀਆਂ ਪਲੇਟਾਂ ਆ ਗਈਆਂ। ਦੋਵਾਂ ਨੇ ਅਜੇ ਇਕ-ਇਕ ਪੂਰੀ ਹੀ ਖਾਧੀ ਸੀ। ਜਦੋਂ ਗੁਰਮੀਤ ਨੇ ਦੂਸਰੀ ਪੂਰੀ ਦੀ ਬੁਰਕੀ ਤੋੜਦਿਆਂ ਸਾਹਮਣੇ ਵੇਖਿਆ ਤਾਂ ਉਸਦੀਆਂ ਅੱਖਾਂ ਥਾਂਏਂ ਪੱਥਰ ਬਣ ਗਈਆਂ। ਹੱਥ ਕੰਬ ਗਏ। ਦਿਲ ਸਹਿਮ ਗਿਆ। ਮੱਥੇ ਤੋਂ ਪਸੀਨਾ ਚੋਅ ਪਿਆ। ਬੁੱਲ੍ਹਾਂ 'ਤੇ ਸਿਕਰੀ ਆ ਗਈ। ਦਿਲ ਬੁੜਕ-ਬੁੜਕ ਵੱਜਣ ਲੱਗ ਪਿਆ। ਸਾਹਮਣੇ ਦੋ ਸਿਪਾਹੀ ਅਤੇ ਇਕ ਥਾਣੇਦਾਰ ਹੋਟਲ ਵਾਲੇ ਨਾਲ ਗੱਲਾਂ ਕਰ ਰਹੇ ਸਨ। ਹੋਟਲ ਵਾਲਾ ਹੁਕਮ ਸੁਣ ਕੇ ਮਿਠਾਈ ਤੋਲਣ ਲੱਗ ਪਿਆ।

''ਭਾਗੂ!'' ਸਹਿਮੀ ਹੋਈ ਗੁਰਮੀਤ ਦੇ ਸੰਘੋਂ ਮਸਾਂ ਬੋਲ ਨਿਕਲਿਆ।

''ਹਾਂ, ਕੀ ਹੋਇਆ?'' ਗੁਰਮੀਤ ਦੀ ਅਜਿਹੀ ਹਾਲਤ ਵੇਖ ਕੇ ਭਾਗੂ ਦੇ ਅਸਾਣ ਮਾਰੇ ਗਏ।

''ਉਹ ਸਾਹਮਣੇ ਜਿਹੜਾ ਥਾਣੇਦਾਰ ਖੜ੍ਹੈ'', ਭਗਵਾਨ ਨੇ ਗਰਦਨ ਘੁਮਾ ਕੇ ਆਪਣੇ ਪਿਛਲੇ ਪਾਸੇ ਦੇਖਿਆ ਤੇ ਫਿਰ ਸਵਾਲੀਆ ਨਜ਼ਰਾਂ ਗੁਰਮੀਤ ਦੇ ਚਿਹਰੇ 'ਤੇ ਗੱਡ ਦਿੱਤੀਆਂ, ''ਉਹ ਮੇਰੇ ਡੈਡੀ ਦਾ ਦੋਸਤ ਐ, ਸਾਡੇ ਘਰੇ ਵੀ ਗਿਐ ਕਈ ਵਾਰੀ।''

''ਫੇਰ ਕੀ ਹੋ ਗਿਆ।'' ਭਗਵਾਨ ਨੇ ਬੇਪਰਵਾਹਾਂ ਵਾਂਗ ਕਿਹਾ।

''ਉਹ ਮੈਨੂੰ ਜਾਣਦੈ ਚੰਗੀ ਤਰ੍ਹਾਂ। ਆਪਣੀ ਗੱਲ ਡੈਡੀ ਨੇ ਇਹਨੂੰ ਵੀ ਲਾਜ਼ਮੀ ਦੱਸੀ ਹੋਣੀ।'' ਭਗਵਾਨ ਨੇ ਤਾਂ ਇਸ ਗੱਲ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਸੀ। ਜਦੋਂ ਇਹ ਗੱਲ ਉਸਦੇ ਸਮਝ ਪਈ ਤਾਂ ਉਸਦਾ ਅੰਦਰ ਹਿੱਲ ਗਿਆ। ਦੋਵੇਂ ਡਰ ਨਾਲ

ਸੁੰਗੜੇ, ਨੀਵੀਂ ਪਾਈ ਬੈਠੇ ਥਾਣੇਦਾਰ ਦੇ ਚਲੇ ਜਾਣ ਦਾ ਇੰਤਜ਼ਾਰ ਕਰਨ ਲੱਗੇ ਪਰ ਉਹ ਮਿਠਾਈ ਪੈਕ ਕਰਵਾ ਕੇ, ਹੋਟਲ ਵਾਲੇ ਨੂੰ ਕੋਈ ਨਵਾਂ ਹੁਕਮ ਚਾੜ੍ਹ ਕੁਰਸੀਆਂ ਵੱਲ ਨੂੰ ਹੀ ਤੁਰ ਪਏ।

''ਉਹ ਤਾਂ ਇਧਰੀ ਆ ਰਹੇ ਨੇ।'' ਗੁਰਮੀਤ ਹੋਰ ਇਕੱਠੀ ਹੋ ਗਈ, ਜਿਵੇਂ ਕੋਈ ਨਿੱਕਾ ਬੱਚਾ ਅਦਿੱਖ ਜਾਨਵਰ 'ਮਾਊਂ' ਦੇ ਨਾਂ ਤੋਂ ਡਰ ਕੇ ਸਹਿਮ ਜਾਂਦਾ ਹੈ।

''ਹੁਣ ਕੀ ਕਰੀਏ?'' ਭਗਵਾਨ ਨੇ ਡਰੀ ਆਵਾਜ਼ 'ਚ ਪੁੱਛਿਆ।

''ਦੇਖੀ ਜਾਵੇਗੀ।'' ਗੁਰਮੀਤ ਨੂੰ ਕੋਈ ਰਸਤਾ ਨਾ ਦਿਸਿਆ।

ਕੁਰਸੀਆਂ 'ਤੇ ਬੈਠਦੇ ਸਮੇਂ ਥਾਣੇਦਾਰ ਦੀ ਨਿਗ੍ਹਾ ਸਹਿਮੇ ਬੈਠੇ ਮੁੰਡੇ-ਕੁੜੀ ਉਪਰ ਜਾ ਪਈ। ਉਹ ਬੈਠਦਾ-ਬੈਠਦਾ ਥਾਂਏਂ ਰੁਕ ਗਿਆ, ''ਹੈਂ! ਗੁਰਮੀਤ?'' ਉਸਦੀਆਂ ਕੁੰਢੀਆਂ ਮੁੱਛਾਂ ਹੈਰਾਨੀ ਨਾਲ ਫਰਕੀਆਂ। ਉਹ ਘੇਰਨ ਵਾਂਗ ਛੇਤੀ ਦੇਣੇ ਦੋਵਾਂ ਦੇ ਸਿਰ ਉਪਰ ਆ ਖੜ੍ਹਿਆ, ਪਿੱਛੇ ਦੋਵੇਂ ਸਿਪਾਹੀ।

''ਕੁੜੀਏ! ਤੈਂ ਚੰਗੀ ਇੱਜ਼ਤ ਬਣਾਈ ਐ ਆਪਣੇ ਡੈਡੀ ਦੀ ਹੈਂ? ਮਾੜਾ ਮੋਟਾ ਆਪਣੇ ਮਾਂ-ਪਿਓ ਦੀ ਇੱਜ਼ਤ ਦੀ ਤਾਂ ਸ਼ਰਮ ਕਰ ਲੈਂਦੀ?'' ਥਾਣੇਦਾਰ ਗੁਰਮੀਤ 'ਤੇ ਬੱਦਲ ਵਾਂਗ ਗਰਜ਼ ਪਿਆ।

''ਤੂੰ ਓਏ! ਕਿਧਰੋਂ ਵੱਡਾ ਆਸ਼ਕ ਬਣਿਆ ਫਿਰਦੈਂ? ਚੱਲ, ਥਾਣੇ ਚੱਲ, ਤੇਰੀ ਕੱਢੀਏ ਆਸ਼ਕੀ।'' ਥਾਣੇਦਾਰ ਨੇ ਭਗਵਾਨ ਨੂੰ ਡੌਲੇ ਕੋਲੋਂ ਫੜ ਕੇ ਖੜ੍ਹਾ ਕਰ ਲਿਆ।

''ਅੰਕਲ ਮੈਂ ਇਹਦੇ ਨਾਲ ਆਪਣੀ ਮਰਜ਼ੀ ਨਾਲ ਆਈ ਆਂ। ਇਹਦਾ ਕੀ ਕਸੂਰ ਐ।'' ਗੁਰਮੀਤ ਖੜ੍ਹੀ ਹੋ ਕੇ ਭਗਵਾਨ ਦੇ ਬਰਾਬਰ ਖੜ੍ਹ ਗਈ।

''ਕੱਲ੍ਹ ਨੂੰ ਤੂੰ ਆਪਣੀ ਮਰਜ਼ੀ ਨਾਲ ਕੁਛ ਹੋਰ ਕਰੇਂਗੀ, ਜਿਨ੍ਹਾਂ ਨੇ ਤੈਨੂੰ ਜੰਮਿਐ, ਪਾਲਿਐ, ਪੜ੍ਹਾਇਐ, ਉਨ੍ਹਾਂ ਦੀ ਕੋਈ ਮਰਜ਼ੀ ਨੀ?'' ਥਾਣੇਦਾਰ, ਥਾਣੇਦਾਰੀ ਰੋਅਬ ਝਾੜਦਾ ਬੁੜ੍ਹਕ ਪਿਆ।

''ਵਿਆਹ ਕਰਵਾ ਕੇ ਇਨ੍ਹਾਂ ਨਾਲ ਮੈਂ ਰਹਿਣੈ। ਮੈਂ ਚਾਹੇ ਔਖੀ ਹੋਵਾਂ, ਚਾਹੇ ਸੌਖੀ, ਉਨ੍ਹਾਂ ਨੂੰ ਕੀ। ਜੇ ਉਨ੍ਹਾਂ ਨੇ ਮੇਰੇ ਨਹੀਂ ਆਉਣਾ ਤਾਂ ਚਾਹੇ ਜਮ੍ਹਾਂ ਨਾ ਆਉਣ। ਮੈਂ ਤਾਂ ਵਿਆਹ ਇਨ੍ਹਾਂ ਨਾਲ ਈ ਕਰਾਊਂਗੀ।'' ਗੁਰਮੀਤ ਥਾਣੇਦਾਰ ਦੀ ਗੱਲ ਦਾ ਜਵਾਬ ਹੌਸਲੇ ਨਾਲ ਦੇ ਗਈ।

''ਚਲੋ ਸੋਡਾ ਕਰਦੇ ਆਂ ਵਿਆਹ।'' ਥਾਣੇਦਾਰ ਅਤੇ ਦੋਵੇਂ ਸਿਪਾਹੀ ਮੁੰਡੇ ਕੁੜੀ ਨੂੰ ਫੜ ਕੇ ਥਾਣੇ ਲੈ ਗਏ। ਥਾਣੇ ਲੈ ਜਾ ਕੇ ਪਹਿਲਾਂ ਤਾਂ ਦੋਵਾਂ ਨੂੰ ਡਰਾਉਂਦੇ-ਧਮਕਾਉਂਦੇ ਰਹੇ। ਜਦੋਂ ਦੋਵੇਂ ਆਪਣੀ ਗੱਲ 'ਤੇ ਅੜੇ ਰਹੇ ਤਾਂ ਥਾਣੇਦਾਰ ਭਗਵਾਨ ਨੂੰ ਥਾਣੇ ਛੱਡ ਕੇ ਗੁਰਮੀਤ ਨੂੰ ਆਪਣੇ ਨਾਲ ਘਰ ਲੈ ਗਿਆ। ਉਸਨੇ ਗੁਰਮੀਤ ਦੇ ਡੈਡੀ ਨੂੰ ਫੋਨ ਕਰਕੇ ਆਪਣੇ ਘਰ ਹੀ ਬੁਲਾ ਲਿਆ। ਗੁਰਮੀਤ ਦੀ ਮਾਂ, ਬਾਪ, ਭਰਾ ਅਤੇ ਮਾਸੀ ਉਸਨੂੰ ਮੱਲੋ-ਮੱਲੀ ਕਾਰ ਵਿਚ ਸੁੱਟ ਕੇ ਪਿੰਡ ਨੂੰ ਲੈ ਤੁਰੇ। ਕਾਰ ਧਾਹਾਂ ਮਾਰਦੀ ਗੁਰਮੀਤ ਨੂੰ ਲੈ ਕੇ ਛਿਪਦੇ ਸੂਰਜ ਵਾਂਗ ਬਾਜ਼ਾਰ ਦੀ ਭੀੜ ਵਿਚ ਗੁਆਚ ਗਈ।

-0-

ਗੁਰਦੀਪ ਸਰਪੰਚ, ਗੁਰਨੈਬ, ਰਾਜਾ ਅਤੇ ਭਗਵਾਨ ਦੇ ਤਾਏ ਦਾ ਮੁੰਡਾ ਜੱਗਾ, ਭਗਵਾਨ ਨੂੰ ਸੰਗਰੂਰ ਬੱਸ ਸਟੈਂਡ ਵਿਚ ਨੌਂ ਵਜੇ ਤੋਂ ਉਡੀਕ ਰਹੇ ਸੀ ਪਰ ਭਗਵਾਨ ਕਿਧਰੇ ਦਿਖਾਈ ਨਾ ਦਿੱਤਾ। ਨੌਂ ਤੋਂ ਸਾਢੇ ਨੌਂ ਹੋ ਗਏ, ਫਿਰ ਪੌਣੇ ਦਸ ਤੇ ਅਖੀਰ ਦਸ ਵੱਜ ਗਏ। ਸਾਰਿਆਂ ਦੀ ਪ੍ਰੇਸ਼ਾਨੀ ਹੋਰ ਵਧ ਗਈ। ਭੈੜੀਆਂ ਸੋਚਾਂ ਨੇ ਸਾਰਿਆਂ ਦੇ ਦਿਮਾਗ਼ ਜਕੜ ਲਏ। ਅਖੀਰ ਗੱਲ ਕੀ ਹੋ ਗਈ? ਸਮਾਂ ਤਾਂ ਨੌਂ ਵਜੇ ਅੱਡੇ ਦਾ ਹੀ ਦਿੱਤਾ ਸੀ।

''ਸਰਪੰਚ, ਅਜੇ ਤੱਕ ਭਗਵਾਨ ਆਇਆ ਕਾਹਤੋਂ ਨੀ? ਕੀ ਗੱਲ ਹੋ ਗਈ ਹੋਣੀ?'' ਗੁਰਨੈਬ ਨੇ ਸਰਪੰਚ ਦੇ ਕੋਲ ਹੋ ਕੇ ਪੁੱਛਿਆ।

''ਮੈਨੂੰ ਤਾਂ ਉਹਨੇ ਨੌਂ ਵੱਜਦੇ ਨੂੰ ਕਿਹਾ ਤੀ, ਕਹਿੰਦਾ ਪੱਕਾ ਆ ਜਾਊਂ।'' ਸਰਪੰਚ ਨੂੰ ਵੀ ਕੋਈ ਸਮਝ ਨਹੀਂ ਪੈ ਰਹੀ ਸੀ।
''ਕਿਤੇ ਨਾ ਈ ਆਇਆ ਹੋਵੇ।'' ਰਾਜਾ ਬੋਲਿਆ।
''ਪਰਸੋਂ ਤਾਂ ਉਹਨੇ ਫੋਨ 'ਤੇ ਕਿਹਾ ਤੀ ਵੀ ਮੈਂ ਇਥੋਂ ਕੱਲ੍ਹ ਨੂੰ ਸਵੇਰੇ ਹੀ ਚੱਲ੍ਹ ਪਊਂਗਾ। ਜੇਕਰ ਕੱਲ੍ਹ ਉਥੋਂ ਸਵੇਰੇ ਤੁਰਿਆ ਹੋਣਾ ਤਾਂ ਕੱਲ੍ਹ ਦੁਪਹਿਰ ਤੱਕ ਇਥੇ ਪਹੁੰਚ ਗਿਆ ਹੋਊ।'' ਸਰਪੰਚ ਦੇ ਦਿਮਾਗ਼ ਵਿਚ ਭਗਵਾਨ ਨਾਲ ਹੋਈ ਸਾਰੀ ਗੱਲਬਾਤ ਘੁੰਮ ਰਹੀ ਸੀ।
''ਕਿਤੇ ਪੁਲਿਸ ਦੇ ਧੱਕੇ ਨਾ ਚੜ੍ਹ ਗਏ ਹੋਣ।'' ਗੁਰਨੈਬ ਨੇ ਆਪਣੀ ਸੋਚ ਮੁਤਾਬਿਕ ਸ਼ੱਕ ਜ਼ਾਹਿਰ ਕੀਤਾ।
''ਹੋ ਸਕਦੈ।'' ਗੁਰਨੈਬ ਦਾ ਸ਼ੱਕ ਸਾਰਿਆਂ ਨੂੰ ਸੋਚਣ ਲਈ ਮਜ਼ਬੂਰ ਕਰ ਗਿਆ, ''ਨਾਲੇ ਆਪਾਂ ਐਡੀ ਦੂਰ ਕਿਮੇਂ ਪਤਾ ਕਰਾਂਗੇ।'' ਗੁਰਨੈਬ ਸਾਹਮਣੇ ਇਕ ਹੋਰ ਉਲਝਣ ਆ ਖੜ੍ਹੀ।
''ਪਹਿਲਾਂ ਇਥੇ ਪਤਾ ਕਰਦੇ ਆਂ, ਕੀ ਪਤੈ ਇਥੇ ਈ ਕੋਈ ਭਾਣਾ ਵਰਤ ਗਿਆ ਹੋਵੇ।'' ਸਰਪੰਚ ਦੀ ਗੱਲ ਸਾਰਿਆਂ ਨੂੰ ਜਚ ਗਈ। ਸਰਪੰਚ ਅੱਗੇ ਲੱਗ ਪਿਆ। ਬਾਕੀ ਸਾਰੇ ਉਸਦੇ ਪਿੱਛੇ-ਪਿੱਛੇ ਥਾਣੇ ਨੂੰ ਤੁਰ ਪਏ। ਬਾਜ਼ਾਰ 'ਚੋਂ ਹੁੰਦੇ ਹੋਏ ਉਹ ਸਾਰੇ ਵੱਡੇ ਚੌਕ ਪਹੁੰਚ ਗਏ। ਜਦ ਉਹ ਥਾਣੇ ਦੇ ਦਰਵਾਜ਼ੇ ਵਿਚੋਂ ਲੰਘਣ ਲੱਗੇ ਤਾਂ ਦਰਵਾਜ਼ੇ ਵਿਚ ਸੱਜੇ ਹੱਥ ਬਣੀ ਹਵਾਲਾਤ ਵਿਚ ਭਗਵਾਨ ਡੱਕਿਆ ਬੈਠਾ ਸੀ। ਸਰਪੰਚ ਹੋਰਾਂ ਨੂੰ ਵੇਖ ਕੇ ਉਸਦਾ ਖਿੰਡਿਆ ਹੌਸਲਾ ਬੱਝ ਗਿਆ। ਉਹ ਖੁਸ਼ੀ ਅਤੇ ਸ਼ਰਮ ਨਾਲ ਬੁੱਲ੍ਹਾਂ ਵਿਚ ਮੁਸਕਰਾ ਪਿਆ। ਸਰਪੰਚ ਅਤੇ ਰਾਜੇ ਹੋਰੀਂ ਹੌਸਲੇ ਭਰਿਆ ਹੱਥ ਖੜ੍ਹਾ ਕਰਕੇ ਸਿੱਧਾ ਥਾਣੇਦਾਰ ਕੋਲ ਪਹੁੰਚ ਗਏ। ਗੁਰਦੀਪ ਸਰਪੰਚ ਨੇ ਆਪਣੀ ਜਾਣ-ਪਹਿਚਾਣ ਦੱਸੀ ਅਤੇ ਦੋਵਾਂ ਨੇ ਆਪਸ ਵਿਚ ਘੁੱਟ ਕੇ ਹੱਥ ਮਿਲਾਇਆ। ਜਦੋਂ ਉਨ੍ਹਾਂ ਨੇ ਭਗਵਾਨ ਨੂੰ ਛੱਡਣ ਦੀ ਗੱਲ ਤੋਰੀ ਤਾਂ ਥਾਣੇਦਾਰ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਪਹਿਲਾਂ ਤਾਂ ਸਰਪੰਚ ਹੋਰੀਂ ਮਿੰਨਤਾਂ ਕਰਦੇ ਰਹੇ। ਜਦ ਘਿਓ ਸਿੱਧੀ ਉਂਗਲੀ ਨਿਕਲਦਾ ਨਾ ਦਿਸਿਆ ਤਾਂ ਸਰਪੰਚ ਥਾਣੇਦਾਰ ਵੱਲ ਸਿੱਧਾ ਹੋ ਗਿਆ। ''ਥਾਣੇਦਾਰ ਸਾਹਿਬ! ਮੁੰਡਾ-ਕੁੜੀ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਨੇ, ਨਾਲੇ ਇਹ ਹੁਣ ਕੋਈ ਨਾਬਾਲਗ ਨਹੀਂ, ਦੋਏ ਬੀ.ਏ. ਨੇ। ਇਨ੍ਹਾਂ ਨੂੰ ਤੁਸੀ ਕਿਹੜੇ ਕਾਨੂੰਨ 'ਤੇ ਰੋਕਦੇ ਓ? ਸਾਡੇ ਮੁੰਡੇ ਦਾ ਦੱਸੋ ਕੀ ਕਸੂਰ ਐ? ਕੋਈ ਪਰਚਾ ਦਰਜ ਐ ਏਤੇ? ਊਈਂ ਬਿਨਾਂ ਮਤਲਬ ਦੇ ਕੱਲ੍ਹ ਦਾ ਫੜ ਕੇ ਬੰਦ ਕਰਿਐ! ਅਸੀਂ ਤਾਂ ਮੀਡੀਏ ਕੋਲ ਪਹੁੰਚ ਕਰਾਂਗੇ। ਨਾਲੇ ਥੋਡੇ 'ਤੇ ਨਜਾਇਜ਼ ਤਸ਼ੱਦਦ ਦਾ ਕੇਸ ਪਾਵਾਂਗੇ। ਚਲੋ ਮੰਡਿਓ!'' ਸਰਪੰਚ ਗੁੱਸੇ ਨਾਲ ਲਾਲ ਹੋਇਆ ਕੁਰਸੀ 'ਚੋਂ ਭੱਠੀ ਦੇ ਦਾਣੇ ਵਾਂਗ ਤਿੜਕਿਆ ਤੇ ਉਠ ਕੇ ਤੁਰ ਪਿਆ।
''ਸਰਪੰਚ ਸਾਅਬ ਤੁਸੀਂ ਮੁੰਡੇ ਨੂੰ ਲੈ ਜਿਉਂ, ਐਨੀ ਕੀ ਕਾਹਲੀ ਐ। ਬੈਠ ਜੋ ਦੋ ਮਿੰਟ।'' ਥਾਣੇਦਾਰ ਸਰਪੰਚ ਦੀਆਂ ਕਾਨੂੰਨੀ ਗੱਲਾਂ ਸੁਣ ਕੇ ਪਾਣੀ ਦੀ ਝੱਗ ਵਾਂਗ ਬੈਠ ਗਿਆ। ਉਸਦੇ ਪੈਰਾਂ ਥੱਲਿਉਂ ਮਿੱਟੀ ਨਿਕਲ ਗਈ। ਉਸਨੇ ਬੱਕਰੀ ਦੇ ਬੱਚੇ ਵਾਂਗ ਮਿਣ-ਮਿਣ ਕਰਕੇ ਸਰਪੰਚ ਨੂੰ ਠੰਢਾ ਕਰ ਲਿਆ ਤੇ ਅਖੀਰ ਭਗਵਾਨ ਉਨ੍ਹਾਂ ਦੇ ਨਾਲ ਤੋਰ ਦਿੱਤਾ।
ਥਾਣੇ ਤੋਂ ਉਹ ਸਿੱਧਾ ਕਚਹਿਰੀਆਂ ਨੂੰ ਹੋ ਤੁਰੇ। ਸਰਪੰਚ ਦੀਆਂ ਅੱਖਾਂ ਵਿਚ ਅਜੇ ਵੀ ਗੁੱਸਾ ਅੰਗਾਰਿਆਂ ਵਾਂਗ ਤਪਦਾ ਸੀ। ਇਹ ਗੁੱਸਾ ਭਗਵਾਨ ਦੇ ਪੱਖ ਵਿਚ ਭੁਗਤ ਗਿਆ। ਸਰਪੰਚ ਨੇ ਚੰਗਾ ਵਕੀਲ ਭਾਲ ਕੇ ਭਗਵਾਨ ਤੇ ਗੁਰਮੀਤ ਦਾ ਕੇਸ ਪੂਰਾ ਜਬਰਦਸਤ ਤਿਆਰ ਕਰਵਾਇਆ। ਆਥਣੇ ਛੇ ਵਜੇ ਉਹ ਕੋਈ ਉਮੀਦ ਅੱਖਾਂ ਵਿਚ ਸਮੋਈ ਕਚਹਿਰੀਆਂ 'ਚੋਂ ਬਾਹਰ ਨਿਕਲੇ।

## 24.

ਚਾਹੇ ਸੇਖਗੜ੍ਹੀਏ ਸਾਰੇ ਪਰਿਵਾਰ ਨੇ ਗੱਲ ਦੀ ਕਿੰਨੀ ਵੀ ਲੁਕ ਰੱਖੀ ਸੀ ਪਰ ਅੰਦਰ ਦੱਬੀ ਅੱਗ ਦਾ ਧੂੰਆਂ ਕੋਠੇ ਚੜ੍ਹ ਕੇ ਚੁਫ਼ੇਰੇ ਖਿੰਡ ਗਿਆ ਸੀ। ਗੁਰਮੀਤ ਦੇ ਭੱਜ ਜਾਣ ਦੀ ਗੱਲ ਮੀਤੇ ਦੀ ਘਰ ਵਾਲੀ ਤੋਂ ਮੂੰਹੋਂ ਮੂੰਹ ਹੁੰਦੀ ਸਾਰੇ ਪਿੰਡ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਬਾਹਰ ਢੋਲ ਵੱਜ ਗਏ ਸੀ ਪਰ ਅੰਦਰ ਭਰਮ ਸੀ ਕਿ ਗੱਲ ਕੋਠੀ ਦੀਆਂ ਉੱਚੀਆਂ ਕੰਧਾਂ ਨਹੀਂ ਟੱਪ ਸਕੀ। ਸਾਰਾ ਟੱਬਰ ਸ਼ਾਮ ਨੂੰ ਸੌ-ਸੌ ਸਲਾਹਾਂ ਬਣਾਉਂਦਾ ਰਿਹਾ ਸੀ ਪਰ ਕੋਈ ਗੱਲ ਸਿਰੇ ਨਹੀਂ ਸੀ ਲੱਗੀ।
ਜਿਸ ਦਿਨ ਥਾਣੇਦਾਰ ਦਾ ਫੋਨ ਆਇਆ ਸਾਰੇ ਟੱਬਰ ਨੇ ਸੁੱਖ ਦਾ ਸਾਹ ਲਿਆ, 'ਚਲੋ ਇੱਜ਼ਤ ਰੁਲਣੋਂ ਰਹਿ ਗਈ।' ਉਨ੍ਹਾਂ ਨੇ ਤੁਰੰਤ ਗੱਡੀ ਲੈ ਜਾ ਕੇ ਗੁਰਮੀਤ ਨੂੰ ਲੈ ਆਂਦਾ। ਘਰ ਆਉਂਦਿਆਂ ਅੰਦਰ ਕੁੰਡੀ ਲਾ ਕੇ ਮਿੰਦਰ ਤੇ ਹਰਬਖਸ਼ ਨੇ ਗੁਰਮੀਤ ਨੂੰ 'ਧੈਂਅ-ਧੈਂਅ' ਕੁੱਟ ਦਿੱਤਾ। ਮੀਤੀ ਦੀ ਮਾਂ ਹੱਥ ਜੋੜਦੀ, ਤਰਲੇ ਕੱਢਦੀ ਰਹੀ ਪਰ ਉਸਦੀ ਕਿਸੇ ਨੇ ਨਾ ਸੁਣੀ। ਗੁਰਮੀਤ ਲਾਸ਼ ਬਣੀ, ਨਿੱਸਲ ਹੋਈ ਪਈ ਰਹੀ। ਜਦ ਕੁੱਟ-ਕੁੱਟ ਦੋਵਾਂ ਦੀ ਬੱਸ ਹੋ ਗਈ ਤਾਂ ਉਹ ਗਾਲ੍ਹਾਂ ਕੱਢਦੇ ਬਾਹਰ ਤੁਰ ਗਏ। ਗੁਰਮੀਤ ਦੀ ਮਾਂ ਨੇ ਡਿੱਗੀ ਪਈ ਗੁਰਮੀਤ ਨੂੰ ਚੁੱਕ ਕੇ ਆਪਣੀ ਬੁੱਕਲ ਵਿਚ ਲੈਂਦਿਆਂ ਉਸਦਾ ਮੁੜ੍ਹਕੇ ਨਾਲ ਤਰ ਹੋਇਆ ਚਿਹਰਾ ਆਪਣੀ ਚੁੰਨੀ ਨਾਲ ਪੂੰਝਿਆ। ਗੁਰਮੀਤ ਦਾ ਰੋਕਿਆ ਦਰਦ ਕੜ ਪਾਟ ਕੇ ਬਾਹਰ ਆ ਗਿਆ। ਉਹ ਮਾਂ ਦੇ ਗਲ ਨੂੰ ਚਿੰਬੜ ਕੇ ਉੱਚੀ-ਉੱਚੀ ਧਾਹਾਂ ਮਾਰ ਕੇ ਰੋ ਪਈ। ਉਸਦੀ ਮਾਂ ਆਪਣੇ ਹੰਝੂ ਪੂੰਝਦੀ, ਕਿੰਨਾ ਚਿਰ ਹੀ ਗੁਰਮੀਤ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦੀ ਰਹੀ।
ਦੋ ਤਿੰਨ ਦਿਨਾਂ ਤੱਕ ਸਾਰੇ ਟੱਬਰ ਨੇ ਗੱਲ ਆਈ ਗਈ ਕਰ ਦਿੱਤੀ ਸੀ। ਚਲੋ ਲੋਕਾਂ ਨੂੰ ਪਤਾ ਲੱਗਣ ਤੋਂ ਪਹਿਲਾਂ ਇੱਜ਼ਤ ਘਰ ਆ ਗਈ। ਜੇ ਗੱਲ ਅੱਗੇ ਵਧਾਉਂਦੇ ਤਾਂ ਆਪਣਾ ਹੀ ਢਿੱਡ ਨੰਗਾ ਹੋਣਾ ਸੀ। ਅਜੇ ਵੀ ਰੱਬ ਦਾ ਸ਼ੁਕਰ ਹੈ ਪਰ ਜਦੋਂ ਅਦਾਲਤੀ ਕੇਸ ਦਾ ਪਤਾ ਚੱਲਿਆ ਤਾਂ ਸਾਰੇ ਟੱਬਰ ਦੇ ਖਰੀਂਡ ਆਏ ਜ਼ਖ਼ਮ ਦੁਬਾਰਾ ਉਚੜ ਗਏ। ਇਸ ਗੱਲ ਬਾਰੇ ਤਾਂ ਕਿਸੇ ਨੇ ਸੋਚਿਆ ਤੱਕ ਨਹੀਂ ਸੀ ਕਿ ਸ਼ਾਂਤਪੁਰ ਵਾਲੇ ਇਥੋਂ ਤੱਕ ਪਹੁੰਚ ਜਾਣਗੇ। ਹਰਬਖ਼ਸ਼ ਫਿਰ ਥਾਣੇਦਾਰ ਕੋਲ ਭੱਜਿਆ। ਹੁਣ ਕੋਈ ਰਾਹ ਨਹੀਂ ਸੀ। ਅਖੀਰ ਗੁਰਮੀਤ ਦੀਆਂ ਸਹੇਲੀਆਂ ਅਤੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਗੁਰਮੀਤ 'ਤੇ ਜ਼ੋਰ ਪਾਇਆ ਜਾਣ ਲੱਗਿਆ ਕਿ ਉਹ ਭਗਵਾਨ ਵਿਰੁੱਧ ਬਿਆਨ ਦੇ ਦੇਵੇ। ਹਰਬਖਸ਼ ਨੇ ਆਪਣੇ ਅਸਰ ਰਸੂਖ ਦੀ ਪਹੁੰਚ ਕਰਕੇ ਇਕ ਪੇਸ਼ੀ ਵੀ ਅੱਗੇ ਪਵਾ ਲਈ। ਅਖੀਰ ਗੁਰਮੀਤ ਨੇ ਸਾਰਿਆਂ ਦੀ ਗੱਲ ਮੰਨ ਲਈ।

-0-

ਗੱਡੀ ਨੇ ਅਸਮਾਨ ਛੂੰਹਦੀ ਬਿਲਡਿੰਗ ਕੋਲ ਆ ਕੇ ਬ੍ਰੇਕ ਲਾਏ। ਵਿਚੋਂ ਭਗਵਾਨ, ਉਸਦਾ ਬਾਪ, ਮੁਖਤਿਆਰ ਸਰਪੰਚ, ਗੁਰਦੀਪ ਸਰਪੰਚ, ਰਾਜਾ, ਗੁਰਨੈਬ ਸਿੰਘ ਅਤੇ ਨਾਲ ਆਏ ਇਕ ਦੋ ਹੋਰ ਬੰਦੇ ਉਤਰ ਕੇ ਸਾਹਮਣੇ ਨਿੰਮ ਥੱਲੇ ਬਣੀਆਂ ਸੀਮਿੰਟ ਦੀਆਂ ਚੌਕੜੀਆਂ ਵੱਲ ਤੁਰ ਪਏ। ਮੁਖਤਿਆਰ ਅਤੇ ਗੁਰਦੀਪ ਸਰਪੰਚ ਸਮੇਂ ਦੇ ਬਦਲਣ ਨਾਲ ਬਦਲ ਗਏ ਸਨ। ਵੀਹੀ ਦਾ ਰੌਲਾ ਮਿਟਣ ਤੋਂ ਬਾਅਦ ਉਹ ਹੁਣ ਇਕ ਭਾਂਡੇ ਵਿਚ ਖਾਣ ਲੱਗ ਪਏ ਸਨ ਅਤੇ ਇਕੱਠਿਆਂ ਨੇ ਪਿੰਡ ਦੇ ਕਈ ਕੰਮ ਵੀ ਰਲ ਕੇ ਸੰਵਾਰੇ ਸਨ। ਪਿੰਡ ਵਿਚ ਲੋਕਾਂ ਦੇ ਪੜ੍ਹਨ ਲਈ ਇਕ ਲਾਇਬਰੇਰੀ ਵੀ ਖੋਲ੍ਹ ਦਿੱਤੀ ਸੀ। ਇਸ ਸਭ ਕਾਸੇ ਵਿਚ ਭਗਵਾਨ ਦੀ ਸਿਆਣਪ ਨੇ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਅਜੇ ਪੇਸ਼ੀ ਵਿਚ ਪੌਣਾ ਘੰਟਾ ਪਿਆ ਸੀ। ਫ਼ੈਸਲਾ ਤਾਂ ਸ਼ਾਇਦ ਇਸਤੋਂ ਪਹਿਲੀ ਤਾਰੀਖ਼ ਹੀ ਹੋ ਜਾਣਾ ਸੀ ਪਰ ਸੇਖਗੜ੍ਹ ਵਾਲਿਆਂ ਨੇ ਜੋਰ ਪਾ ਕੇ ਪੇਸ਼ੀ ਅੱਗੇ ਪਵਾ ਦਿੱਤੀ ਸੀ। ਸ਼ਾਇਦ ਉਨ੍ਹਾਂ ਨੂੰ ਯਕੀਨ ਸੀ ਕਿ ਉਹ ਸਮਝਾ-ਬੁਝਾ ਕੇ ਕੁੜੀ ਨੂੰ ਭਗਵਾਨ ਵਿਰੁੱਧ ਕਰ ਦੇਣਗੇ।
''ਸ਼ੇਰਾ ਕਿੱਡਾ ਕੰਮ ਵਧਾਇਐ, ਤੈਨੂੰ ਬਹੂਆਂ ਦਾ ਤੋੜਾ ਤੀ, ਮੈਨੂੰ ਦਸਦਾ, ਤੈਨੂੰ ਦੂਜੇ ਦਿਨ ਸਾਕ ਲਿਆ ਦਿੰਦਾ।'' ਗੁਰਦਿਆਲ ਨੇ ਚੌਕੜੀ 'ਤੇ ਬਹਿੰਦਿਆਂ ਕਿਹਾ।
''ਤਾਇਆ ਸਾਕਾਂ ਦਾ ਕੀ ਘਾਟਾ ਤੀ ਇਹਨੂੰ, ਰੋਜ਼ ਚਾਰ-ਚਾਰ ਆਉਂਦੇ ਤੀ ਪਰ ਇਹ ਤਾਂ ਦਿਲ ਮਿਲਿਆਂ ਦੇ ਮੇਲੇ ਨੇ।'' ਗੁਰਨੈਬ ਨੇ ਆਪਣੀ ਦਲੀਲ ਦਿੱਤੀ।

''ਦਿਲ ਤਾਂ ਮੇਰਾ ਸ਼ੇਰ ਬਾਅਦ 'ਚ ਵੀ ਮਿਲ ਜਾਂਦੇ ਨੇ। ਮੈਂ ਤੇਰੀ ਤਾਈ ਦਾ ਸੁਹਾਗ ਰਾਤ ਨੂੰ ਮੂੰਹ ਦੇਖਿਆ ਤੀ। ਹੁਣ ਦੇਖ ਲੈ ਸਾਡਾ ਕਿੰਨਾ ਮੋਹ ਐ।'' ਗੁਰਦਿਆਲ ਨੇ ਗੁਰਨੈਬ ਦੀ ਦਲੀਲ ਨੂੰ ਘੇਰ ਲਿਆ।

''ਤਾਇਆ ਤੈਂ ਸਾਕ ਬਿਨਾਂ ਦੇਖੇ ਈ ਲੈ ਲਿਆ?'' ਰਾਜੇ ਨੇ ਗੁਰਦਿਆਲ ਦੀ ਗੱਲ ਤੇ ਹੈਰਾਨੀ ਵਿਚ ਮੂੰਹ ਟੱਡ ਲਿਆ।

''ਲੈ..ਅ..ਪਹਿਲਾਂ ਕੇਹੜੀਆਂ ਤੀ ਦੇਖ-ਦਖਾਈਆਂ। ਪਹਿਲਾਂ ਤਾਂ ਲਾਟਰੀ ਨਿਕਲਦੀ ਤੀ। ਸੁਹਾਗ ਰਾਤ ਆਲੇ ਦਿਨ ਈ ਪੱਲਾ ਚੱਕੇ ਤੋਂ ਪਤਾ ਲੱਗਦਾ ਤੀ, ਕਿਸੇ ਨੂੰ ਕਾਣੀ ਨਿਕਲ ਆਉਂਦੀ, ਕਿਸੇ ਨੂੰ ਸੁਜਾਖੀ। ਕਿਸੇ ਨੂੰ ਚਿੱਟੀ, ਕਿਸੇ ਨੂੰ ਕਾਲੀ। ਪਹਿਲਾਂ ਤਾਂ ਜੇ ਜੰਨ ਆਇਆਂ ਦੀ ਦੋਏਂ ਧਿਰਾਂ ਦੀ ਰੈਅ ਬਣ ਜਾਂਦੀ ਤਾਂ ਨਿੱਕਿਆਂ-ਨਿੱਕਿਆਂ ਨੂੰ ਈ ਚੱਕ ਕੇ ਫੇਰਿਆਂ 'ਤੇ ਬਿਠਾ ਦਿੰਦੇ। ਜਦੋਂ ਵੱਡੇ ਹੋ ਜਾਂਦੇ, ਉਦੋਂ ਮੁੰਡਾ ਆ ਕੇ ਮੁਕਲਾਵਾ ਲੈ ਜਾਂਦਾ। ਉਹ ਭਲੇ ਵੇਲੇ ਕਿੱਥੇ ਰਹਿਗੇ ਸ਼ੇਰਾ। ਹੁਣ ਤਾਂ ਸੌ ਇਸ਼ਨੂੰ-ਵਿਸ਼ਨੂੰ ਚੱਲ ਪਿਆ।'' ਗੁਰਦਿਆਲ ਨਵੇਂ ਪੁਰਾਣੇ ਰੀਤੀ ਰਿਵਾਜਾਂ ਨੂੰ ਆਪਸ ਵਿਚ ਤੋਲ ਕੇ ਪਹਾੜ ਜਿੱਡਾ ਹਾਉਕਾ ਲੈ ਗਿਆ। ਉਸਦੀਆਂ ਅੱਧ-ਮਿਚੀਆਂ ਅੱਖਾਂ ਵਿਚ ਪੁਰਾਣਾ ਜ਼ਮਾਨਾ ਡਲ੍ਹਕ ਰਿਹਾ ਸੀ।

''ਲਗਦੈ ਸੇਖਗੜ੍ਹ ਆਲੇ ਵੀ ਆ ਗੇ।'' ਰਾਜੇ ਦੇ ਬੋਲਾਂ ਨੇ ਸਾਰਿਆਂ ਦਾ ਧਿਆਨ ਉਖੇੜ ਕੇ ਸਾਹਮਣੇ ਤੁਰੇ ਆਉਂਦੇ ਸੇਖਗੜ੍ਹੀਆਂ ਵੱਲ ਕਰਵਾ ਦਿੱਤਾ। ਪੰਜ ਛੇ ਬੰਦੇ ਅਤੇ ਤਿੰਨ-ਚਾਰ ਜਨਾਨੀਆਂ ਵਿਚ ਘਿਰੀ ਗੁਰਮੀਤ ਭਗਵਾਨ ਨੇ ਦੂਰੋਂ ਪਹਿਚਾਣ ਲਈ। ਪਹਿਲਾਂ ਨਾਲੋਂ ਅੱਧੀ ਰਹਿ ਗਈ ਗੁਰਮੀਤ ਦੇ ਦਗ-ਦਗ ਕਰਦੇ ਚਿਹਰੇ ਨੂੰ ਲਾਲੀ ਦੀ ਥਾਂ ਪਿਲੱਤਣ ਨੇ ਘੇਰ ਲਿਆ ਸੀ। ਸ਼ਰਬਤੀ ਅੱਖਾਂ ਅੰਦਰ ਨੂੰ ਧਸ ਗਈਆਂ ਸਨ ਪਰ ਬੁੱਲ੍ਹਾਂ ਤੋਂ ਪਹਿਲਾਂ ਵਾਲੀ ਹੀ ਖੁਸ਼ੀ ਟਪਕਦੀ ਸੀ। ਸੇਖਗੜ੍ਹੀਆਂ ਨੇ ਕੋਲੋਂ ਲੰਘਦਿਆਂ ਭਗਵਾਨ ਹੋਰਾਂ ਵੱਲ ਗੁੱਝੀਆਂ ਤੇ ਵਿਰੋਧੀ ਨਜ਼ਰਾਂ ਨਾਲ ਵੇਖਿਆ। ਗੁਰਮੀਤ ਬਿਨਾਂ ਵੇਖਿਆਂ ਲੰਘ ਗਈ। ਭਗਵਾਨ ਦਾ ਦਿਲ ਡਰ ਨਾਲ ਕੰਬ ਗਿਆ। ਹੌਸਲਾ ਕਿਰ ਗਿਆ।

''ਐਨੇ ਚਿਰ ਬਾਅਦ ਇਕ-ਦੂਜੇ ਨੂੰ ਵੇਖਣ ਦਾ ਮੌਕਾ ਮਿਲਿਆ ਸੀ। ਅੱਖਾਂ ਤਰਸ ਗਈਆਂ ਸਨ, ਇਕ ਦੂਜੇ ਨੂੰ ਵੇਖਿਆਂ ਪਰ ਇਹ ਬਿਨਾਂ ਵੇਖੇ ਲੰੰਘ ਗਈ।'' ਭਗਵਾਨ ਸੋਚਾਂ ਦੇ ਡੂੰਘੇ ਸਮੁੰਦਰ ਵਿਚ ਗੋਤੇ ਖਾ ਗਿਆ। ਉਸਨੂੰ ਰਾਜੇ ਦੀ ਭੂਆ ਦੇ ਮੁੰਡੇ ਦੀਆਂ ਕਹੀਆਂ ਗੱਲਾਂ ਸੱਚ ਜਾਪੀਆਂ। ਉਸਨੇ ਦੱਸਿਆ ਸੀ ਕਿ ਗੁਰਮੀਤ ਨੂੰ ਤੇਰੇ ਵਿਰੁੱਧ ਬਿਆਨ ਦੇਣ ਲਈ ਰਿਸ਼ਤੇਦਾਰੀਆਂ ਦਾ ਦਬਾਅ ਪਾਇਆ ਜਾ ਰਿਹਾ ਹੈ। ਉਸਨੇ ਤਾਂ ਇਹ ਵੀ ਕਿਹਾ ਸੀ ਕਿ ਗੁਰਮੀਤ ਤੇਰੇ ਵਿਰੁੱਧ ਬਿਆਨ ਦੇਣ ਲਈ ਵੀ ਮੰਨ ਗਈ ਹੈ। ਉਦੋਂ ਇਹ ਸਾਰੀਆਂ ਗੱਲਾਂ ਭਗਵਾਨ ਨੂੰ ਮਜ਼ਾਕ ਵਾਂਗ ਜਾਪੀਆਂ ਸਨ ਪਰ ਗੁਰਮੀਤ ਦੇ ਹੁਣ ਦੇ ਵਿਵਹਾਰ ਨੇ ਇਨ੍ਹਾਂ ਤੇ ਸੱਚ ਹੋਣ ਦੀ ਮੋਹਰ ਲਗਾ ਦਿੱਤੀ ਸੀ।

ਪੇਸ਼ੀ ਦਾ ਸਮਾਂ ਹੋ ਗਿਆ। ਸਾਰਾ ਹਾਲ ਲੋਕਾਂ ਨਾਲ ਭਰ ਗਿਆ। ਕਿਸੇ ਲਈ ਇਥੇ ਜ਼ਿੰਦਗੀ ਮੌਤ ਦਾ ਸਵਾਲ ਸੀ, ਕਿਸੇ ਲਈ ਮਨੋਰੰਜਨ ਅਤੇ ਕੋਈ ਵਿਚੋਂ ਇਕ ਦੋ ਸਵਾਦਲੀਆਂ ਗੱਲਾਂ ਦਾ ਆਨੰਦ ਲੈਣ ਲਈ ਆ ਬੈਠਾ ਸੀ। ਜੱਜ ਦੇ ਬੈਠਣ ਨਾਲ ਦੋਵੇਂ ਵਕੀਲਾਂ ਦੀ ਆਪਸੀ ਖਹਿਬਾਜ਼ੀ ਸ਼ੁਰੂ ਹੋ ਗਈ। ਸੇਖਗੜ੍ਹੀਆਂ ਦੇ ਵਕੀਲ ਨੇ ਦੋਸ਼ ਲਗਾਇਆ, ''ਭਗਵਾਨ ਕੁੜੀ ਨੂੰ ਵਰਗਲਾ ਕੇ ਲੈ ਗਿਆ ਸੀ। ਇਸਦਾ ਕੁੜੀ ਨਾਲ ਕੋਈ ਸਬੰਧ ਨਹੀਂ, ਜੋ ਕਿ ਕੁੜੀ ਆਪ ਮੰਨਦੀ ਹੈ।''

ਸੁਣ ਕੇ ਭਗਵਾਨ ਪੈਰਾਂ ਤੋਂ ਸਿਰ ਤੱਕ ਕੰਬ ਗਿਆ, ''ਹੈਂ! ਐਡਾ ਵੱਡਾ ਧੋਖਾ, ਮੇਰੇ ਨਾਲ 'ਕੱਠੇ ਜਿਉਣ ਮਰਨ ਦੀਆਂ ਸੌਹਾਂ ਖਾਣ ਵਾਲੀ ਗੁਰਮੀਤ ਐਡਾ ਵੱਡਾ ਧੋਖਾ ਕਿਵੇਂ ਦੇ ਸਕਦੀ ਐ? ਇਹਨੇ ਤਾਂ ਮੈਂ ਘਰਦਿਆਂ ਅੱਗੇ ਵੀ ਮੂੰਹ ਦਿਖਾਉਣ ਜੋਗਾ ਨਾ ਛੱਡਿਆ। ਸਾਰਾ ਪਿੰਡ ਮੈਨੂੰ ਮਿਹਣੇ ਮਾਰੂਗਾ। ਮੈਂ ਲੋਕਾਂ ਨੂੰ ਕੀ ਜਵਾਬ ਦੇਵਾਂਗਾ? ਰੱਬਾ! ਮੈਨੂੰ ਚੱਕ ਲੈ, ਮੈਥੋਂ ਇਹ ਧੋਖਾ ਸਹਾਰਿਆ ਨੀ ਜਾਣਾ।'' ਭਗਵਾਨ ਦੀਆਂ ਅੱਖਾਂ ਵਿਚੋਂ ਦੋ ਹੰਝੂ ਉਸਦੀਆਂ ਗੱਲ੍ਹਾਂ ਉਪਰ ਆ ਗਏ।

''ਨਹੀਂ ਜੱਜ ਸਾਹਿਬ! ਇਹ ਦੋਵੇਂ, ਭਗਵਾਨ ਸਿੰਘ ਪੁੱਤਰ ਚੰਨਣ ਸਿੰਘ ਤੇ ਗੁਰਮੀਤ ਕੌਰ ਪੁੱਤਰੀ ਹਰਬਖਸ਼ ਸਿੰਘ ਆਪਸ ਵਿਚ ਪਿਆਰ ਕਰਦੇ ਹਨ ਤੇ ਆਪਸੀ ਸਹਿਮਤੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹਨ। ਦੋਵੇਂ ਬਾਲਗ ਹਨ। ਇਹ ਮਾਣਯੋਗ ਅਦਾਲਤ ਤੋਂ ਆਪਣਾ ਹੱਕ ਚਾਹੁੰਦੇ ਹਨ। ਜੱਜ ਸਾਹਿਬ ਇਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇ।''

ਭਗਵਾਨ ਦੇ ਵਕੀਲ ਨੇ ਜੱਜ ਅੱਗੇ ਭਗਵਾਨ ਦੇ ਹੱਕ ਲਈ ਢੁਕਵੀਂ ਫਰਿਆਦ ਕੀਤੀ। ਅਖੀਰ ਮੁਕੱਦਮਾ ਕੁੜੀ ਦੇ ਬਿਆਨਾਂ 'ਤੇ ਆ ਅਟਕਿਆ। ਗੁਰਮੀਤ ਕਟਹਿਰੇ ਵਿਚ ਆ ਗਈ। ਜੱਜ ਨੇ ਬੜੇ ਠਰੰਮੇ ਨਾਲ ਪੁੱਛਿਆ, ''ਤੁਸੀਂ ਦੱਸੋ ਬੀਬਾ ਕੀ ਕਹਿਣਾ ਚਾਹੁੰਦੇ ਹੋ? ਕੀ ਜੋ ਗੱਲ ਭਗਵਾਨ ਦੁਆਰਾ ਤੁਹਾਨੂੰ ਵਰਗਲਾਉਣ ਦੀ ਤੁਹਾਡੇ ਵਕੀਲ ਸਾਹਿਬ ਕਹਿ ਰਹੇ ਹਨ, ਉਹ ਸੱਚ ਹੈ?''

ਸਾਰਿਆਂ ਦੀਆਂ ਨਜ਼ਰਾਂ ਗੁਰਮੀਤ ਉਪਰ ਆ ਟਿਕੀਆਂ। ਗੁਰਮੀਤ ਨੇ ਇਕ ਨਜ਼ਰ ਭਰ ਕੇ ਸਾਰਿਆਂ ਵੱਲ ਵੇਖਿਆ ਤੇ ਫਿਰ ਕਰੜੇ ਜਿਗਰੇ ਨਾਲ ਬੋਲੀ, ''ਜੱਜ ਸਾਹਿਬ ਵਕੀਲ ਬਿਲਕੁਲ ਝੂਠ ਕਹਿੰਦੈ। ਮੈਂ ਭਗਵਾਨ ਨੂੰ ਪਿਆਰ ਕਰਦੀ ਆਂ ਤੇ ਇਸ ਨਾਲ ਵਿਆਹ ਕਰਵਾਉਣਾ ਚਾਹੁੰਦੀ ਹਾਂ। ਮੈਂ ਬਾਲਗ ਆਂ। ਮੈਨੂੰ ਆਪਣਾ ਸਾਥੀ ਖੁਦ ਚੁਣਨ ਦਾ ਕਾਨੂੰਨੀ ਅਧਿਕਾਰ ਹੈ। ਮੈਂ ਆਪਣੀ ਮਰਜ਼ੀ ਨਾਲ ਭਗਵਾਨ ਨਾਲ ਆਈ ਸੀ।''

''ਪਰ ਘਰੇ..।''

ਵਕੀਲ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਗੁਰਮੀਤ ਬਿਜਲੀ ਵਾਂਗ ਗਰਜੀ, '' ਜੱਜ ਸਾਹਿਬ! ਮੈਨੂੰ ਘਰੇ ਭਗਵਾਨ ਵਿਰੁੱਧ ਬਿਆਨ ਦੇਣ ਲਈ ਮਜ਼ਬੂਰੀਵੱਸ ਮੰਨਣਾ ਪਿਆ। ਜੇ ਮੈਂ ਨਾ ਮੰਨਦੀ ਤਾਂ ਇਨ੍ਹਾਂ ਨੇ ਮੇਰੇ ਨਾਲ ਕੁੱਟਮਾਰ ਕਰਨੀ ਸੀ, ਮੈਨੂੰ ਤਸੀਹੇ ਦੇਣੇ ਸੀ। ਮੇਰੇ ਮਾਂ-ਬਾਪ ਤੋਂ ਮੈਨੂੰ ਖ਼ਤਰੈ, ਮੈਂ ਭਗਵਾਨ ਨਾਲ ਜਾਣਾ ਚਾਹੁੰਦੀ ਆਂ।''

ਗੁਰਮੀਤ ਦੀਆਂ ਡਾਂਗ ਵਰਗੀਆਂ ਗੱਲਾਂ ਸੁਣ ਕੇ ਸ਼ਾਂਤਪੁਰੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਮੁਰਝਾਏ ਚਿਹਰੇ ਖਿੜ ਉਠੇ। ਭਗਵਾਨ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਛਲਕ ਪਏ। ਜੱਜ ਨੇ ਕੁੜੀ ਦੀ ਦਲੀਲ ਸੁਣ ਕੇ ਫ਼ੈਸਲਾ ਭਗਵਾਨ ਦੇ ਹੱਕ ਵਿਚ ਦੇ ਦਿੱਤਾ। ਗੁਰਮੀਤ ਸਰ੍ਹੋਂ ਦੇ ਫੁੱਲ ਵਾਂਗ ਖਿੜੀ ਭਗਵਾਨ ਦੇ ਬਰਾਬਰ ਆ ਖੜ੍ਹੀ। ਸੇਖਗੜ੍ਹੀਏ ਦੰਦੀਆਂ ਕਰੀਚਦੇ, ਨੀਵੀਆਂ ਸੁੱਟੀ ਅਦਾਲਤੋਂ ਬਾਹਰ ਹੋ ਗਏ।

ਗੱਡੀ ਵੱਲ ਤੁਰੇ ਆਉਂਦਿਆਂ ਗੁਰਨੈਬ ਨੇ ਭਗਵਾਨ ਦੇ ਕੂ੍ਹਣੀ ਮਾਰ ਕੇ ਨਿੰਮ ਹੇਠ ਬਣੀਆਂ ਸੀਮਿੰਟ ਦੀਆਂ ਉਨ੍ਹਾਂ ਚੌਂਕੜੀਆਂ ਵੱਲ ਇਸ਼ਾਰਾ ਕਰ ਦਿੱਤਾ, ਜਿਥੇ ਫ਼ੈਸਲਾ ਹੋਣ ਤੋਂ ਪਹਿਲਾਂ ਭਗਵਾਨ ਹੋਰਾਂ ਨੇ ਬੈਠ ਕੇ ਚਾਹ ਪੀਤੀ ਸੀ। ਚੌਂਕੜੀਆਂ ਵੱਲ ਵੇਖਦਿਆਂ ਹੀ ਭਗਵਾਨ ਦੀਆਂ ਅੱਖਾਂ ਹੈਰਾਨੀ ਵਿਚ ਅੱਡੀਆਂ ਰਹਿ ਗਈ, ''ਹੈਂ! ਕਿਰਨਾ? ਇਥੇ?'' ਹੈਰਾਨੀ ਨਾਲ ਭਰੇ ਉਸਦੇ ਮਨ ਵਿਚ ਹਜ਼ਾਰਾਂ ਸਵਾਲ ਉੱਗ ਪਏ। ਗੁਰਨੈਬ ਨੇ ਗੁਰਦੀਪ ਸਰਪੰਚ ਹੋਰਾਂ ਨੂੰ ਵੀ ਦੱਸ ਦਿੱਤਾ। ਸਾਰੇ ਕਾਰ ਵਿਚ ਬੈਠਣ ਦੀ ਬਜਾਏ ਨਿੰਮ ਵੱਲ ਤੁਰ ਪਏ। ਕਿਰਨਾ ਸੁੱਕ ਕੇ ਕਾਨਾ ਹੋਈ ਪਈ ਸੀ। ਪਹਿਲਾਂ ਵਾਲਾ ਰੰਗ ਰੂਪ ਕਿਤੇ ਖੰਭ ਲਾ ਕੇ ਉਡ ਗਿਆ ਸੀ, ਬੱਸ ਕਿਰਨਾ ਦੇ ਨੈਣ ਨਕਸ਼ਾਂ ਦੇ ਖੰਡਰ ਮੌਜੂਦ ਸਨ ਜਿਵੇਂ ਬਿਨਾਂ ਹੱਡ ਮਾਸ ਤੋਂ ਕੋਈ ਸਬੂਤਾ ਪਿੰਜਰ ਹੋਵੇ। ਸਿਰ 'ਤੇ ਲਈ ਮੈਲੀ ਚੁੰਨੀ ਅਤੇ ਟੁੱਟੀ ਜੁੱਤੀ ਆਰਥਿਕ ਮੰਦਹਾਲੀ ਦਾ ਮੂੰਹ ਬੋਲਦਾ ਸਬੂਤ ਸੀ। ਆਲੇ-ਦੁਆਲੇ ਤੋਂ ਬੇਖ਼ਬਰ, ਕਿਸੇ ਡੂੰਘੀ ਉਦਾਸੀ ਵਿਚ ਬੈਠੀ ਉਹ ਜ਼ਿੰਦਗੀ ਦੇ ਠੇਡਿਆਂ ਦੀ ਝੰਬੀ ਲਗਦੀ ਸੀ। ਰੁਲਦੂ ਤੇ ਗੇਜੋ ਧੀ ਦੇ ਦੁੱਖ ਵਿਚ ਕੱਚੀ ਮਿੱਟੀ ਦੇ ਡਲੇ ਵਾਂਗ ਖੁਰ ਗਏ ਸਨ। ਕਿਰਨਾ ਦਾ ਸੱਸ ਸਹੁਰਾ ਅਤੇ ਦੋ ਚਾਰ ਬੰਦੇ-ਬੁੜ੍ਹੀਆਂ ਨੇੜਲੀਆਂ ਚੌਂਕੜੀਆਂ ਉਪਰ ਬੈਠੇ ਸਨ। ਇਹ ਸਾਰੇ ਧਰਮੇ ਦੇ ਕਤਲ ਕੇਸ ਵਿਚ, ਕਿਰਨਾ ਦੇ ਪਤੀ ਜਗਤਾਰ ਦੀ ਹਮਾਇਤ 'ਤੇ ਆਏ ਸਨ। ਅੱਜ ਅਖੀਰੀ ਪੇਸ਼ੀ ਸੀ। ਜਦ ਗੁਰਦਿਆਲ ਹੋਰਾਂ ਨੇ ਜਾ ਕੇ ਸੋਚਾਂ ਵਿਚ ਡੁੱਬੀ ਕਿਰਨਾ ਦੇ ਖੁਸ਼ਕ ਸਿਰ 'ਤੇ ਹੱਥ ਫੇਰਿਆ ਤਾਂ ਉਹ ਉਭੜਵਾਇਆ ਵਾਂਗ ਧੁੜਧੜੀ ਲੈ ਕੇ ਡਰੀਆਂ ਅੱਖਾਂ ਨਾਲ ਉਪਰ ਝਾਕੀ ਤੇ ਫਿਰ ਫਟੇ ਬੁੱਲ੍ਹਾਂ ਨਾਲ ਖੁਸ਼ਕ ਜਿਹਾ ਮੁਸਕਰਾ ਕੇ ਸਭ ਨੂੰ ਫਿੱਕੀ ਜਿਹੀ 'ਸਤਿ ਸ੍ਰੀ ਅਕਾਲ' ਬੁਲਾ ਦਿੱਤੀ। ਸਰਪੰਚ ਹੋਰੀਂ ਰੁਲਦੂ ਨਾਲ ਗੱਲੀਂ ਰੁੱਝ ਗਏ। ਭਗਵਾਨ ਨਾਲ ਪਰੀਆਂ ਵਰਗੀ ਗੁਰਮੀਤ ਨੂੰ ਗੱਲਾਂ ਕਰਦਿਆਂ ਵੇਖ ਕੇ ਕਿਰਨਾ ਨੇ ਠੰਢਾ ਹਾਉਕਾ ਲਿਆ, ਤੇ ਫਿਰ ਪਤਾ ਨਹੀਂ ਉਹ ਕਿਹੜੇ ਵਹਿਣਾਂ ਵਿਚ ਵਹਿ ਤੁਰੀ।

ਸਾਰਿਆਂ ਨੇ ਰੁਲਦੂ ਹੋਰਾਂ ਦਾ ਫ਼ੈਸਲਾ ਸੁਣ ਕੇ ਜਾਣ ਦੀ ਸਲਾਹ ਬਣਾ ਲਈ। ਭਗਵਾਨ ਭੱਜ ਕੇ ਖੋਖੇ ਤੋਂ ਸਾਰਿਆਂ ਲਈ ਚਾਹ ਨੂੰ ਕਹਿ ਆਇਆ। ਚਾਹ ਪੀਂਦੇ ਸਾਰੇ ਜਗਤਾਰ ਦੇ ਫ਼ੈਸਲੇ ਬਾਰੇ ਗੱਲਾਂ ਕਰਦੇ ਰਹੇ। ਜਦੋਂ ਆਵਾਜ਼ ਵੱਜੀ ਤਾਂ ਸਾਰੇ ਉਠ ਕੇ ਅਦਾਲਤ ਪਹੁੰਚ ਗਏ। ਜਗਤਾਰ ਨੂੰ ਹੱਥਕੜੀਆਂ ਲਾਈ ਕਟਹਿਰੇ ਵਿਚ ਲਿਆਂਦਾ ਗਿਆ। ਧਰਮੇ ਦੇ ਵਕੀਲ ਦੀਆਂ ਛੁਰੀਆਂ ਵਰਗੀਆਂ ਤਿੱਖੀਆਂ ਦਲੀਲਾਂ ਸਾਹਮਣੇ ਜਗਤਾਰ ਦਾ ਸਸਤਾ ਵਕੀਲ ਟਿਕ ਨਾ ਸਕਿਆ। ਗਵਾਹ ਆਉਂਦੇ ਰਹੇ, ਜਗਤਾਰ ਦੇ ਵਿਰੁੱਧ ਗਵਾਹੀ ਦੇ ਕੇ ਜਾਂਦੇ ਰਹੇ। ਫਿਰ ਉਸ ਗੁਆਂਢਣ ਬੁੜ੍ਹੀ ਦੀ ਵਾਰੀ ਆਈ, ਜਿਨ੍ਹਾਂ ਦੇ ਘਰੇ ਜਗਤਾਰ ਕਤਲ ਤੋਂ ਬਾਅਦ ਬੁਖ਼ਾਰ ਨਾਲ ਤਪਿਆ ਜਾ ਡਿੱਗਿਆ ਸੀ। ਉਸਨੇ ਸਾਰੀ ਘਟਨਾ ਇਹੋ ਸਾਹੋ ਬਿਆਨ ਕਰ ਦਿੱਤੀ। ਅੰਤ ਵਿਚ ਜੱਜ ਦੇ ਭਾਰੀ ਬੋਲਾਂ ਤੇ ਕਿਰਨਾ ਦੀ ਦਰਦ ਪਰੁੰਨੀ, ਅਸਮਾਨ ਚੀਰਵੀਂ ਚੀਕ ਨੇ ਸਭ ਨੂੰ ਚੌਕੰਨੇ ਕਰ ਦਿੱਤਾ। ਜਗਤਾਰ ਨੂੰ ਵੀਹ ਸਾਲੀ ਹੋ ਗਈ। ਕਿਰਨਾ ਦੇ ਸੱਸ-ਸਹੁਰੇ ਰੁਲਦੂ ਅਤੇ ਗੇਜੋ ਦੀਆਂ ਭੁੱਬਾਂ ਨਿਕਲ ਗਈਆਂ। ਨਾਲ ਆਏ ਬੰਦੇ-ਬੁੜ੍ਹੀਆਂ ਨੇ ਸਾਰਿਆਂ ਨੂੰ ਮੋਢੇ ਲਾ ਕੇ ਬਾਹਰ ਲਿਆਂਦਾ। ਮੁਖਤਿਆਰ ਅਤੇ ਗੁਰਦੀਪ ਨੇ ਕਿਰਨਾ, ਰੁਲਦੂ ਅਤੇ ਗੇਜੋ ਨੂੰ ਆਪਣੇ ਨਾਲ ਪਿੰਡ ਲੈ ਜਾਣ ਲਈ ਜੋਰ ਪਾਇਆ ਪਰ ਉਨ੍ਹਾਂ ਗੰਢੂਆਂ ਜਾਣ ਦੀ ਜਿੱਦ ਫੜੀ ਰੱਖੀ। ਸਰਪੰਚ ਹੋਰੀਂ ਰੁਲਦੂ ਹੋਰਾਂ ਨੂੰ ਹੌਸਲਾ ਦੇ ਕੇ ਗੱਡੀ ਵਿਚ ਬੈਠ ਗਏ। ਭਗਵਾਨ ਗੁਰਮੀਤ ਨਾਲ ਜੁੜ ਕੇ ਬੈਠਿਆ। ਅੱਜ ਉਹ ਜ਼ਿੰਦਗੀ ਦੀ ਬਾਜ਼ੀ ਮਾਰ ਗਿਆ ਸੀ। ਉਸਨੇ ਆਪਣਾ ਪਿਆਰ ਜਿੱਤ ਲਿਆ ਪਰ ਕਿਰਨਾ ਅੱਜ ਆਪਣਾ ਸਭ ਕੁਝ ਹਾਰ ਬੈਠੀ ਸੀ। ਜ਼ਿੰਦਗੀ ਨੇ ਉਸਨੂੰ ਜਵਾਨੀ ਦੇ ਮੋੜ 'ਤੇ ਲਿਆ ਕੇ ਧੱਕਾ ਦੇ ਦਿੱਤਾ। ਪੁਰਾਣੀਆਂ ਯਾਦਾਂ ਕਿਰਨਾ ਦੇ ਦਿਮਾਗ਼ ਵਿਚ ਵਰੋਲਿਆਂ ਵਾਂਗ ਆ ਘੁੰਮੀਆਂ। ਉਹ ਭੁੱਬਾਂ ਮਾਰ-ਮਾਰ ਰੋ ਪਈ। ਆਪਣੀਆਂ ਕੀਤੀਆਂ ਗਲਤੀਆਂ 'ਤੇ ਪਛਤਾਉਂਦੀ, ਮਣ-ਮਣ ਦੇ ਭਾਰੇ ਪੈਰ ਘੜੀਸਦੀ ਰੁਲਦੂ ਹੋਰਾਂ ਨਾਲ ਅੱਡੇ ਵੱਲ ਹੋ ਤੁਰੀ। ਦੂਰ ਜਾਂਦੀ ਗੱਡੀ ਦੀਆਂ ਪਿਛਬੱਤੀਆਂ ਕਿਰਨਾ ਵੱਲ ਜੀਭਾਂ ਕੱਢ ਰਹੀਆਂ ਸਨ।

*7 7 7*

ਟਾਈਟਲ ਦੀ ਬੈਕ 'ਤੇ

ਪਰਗਟ ਸਿੰਘ ਸਤੌਜ ਨੇ ਆਪਣੇ ਇਸ ਪਲੇਠੇ ਨਾਵਲ 'ਭਾਗੂ' ਵਿਚ ਨੌਜਵਾਨ ਪੀੜ੍ਹੀ ਦੇ ਜਜ਼ਬਾਤਾਂ ਅਤੇ ਜਵਾਨੀ ਦੇ ਵੇਗ ਦੀਆਂ ਉਠਦੀਆਂ ਅੱਥਰੀਆਂ ਲਹਿਰਾਂ ਦਾ ਪ੍ਰਗਟਾਵਾ ਬਾਖ਼ੂਬੀ ਕੀਤਾ ਹੈ। ਪੇਂਡੂ ਪਿੱਠ-ਭੂਮੀ ਵਿਚ ਰਚਿਆ ਇਹ ਨਾਵਲ ਸ਼ਹਿਰੀ-ਕਰਨ ਸਦਕਾ ਅਲੋਪ ਹੋ ਰਿਹਾ ਦਿਹਾਤੀ ਸੱਭਿਆਚਾਰ ਆਪਣੇ ਵਿਚ ਸਾਂਭੀ ਬੈਠਾ ਹੈ। ਲੇਖਕ ਕੋਲ ਸਥਿਤੀਆਂ ਅਨੁਕੂਲ ਭਾਸ਼ਾ ਹੈ ਤੇ ਇਸਨੂੰ ਸੁਚੱਜੇ ਢੰਗ ਨਾਲ ਵਰਤਣ ਦੀ ਜੁਗਤ ਹੈ। ਪਾਠਕ ਦੀ ਜਗਿਆਸਾ ਬਣਾਈ ਰੱਖਣ ਦੀ ਕਲਾ ਤੋਂ ਵੀ ਲੇਖਕ ਵਾਕਿਫ਼ ਹੈ। ਲੇਖਕ ਨੇ ਖੇਤਾਂ ਬਾਰੇ, ਰਸਤਿਆਂ ਬਾਰੇ, ਪਹਿਆਂ ਬਾਰੇ ਅਤੇ ਰਾਤ ਦੇ ਹਨ੍ਹੇਰਿਆਂ ਵਿਚ ਦੋ ਪ੍ਰੇਮੀਆਂ ਦੀਆਂ ਮੁਲਾਕਾਤਾਂ ਸਮੇਂ ਪ੍ਰਾਕਿਰਤੀ ਅਤੇ ਦ੍ਰਿਸ਼ਾਂ ਦੀ ਸਿਰਜਣਾ ਕਰਨ ਸਮੇਂ ਆਪਣੀ ਸੂਝ-ਬੂਝ ਦਾ ਪ੍ਰਮਾਣ ਦਿੱਤਾ ਹੈ। ਪਰਗਟ ਸਿੰਘ ਨੂੰ ਪਿੰਡਾਂ ਦੇ ਭਾਈਚਾਰਿਆਂ, ਦੋਸਤੀਆਂ, ਦੁਸ਼ਮਣੀਆਂ, ਸ਼ਾਤਰ ਚਾਲਾਂ ਆਦਿ ਦਾ ਡੂੰਘਾ ਅਨੁਭਵ ਹੈ।

***-ਬਲਦੇਵ ਸਿੰਘ***

ਇਹ ਸਾਰਾ ਨਾਵਲ ਭਗਵਾਨ-ਕਿਰਨਾ, ਕਿਰਨਾ-ਤੇਜੀ, ਭਗਵਾਨ-ਗੁਰਮੀਤ, ਕਿਰਨਾ-ਜਗਤਾਰ ਦੇ ਭਾਵਨਾਤਮਿਕ, ਰੋਮਾਂਚਿਕ, ਜਿਨਸੀ ਰਿਸ਼ਤਿਆਂ ਦੁਆਲੇ ਘੁੰਮਦਾ ਹੈ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਪਰਗਟ ਨੇ ਆਪਣੇ ਇਸ ਨਾਵਲ ਵਿਚ ਪਿਆਰ ਦੀ ਭੋਗਵਾਦੀ, ਲੱਚਰ ਤੇ ਉਤੇਜਨੀ ਪ੍ਰਵਿਰਤੀ ਨੂੰ ਰੱਦ ਕੀਤਾ ਹੈ।

***-ਤੇਜਵੰਤ ਮਾਨ (ਡਾ:)***

ਪਰਗਟ ਸਿੰਘ ਸਤੌਜ ਹੋਰਾਂ ਦੇ ਨਾਵਲ 'ਭਾਗੂ' ਨੂੰ ਪੜ੍ਹਨ ਦਾ ਮੌਕਾ ਮਿਲਿਆ ਤਾਂ ਮੈਂ ਉਸ ਨਾਵਲ ਦੀ ਸਿਰਜਣਾਤਮਿਕ ਆਭਾ ਦਾ ਆਨੰਦ ਲੈਂਦਾ ਰਿਹਾ। ਪਿੰਡ ਸ਼ਾਂਤਪੁਰ ਦੀ ਅਸ਼ਾਂਤੀ ਨੂੰ ਰੂਪਮਾਨ ਕਰਨ ਵਾਲੀ ਜਿਸ ਵਸਤੂ ਦੀ ਲੋੜ ਸੀ, ਉਸਦਾ ਸਤੌਜ ਹੋਰਾਂ ਨੇ ਆਪਣੇ ਇਸ ਨਾਵਲ ਵਿਚ ਬੜੀ ਸਫ਼ਲਤਾ ਨਾਲ ਤਰਜ਼ਮਾ ਕੀਤਾ ਹੈ।

***-ਓਮ ਪ੍ਰਕਾਸ਼ ਗਾਸੋ***